
SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PHONE: 209-855-6938



# ਹਫਤਾਵਾਰੀ ਦੇਸ਼ ਦੁਆਬਾ

VOL - 9 ISSUE - 41
January 20, 2021

Postal Address
Desh Doaba
5101 Doe Hollow Pl., Antelope, CA-95843

www.deshdoaba.com
www.ambedkartimes.com



Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ

Call : Dharminder Singh
Cell : 530-870-6600
Email: myfuturetruck@gmail.com



ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ




ਅਦਾਰਾ 'ਦੇਸ਼ ਦੁਆਬਾ' ਅਤੇ ਅੰਬੇਦਕਰ ਟਾਈਮਜ਼ ਵੱਲੋਂ ਆਪਣੇ ਸਾਰੇ ਹੀ ਮਾਣਯੋਗ ਪਾਠਕਾਂ, ਪ੍ਰਸ਼ੰਸਕਾਂ, ਸਹਿਯੋਗੀਆਂ, ਇਸ਼ਤਿਹਾਰਦਾਤਿਆਂ ਅਤੇ ਸਮੁੱਚੀ ਸਿੱਖ ਸੰਗਤ ਨੂੰ ਦਸਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ। -ਸੰਪਾਦਕ

# ਅਮਰੀਕੀ ਇਤਿਹਾਸ ਦੇ ਸਭ ਤੋਂ ਉਮਰਦਰਾਜ ਰਾਸ਼ਟਰਪਤੀ ਬਣੇ ਬਾਇਡਨ

## ਕਮਲਾ ਹੈਰਿਸ ਬਣੀ ਅਮਰੀਕਾ ਦੀ ਪਹਿਲੀ ਔਰਤ ਉਪ-ਰਾਸ਼ਟਰਪਤੀ

**ਵਾਸ਼ਿੰਗਟਨ (ਬਿਊਰੋ)–** ਅਮਰੀਕਾ ਦੇ 46ਵੇਂ ਰਾਸ਼ਟਰਪਤੀ ਦੇ ਤੌਰ 'ਤੇ ਜੋਅ ਬਾਇਡਨ ਨੇ ਅੱਜ ਅਹੁਦੇ ਤੇ ਭੇਦ ਗੁਪਤ ਰੱਖਣ ਦੀ ਸਹੁੰ ਚੁੱਕ ਲਈ ਹੈ। ਇਸ ਦੇ ਨਾਲ ਹੀ ਉਹ ਅਮਰੀਕਾ ਦੇ ਇਤਿਹਾਸ 'ਚ ਸਭ ਤੋਂ ਉਮਰਦਰਾਜ ਰਾਸ਼ਟਰਪਤੀ ਵੀ ਬਣ ਗਏ। ਨਵੰਬਰ 2020 'ਚ ਉਹ 78 ਸਾਲ ਦੇ ਹੋ ਗਏ ਸਨ। ਉਹਨਾਂ ਤੋਂ ਪਹਿਲਾਂ ਸਭ ਤੋਂ ਉਮਰਦਰਾਜ ਰਾਸ਼ਟਰਪਤੀ ਦੇ ਨਾਂ 'ਤੇ ਡੋਨਾਲਡ ਟਰੰਪ ਦਾ ਨਾਂ ਸੀ।



ਬਾਇਡਨ ਦਾ ਪੂਰਾ ਨਾਂ ਜੋਸਫ ਆਰ ਬਾਇਡਨ ਹੈ। ਇਸ ਤੋਂ ਪਹਿਲਾਂ ਉਹ ਅਮਰੀਕਾ ਦੇ ਸਾਬਕਾ ਰਾਸ਼ਟਰਪਤੀ ਬਰਾਕ ਓਬਾਮਾ ਪ੍ਰਸ਼ਾਸਨ 'ਚ ਉਪ-ਰਾਸ਼ਟਰਪਤੀ ਦੀ ਭੂਮਿਕਾ ਵੀ ਨਿਭਾ ਚੁੱਕੇ ਹਨ। ਬਾਇਡਨ ਦੇ ਨਾਲ ਭਾਰਤੀ ਮੂਲ ਦੀ ਕਮਲਾ ਹੈਰਿਸ ਵੀ ਉਪ-ਰਾਸ਼ਟਰਪਤੀ ਅਹੁਦੇ ਦਾ ਹਲਫ਼ ਲੈ ਚੁੱਕੇ ਹਨ। ਅਮਰੀਕੀ ਇਤਿਹਾਸ ਦਾ ਇਹ 59ਵਾਂ ਸਹੁੰ ਚੁੱਕ ਸਮਾਗਮ ਸੀ। ਅਮਰੀਕੀ ਇਤਿਹਾਸ 'ਚ ਅਜਿਹਾ ਵੀ ਪਹਿਲੀ ਵਾਰ ਹੋਇਆ ਹੈ ਜਦੋਂ ਇਸ ਸਬੰਧੀ ਏਨਾ ਵਿਵਾਦ ਪੈਦਾ ਹੋਇਆ। ਇਸ ਕਰਕੇ ਕੈਪੀਟਲ ਬਿਲਡਿੰਗ 'ਚ 6 ਜਨਵਰੀ 2021 ਨੂੰ ਹੋਈ ਹਿੰਸਾ ਨੂੰ ਦੇਖਦੇ ਹੋਏ ਇਸ ਵਾਰ ਸੁਰੱਖਿਆ ਦਾ ਜ਼ਬਰਦਸਤ ਇੰਤਜ਼ਾਮ ਕੀਤਾ ਗਿਆ ਸੀ।

ਰਾਸ਼ਟਰਪਤੀ ਚੋਣਾਂ 'ਚ ਮਿਲੀ ਜਿੱਤ ਤੋਂ ਬਾਅਦ ਉਹਨਾਂ ਦੇ ਗ੍ਰਹਿ ਨਗਰ ਵਿਲਮਿੰਗਟਨ, ਡੇਲਾਵੇਅਰ 'ਚ ਜਸ਼ਨ ਦਾ ਮਾਹੌਲ ਹੈ। ਉਹਨਾਂ ਨੇ ਜਿੱਤ ਤੋਂ ਬਾਅਦ ਇੱਥੇ ਜਿਹੜਾ ਭਾਸ਼ਣ ਦਿੱਤਾ ਸੀ, ਵਿਚ ਉਹਨਾਂ ਨੇ ਅਮਰੀਕਾ ਨੂੰ ਇਕਜੁੱਟ ਹੋਣ ਦਾ ਸੱਦਾ ਦਿੱਤਾ ਸੀ। ਉਹਨਾਂ ਕਿਹਾ ਸੀ ਕਿ ਟਾਈਮ ਟੂ ਹੀਲ ਇਨ ਅਮੈਰਿਕਾ। ਉਹਨਾਂ ਦਾ ਕਹਿਣਾ ਸੀ ਕਿ ਉਹ ਅਮ-ਰੀਕਾ ਨੂੰ ਵੰਡਣਾ ਨਹੀਂ ਚਾਹੁੰਦੇ ਹਨ। ਉਹ ਦੇਸ਼ ਨੂੰ ਰੈੱਡ ਸਟੇਟ ਤੇ ਬਲੂ ਸਟੇਟ 'ਚ ਨਹੀਂ ਦੇਖਣਾ ਚਾਹੁੰਦੇ ਹਨ ਬਲਕਿ ਇਕ ਦੇਸ਼ ਦੇ ਤੌਰ 'ਤੇ ਦੇਖਦੇ ਹਨ। ਇੱਥੇ ਉਹਨਾਂ ਦੇ ਰੈੱਡ ਤੇ ਬਲੂ ਸਟੇਟ ਦਾ ਅਰਥ ਰਿਪਬਲਿਕਨ ਤੇ ਡੈਮੋਕੈਰੇਟ ਤੋਂ ਸੀ।

ਜੋਸੇਫ ਰੌਬਿਨੇਟੀ ਬਾਇਡਨ ਦਾ ਜਨਮ ਪੈਨਸਿਲਵੇਨੀਆ 'ਚ 1942 ਚ ਹੋਇਆ ਸੀ। ਇਸ ਤੋਂ ਬਾਅਦ ਉਹਨਾਂ ਦਾ ਪਰਿਵਾਰ ਡੇਲਾਵੇਅਰ ਚ ਆ ਗਿਆ ਸੀ। 29 ਸਾਲ ਦੀ ਉਮਰ 'ਚ ਉਹ ਸੈਨੇਟ ਚ ਸ਼ਾਮਲ ਹੋਣ ਵਾਲੇ ਸਭ ਤੋਂ ਘੱਟ ਉਮਰ ਦੇ ਸੈਨੇਟਰ ਬਣੇ ਸਨ। ਇਸ ਦੇ ਇਕ ਹਫ਼ਤੇ ਬਾਅਦ ਹੀ ਉਹਨਾਂ ਦੀ ਪਤਨੀ ਨੀਲੀਆ ਤੇ ਉਹਨਾਂ ਦੀ ਬੇਟੀ ਨਾਓਮੀ ਦੀ ਇਕ ਸੜਕ ਹਾਦਸੇ ਚ ਮੌਤ ਹੋ ਗਈ ਸੀ, ਜਦਕਿ ਉਹਨਾਂ ਦੇ ਬੇਟੇ ਹੰਟਰ ਤੇ ਬਿਯੂ ਗੰਭੀਰ ਰੂਪ ਚ ਜ਼ਖ਼ਮੀ ਹੋ ਗਏ ਸਨ। ਜਿਸ ਸਮੇਂ ਉਹਨਾਂ ਨੇ ਸੈਨੇਟਰ ਦੇ ਰੂਪ ਚ ਸਹੁੰ ਚੁੱਕੀ ਸੀ, ਉਸ ਵੇਲੇ ਉਹਨਾਂ ਦਾ ਬੇਟਾ ਹਸਪਤਾਲ 'ਚ ਸੀ। ਅਗਲੇ ਪੰਜ ਸਾਲਾਂ ਤਕ ਉਹਨਾਂ ਨੇ ਇਕੱਲਿਆਂ ਹੀ ਆਪਣੇ ਦੋਵਾਂ ਬੱਚਿਆਂ ਦੀ ਦੇਖਭਾਲ ਕੀਤੀ ਸੀ। ਇਸ ਵਿਚ ਉਹਨਾਂ ਦਾ ਸਾਥ ਉਹਨਾਂ ਦੀ ਭੈਣ ਵੇਲਰੀ ਨੇ ਦਿੱਤਾ ਸੀ।


DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed
Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

MAJESTIC HOMES
RAMESH SUMAN
Broker Realtor
RCS-D ™
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

Indian Grill
Open 7 days a week
Lunch Buffet : 11:00 AM - 2:30 PM
Fine Dining: 4.30 PM - 9"30 PM
We do Outdoor & Indoor Catering for all your Events
1600 Washington Ave. San Leandro.CA 94577
Pal
510-332-1974 Mobile
Pal343@ yahoo.com
510-878-2704
Indiangrillsanleandro.com

SANDHU IMMIGRATION CONSULTANT
ਇੰਮੀਗ੍ਰੇਸ਼ਨ ਸਬੰਧੀ ਆ ਰਹੀਆਂ ਮੁਸ਼ਕਿਲਾਂ ਲਈ, ਪਾਸਪੋਰਟ, ਵੀਜਾ, ਗਰੀਨ ਕਾਰਡ ਆਦਿ ਲਈ ਮਿਲੋ
Passports, Visas, Green Cards, Sponsorship, Immigration Forms , Citizenship, Spouse/Family Petitions, Study Visas
MANDEEP SANDHU
All Kinds of Immigration Forms/Petitions/Visa
WE OPEN 7-DAYS A WEEK
ਵੀਜ਼ਾ
3222 PENELOPE DR. STOCKTON, CA- 95212 (NEAR HWY 99 ON MORADA LANE)
Note: I am not an Immigration Attorney.
(209-373-3562) msandhu2014@gmail.com

GINNY WALIA
Law Offices. Inc
Ginny H. K. Walia
Experienced Jury Trial Lawyer
Featured as a legal analyst on Fox News, MSNBC and Kron 4
FAMILY LAW, CRIMINAL DEFENSE AND CIVIL LITIGATION
Tel: (408) 724-9200
Fax: (408) 724-9202
Toll Free: 1 (800) 379-9330
ginny@walialawfirm.com
www.walialawfirm.com

BAGGA JEWELERS
916-912-8842, 916-329-8772
SINCE 1996
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
Sandeep Jony Bagga
6930 65TH STREET # 115 SACRAMENTO CA 95823

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

THINKING ABOUT BUYING, SELLING, OR INVESTING IN REAL ESTATE? CALL ME!
JOHN SINGH BANGA
916-271-5404
banga.realtor@gmail.com
www.banga.bhhser.com
BERKSHIRE HATHAWAY
TRUST of a professional
CALBRE #01397975
When it comes to Buying, Selling or Investing in real estate, it's important to Trust in a Real Estate Agent who cares about your neighborhood as as much as you do. When you are ready to buy or sell, give me a call.

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation (Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539


HAPPY BAZAAR
HAPPY BAZAAR
INDIAN, PAKISTANI & FIJJIAN GROCERIES
WE ARE OPEN
7 DAYS A WEEK
9:00am to 8:30pm
RENT DVDS & BUY CLOTHES
ENJOY YOUR DAY WITH HOPES
CALL US
Ph: (209) 478-0285
Fax: (209) 477-3206
We sell Air Tickets
ਸਾਡੇ ਕੋਲ ਏਅਰਲਾਈਨ ਟਿਕਟਾਂ ਵੀ ਉਪਲੱਬਧ ਹਨ।
EVERY SATURDAY & SUNDAY SPECIAL DISCOUNT ON GROCERIES
1304 E Hammer Lane # 7 Stockton CA 95212
EMAIL: indiabazaar08@yahoo.com


INDIA MARKET
INDIA MARKET
SWEETS & SPICES
CHAAT PAPDI, SAMOSA, CHAAT, PANI PURI
DAHI VADA, BHEL PURI CHAAT
ਤੁਹਾਡਾ ਆਪਣਾ
ਮਨਭਾਉਂਦਾ ਸਟੋਰ
ਤਾਜ਼ੀਆਂ ਸਬਜ਼ੀਆਂ ਅਤੇ ਗਰੋਸਰੀ
ਲਈ ਸੇਵਾ ਦਾ ਮੌਕਾ ਦਿਓ
WE HAVE LARGEST COLLECTION FOR INDIAN FIJIAN & PAKISTANI GROCERY
MUSIC, FABRIC ARTIFICIAL JEWELRY, SWEETS, FRESH VEGETABLES & MORE..
ਕਸ਼ਮੀਰ ਸਿੰਘ ਹੀਰਾ
ਬਰਿੰਦਰ ਬੈਂਗੜ
Super Eyebrow
Threading Now Open
Eyebrow Threading
& Henna Tattoo
7 times,
Get 8th one free!
Inside India Market
SACRAMENTO
5203 EKLHORN BLVD
SACRAMENTO CA 95842
916- 338-5511
WALK INS WELCOME
ROSEVILLE
1265 PLEASANT GROVE BLVD.
# 100 ROSEVILLE, CA 95747
916- 786-7666
Cell :
916-798-8142
Email:
IndiaMarketRoseville@gmail.com


Raja
SWEETS & CATERING
AUTHORIZED CATERER FOR
MAJOR 5-STAR HOTELS
ITEMS SERVING
All Kinds of Sweets | Snacks
Chaat Stall | North Indian Cuisine
Fluda Kulfi Stall | On Site Tandoor
CATERING SERVICE
Wedding Ceremonies | Receptions
Birthday Parties | Corporate Events
Religious Gatherings
Picnics/Bar-B-Que
ADDITIONAL SERVICE
Warmers | Chaffing Dishes
China & Silverware
Linen Rental | Waiters
Bartenders
CONTACT US:
RAJA SWEETS & CATERING
WORK (510) 489-9100
CELL (510) 715-1619
Email: msbains@rajasweets.com
www.rajasweets.com
Find us on: facebook.
Follow us on Twitter
rajasweetsandcatering
rajasweets


Kash
FABRICS
ਪੰਜਾਬੀ ਫੈਸ਼ਨ ਦਾ
ਨੰਬਰ ਵਨ ਸਟੋਰ
ਸਾਡੀ ਸਪੈਸ਼ਲਟੀ
ਵਿਆਹ ਸ਼ਾਦੀ ਲਈ ਡਿਜ਼ਾਈਨਰ
ਲਹਿੰਗੇ ਤੇ ਸੂਟ ਅਤੇ ਨਾਲ
ਡਿਜ਼ਾਇਨਰ ਮੈਚਿੰਗ ਜਿਊਲਰੀ
ਖੁੱਲ੍ਹਾ ਕੱਪੜਾ ਵਧੀਆ ਤੋਂ
ਵਧੀਆ ਸਾੜੀਆਂ ਤੇ
ਡਿਜ਼ਾਈਨਰ ਸੂਟ, ਦਰਜਨਾਂ ਰੰਗਾਂ
ਵਿਚ ਪੱਗੜੀਆਂ ਸਾਡੇ ਤੋਂ ਖਰੀਦੋ।
ਸਾਡੇ ਕੋਲ ਹਿੰਦੀ, ਪੰਜਾਬੀ ਅਤੇ ਉਰਦੂ ਦੇ ਸੰਗੀਤ, ਡਰਾਮਿਆਂ ਅਤੇ ਫਿਲਮਾਂ ਦੀਆਂ
ਸੀਡੀਆਂ-ਵੀਡੀਓ ਤੇ ਡੀਵ ਵੀਵ ਡੀਵ ਦੀ ਬਹੁਤ ਵੱਡੀ ਕੁਲੈਕਸ਼ਨ ਹੈ।
ਕੈਲੀਫੋਰਨੀਆ ਤੋਂ ਬਾਹਰ ਰਹਿੰਦੇ ਗਾਹਕਾਂ ਲਈ ਸਮਾਨ ਅਸੀਂ ਯੂਥ ਪੀਥ ਐਸ਼ ਰਾਹੀਂ ਤੁਰੰਤ ਭੇਜ ਸਕਦੇ ਹਾਂ।
KASH FABRICS
ONE STOP SHOPPING CENTRE
29576 Mission Blvd Hayward. Ca 94544
www.kashfabrics.com
Tel: 510-538-1138

# ਮੇਲਾਨੀਆ ਟਰੰਪ ਨੇ ਆਪਣੇ ਵਿਦਾਇਗੀ ਸੰਦੇਸ਼ ਵਿਚ ਅਮਰੀਕਨਾਂ ਨੂੰ ਪਿਆਰ ਦੇ ਰਾਹ 'ਤੇ ਚੱਲਣ ਲਈ ਕਿਹਾ

**ਸੈਕਰਾਮੈਂਟੋ, ਕੈਲੀਫੋਰਨੀਆ 19 ਜਨਵਰੀ (ਹੁਸਨ ਲੜੋਆ ਬੰਗਾ)–** ਫਸਟ ਲੇਡੀ ਮੇਲਾਨੀਆ ਟਰੰਪ ਨੇ ਆਪਣੇ ਵਿਦਾਇਗੀ ਸੰਦੇਸ਼ ਵਿਚ ਵਾਇਟ ਹਾਊਸ ਵਿਚ ਬਿਤਾਏ ਨਾ ਭੁਲਾਏ ਜਾ ਸਕਣ ਵਾਲੇ 4 ਸਾਲਾਂ ਦੀ ਗੱਲ ਕੀਤੀ ਹੈ ਤੇ ਅਮਰੀਕਨਾਂ ਨੂੰ ਕਿਹਾ ਹੈ ਕਿ ਉਹ ਪਿਆਰ ਦੇ ਰਸਤੇ ਦੀ ਚੋਣ ਕਰਨ। ਜੋਅ ਬਾਇਡੇਨ ਵੱਲੋਂ ਰਾਸ਼ਟਰਪਤੀ ਵਜੋਂ ਸਹੁੰ ਚੁੱਕਣ ਤੋਂ ਦੋ ਦਿਨ ਪਹਿਲਾਂ ਤਕਰੀਬਨ 7 ਮਿੰਟਾਂ ਦੇ ਵੀਡੀਓ ਵਿਦਾਇਗੀ ਸੰਦੇਸ਼ ਵਿਚ ਮੇਲਾਨੀਆ ਨੇ 2017 ਵਿਚ ਵਾਇਟ ਹਾਊਸ ਵਿਚ ਆਉਣ ਤੋਂ ਬਾਅਦ ਜਿਨੈਹਾਂ ਵੀ ਲੋਕਾਂ ਨੇ ਉਹਨਾਂ ਦਾ ਹੌਸਲਾ ਵਧਾਇਆ ਤੇ ਉਹਨਾਂ ਨੂੰ ਉਤਸ਼ਾਹਿਤ ਕੀਤਾ, ਉਨੈਹਾਂ ਸਾਰਿਆਂ ਦਾ ਧੰਨਵਾਦ ਕੀਤਾ ਹੈ। ਉਹਨਾਂ ਕਿਹਾ ਹੈ ਕਿ ਪਿਛਲੇ 4 ਸਾਲਾਂ ਦਾ ਸਮਾਂ ਮੇਰੇ ਚੇਤੇ ਵਿਚ ਵੱਸ ਗਿਆ ਹੈ ਇਸ ਨੂੰ ਭੁਲਾਇਆ ਨਹੀਂ ਜਾ ਸਕਦਾ। ਡੋਨਲਡ ਤੇ ਮੈ ਵਾਈਟ ਹਾਊਸ



ਵਿਚ ਆਪਣਾ ਸਮਾਂ ਪੂਰਾ ਕਰ ਲਿਆ ਹੈ, ਮੈ ਇਸ ਸਮੇ ਦੌਰਾਨ ਸਾਡੇ ਨਾਲ ਜੁੜੇ ਰਹੇ ਸਾਰੇ ਲੋਕਾਂ ਦੀਆਂ ਯਾਦਾਂ ਆਪਣੇ ਦਿਲ ਵਿਚ ਲੈ ਕੇ ਜਾ ਰਹੀ ਹਾਂ। ਇਹ ਯਾਦਾਂ ਪਿਆਰ ਦੀਆਂ ਕਹਾਣੀਆਂ, ਦੇਸ਼ ਭਗਤੀ ਤੇ ਦੈਰਿੜਤਾ ਨਾਲ ਜੁੜੀਆਂ ਹੋਈਆਂ ਹਨ। ਪ੍ਰਥਮ ਔਰਤ ਨੇ ਕੋਰੋਨਾ ਮਹਾਮਾਰੀ ਦੇ ਰਾਸ਼ਟਰ ਉਪਰ ਪਏ ਪ੍ਰਭਾਵ ਦੀ ਗੱਲ ਕਰਦਿਆਂ ਸਿਹਤ ਸੰਭਾਲ ਕਰਮਚਾਰੀਆਂ ਤੇ ਟਰੱਕ ਡਰਾਈਵਰਾਂ ਦੀਆਂ ਸੇਵਾਵਾਂ ਦੀ ਸ਼ਲਾਘਾ ਕੀਤੀ ਹੈ ਜਿਨੈਹਾਂ ਨੇ ਜਾਨਾਂ ਬਚਾਉਣ ਵਿਚ ਅਹਿਮ ਭੂਮਿਕਾਵਾਂ ਨਿਭਾਈਆਂ। ਸਪਸ਼ਟ ਤੌਰ 'ਤੇ 6 ਜਨਵਰੀ ਨੂੰ ਕੈਪੀਟਲ ਹਿੱਲ ਵਿਚ ਹੋਈ ਹਿੰਸਾ ਵੱਲ ਇਸ਼ਾਰਾ ਕਰਦਿਆਂ ਮੇਲਾਨਿਆ ਨੇ ਅਮਰੀਕਨਾਂ ਨੂੰ ਕਿਹਾ ਹੈ ਹਮੇਸ਼ਾਂ ਯਾਦ ਰਖੋ ਹਿੰਸਾ ਕਿਸੇ ਵੀ ਗੱਲ ਦਾ ਜਵਾਬ ਨਹੀਂ ਹੈ ਤੇ ਹਿੰਸਾ ਨੂੰ ਕਦੀ ਵੀ ਜਾਇਜ਼ ਨਹੀਂ ਠਹਿਰਾਇਆ ਜਾ ਸਕਦਾ।

# ਰਾਜਸੀ ਹਿੰਸਾ ਬਰਦਾਸ਼ਤ ਨਹੀਂ ਕੀਤੀ ਜਾ ਸਕਦੀ- ਟਰੰਪ

## ਬਾਇਡੇਨ ਦਾ ਨਾਂ ਲਏ ਬਗੈਰ ਆਪਣੇ ਵਿਦਾਇਗੀ ਸੰਦੇਸ਼ ਵਿਚ ਨਵੇਂ ਪੈਰਸ਼ਾਸਨ ਦੀ ਸਫਲਤਾ ਦੀ ਕੀਤੀ ਕਾਮਨਾ

ਸੈਕਰਾਮੈਂਟੋ, ਕੈਲੀਫੋਰਨੀਆ 20 ਜਨਵਰੀ (ਹੁਸਨ ਲੜੋਆ ਬੰਗਾ)-ਅਹੁੱਦਾ ਛੱਡ ਰਹੇ ਰਾਸ਼ਟਰਪਤੀ ਡੋਨਲਡ ਟਰੰਪ ਨੇ ਆਪਣੇ ਵਿਦਾਇਗੀ ਭਾਸ਼ਣ ਵਿਚ ਆਪਣੇ ਆਰਥਕ ਵਿਕਾਸ ਤੇ ਵਿਦੇਸ਼ੀ ਨੀਤੀ ਨੂੰ ਸਰਾਹਿਆ, ਕੈਪੀਟਲ ਹਿੱਲ ਵਿਚ ਹੋਈ ਹਿੰਸਾ ਦੀ ਨਿੰਦਾ ਕੀਤੀ ਤੇ ਨਵੇਂ ਰਾਸ਼ਟਰਪਤੀ ਵਜੋਂ ਸਹੁੰ ਚੁੱਕਣ ਲਈ ਤਿਆਰ ਜੋਅ ਬਾਇਡੇਨ ਦਾ ਨਾਂ ਲਏ ਬਗੈਰ ਨਵੇਂ ਪੈਰਸ਼ਾਸਨ ਦੀ ਸਫਲਤਾ ਲਈ ਕਾਮਨਾ ਕੀਤੀ। ਉਹਨਾਂ ਨੇ ਜਾਰੀ ਇਕ ਵੀਡੀਓ ਸੰਦੇਸ਼ ਵਿਚ ਆਪਣੇ ਹਮਾਇਤੀਆਂ ਨੂੰ ਕਿਹਾ "ਮੈ ਬੁੱਧਵਾਰ ਦੀ ਦੁਪਹਿਰ ਨੂੰ ਨਵੇਂ ਪੈਰਸ਼ਾਸਨ ਨੂੰ ਸੱਤਾ ਸੌਂਪਣ ਜਾ ਰਿਹਾ ਹਾਂ, ਮੈ ਇਹ ਦੱਸਣਾ ਚਹੁੰਦਾ ਹਾਂ ਕਿ ਜੋ ਲਹਿਰ ਆਪਾਂ ਆਰੰਭ ਕੀਤੀ ਸੀ, ਉਹ ਅਜੇ ਕੇਵਲ ਸ਼ੁਰੂਆਤ ਹੈ''। ਟਰੰਪ ਨੇ ਆਪਣੀ 20 ਮਿੰਟ ਦੀ ਵੀਡੀਓ ਵਿਚ ਕਿਹਾ ਕਿ " ਮੈ ਨਵੇਂ ਪੈਰਸ਼ਾਸਨ ਨੂੰ ਸ਼ੁੱਭ ਇਛਾਵਾਂ ਦਿੰਦਾ ਹਾਂ ਤੇ ਮੈ ਚਹੁੰਦਾ ਹਾਂ ਕਿ ਨਵਾਂ ਪੈਰਸ਼ਾਸਨ ਇਕ ਅਹਿਮ ਦੁਨੀਆ ਦਾ ਹਿੱਸਾ ਬਣੇ।'' ਆਪਣੇ ਕਾਰਜਕਾਲ ਦੌਰਾਨ ਆਰਥਕ ਮੁਹਾਜ਼ ਉਪਰ ਤੇ ਵਿਦੇਸ਼ ਨੀਤੀ ਸਬੰਧੀ ਚੁੱਕੇ ਬਹੁਤ ਸਾਰੇ ਕਦਮਾਂ ਦਾ ਜਿਕਰ ਕਰਦਿਆਂ ਟਰੰਪ ਨੇ ਸਟਾਕ ਮਾਰਕੀਟ ਦੇ ਉਭਾਰ ਦੀ ਪੈਰੰਸਸਾ ਕੀਤੀ ਤੇ ਉਹਨਾਂ ਕਿਹਾ ਮੈਨੂੰ ਪਿਛਲੇ ਦਹਾਕਿਆਂ ਦੌਰਾਨ ਅਜਿਹਾ ਪਹਿਲਾ ਰਾਸ਼ਟਰਪਤੀ ਹੋਣ ਦਾ ਮਾਣ ਹੈ ਜਿਸ ਨੇ ਕੋਈ ਨਵੀਂ ਜੰਗ ਨਹੀਂ ਛੇੜੀ।'' ਉਨੈਹਾਂ ਨੇ 6 ਜਨਵਰੀ ਨੂੰ ਕੈਪੀਟਲ ਹਿੱਲ ਵਿਚ ਹੋਈ ਹਿੰਸਾ ਦੀ ਨਿੰਦਾ ਕੀਤੀ ਜਿਸ ਕਾਰਨ ਉਹਨਾਂ ਵਿਰੁੱਧ ਮਹਾਦੋਸ਼ ਲਾਇਆ ਗਿਆ। ਉਨੈਹਾਂ ਨੇ ਸਖਤ ਸ਼ਬਦਾਵਲੀ ਵਿਚ ਕਿਹਾ "ਰਾਜਸੀ ਹਿੰਸਾ ਅਮਰੀਕੀਆਂ ਦੀ ਹਰ ਉਸ ਚੀਜ ਉਪਰ ਹਮਲਾ ਹੈ ਜਿਸ ਨੂੰ ਉਹ ਮਾਣ ਰਹੇ ਹਨ। ਇਸ ਨੂੰ ਸਹਿਣ ਨਹੀਂ ਕੀਤਾ ਜਾ ਸਕਦਾ।'' ਟਰੰਪ ਦੇ ਵਿਰੋਧੀਆਂ ਨੇ ਵਿਦਾਇਗੀ ਭਾਸ਼ਣ ਉਪਰ ਪੈਰਤੀਕਰਮ ਪੈਰਗਟ ਕਰਦਿਆਂ ਕਿਹਾ ਹੈ ਕਿ ਉਹ ਖੁਸ਼ ਹਨ ਕਿ ਰਾਸ਼ਟਰਪਤੀ ਅਲਵਿਦਾ ਕਹਿ ਰਹੇ ਹਨ। ਸਦਨ ਦੀ ਸਪੀਕਰ ਨੈਨਸੀ ਪੇਲੋਸੀ ਨੇ ਕਿਹਾ ਹੈ ਕਿ ਟਰੰਪ ਦੇਸ਼ ਉਪਰ ਧੱਬਾ ਸਨ।

ਮੈ ਨਹੀਂ ਸੋਚਦੀ ਕਿ ਜੇਕਰ ਉਸ ਨੂੰ ਦੂਸਰੇ ਕਾਰ-ਜਕਾਲ ਲਈ ਵੀ ਰਾਸ਼ਟਰਪਤੀ ਚੁਣ ਲਿਆ ਜਾਂਦਾ ਤਾਂ ਅਸੀਂ ਲੋਕਤੰਤਰ ਕਾਇਮ ਰਖ ਸਕਦੇ। ਉਸ ਨੇ ਸਾਡੀਆਂ ਸੰਸਥਾਵਾਂ ਤੇ ਸੰਵਿਧਾਨ ਦਾ ਨਿਰਾਦਰ ਕੀਤਾ ਹੈ।'' ਰਾਸ਼ਟਰਪਤੀ ਦੇ ਡਿਪਾਰਟਮੈਂਟ ਆਫ ਹੋਮਲੈਂਡ ਸਕਿਉਰਟੀ ਦੇ ਸਾਬਕਾ ਬੁਲਾਰੇ ਡੇਵਿਡ ਲਾਪਨ ਨੇ ਕਿਹਾ ਹੈ " ਹੁਣ ਬਹੁਤ ਦੇਰ ਹੋ ਚੁੱਕੀ ਹੈ। ਉਸ ਦੇ ਸ਼ਬਦਾਂ ਦਾ ਕੋਈ ਅਰਥ ਨਹੀਂ ਹੈ। ਇਹ ਸ਼ਬਦ ਜੋ ਕੁਝ ਉਹ ਪਿਛਲੇ 4 ਸਾਲਾਂ ਦੌਰਾਨ ਕਹਿੰਦਾ ਰਿਹਾ ਹੈ ਜਾਂ ਕਰਦਾ ਰਿਹਾ ਹੈ, ਉਸ ਦੇ ਬਿਲਕੁੱਲ ਉਲਟ ਹਨ।''

# ਭਾਰਤੀ ਮੂਲ ਦੀ ਉਜ਼ਰਾ ਜ਼ੇਯਾ ਵਿਦੇਸ਼ ਵਿਭਾਗ ਵਿਚ ਅੰਡਰ ਸੈਕਟਰੀ ਨਿਯੁਕਤ

**ਸੈਕਰਾਮੈਂਟੋ, ਕੈਲੀਫੋਰਨੀਆ 20 ਜਨਵਰੀ (ਹੁਸਨ ਲੜੋਆ ਬੰਗਾ)–** ਭਾਰਤੀ ਮੂਲ ਦੀ ਅਮਰੀਕਨ ਡਿਪਲੋਮੈਟ ਉਜ਼ਰਾ ਜ਼ੇਯਾ ਜਿਸ ਨੇ ਟਰੰਪ ਪੈਰਸ਼ਾਸਨ ਦੇ ਕਥਿੱਤ ਨਸਲੀ ਤੇ ਲਿੰਗਕ ਪੱਖਪਾਤ ਵਿਰੁੱਧ ਵਿਦੇਸ਼ ਵਿਭਾਗ ਦੀ ਨੌਕਰੀ ਛੱਡ ਦਿੱਤੀ ਸੀ, ਨੂੰ ਰਾਸ਼ਟਰਪਤੀ ਜੋਅ ਬਾਇਡੇਨ ਨੇ ਆਮ ਨਾਗਰਿਕਾਂ ਦੀ ਸੁਰੱਖਿਆ, ਲੋਕਤੰਤਰ ਤੇ ਮਨੁੱਖੀ ਅਧਿਕਾਰਾਂ ਸਬੰਧੀ ਅੰਡਰ ਸੈਕਟਰੀ ਨਿਯੁਕਤ ਕੀਤਾ ਹੈ। ਆਪਣੀ ਨਿਯੁਕਤੀ ਦੀ ਪੁਸ਼ਟੀ ਕਰਦਿਆਂ ਜ਼ੇਯਾ ਨੇ ਟਵੀਟ ਕੀਤਾ ਹੈ ਕਿ ਇਕ ਡਿਪਲੋਮੈਟ ਵਜੋਂ ਮੈਂ ਆਪਣੇ 25 ਸਾਲਾਂ ਦੇ ਤਜਰਬੇ ਵਿਚ ਇਹ ਸਿੱਖਿਆ ਹੈ ਕਿ ਅਮਰੀਕਾ ਦੀ ਮਹਾਨ ਸ਼ਕਤੀ ਭਿੰਨਤਾ ਤੇ ਲੋਕਤੰਤਰਿਕ ਕਦਰਾਂ ਕੀਮਤਾਂ ਵਿਚ ਛੁੱਪੀ ਹੋਈ ਹੈ, ਮੈ ਇਨੈਹਾਂ ਕਦਰਾਂ ਕੀਮਤਾਂ ਉਪਰ ਪਹਿਰਾ ਦੇਵਾਂਗੀ। ਉਨੈਹਾਂ ਨੇ ਆਪਣੀ ਨਿਯੁਕਤੀ ਲਈ ਜੋਅ ਬਾਇਡੇਨ ਦਾ ਧੰਨਵਾਦ ਕੀਤਾ ਹੈ। ਜ਼ੇਯਾ ਨੂੰ ਵਿਦੇਸ਼ ਵਿਭਾਗ ਵਿਚ ਦੋ ਦਹਾਕਿਆਂ ਤੋਂ ਵੀ ਵਧ ਸਮੇਂ ਦਾ ਤਜ਼ਰਬਾ ਹੈ। ਉਸ ਨੇ 1990 ਵਿਚ ਅਮਰੀਕੀ ਵਿਦੇਸ਼ ਸੇਵਾ ਵਿਚ ਨੌਕਰੀ ਸ਼ੁਰੂ ਕੀਤੀ ਸੀ ਤੇ ਟਰੰਪ ਦੀ ਨੀਤੀਆਂ ਵਿਰੁੱਧ 2018 ਵਿਚ ਵਿਦੇਸ਼ ਵਿਭਾਗ ਛੱਡ ਦਿੱਤਾ ਸੀ।




SKY TRANSPORT SOLUTIONS

STRIVE FOR MORE

ਟਰੱਕਾਂ ਵਾਲਿਆਂ ਵੀਰਾਂ ਦੇ ਲਈ
ਸਕਾਈ ਟਰਾਂਸਪੋਰਟ ਸਾਲਿਊਸ਼ਨ
ਦੀਆਂ ਵਿਸ਼ੇਸ਼ ਸੇਵਾਵਾਂ



WE PROVIDE ALL TRUCKING RELATED PERMITS AND SERVICES

SPECIAL BIT INSPECTION AND DOT AUDIT COMPLIANCE:

ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.

NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS
FOR OUT OF SERVICE DOT.

SPECIAL DOT COMPLIANCE FOR SAFETY, AUDITS AND RECORD KEEPING.

PLEASE CONTACT US FOR MORE INFORMATION

PHONE: 209-855-6938, FAX: 209-762-6540

Email: skytransportsolution@gmail.com

Give us a chance to provide you best services

2680 N TRACY BLVD, SUITE 4, TRACY, CA 95376

## ਯੂ ਐਸ ਏ, ਖਬਰਨਾਮਾ (ਹੁਸਨ ਲੜੋਆ ਬੰਗਾ)

# ਭਾਰਤੀ ਮੂਲ ਦੀਆਂ ਦੋ ਵਕੀਲ ਔਰਤਾਂ ਵਾਇਟ ਹਾਊਸ ਦੀ ਕੌਂਸਲ ਟੀਮ ਵਿਚ ਸ਼ਾਮਿਲ

**ਸੈਕਰਾਮੈਂਟੋ, ਕੈਲੀਫੋਰਨੀਆ-** ਰਾਸ਼ਟਰ-ਪਤੀ ਚੁਣੇ ਗਏ ਜੋਅ ਬਾਇਡੇਨ ਨੇ ਭਾਰਤੀ ਮੂਲ ਦੀਆਂ ਦੋ ਵਕੀਲ ਔਰਤਾਂ ਨੇਹਾ ਗੁਪਤਾ ਤੇ ਰੀਮਾ ਸ਼ਾਹ ਨੂੰ ਵਾਇਟ ਹਾਊਸ ਦੀ ਕੌਂਸਲ ਟੀਮ ਵਿਚ ਸ਼ਾਮਿਲ ਕੀਤਾ ਹੈ। ਗੁਪਤਾ ਜੋ ਬਾਇਡੇਨ-ਹੈਰਿਸ ਟਰਾਂਜੀਸ਼ਨ ਦੇ ਜਨਰਲ ਕੌਂਸਲ ਦਫਤਰ ਵਿਚ ਵਕੀਲ ਵਜੋਂ ਕੰਮ ਕਰਦੇ ਹਨ, ਨੂੰ ਐਸੋਸੀਏਟ ਵਕੀਲ ਵਜੋਂ ਨਿਯੁਕਤ



ਕੀਤਾ ਹੈ ਜਦ ਕਿ ਸ਼ਾਹ ਜੋ ਬਾਇਡੇਨ-ਹੈਰਿਸ ਟੀਮ ਲਈ ਭਾਸ਼ਣ ਤੇ ਬਹਿਸ ਦੀ ਤਿਆਰੀ ਲਈ ਕੰਮ ਕਰਦੀ ਰਹੀ ਹੈ, ਨੂੰ ਡਿਪਟੀ ਐਸੋਸੀਏਟ ਕੌਂਸਲ ਨਿਯੁਕਤ ਕੀਤਾ ਹੈ। ਬਾਇਡੇਨ ਪਹਿਲਾਂ ਵੀ ਅਨੇਕਾਂ ਭਾਰਤੀ ਮੂਲ ਦੇ ਅਮਰੀਕੀਆਂ ਨੂੰ ਉੱਚ ਅਹੁੱਦਿਆਂ ਨਾਲ ਨਿਵਾਜ ਚੁੱਕੇ ਹਨ ਹਾਲ ਹੀ ਵਿਚ ਉਨ੍ਹਾਂ ਨੇ ਤਰੁਨ ਛਾਬੜਾ ਤੇ ਸੁਮੋਨਾ ਗੂਹਾ ਨੂੰ ਵਾਇਟ ਹਾਊਸ ਨੈਸ਼ਨਲ ਸਕਿਉਰਟੀ ਕੌਂਸਲ ਵਿਚ ਨਾਮਜ਼ਦ ਕੀਤਾ ਸੀ।

# ਅਮਰੀਕੀ ਸਦਨ ਵੱਲੋਂ ਟਰੰਪ ਵਿਰੁੱਧ ਮਹਾਂਦੋਸ਼ ਮਤਾ ਪਾਸ

**ਸੈਕਰਾਮੈਂਟੋ, ਕੈਲੀਫੋਰਨੀਆ-** ਅੱਜ ਅਮਰੀਕਾ ਦੇ ਰਾਸ਼ਟਰਪਤੀ ਡੋਨਲਡ ਟਰੰਪ ਦੇ ਖਿਲਾਫ ਦੂਜੀ ਵਾਰ ਮਹਾਂਦੋਸ਼ ਦਾ ਮਤਾ ਪਾਸ ਹੋਣ ਨਾਲ ਇਤਿਹਾਸ ਸਿਰਜਿਆ ਗਿਆ, ਅਮਰੀਕੀ ਪ੍ਰਤੀਨਿੰਧ ਸਦਨ ਨੇ ਹਿੰਸਾ ਉਕਸਾਉਣ ਦੇ ਦੋਸ਼ਾਂ ਤਹਿਤ ਰਾਸ਼ਟਰਪਤੀ ਡੋਨਾਲਡ ਟਰੰਪ ਵਿਰੁੱਧ 25 ਵੀਂ ਸਵਿਧਾਨਕ ਸੋਧ ਤਹਿਤ ਮਹਾਂਦੋਸ਼ ਮਤਾ ਪਾਸ ਕਰ ਦਿੱਤਾ। ਮਹਾਂਦੋਸ਼ ਲਾਉਣ ਲਈ ਪੇਸ਼ ਮਤੇ ਦੇ ਹੱਕ ਵਿਚ 232 ਤੇ ਵਿਰੋਧ ਵਿਚ 197 ਵੋਟਾਂ ਪਈਆਂ, ਇਸ ਤੋਂ ਇਲਾਵਾ 10 ਰਿਪਬਲੀਕਨ ਮੈਂਬਰਾਂ ਨੇ ਵੀ ਮਤੇ ਦੇ ਹੱਕ ਵਿਚ ਵੋਟਾਂ ਪਾਈਆਂ। ਇਨ੍ਹਾਂ ਰਿਪਬਲੀਕਨਾਂ ਨੇ ਮਤੇ ਦੇ ਹੱਕ ਵਿਚ ਵੋਟਾਂ ਪਾਉਣ ਤੋਂ ਪਹਿਲਾਂ ਕਿਹਾ ਕਿ ਰਾਸ਼ਟਰਪਤੀ ਨੂੰ ਹਰ ਹਾਲਤ ਵਿਚ ਹਿੰਸਾ ਲਈ ਜਿੰਮੇਵਾਰ ਠਹਿਰਾਇਆ ਜਾਣਾ ਚਾਹੀਦਾ ਹੈ ਜੇਕਰ ਕਾਂਗਰਸ ਉਸ ਵਿਰੁੱਧ ਕਾਰਵਾਈ ਨਹੀਂ ਕਰਦੀ ਤਾਂ ਇਹ ਦੇਸ਼ ਲਈ ਬਹੁਤ ਖਤਰਨਾਕ ਹੋਵੇਗਾ। ਮੈਂਬਰਾਂ ਨੇ ਕਿਹਾ ਕਿ 20 ਜਨਵਰੀ ਤੋਂ ਪਹਿਲਾਂ ਰਾਸ਼ਟਰਪਤੀ ਨੂੰ ਹਰ ਹਾਲਤ ਵਿਚ ਅਹੁੱਦੇ ਤੋਂ ਲਾਹ ਦੇਣਾ ਚਾਹੀਦਾ ਹੈ। ਇਸ ਤੋਂ ਪਹਿਲਾਂ ਸਦਨ ਦੀ ਸਪੀਕਰ ਨੈਨਸੀ ਪੇਲੋਸੀ ਨੇ ਰਾਸ਼ਟਰਪਤੀ ਵਿਰੁੱਧ ਮਹਾਂਦੋਸ਼ ਮਤੇ ਬਾਰੇ ਬਹਿਸ ਸ਼ੁਰੂ ਕੀਤੀ। ਨੈਨਸੀ ਨੇ ਕਿਹਾ ਕਿ ' ਅਸੀਂ ਜਾਣਦੇ ਹਾਂ ਕਿ ਰਾਸ਼ਟਰਪਤੀ ਨੇ ਸਾਡੇ ਦੇਸ਼ ਵਿਰੁੱਧ ਹਿੰਸਾ ਤੇ ਹਥਿਆਰਬੰਦ ਬਗਾਵਤ ਨੂੰ ਉਕਸਾਇਆ। ਉਸ ਨੂੰ ਅਹੁੱਦੇ ਤੋਂ ਲਾਹੁਣਾ ਜਰੂਰੀ ਹੈ। ਇਹ ਸਪੱਸ਼ਟ ਹੈ ਕਿ ਉਹ ਦੇਸ਼ ਲਈ ਖਤਰਾ ਹੈ ਜਿਸ ਦੇਸ਼ ਨੂੰ ਅਸੀਂ ਬਹੁਤ ਪਿਆਰ ਕਰਦੇ ਹਾਂ।'' ਇਥੇ ਵਰਣਨਯੋਗ ਹੈ ਕਿ 6 ਜਨਵਰੀ ਨੂੰ ਜਦੋਂ ਕਾਂਗਰਸ ਵੱਲੋਂ ਰਾਸ਼ਟਰਪਤੀ ਟਰੰਪ ਤੇ ਜੋਅ ਬਾਇਡੇਨ ਨੂੰ ਮਿਲੀਆਂ ਇਲੈਕਟੋਰਲ ਕਾਲਜ ਵੋਟਾਂ ਦੀ ਰਸਮੀ ਪੁਸ਼ਟੀ ਕੀਤੀ ਜਾਣੀ ਸੀ ਤਾਂ ਵਾਸ਼ਿੰਗਟਨ ਵਿਚ ਇਕ ਰੈਲੀ ਦੌਰਾਨ ਰਾਸ਼ਟਰਪਤੀ ਨੇ ਬਹੁਤ ਤਿੱਖਾ ਭਾਸ਼ਣ ਦਿੱਤਾ ਸੀ ਜਿਸ ਉਪਰੰਤ ਭੀੜ ਨੇ ਕੈਪੀਟਲ ਹਿੱਲ ਇਮਾਰਤ ਉਪਰ ਧਾਵਾ ਬੋਲ ਦਿੱਤਾ ਸੀ।

ਇਸ ਉਪੰਰਤ ਵਾਪਰੀ ਹਿੰਸਾ ਵਿਚ ਇਕ ਔਰਤ ਸਮੇਤ 4 ਲੋਕ ਮਾਰੇ ਗਏ ਸਨ। ਹਿੰਸਾ ਵਿਚ ਜਖਮੀ ਹੋਇਆ ਇਕ ਸੁਰੱਖਿਆ ਜਵਾਨ ਬਾਅਦ ਵਿਚ ਦਮ ਤੋੜ ਗਿਆ ਸੀ। ਹੁਣ ਇਹ ਮਹਾਂਦੋਸ਼ ਮਤਾ ਸੈਨੇਟ ਕੋਲ ਭੇਜਿਆ ਜਾਵੇਗਾ ਜਿਥੇ ਮਤੇ ਨੂੰ ਪਾਸ ਕਰਨ ਲਈ ਦੋ ਤਿਹਾਈ ਬਹੁਮਤ ਦੀ ਲੋੜ ਪਵੇਗੀ ਜੋ ਮਿਲਦਾ ਹੋਇਆ ਸੰਭਵ ਨਜਰ ਨਹੀਂ ਆ ਰਿਹਾ। ਸੈਨੇਟ ਵਿਚ ਰਿਪਬਲੀਕਨ ਪਾਰਟੀ ਕੋਲ ਬਹੁਮਤ ਹੈ ਤੇ ਉਸ ਦੇ 51 ਮੈਂਬਰ ਹਨ ਜਦ ਕਿ ਡੈਮੋਕਰੈਟਸ ਦੇ 50 ਮੈਂਬਰ ਹਨ। 2019 ਵਿਚ ਵੀ ਸੈਨੇਟ ਨੇ 52-48 ਦੇ ਫਰਕ ਨਾਲ ਰਾਸ਼ਟਰਪਤੀ ਵਿਰੁੱਧ ਮਹਾਦੋਸ਼ ਪ੍ਰਸਤਾਵ ਰੱਦ ਕਰ ਦਿੱਤਾ ਸੀ ਪਰ ਇਸ ਵਾਰ ਹਾਲਾਤ ਕੁਝ ਵੱਖਰੇ ਹਨ। ਰਿਪਬਲੀਕਨ ਸਮਝਦੇ ਹਨ ਕਿ ਟਰੰਪ ਨੇ ਪਾਰਟੀ ਨੂੰ ਬਹੁਤ ਨੁਕਸਾਨ ਪਹੁੰਚਾਇਆ ਹੈ।

ਇਸ ਲਈ ਰਿਪਬਲੀਕਨ ਵੀ ਮਤੇ ਦੇ ਹੱਕ ਵਿਚ ਵੋਟ ਪਾ ਸਕਦੇ ਹਨ। ਸੈਨੇਟ ਦੇ ਬਹੁਗਿਣਤੀ ਲੀਡਰ ਮਿਚ ਮੈਕੋਨਲ ਨੇ ਕਿਹਾ ਹੈ ਕਿ ਪ੍ਰਤੀਨਿੰਧ ਸਦਨ ਵੱਲੋਂ ਮਤਾ ਮਿਲਣ ਉਪਰੰਤ ਇਸ ਨੂੰ ਪਹਿਲੀ ਮੀਟਿੰਗ ਵਿਚ ਵਿਚਾਰਿਆ ਜਾਵੇਗਾ। ਸੈਨੇਟ ਦੀ ਮੀਟਿੰਗ ਰਾਸ਼ਟਰਪਤੀ ਜੋਅ ਬਾਇਡੇਨ ਵੱਲੋਂ 20 ਜਨਵਰੀ ਨੂੰ ਸਹੁੰ ਚੁੱਕਣ ਤੋਂ ਇਕ ਦਿਨ ਪਹਿਲਾਂ ਮੰਗਲਵਾਰ ਨੂੰ ਹੋਣੀ ਹੈ। ਮੈਕੋਨਲ ਅਨੁਸਾਰ ਜੇਕਰ ਸੈਨੇਟ ਇਸ ਹਫਤੇ ਮਹਾਦੋਸ਼ ਪ੍ਰਿਆ ਸ਼ੁਰੂ ਕਰ ਦੇਵੇ ਤਾਂ ਵੀ ਰਾਸ਼ਟਰਪਤੀ ਟਰੰਪ ਵੱਲੋਂ ਅਹੁੱਦਾ ਛੱਡਣ ਤੋਂ ਪਹਿਲਾਂ ਅੰਤਿਮ ਨਤੀਜਾ ਨਹੀਂ ਆ ਸਕੇਗਾ।

# ਜੋਅ ਬਾਇਡੇਨ ਨੇ ਸਹੁੰ ਚੁੱਕਣ ਤੋਂ ਪਹਿਲਾਂ 1.9 ਖਰਬ ਡਾਲਰ ਦੇ ਰਾਹਤ ਪੈਕੇਜ਼ ਦਾ ਕੀਤਾ ਐਲਾਨ

**ਸੈਕਰਾਮੈਂਟੋ, ਕੈਲੀਫੋਰਨੀਆ-** ਰਾਸ਼ਟਰਪਤੀ ਦੀ ਚੋਣ ਜਿੱਤੇ ਜੋਅ ਬਾਇਡੇਨ ਨੇ ਸਹੁੰ ਚੁੱਕਣ ਤੋਂ 5 ਦਿਨ ਪਹਿਲਾਂ 1.9 ਖਰਬ ਡਾਲਰਾਂ ਦੇ ਪ੍ਰਸਤਾਵਿਤ ਕੋਵਿਡ-19 ਰਾਹਤ ਪੈਕੇਜ਼ ਦਾ ਐਲਾਨ ਕੀਤਾ ਹੈ। ਪੈਕੇਜ਼ ਦਾ ਐਲਾਨ ਕਰਦਿਆਂ ਬਾਇਡੇਨ ਨੇ ਕਿਹਾ ਕਿ ਸਾਡੇ ਕੋਲ ਵਿਅਰਥ ਗਵਾਉਣ ਲਈ ਸਮਾਂ ਨਹੀਂ ਹੈ ਸਾਨੂੰ ਹੁਣ ਤੋਂ ਹੀ ਕਾਰਵਾਈ ਕਰਨੀ ਪਵੇਗੀ। ਇਸ ਪੈਕੇਜ਼ ਤਹਿਤ ਕੋਰੋਨਾ ਕਾਰਨ ਆਰਥਕ ਸੰਕਟ ਦਾ ਸਾਹਮਣਾ ਕਰ ਰਹੇ ਅਮਰੀਕੀਆਂ ਨੂੰ 1400 ਡਾਲਰ ਪ੍ਰਤੀ ਮਹੀਨਾ ਦੀ&; ਰਾਹਤ ਦਿੱਤੀ ਜਾਵੇਗੀ। ਇਸ ਤੋਂ ਇਲਾਵਾ 20 ਅਰਬ ਡਾਲਰ ਕੌਮੀ ਟੀਕਾਕਰਣ ਪ੍ਰੋਗਰਾਮ ਉਪਰ ਖਰਚ ਹੋਣਗੇ। ਪੈਕੇਜ਼ ਤਹਿਤ ਬੇਰੁਜ਼ਗਾਰੀ ਰਾਹਤ ਪ੍ਰਤੀ ਹਫਤਾ 400 ਡਾਲਰ ਦਿੱਤੀ ਜਾਵੇਗੀ। ਆਪਣੇ 25 ਮਿੰਟਾਂ ਦੇ ਸੰਬੋਧਨ ਦੌਰਾਨ ਬਾਇਡੇਨ ਨੇ ਕਿਹਾ '' ਮਹਾਂਮਾਰੀ ਦੌਰਾਨ ਲੱਖਾਂ ਅਮਰੀਕੀਆਂ ਨੂੰ ਬਿਨਾਂ ਕਿਸੇ ਕਸੂਰ ਦੇ ਆਪਣਾ ਮਾਣ ਸਨਮਾਨ ਗਵਾਉਣਾ ਪਿਆ ਜੋ ਮਾਣ ਸਨਮਾਨ ਉਨ੍ਹਾਂ ਨੂੰ ਨੌਕਰੀ ਤੋਂ ਮਿਲਦਾ ਸੀ। ਉਨ੍ਹਾਂ ਦੀ ਤਨਖਾਹ ਖਤਮ ਹੋ ਗਈ। ਮੈਂ ਹਕੀਕਤ ਨਾਲ ਜੁੜੀ ਯੋਜਨਾ ਪੇਸ਼ ਕਰ ਰਿਹਾ ਹਾਂ ਜੋ ਅਰਥ ਵਿਵਸਥਾ ਨੂੰ ਹੁਲਾਰਾ ਦੇਵੇਗੀ।'' ਉਨ੍ਹਾਂ ਨੇ ਕਿਹਾ ਕਿ ਇਹ ਰਾਹਤ ਪੈਕੇਜ਼ ਕੋਵਿਡ-19 ਮਹਾਂਮਾਰੀ ਤੋਂ ਨਿਜ਼ਾਤ ਪਾਉਣ ਲਈ ਮੇਰੀ ਦੋ ਹਿੱਸਿਆਂ ਵਾਲੀ ਯੋਜਨਾ ਦਾ ਪਹਿਲਾ ਹਿੱਸਾ ਹੈ ਤੇ ਮੈ ਪੁਨਰ ਸੁਰਜੀਤੀ ਯੋਜਨਾ ਅਗਲੇ ਮਹੀਨੇ ਕਾਂਗਰਸ ਦੇ ਸਾਂਝੇ ਇਜਲਾਸ ਨੂੰ ਸੰਬੋਧਨ ਦੌਰਾਨ ਪੇਸ਼ ਕਰਾਂਗਾ। ਬਾਇਡੇਨ ਨੇ ਕਿਹਾ ਕਿ ਉਹ ਚਹੁੰਦੇ ਹਨ ਕਿ ਉਨ੍ਹਾਂ ਦੇ ਪਹਿਲੇ 100 ਦਿਨਾਂ ਦੌਰਾਨ 10 ਕਰੋੜ ਅਮਰੀਕੀਆਂ ਨੂੰ ਕੋਵਿਡ-19 ਤੋਂ ਬਚਾਅ ਲਈ ਟੀਕੇ ਲਾ ਦਿੱਤੇ ਜਾਣ। ਇਸ ਲਈ ਬਿਨਾਂ ਸਮਾਂ ਗਵਾਏ ਇਸ ਸਬੰਧੀ ਨਿਰੰਤਰ ਕੰਮ ਕਰਨਾ ਪਵੇਗਾ। ਇਸ ਸਬੰਧੀ 1 ਲੱਖ ਸਿਹਤ ਵਰਕਰ ਭਰਤੀ ਕੀਤੇ ਜਾਣ ਦੀ ਯੋਜਨਾ ਹੈ। ਬਾਇਡੇਨ ਕੋਰੋਨਾਵਾਇਰਸ ਟੈਸਟਿੰਗ ਲਈ 50 ਅਰਬ ਡਾਲਰ ਨਿਵੇਸ਼ ਕਰਨਾ ਚਹੁੰਦੇ ਹਨ। ਇਹ ਪੈਸਾ ਰੈਪਿਡ ਟੈਸਟ ਕਿੱਟਾਂ ਖਰੀਦਣ, ਲੈਬ ਸਮਰੱਥਾ ਵਧਾਉਣ, ਸਕੂਲਾਂ ਤੇ ਸਥਾਨਕ ਸਰਕਾਰਾਂ ਲਈ ਟੈਸਟਿੰਗ ਪ੍ਰੋਗਰਾਮ ਉਪਰ ਖਰਚ ਕਰਨ ਦੀ ਯੋਜਨਾ ਹੈ। ਬਾਇਡੇਨ ਦਾ ਪ੍ਰਸਤਾਵਿਤ ਰਾਹਤ ਪੈਕੇਜ਼ ਦਸੰਬਰ ਵਿਚ ਕਾਂਗਰਸ ਵੱਲੋਂ ਪਾਸ ਕੀਤੇ ਗਏ 900 ਅਰਬ ਡਾਲਰ ਦੇ ਕੋਵਿਡ-19 ਰਾਹਤ ਪੈਕੇਜ਼ ਦੇ ਕਈ ਹਫਤਿਆਂ ਬਾਅਦ ਆਇਆ ਹੈ। ਇਸ ਰਾਹਤ ਪੈਕੇਜ਼ ਤਹਿਤ ਮਿਲਦੇ 600 ਡਾਲਰ ਵੀ ਜਾਰੀ ਰਹਿਣਗੇ।

# ਭਾਰਤੀ ਮੂਲ ਦੀ ਸੋਨੀਆ ਅਗਰਵਾਲ ਵਾਤਾਵਰਣ ਸਬੰਧੀ ਸੀਨੀਅਰ ਸਲਾਹਕਾਰ ਨਿਯੁਕਤ

**ਸੈਕਰਾਮੈਂਟੋ ਕੈਲੀਫੋਰਨੀਆ 16 ਜਨਵਰੀ-** ਰਾਸ਼ਟਰਪਤੀ ਦੀ ਚੋਣ ਜਿੱਤੇ ਜੋਅ ਬਾਇਡੇਨ ਨੇ ਭਾਰਤੀ ਮੂਲ ਦੀ ਅਮਰੀਕਨ ਨਾਗਰਿਕ ਸੋਨੀਆ ਅਗਰਵਾਲ ਨੂੰ ਵਾਤਾਵਰਣ ਨੀਤੀ ਤੇ ਖੋਜ਼ਾਂ ਸਬੰਧੀ ਸੀਨੀਅਰ ਸਲਾਹਕਾਰ ਨਿਯੁਕਤ ਕੀਤਾ ਹੈ। ਬਾਈਡੇਨ ਦੀ ਟਰਾਂਜੀਸ਼ਨ ਟੀਮ ਵੱਲੋਂ ਦਿੱਤੇ ਗਏ ਵੇਰੇਵ ਅਨੁਸਾਰ ਸੋਨੀਆ ਅਗਰਵਾਲ ਨੇ ਬਿਜਲੀ ਯੋਜਨਾ ਦੀ ਅਗਵਾਈ ਕੀਤੀ ਜਿਸ ਸਦਕਾ 200 ਬਿਜਲੀ ਨੀਤੀ ਮਾਹਿਰਾਂ ਨੇ 'ਏਨਰਜੀ ਇਨੋਵੇਸ਼ਨ' ਵਿਖੇ ਕੰਮ ਕੀਤਾ ਜਿਸ ਦੀ ਉਹ ਸਹਿ-ਸੰਸਥਾਪਕ ਤੇ ਉਪ ਪ੍ਰਧਾਨ ਹੈ। ਉਸ ਨੇ



ਉਸ ਟੀਮ ਦੀ ਅਗਵਾਈ ਵੀ ਕੀਤੀ ਜਿਸ ਨੇ ਵਾਤਾਵਰਣ ਤੇ ਊਰਜਾ ਨੀਤੀਆਂ ਦੇ ਵਾਤਾਵਰਣ, ਆਰਥਿਕਤਾ ਤੇ ਲੋਕਾਂ ਦੀ ਸਿਹਤ ਉਪਰ ਪੈਣ ਵਾਲੇ ਪ੍ਰਭਾਵ ਦਾ ਮੁਲਾਂਕਣ ਕਰਨ ਲਈ 'ਏਨਰਜੀ ਪੌਲਸੀ ਸਿਮੂਲੇਟਰ' ਵਿਕਸਤ ਕੀਤਾ ਸੀ। ਓਹੀਓ ਵਿਚ ਵੱਡੀ ਹੋਈ ਅਗਰਵਾਲ ਨੇ ਸਿਵਲ ਇੰਜੀਨੀਅਰਿੰਗ ਵਿਚ ਸਟੈਨਫੋਰਡ ਯੁਨੀਵਰਸਿਟੀ ਤੋਂ ਮਾਸਟਰ ਡਿਗਰੀ ਕੀਤੀ ਸੀ। ਬਾਇਡੇਨ ਇਸ ਤੋਂ ਪਹਿਲਾਂ ਵੀ ਭਾਰਤੀ ਮੂਲ ਦੇ ਅਮਰੀਕੀਆਂ ਦੀ ਅਹਿਮ ਅਹੁੱਦਿਆਂ ਉਪਰ ਨਿਯੁਕਤੀ ਕਰ ਚੁੱਕੇ ਹਨ।

# ਭਾਰਤੀ ਮੂਲ ਦੀ ਸਮੀਰਾਫਾਜ਼ਿਲੀ ਡਿਪਟੀ ਡਾਇਰੈਕਟਰ ਨੈਸ਼ਨਲ ਇਕਨਾਮਿਕ ਕੌਂਸਲ ਨਿਯੁਕਤ

**ਸੈਕਰਾਮੈਂਟੋ, ਕੈਲੀਫੋਰਨੀਆ-** ਭਾਰਤੀ ਮੂਲ ਦੀ ਸਮੀਰਾਫਾਜ਼ਿਲੀ ਜਿਸ ਦੇ ਪਰਿਵਾਰ ਦੀਆਂ ਜੜਾਂ ਕਸ਼ਮੀਰ ਨਾਲ ਜੁੜੀਆਂ ਹੋਈਆਂ ਹਨ, ਨੂੰ ਰਾਸ਼ਟਰਪਤੀ ਚੁਣੇ ਗਏ ਜੋਅ ਬਾਇਡੇਨ ਨੇ ਨੈਸ਼ਨਲ ਇਕਨਾਮਿਕ ਕੌਂਸਲ ਦੀ ਡਿਪਟੀ ਡਾਇਰੈਕਟਰ ਨਿਯੁਕਤ ਕੀਤਾ ਹੈ। ਫਾਜ਼ਿਲੀ ਭਾਰਤੀ ਮੂਲ ਦੇ ਦਰਜਨ ਤੋਂ ਵਧ ਨਿਯੁਕਤ ਕੀਤੇ ਸੀਨੀਅਰ ਸਟਾਫ ਮੈਂਬਰਾਂ ਵਿਚ ਸ਼ਾਮਿਲ ਹੋ ਗਈ ਹੈ। ਇਸ ਤੋਂ ਪਹਿਲਾਂ ਫਾਜ਼ਿਲੀਫੈਡਰਲ ਰਿਜਰਵ ਬੈਂਕ ਆਫ ਐਟਲਾਂਟਾ ਵਿਚ ਕਮਿਊਨਿਟੀ ਤੇ ਆਰਥਕ ਵਿਕਾਸ ਸਬੰਧੀ ਡਾਇਰੈਕਟਰ ਵਜੋਂ ਸੇਵਾਵਾਂ ਨਿਭਾਅ ਚੁੱਕੀ ਹੈ। ਉਬਾਮਾ-ਬਾਇਡੇਨ ਪ੍ਰਸ਼ਾਸਨ ਵਿਚ ਉਹ ਵਾਇਟਹਾਊਸ ਦੀ ਨੈਸ਼ਨਲ ਇਕਨਾਮਿਕ ਕੌਂਸਲ ਵਿਚ ਸੀਨੀਅਰ ਨੀਤੀ ਸਲਾਹਕਾਰ ਵਜੋਂ ਕੰਮ ਕਰ ਚੁੱਕੀ ਹੈ। ਇਸ ਤੋਂ



ਪਹਿਲਾਂ ਉਸ ਨੇ ਯੇਲ ਲਾਅ ਸਕੂਲ ਵਿਚ ਕਲੀਨੀਕਲ ਲੈਕਚਰਾਰ ਵਜੋਂ ਵੀ ਨੌਕਰੀ ਕੀਤੀ ਸੀ।

# ਦੰਗਾਕਾਰੀਆਂ ਦਾ ਸੰਸਦ ਮੈਂਬਰਾਂ ਨੂੰ ਮਾਰਨ ਦਾ ਇਰਾਦਾ ਨਹੀਂ ਸੀ-ਸੰਘੀ ਅਧਿਕਾਰੀਆਂ ਨੇ ਦੋਸ਼ ਵਾਪਿਸ ਲਏ

**ਸੈਕਰਾਮੈਂਟੋ, ਕੈਲੀਫੋਰਨੀਆ 16 ਜਨਵਰੀ-** ਸੰਘੀ ਅਧਿਕਾਰੀਆਂ ਨੇ ਅਦਾਲਤ ਵਿਚ ਆਪਣਾ ਉਹ ਦਾਅਵਾ ਵਾਪਿਸ ਲੈ ਲਿਆ ਹੈ ਜਿਸ ਵਿਚ ਕਿਹਾ ਗਿਆ ਸੀ ਕਿ 6 ਜਨਵਰੀ ਨੂੰ ਸੰਸਦ ਭਵਨ ਉਪਰ ਧਾਵਾ ਬੋਲਣ ਵਾਲੇ ਪ੍ਰਦਰਸ਼ਨਕਾਰੀ ਸੰਸਦ ਮੈਂਬਰਾਂ ਨੂੰ ਮਾਰਨਾ ਚਹੁੰਦੇ ਸਨ।

ਡਿਸਟ੍ਰਿਕਟ ਕੋਰਟ ਆਫ ਐਰੀਜ਼ੋਨਾ ਵਿਚ ਡੀ ਸੀ ਦੇ ਕਾਰਜਕਾਰੀ ਅਟਾਰਨੀ ਮਾਈਕਲ ਸ਼ੇਰਵਿਨ ਨੇ ਕਿਹਾ ਕਿ ਅਜਿਹੇ ਕੋਈ ਸਿੱਧੇ ਸਬੂਤ ਨਹੀਂ ਮਿਲੇ ਜਿਸ ਤੋਂ ਸਾਬਤ ਹੁੰਦਾ ਹੋਵੇ ਕਿ ਦੰਗਾਕਾਰੀ ਚੁਣੇ ਹੋਏ ਪ੍ਰਤੀਨਿੱਧੀਆਂ ਨੂੰ ਮਾਰਨਾ ਚਾਹੁੰਦੇ ਸਨ।

ਸ਼ੇਰਵਿਨ ਨੇ ਕਿਹਾ ਕਿ ਸੰਘੀ ਅਧਿਕਾਰੀਆਂ ਵਿਚਾਲੇ ਤਾਲਮੇਲ ਦੀ ਘਾਟ ਕਾਰਨ ਇਹ ਦਾਅਵਾ ਕੀਤਾ ਗਿਆ ਸੀ ਤੇ ਸਥਾਨਕ ਵਕੀਲਾਂ ਨੇ ਉਸ ਸੂਚਨਾ ਦੇ ਆਧਾਰ ਉਪਰ ਕਾਰਵਾਈ ਕੀਤੀ ਸੀ ਜਿਸ ਬਾਰੇ ਅਧਿਕਾਰੀਆਂ ਨੂੰ ਕੁਝ ਵੀ ਪਤਾ ਨਹੀਂ ਸੀ। ਸ਼ੇਰਵਿਨ ਜਿਨ੍ਹਾਂ ਦੀ ਅਗਵਾਈ ਵਿਚ 6 ਜਨਵਰੀ ਨੂੰ ਕੈਪੀਟਲ ਹਿੱਲ ਵਿਚ ਹੋਈ ਹਿੰਸਾ ਦੀ ਜਾਂਚ ਕੀਤੀ ਜਾ ਰਹੀ ਹੈ, ਨੇ ਸ਼ੱਕੀ ਜੈਕੋਬ ਐਥਨੀ ਚਾਂਸਲੇ ਦੀ ਨਜਰਬੰਦੀ ਦੀ ਵਕਾਲਤ ਕਰਦਿਆਂ ਕਿਹਾ ਕਿ ਕੈਪੀਟਲ ਹਿੱਲ ਵਿਚ ਹੋਈ ਹਿੰਸਾ 'ਚ ਉਸ ਦੇ ਸ਼ਾਮਿਲ ਹੋਣ ਦੇ ਠੋਸ ਸਬੂਤ ਹਨ।

ਉਸ ਨੇ ਖੁਦ ਵੀ ਹਿੰਸਾ ਵਿਚ ਸ਼ਾਮਿਲ ਹੋਣਾ ਮੰਨਿਆ ਹੈ। ਜੱਜ ਨੇ ਮੁਕੱਦਮੇ ਦੀ ਸੁਣਵਾਈ ਦੌਰਾਨ ਚਾਂਸਲੇ ਨੂੰ ਜੇਲ੍ਹ ਵਿਚ ਰਖਣ ਦਾ ਆਦੇਸ਼ ਦਿੱਤਾ। ਇਥੇ ਜ਼ਿਕਰਯੋਗ ਹੈ ਕਿ ਪਿਛਲੇ ਵੀਰਵਾਰ ਸੰਘੀ ਵਕੀਲਾਂ ਨੇ ਅਦਾਲਤ ਵਿਚ ਦਾਅਵਾ ਕੀਤਾ ਸੀ ਕਿ ਦੰਗਾਕਾਰੀ ਚੁਣੇ ਹੋਏ ਪ੍ਰਤੀਨਿੱਧੀਆਂ ਦੀ ਹੱਤਿਆ ਕਰਨਾ ਚਹੁੰਦੇ ਸਨ ਤੇ ਇਸ ਦੇ ਮਜਬੂਤ ਸਬੂਤ ਮੌਜੂਦ ਹਨ। ਇਕ ਰਿਪੋਰਟ ਅਨੁਸਾਰ ਹੁਣ ਤੱਕ 300 ਦੇ ਕਰੀਬ ਵਿਅਕਤੀਆਂ ਦੀ ਪਛਾਣ ਕੀਤੀ ਜਾ ਚੁੱਕੀ ਹੈ ਜੋ ਕੈਪੀਟਲ ਹਿੱਲ ਉਪਰ ਹਮਲੇ ਸਮੇਂ ਮੌਜੂਦ ਸਨ।

# ਪਰਵਾਸੀਆਂ ਵਿਰੁੱਧ ਵਰਤਿਆ ਜਾ ਰਿਹਾ ਪਬਲਿਕ ਚਾਰਜ ਰੂਲ ਰੱਦ ਕੀਤਾ ਜਾਵੇ

**ਸੈਕਰਾਮੈਂਟੋ, ਕੈਲੀਫੋਰਨੀਆ 17 ਜਨਵਰੀ (ਹੁਸਨ ਲੜੋਆ ਬੰਗਾ)-**ਭਾਰਤੀ ਮੂਲ ਦੇ ਰਿਪਬਲੀਕਨ ਮੈਂਬਰ ਪਰਮਿਲਾ ਜੈਪਾਲ ਤੇ ਆਰ ਓ ਖੰਨਾ ਸਮੇਤ 57 ਕਾਂਗਰਸ ਮੈਂਬਰਾਂ ਨੇ ਰਾਸ਼ਟਰਪਤੀ ਚੁਣੇ ਗਏ ਜੋਅ ਬਾਇਡੇਨ ਨੂੰ ਪੱਤਰ ਲਿਖ ਕੇ ਮੰਗ ਕੀਤੀ ਹੈ ਕਿ ਅਹੁਦੇ ਸੰਭਾਲਣ ਉਪਰੰਤ ਉਹ ਫੌਰਨ ਪਬਲਿਕ ਚਾਰਜ ਰੂਲੋ ਰੱਦ ਕਰ ਦੇਣ। ਪੱਤਰ ਵਿਚ ਕਿਹਾ ਗਿਆ ਹੈ ਕਿ ਪਰਵਾਸੀ ਭਾਈਚਾਰੇ ਵਿਚ ਖ਼ੌਫ ਪੈਦਾ ਹੋ ਗਿਆ ਹੈ। ਪਿਛਲੇ ਤਿੰਨ ਸਾਲਾਂ ਦੌਰਾਨ ਜਦੋਂ ਤੋਂ ਟਰੰਪ ਨੇ ਇਹ ਨਿਯਮ ਥੋਪਣਾ ਸ਼ੁਰੂ ਕੀਤਾ ਹੈ ਪਰਵਾਸੀਆਂ ਨੇ ਸੰਘੀ ਲਾਭਾਂ ਲਈ ਆਪਣੇ ਆਪ ਨੂੰ ਦਰਜ ਕਰਵਾਉਣਾ ਬੰਦ ਕਰ ਦਿੱਤਾ ਹੈ ਕਿਉਂਕਿ ਉਹਨਾਂ ਵਿਚ ਡਰ ਪੈਦਾ ਹੋ ਗਿਆ ਹੈ ਕਿ ਇਸ ਨਾਲ ਗਰੀਨ ਕਾਰਡ ਲੈਣ ਦੀਆਂ ਉਹਨਾਂ ਦੀਆਂ ਕੋਸ਼ਿਸ਼ਾਂ ਨੂੰ ਸੱਟ ਵੱਜੇਗੀ। ਪੱਤਰ ਵਿਚ ਕਿਹਾ ਗਿਆ ਹੈ ਹਾਲਾਂ ਕਿ ਇਹ ਨਿਯਮ 1882 ਤੋਂ ਲਾਗੂ ਹਨ ਪਰ ਇਸ ਦੀ ਵਰਤੋਂ ਸ਼ਾਇਦ ਹੀ ਕਦੀ ਹੋਈ ਹੋਵੇ ਪਰ ਟਰੰਪ ਪ੍ਰਸ਼ਾਸਨ ਨੇ ਇਸ ਦੀ ਵਰਤੋਂ ਕੀਤੀ। ਪੱਤਰ ਅਨੁਸਾਰ ਬਹੁਤ ਸਾਰੀਆਂ ਅਦਾਲਤਾਂ ਨੇ ਇਸ ਨਿਯਮ ਨੂੰ ਲਾਗੂ ਕੀਤੇ ਜਾਣ ਤੋਂ ਰੋਕ ਦਿੱਤਾ ਸੀ ਪਰੰਤੂ ਟਰੰਪ ਪ੍ਰਸ਼ਾਸਨ 24 ਫਰਵਰੀ 2020 ਜਦੋਂ ਕੋਰੋਨਾ-19 ਮਹਾਂਮਾਰੀ ਸ਼ੁਰੂ ਹੋਈ ਸੀ, ਪਬਲਿਕ ਚਾਰਜ ਰੂਲੋ ਅਮਲ ਵਿਚ ਲਿਆਉਣ ਵਿੱਚ ਕਾਮਯਾਬ ਹੋ ਗਿਆ ਸੀ। ਪੱਤਰ ਅਨੁਸਾਰ ਇਸ ਨਿਯਮ ਦੀ ਵਰਤੋਂ ਕਰਕੇ ਯੂ ਐਸ ਸਿਟੀਜਨਸ਼ਿੱਪ ਤੇ ਇਮੀਗਰੇਸ਼ਨ ਸਰਵਿਸਜ, ਉਹਨਾਂ ਪਰਵਾਸੀਆਂ ਨੂੰ ਗਰੀਨ ਕਾਰਡ ਦੇਣ ਤੋਂ ਇਨਕਾਰ ਕਰ ਸਕਦੇ ਹਨ ਜਿਹਨਾਂ ਨੇ ਆਰਜ਼ੀ ਸਹਾਇਤਾ ਜਾਂ ਨਕਦੀ ਰਾਹਤ ਸਮੇਤ ਕੋਈ ਵੀ ਸੰਘੀ ਲਾਭ ਲਿਆ ਹੋਵੇਗਾ। ਇਸ ਨਿਯਮ ਦੀ ਵਰਤੋਂ ਹੋਰ ਦੇਸ਼ਾਂ ਵਿਚਲੇ ਅਮਰੀਕੀ ਕੌਂਸਲਖਾਨੇ ਜਾਂ ਦੂਤਘਰ ਵੀ ਪਰਵਾਸੀਆਂ ਵਿਰੁੱਧ ਵਰਤ ਸਕਦੇ ਹਨ ਤੇ ਉਹ ਵੀਜ਼ਾ ਦੇਣ ਤੋਂ ਨਾਂਹ ਕਰ ਸਕਦੇ ਹਨ। ਪੱਤਰ ਵਿਚ ਬੇਨਤੀ ਕੀਤੀ ਗਈ ਹੈ ਕਿ ਉਮਰ, ਅੰਗਰੇਜ਼ੀ ਬੋਲਣ ਦੀ ਸਮਰੱਥਾ ਤੇ ਕੰਮ ਕਰਨ ਦੀ ਯੋਗਤਾ ਨੂੰ ਧਿਆਨ ਵਿਚ ਰਖਿਆ ਜਾਣਾ ਚਾਹੀਦਾ ਹੈ। ਜਦ ਕਿ ਪਰਵਾਸੀਆਂ ਦੇ ਵਕੀਲਾਂ ਦਾ ਕਹਿਣਾ ਹੈ ਕਿ ਇਸ ਨਿਯਮ ਤਹਿਤ ਵੱਡੀ ਉਮਰ ਦੇ ਲੋਕਾਂ ਨੂੰ ਅਮਰੀਕਾ ਵਿਚ ਦਾਖ਼ਲੇ ਤੋਂ ਇਨਕਾਰ ਕੀਤਾ ਜਾ ਸਕਦਾ ਹੈ। ਇਥੇ ਜਿਕਰਯੋਗ ਹੈ ਕਿ ਪਬਲਿਕ ਚਾਰਜ ਰੂਲੋ ਦੀ ਪਹਿਲਾਂ ਵੀ ਬਹੁਤ ਅਲੋਚਨਾ ਹੋ ਚੁੱਕੀ ਹੈ ਤੇ ਇਸ ਨੂੰ ਬੇਰਹਿਮ ਵੈਲਥ ਟੈਸਟ ਦਾ ਨਾਂ ਦਿੱਤਾ ਜਾ ਚੁੱਕਾ ਹੈ ਜਿਸ ਦਾ ਮਕਸਦ ਗਰੀਬ ਪਰਵਾਸੀਆਂ ਨੂੰ ਦੇਸ਼ ਵਿਚੋਂ ਬਾਹਰ ਕੱਢਣਾ ਹੈ। ਪੱਤਰ ਵਿਚ ਮੰਗ ਕੀਤੀ ਹੈ ਕਿ ਨਾਗਰਿਕਤਾ ਲੈਣ ਦੀ ਪਰਕਿਰਿਆ ਦੌਰਾਨ ਇਸ ਨਿਯਮ ਦੀ ਵਰਤੋਂ ਨਹੀਂ ਹੋਣੀ ਚਾਹੀਦੀ । ਪੱਤਰ ਵਿਚ ਕਿਹਾ ਹੈ ਕਿ ਇਸ ਸਮੇਂ ਜਦੋਂ ਕੋਵਿਡ ਮਹਾਂਮਾਰੀ ਫੈਲੀ ਹੋਈ ਹੈ ਤਾਂ ਇਸ ਗੱਲ ਨੂੰ ਯਕੀਨੀ ਬਣਾਉਣਾ ਜਰੂਰੀ ਹੈ ਕਿ ਹਰ ਇਕ ਦਾ ਟੈਸਟ ਹੋਵੇ ਤੇ ਇਲਾਜ ਹੋਵੇ। ਸਾਡੀ ਅਰਥ ਵਿਵਸਥਾ ਨੂੰ ਪਰਵਾਸੀਆਂ ਦੀ ਲੋੜ ਹੈ ਤੇ ਇਹ ਵੀ ਹਕੀਕਤ ਕਿਸੇ ਤੋਂ ਲੁਕੀ ਛਿਪੀ ਨਹੀਂ ਹੈ ਕਿ ਪਰਵਾਸੀਆਂ ਨੇ ਇਸ ਸੰਕਟ ਦੇ ਸਮੇਂ ਦੌਰਾਨ ਹੈਲਥ ਕੇਅਰ ਵਰਕਰਾਂ ਤੇ ਸਾਜ ਸਮਾਨ ਦੇ ਸਪਲਾਇਰ ਵਜੋਂ ਮੋਹਰੇ ਹੋ ਕੇ ਕੰਮ ਕੀਤਾ ਹੈ। ਇਥੇ ਜਿਕਰਯੋਗ ਹੈ ਕਿ ਬਾਇਡੇਨ ਨੇ ਆਪਣੀ ਚੋਣ ਮੁਹਿੰਮ ਵੈਬਸਾਈਟ ਉਪਰ ਪਬਲਿਕ ਚਾਰਜ ਰੂਲ ਵਾਪਿਸ ਲੈਣ ਦਾ ਵਾਅਦਾ ਕਰਦਿਆਂ ਕਿਹਾ ਸੀ ਕਿ ਇਹ ਅਮਰੀਕੀ ਕਦਰਾਂ ਕੀਮਤਾਂ ਤੇ ਸਾਡੇ ਦੇਸ਼ ਦੇ ਇਤਿਹਾਸ ਦੇ ਵਿਰੁੱਧ ਹੈ।

ਫਰਿਜ਼ਨੋ (ਕੈਲੀਫੋਰਨੀਆਂ) ਖਬਰਨਾਮਾ / ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ

# ਨਿਊਯਾਰਕ ਵਿੱਚ ਪੁਲਿਸ ਅਤੇ ਪ੍ਰਦਰਸ਼ਨਕਾਰੀਆਂ ਵਿਚਕਾਰ ਹੋਈ ਝੜਪ ਦੌਰਾਨ ਹੋਏ 30 ਤੋਂ ਵੱਧ ਗ੍ਰਿਫਤਾਰ

**ਫਰਿਜ਼ਨੋ (ਕੈਲੀਫੋਰਨੀਆਂ), 19 ਜਨਵਰੀ 2021–** ਨਿਊਯਾਰਕ ਵਿੱਚ ਪੁਲਿਸ ਅਤੇ ਪ੍ਰਦਰਸ਼ਨਕਾਰੀਆਂ ਵਿਚਕਾਰ ਸੋਮਵਾਰ ਦੀ ਰਾਤ ਹੋਈਆਂ ਝੜਪਾਂ ਦੌਰਾਨ ਪੁਲਿਸ ਵੱਲੋਂ 30 ਤੋਂ ਵੱਧ ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ।

ਸ਼ਹਿਰ ਵਿੱਚ ਇਹ ਘਟਨਾ ਸੋਮਵਾਰ ਰਾਤ ਨੂੰ ਸਿਟੀ ਹਾਲ ਪਾਰਕ ਵਿੱਚ ਪੁਲਿਸ ਅਤੇ ਬਲੈਕ ਲਾਈਵਜ਼ ਮੈਟਰ ਦੇ ਪ੍ਰਦਰਸ਼ਨਕਾਰੀਆਂ ਵਿਚਕਾਰ ਹੋਈ। ਲੋਕਾਂ ਵੱਲੋਂ ਬਰੁਕਲਿਨ ਦੇ ਬਾਰਕਲੇਜ ਸੈਂਟਰ ਵਿੱਚ ਇਹ ਪ੍ਰਦਰਸ਼ਨ ਸ਼ੁਰੂ ਕੀਤਾ ਗਿਆ ਅਤੇ ਬਰੁਕਲਿਨ ਬ੍ਰਿਜ ਪਾਰ ਕਰਨ ਦੇ ਬਾਅਦ ਸਿਟੀ ਹਾਲ ਪਾਰਕ ਪਹੁੰਚਣ ਤੇ ਉਹਨਾਂ ਦਾ ਸਾਹਮਣਾ ਪੁਲਿਸ ਨਾਲ ਹੋਇਆ। ਵਿਖਾਵਾਕਾਰੀਆਂ ਵੱਲੋਂ ਬਲੈਕ ਲਿਬਰੇਸ਼ਨ ਮਾਰਚ ਦੇ ਨਾਮ ਨਾਲ ਇਹ ਸਮਾਗਮ, ਮਾਰਟਿਨ ਲੂਥਰ ਕਿੰਗ ਡੇਅ ਮਨਾਉਣ ਲਈ ਆਯੋਜਿਤ ਕੀਤਾ ਸੀ।




ਨਿਊਯਾਰਕ ਪੁਲਿਸ ਵਿਭਾਗ ਦੇ ਇੱਕ ਬੁਲਾਰੇ ਅਨੁਸਾਰ ਪ੍ਰਦਰਸ਼ਨਕਾਰੀਆਂ ਨੇ ਇਸ ਦੌਰਾਨ ਅਧਿਕਾਰੀਆਂ ਤੇ ਬੋਤਲਾਂ ਸੁੱਟਣ ਦੇ ਨਾਲ ਜਾਇਦਾਦ ਦੀ ਵੀ ਭੰਨ-ਤੋੜ ਕੀਤੀ। ਇਸ ਪ੍ਰਦਰਸ਼ਨ ਦੌਰਾਨ ਪੁਲਿਸ ਨੇ 30 ਤੋਂ ਵੱਧ ਗ੍ਰਿਫਤਾਰੀਆਂ ਕੀਤੀਆਂ ਜਦਕਿ 10 ਅਧਿਕਾਰੀ ਵੀ ਜ਼ਖਮੀ ਹੋਏ। ਇਸ ਪ੍ਰਦਰਸ਼ਨ ਦੌਰਾਨ ਪੁਲਿਸ ਵੱਲੋਂ ਵਿਖਾਵਾਕਾਰੀਆਂ ਨੂੰ ਸੜਕ ਤੋਂ ਪਾਸੇ ਰਹਿ ਕੇ ਆਪਣੀ ਕਾਰਵਾਈ ਕਰਨ ਲਈ ਕਿਹਾ ਅਤੇ ਅਜਿਹਾ ਨਾ ਕਰਨ ਦੀ ਹਾਲਤ ਵਿੱਚ ਗ੍ਰਿਫਤਾਰ ਕਰਨ ਦੀ ਚਿਤਾਵਨੀ ਦਿੱਤੀ ਗਈ ਸੀ।

# ਕੈਲੀਫੋਰਨੀਆਂ ਬਣਿਆ ਕੋਰੋਨਾ ਵਾਇਰਸ ਦੇ 3 ਮਿਲੀਅਨ ਕੇਸਾਂ ਨੂੰ ਪਾਰ ਕਰਨ ਵਾਲਾ ਪਹਿਲਾ ਅਮਰੀਕੀ ਸੂਬਾ

**ਫਰਿਜ਼ਨੋ (ਕੈਲੀਫੋਰਨੀਆਂ), 19 ਜਨਵਰੀ 2021–** ਅਮਰੀਕਾ ਦੇ ਸੰਘਣੀ ਵਸੋਂ ਵਾਲੇ ਸੂਬੇ ਕੈਲੀਫੋਰਨੀਆਂ ਵਿੱਚ ਕੋਰੋਨਾਂ ਵਾਇਰਸ ਦਾ ਪ੍ਰਕੋਪ ਲਗਾਤਾਰ ਜਾਰੀ ਹੈ। ਵਾਇਰਸ ਦੀ ਤੇਜ਼ ਗਤੀ ਨਾਲ ਫੈਲ ਰਹੀ ਲਾਗ ਨੇ ਕੋਰੋਨਾਂ ਟੀਕਾਕਰਨ ਪ੍ਰਕਿਰਿਆ ਦੇ ਬਾਵਜੂਦ ਸੂਬੇ ਵਿੱਚ ਵੱਡੀ ਗਿਣਤੀ ਨਾਲ ਲੋਕਾਂ ਨੂੰ ਆਪਣੀ ਲਪੇਟ ਵਿੱਚ ਲਿਆ ਹੈ। ਇਸ ਫੈਲ ਰਹੀ ਲਾਗ ਨਾਲ ਕੈਲੀਫੋਰਨੀਆਂ ਸੋਮਵਾਰ ਨੂੰ 30 ਲੱਖ ਤੋਂ ਵੱਧ ਕੋਰੋਨਾਂ ਵਾਇਰਸ ਦੇ ਪੁਸ਼ਟੀ ਕੀਤੇ ਹੋਏ ਮਾਮਲਿਆਂ ਨੂੰ ਦਰਜ਼ ਕਰਨ ਵਾਲਾ ਪਹਿਲਾ ਰਾਜ ਬਣ ਗਿਆ ਹੈ। ਜੋਨਸ ਹਾਪਕਿੰਨਜ਼ ਯੂ-ਨੀਵਰਸਿਟੀ ਦੁਆਰਾ ਦਿੱਤੇ ਗਏ ਅੰਕੜਿਆਂ ਅਨੁਸਾਰ ਗਿਆ ਰਾਜ ਵਿੱਚ 24 ਦਸੰਬਰ ਤੱਕ 2 ਮਿਲੀਅਨ ਕੋਰੋਨਾਂ ਦੇ ਕੇਸ ਦਰਜ ਹੋਏ ਸਨ ਜਦਕਿ ਕੈਲੀਫੋਰਨੀਆਂ ਵਿੱਚ ਪਹਿਲੇ ਕੋਰੋਨਾਂ ਵਾਇਰਸ ਕੇਸ ਦੀ ਪਿਛਲੇ ਸਾਲ 25 ਜਨਵਰੀ ਨੂੰ ਪੁਸ਼ਟੀ ਕੀਤੀ ਗਈ ਸੀ ਅਤੇ 11 ਨਵੰਬਰ ਤੱਕ 10 ਲੱਖ ਲਾਗ ਦੇ ਮਾਮਲੇ ਹੋਣ ਲਈ 292 ਦਿਨ ਲੱਗੇ ਸਨ, ਜੋ ਕਿ 44 ਹੋਰ ਦਿਨਾਂ ਬਾਅਦ 20 ਲੱਖ ਹੋ ਗਏ ਸਨ। ਕੈਲੀਫੋਰਨੀਆਂ ਵਿੱਚ ਵਾਇਰਸ ਦੇ ਕੇਸਾਂ ਦੀ ਗਿਣਤੀ ਹੋਰ ਵੱਡੇ ਰਾਜਾਂ ਨਾਲੋਂ ਬਹੁਤ ਅੱਗੇ ਹੈ ,ਜਿਹੜੀ ਕਿ ਟੈਕਸਾਸ ਵਿੱਚ 20 ਲੱਖ ਅਤੇ ਫਲੋਰਿਡਾ ਵਿੱਚ 15 ਲੱਖ ਤੋਂ ਜਿਆਦਾ ਹੈ। ਕੈਲੀਫੋਰਨੀਆਂ ਰਾਜ ਵਿੱਚ ਪੁਸ਼ਟੀ ਕੀਤੇ ਹੋਏ ਮਾਮਲਿਆਂ ਦੇ ਨਾਲ ਕੋਵਿਡ -19 ਨਾਲ ਸਬੰਧਿਤ 33,600 ਤੋਂ ਵੱਧ ਮੌਤਾਂ ਵੀ ਦਰਜ ਕੀਤੀਆਂ ਗਈਆਂ ਹਨ। ਇਸਦੇ ਇਲਾਵਾ ਕੈਲੀਫੋਰਨੀਆਂ ਵਿੱਚ ਪਿਛਲੇ ਦੋ ਹਫ਼ਤਿਆਂ ਦੌਰਾਨ ਤਕਰੀਬਨ 500 ਮੌਤਾਂ ਅਤੇ 40,000 ਨਵੇਂ ਕੇਸ ਦਰਜ਼ ਕੀਤੇ ਗਏ ਹਨ। ਸੂਬੇ ਵਿੱਚ ਹੋਏ ਕੇਸਾਂ ਦੇ ਵਾਧੇ ਕਾਰਨ ਹਸਪਤਾਲਾਂ ਅਤੇ ਖਾਸ ਤੌਰ'ਤੇ ਗੰਭੀਰ ਦੇਖਭਾਲ ਦੀਆਂ ਇਕਾਈਆਂ ਨੂੰ ਭਾਰੀ ਸਮੱਸਿਆ ਦਾ ਸਾਹਮਣਾ ਕਰਨਾ ਪਿਆ ਹੈ। ਸਰਕਾਰ ਵੱਲੋਂ ਵਾਇਰਸ ਦੀ ਲਾਗ ਨੂੰ ਕਾਬੂ ਕਰਨ ਲਈ ਹਰ ਸੰਭਵ ਯਤਨ ਕੀਤਾ ਜਾ ਰਿਹਾ ਹੈ, ਜਿਸਦੇ ਤਹਿਤ ਟੀਕਾਕਰਨ ਨੂੰ ਤੇਜ਼ ਕਰਨ ਲਈ ਨਵੇਂ ਟੀਕਾਕਰਨ ਕੇਂਦਰ ਵੀ ਖੋਲੇ ਜਾ ਰਹੇ ਹਨ।



# ਜੋਅ ਬਾਈਡੇਨ ਨੇ ਟ੍ਰਾਂਸਜੈਂਡਰ ਮਹਿਲਾ ਡਾ. ਰਾਚੇਲ ਲੇਵਿਨ ਨੂੰ ਅਸਿਸਟੈਂਟ ਸਿਹਤ ਸਕੱਤਰ ਵਜੋਂ ਚੁਣਿਆ

**ਫਰਿਜ਼ਨੋ (ਕੈਲੀਫੋਰਨੀਆਂ), 19 ਜਨਵਰੀ 2021–** ਰਾਸ਼ਟਰਪਤੀ ਚੁਣੇ ਗਏ ਜੋਅ ਬਾਈਡੇਨ ਨੇ ਮੰਗਲਵਾਰ ਨੂੰ ਘੋਸ਼ਣਾ ਕੀਤੀ ਕਿ ਉਸਨੇ ਡਾ. ਰਾਚੇਲ ਲੇਵਿਨ ਨੂੰ ਸੰਯੁਕਤ ਰਾਜ ਦੇ ਸਿਹਤ ਅਤੇ ਮਨੁੱਖੀ ਸੇਵਾਵਾਂ ਵਿਭਾਗ ਵਿੱਚ ਸਹਾਇਕ ਸਕੱਤਰ ਵਜੋਂ ਸੇਵਾ ਕਰਨ ਨਹੀਂ ਨਾਮਜ਼ਦ ਕੀਤਾ ਹੈ। ਬਾਈਡੇਨ ਹੈਰਿਸ ਦੀ ਤਬਦੀਲੀ ਟੀਮ ਦੇ ਅਨੁਸਾਰ ਜੇ ਸੈਨੇਟ ਦੁਆਰਾ ਇਸ ਨਾਮਜ਼ਦਗੀ ਦੀ ਪੁਸ਼ਟੀ ਕੀਤੀ ਜਾਂਦੀ ਹੈ, ਤਾਂ ਲੇਵਿਨ ਸੈਨੇਟ ਦੁਆਰਾ ਪ੍ਰਮਾਣਿਤ ਕੀਤੀ ਭੂਮਿਕਾ ਨਹੀਂ ਸਭ ਤੋਂ ਪਹਿਲੀ ਟਰਾਂਸਜੈਂਡਰ ਫੈਡਰਲ ਅਧਿਕਾਰੀ ਹੋਵੇਗੀ। ਬਾਈਡੇਨ ਦੁਆਰਾ ਨਾਮਜ਼ਦ ਲੇਵਿਨ, ਪੈਨਸਿਲਵੇਨੀਆ ਦੇ ਸਿਹਤ ਵਿਭਾਗ ਦੀ ਸੈਕਟਰੀ ਹੈ ਅਤੇ ਇਸ ਸਮੇਂ ਕੋਵਿਡ -19 ਮਹਾਂਮਾਰੀ ਪ੍ਰਬੰਧਣ ਨਹੀਂ ਰਾਜ ਦੀ ਅਗਵਾਈ ਕਰ ਰਹੀ ਹੈ। ਇਸਦੇ ਇਲਾਵਾ ਬਾਈਡੇਨ ਦੇ ਇੱਕ ਬਿਆਨ ਅਨੁਸਾਰ ਡਾ. ਰਾਚੇਲ ਲੇਵਿਨ ਮਹਾਂਮਾਰੀ ਦੌਰਾਨ ਬਿਨਾਂ ਕਿਸੇ ਤਰਾਂ ਦੇ ਨਸਲੀ, ਧਾਰਮਿਕ, ਜਿਨਸੀ ਰੁਝਾਨ, ਲਿੰਗ ਪਛਾਣ, ਅਪੰਗਤਾ ਆਦਿ ਭੇਦਭਾਵ ਦੇ ਲੋਕਾਂ ਨੂੰ ਉਭਾਰਨ ਦੇ ਨਹੀਂ ਨਿਰੰਤਰਤਾ ਨਾਲ ਸੇਵਾ ਕਰੇਗੀ ਅਤੇ ਲੇਵਿਨ ਪ੍ਰਸ਼ਾਸਨ ਦੇ ਸਿਹਤ ਯਤਨਾਂ ਦੀ ਅਗਵਾਈ ਕਰਨ ਵਿੱਚ ਸਹਾਇਤਾ ਕਰਨ ਨਹੀਂ ਇੱਕ ਇਤਿਹਾਸਕ ਅਤੇ ਢੁਕਵੀਂ ਯੋਗਤਾ ਵਾਲੀ ਚੋਣ ਹੈ। ਇਸਦੇ ਇਲਾਵਾ ਉਪ-ਰਾਸ਼ਟਰਪਤੀ ਚੁਣੀ ਗਈ ਕਮਲਾ ਹੈਰਿਸ ਨੇ ਵੀ ਲੇਵਿਨ ਨੂੰ ਗਿਆਨ ਅਤੇ ਤਜ਼ਰਬੇ ਵਾਲੀ ਇੱਕ ਮਹੱਤਵਪੂਰਨ ਜਨਤਕ ਸੇਵਕ ਕਿਹਾ ਹੈ। ਲੇਵਿਨ, ਹਾਰਵਰਡ ਕਾਲਜ ਅਤੇ ਤੁਲੇਨ ਯੂਨੀਵਰਸਿਟੀ ਸਕੂਲ ਆਫ਼ ਮੈਡੀਸਨ ਦੀ ਗਰੈਜੂਏਟ ਹੈ ਅਤੇ ਉਸਨੇ ਨਿਊਯਾਰਕ ਸਿਟੀ ਵਿੱਚ ਸਿਨਾਈ ਮੈਡੀਕਲ ਸੈਂਟਰ ਤੋਂ ਬਾਲ ਰੋਗ ਅਤੇ ਕਿਸ਼ੋਰਾਂ ਸੰਬੰਧੀ ਦਵਾਈ ਦੀ ਸਿਖਲਾਈ ਪ੍ਰਾਪਤ ਕੀਤੀ ਹੈ।ਡਾ. ਲੇਵਿਨ ਪੇਨ ਸਟੇਟ ਕਾਲਜ ਆਫ਼ ਮੈਡੀਸਨ ਵਿਖੇ ਬਾਲ ਰੋਗਾਂ ਅਤੇ ਮਨੋਵਿਗਿਆਨ ਦੀ ਪ੍ਰੋਫੈਸਰ ਹੋਣ ਦੇ ਨਾਲ ਰਾਜ ਅਤੇ ਖੇਤਰੀ ਸਿਹਤ ਅਧਿਕਾਰੀਆਂ ਦੀ ਐਸੋਸੀਏਸ਼ਨ ਦੀ ਪ੍ਰਧਾਨ ਵਜੋਂ ਵੀ ਸੇਵਾ ਨਿਭਾਉਂਦੀ ਹੈ। ਇਹਨਾਂ ਸਭ ਸੇਵਾਵਾਂ ਦੇ ਨਾਲ ਰਿਪਬਲੀਕਨ ਨਿਯੰਤਰਿਤ ਰਾਜ ਸੈਨੇਟ ਦੁਆਰਾ ਉਸ ਦੀ ਪੈਨਸਿਲਵੇਨੀਆ ਦੀ ਸਿਹਤ ਸਕੱਤਰ ਅਤੇ ਸੂਬੇ ਦੇ ਫਿਜੀਸ਼ੀਅਨ ਜਨਰਲ ਵਜੋਂ ਵੀ ਤਿੰਨ ਵਾਰ ਪੁਸ਼ਟੀ ਕੀਤੀ ਗਈ ਹੈ।










ਦੇਸ਼ ਦੁਆਬਾ



# Vivekananda on Guru Gobind Singh

Speaking of the great powers that used to be infused in those days into the initiates of Guru Gobind Singh, Swamiji recited a popular doha (couplet) on Khalsa. Sava Lakh Se Ek Ladaun Tabi Gobind Singh Nam Kahaun.

The meaning is - When Guru Gobind Singh gives the Name i.e., initiates, a singhle man becomes strong enough to triumph over a lakh and a quarter oh his foes. Each disciple, deriving from his soul filled with such wonderful heroism. While holding forth thus on the glories of this religion. Swamiji's eyes dilated with enthusiasm seemed to be emitting fire, and his hearers dumb- stricken and looking at his face kept watching, the wonderful sight.After a while the disciples said : ''Sir, it was very remarkable that Guru Gobind Singh could unite both Hindus and Mussalmans with the fold of his religion and lead them both towards the same end. In Indian history, no other example of this can be found. Swamiji : ''Men Can never be united uness there is a bond of common interest. You can never unite people merely by getting up meetings, societies and lectures, if their interests be not one and the same. Guru Gobind Singh made it understood everywhere that the men of his age, be they Hindus of Mussalmans, were living under a regime of profound injustice and oppression. He did not create any common interest. He only pointed out to the masses. And so both Hindus and Mussalmans followed him. Yes, in Indian history, such an example is indeed very rare.

**Swami Vivekananda's Works**

**Vol. VI P. 469, Conversations and Dialogues**

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ 'ਦੇਸ਼ ਦੁਆਬਾ' ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖ਼ਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਗੁਰਬਾਣੀ ਇਸੁ ਜਗ ਮਹਿ ਚਾਨਣੁ॥

ਲੜੀ ਨੰਬਰ-164

## ਛੱਜ ਰਾਹੀਂ ਗੁਰਮਤਿ ਉਪਦੇਸ਼



**ਅਵਤਾਰ ਸਿੰਘ ਮਿਸ਼ਨਰੀ**
**510-432-5827**

ਛੱਜ ਕਾਨਿਆਂ ਦੀਆਂ ਤੀਲਾਂ ਅਤੇ ਬਾਂਸ ਨੂੰ ਚਮੜੇ ਨਾਲ ਗੰਢ ਕੇ ਬਣਾਇਆ ਜਾਂਦਾ ਹੈ। ਛੱਜ ਨੂੰ ਦਾਣੇ ਛੰਡ ਕੇ ਸਾਫ ਕਰਨ ਲਈ ਵਰਤਿਆ ਜਾਂਦਾ ਹੈ। ਪਰੰਪਰਾਗਤ ਖੇਤੀ ਵਿੱਚ ਦਾਣਿਆਂ ਦੀ ਕਢਾਈ ਵਿੱਚ ਛੱਜ ਦਾ ਮਹੱਤਵਪੂਰਨ ਥਾਂ ਰਿਹਾ ਹੈ। ਛੱਜ ਬਣਾਉਣ ਵਾਲਿਆਂ ਨੂੰ ਛੱਜ ਘਾੜੇ ਕਿਹਾ ਜਾਂਦਾ ਹੈ। ਗੁਰੂ ਨਾਨਕ ਪਾਤਸ਼ਾਹ ਨੇ ਸੰਸਾਰਕ ਲੋਕਾਂ ਦੀ ਗੱਲ ਕਰਦੇ, ਸੰਸਾਰੀ ਰੁਚੀਆਂ ਰੱਖਣ ਵਾਲੇ ਗੁਰੂ ਆਪਣੀ ਗਤਿ ਹੋਣੀ ਵੀ ਤਾਂ ਸੰਭਵ ਪ੍ਰਤੀਤ ਨਹੀਂ ਹੁੰਦੀ ਪਰ ਉਹ ਆਪਣੇ ਨਾਲ ਸਬੰਧੀਆਂ ਜਾਂ ਅਨੁਯਾਈਆਂ ਨੂੰ ਵੀ ਖਿੱਚੀ ਫਿਰਦੈ ਜਿਵੇਂ-ਚੂਹਾ ਖਡ ਨ ਮਾਵਈ ਤਿਕਲਿ ਬੰਨੈ ਛਜ॥(ਮ:੧-੧੨੮੬)

ਬਹੁਤੇ ਲੋਕ ਰੱਬ ਲੱਭਣ ਦੇ ਦਾਹਵੇ ਦਾ ਛੱਜ, ਹਉਮੇ ਹੰਕਾਰ ਮੈਂ ਮੇਰੀ, ਪ੍ਰਭਤਾ, ਧੰਨਤਾ, ਪਦਵੀ, ਬਾਬਾ ਗਿਰੀ, ਡੇਰੇਦਾਰੀ, ਦੇਹਧਾਰੀ ਗੁਰੂ, ਬ੍ਰਹਮ ਗਿਆਨੀ, ਬਹੁਤ ਸਿਆਣਪ, ਚਤਰਾਈ, ਕਥੱਕੜ-ਵਿਦਵਤਾ-ਵਿਦਵਾਨਗੀ, ਕਟੜ-ਗਿਆਨ, ਮਾਨ-ਵਡਿਆਈ, ਪ੍ਰਧਾਨਗੀ, ਜਥੇਦਾਰੀ, ਦਾਹਵੇਦਾਰੀ ਦੇਸ਼-ਪ੍ਰਦੇਸ਼ ਅਤੇ ਸੰਸਾਰ ਨੂੰ ਚਲਾਉਣ ਦੇ ਖਾਲੀ ਤੇ ਫੋਕੇ ਦਾਹਵਿਆਂ ਦੇ ਛੱਜ ਸਿਰ ਤੇ ਬੰਨ੍ਹੀ ਫਿਰਦੇ ਹਨ। ਉਨ੍ਹਾਂ ਬਾਰੇ ਸੁਚੇਤ ਕਰਦੇ ਹੀ ਗੁਰੂ ਨਾਨਕ ਪਾਤਸ਼ਾਹ ਨੇ ਫੁਰਮਾਇਆ-ਸਲੋਕ ਮ:੧॥ ਕੁਲਹਾਂ ਦੇਂਦੇ ਬਾਵਲੇ ਲੈਂਦੇ ਵਡੇ ਨਿਲਜ॥ ਚੂਹਾ ਖਡ ਨ ਮਾਵਈ ਤਿਕਲਿ ਬੰਨ੍ਹੈ ਛਜ॥ ਦੇਨ੍ਹਿ ਦੁਆਈ ਸੇ ਮਰਹਿ ਜਿਨ ਕਉ ਦੇਨਿ ਸਿ ਜਾਹਿ॥ ਨਾਨਕ ਹੁਕਮੁ ਨ ਜਾਪਈ ਕਿਥੈ ਜਾਇ ਸਮਾਹਿ॥ ਫਸਲਿ ਅਹਾੜੀ ਏਕੁ ਨਾਮੁ ਸਾਵਣੀ ਸਚੁ ਨਾਉ॥ ਮੈ ਮਹਦੂਦੁ ਲਿਖਾਇਆ ਖਸਮੈ ਕੈ ਦਰਿ ਜਾਇ॥ ਦੁਨੀਆ ਕੇ ਦਰ ਕੇਤੜੇ ਕੇਤੇ ਆਵਹਿ ਜਾਂਹਿ॥ ਕੇਤੇ ਮੰਗਹਿ ਮੰਗਤੇ ਕੇਤੇ ਮੰਗਿ ਮੰਗਿ ਜਾਹਿ॥੧॥ (੧੨੮੬) ਇਸ ਸ਼ਬਦ ਦੇ ਅਰਥ ਹਨ ਕਿ ਉਹ ਲੋਕ ਮੂਰਖ ਕਮਲੇ ਹਨ ਜੋ ਚੇਲਿਆਂ ਨੂੰ ਸੇਹਲੀ (ਗੱਦੀ ਦੀ ਪੱਗ) ਟੋਪੀ ਦੇਂਦੇ ਤੇ ਆਪਣੇ ਆਪ ਨੂੰ ਮਸ਼ਹੂਰ ਕਰਨ ਲਈ ਆਪਣੇ ਥਾਂ ਗੱਦੀ ਦੇਂਦੇ ਹਨ। ਇਹ ਸੇਹਲੀ ਟੋਪੀ (ਗੱਦੀ ਦੀ ਪੱਗ) ਲੈਣ ਵਾਲੇ ਵੀ ਵੱਡੇ ਬੇਸ਼ਰਮ ਨੇ ਜੋ ਨਿਰੀ ਸੇਹਲੀ ਟੋਪੀ ਨਾਲ ਆਪਣੇ ਆਪ ਨੂੰ ਬਰਕਤਿ ਦੇਣ ਦੇ ਸਮਰੱਥ ਸਮਝ ਲੈਂਦੇ ਹਨ। ਇਨ੍ਹਾਂ ਦੀ ਹਾਲਤ ਤਾਂ ਇਉਂ ਹੀ ਹੈ ਜਿਵੇਂ ਚੂਹਾ ਆਪ ਹੀ ਖੁੱਡ ਵਿੱਚ ਸਮਾ (ਵੜ) ਨਹੀਂ ਸਕਦਾ ਤੇ ਉੱਤੋਂ ਲੱਕ ਨਾਲ ਛੱਜ ਬੰਨ੍ਹ ਲੈਂਦਾ ਹੈ। ਹੇ ਨਾਨਕ! ਇਹੋ ਜਿਹੀਆਂ ਗੱਦੀਆਂ ਥਾਪ ਕੇ ਜੋ ਹੋਰਨਾਂ ਨੂੰ ਅਸੀਸਾਂ ਦੇਂਦੇ ਹਨ ਉਹ ਭੀ ਜ਼ਮੀਰ ਦੇ ਤੌਰ ਤੇ ਮਰ ਜਾਂਦੇ ਹਨ ਤੇ ਅਸੀਸਾਂ ਲੈਣ ਵਾਲੇ ਭੀ ਜ਼ਮੀਰ ਦੇ ਤੌਰ ਤੇ ਮਰ ਜਾਂਦੇ ਹਨ। ਇਸ ਤਰ੍ਹਾਂ ਪ੍ਰਮਾਤਮਾ ਦੀ ਰਜਾ ਸਮਝੀ ਨਹੀਂ ਜਾ ਸਕਦੀ ਭਾਵ ਨਿਰੀਆਂ ਸੇਹਲੀ ਟੋਪੀ (ਗੱਦੀ ਦੀ ਪੱਗ) ਤੇ ਅਸੀਸਾਂ ਪ੍ਰਭੂ ਦੀ ਹਜ਼ੂਰੀ ਵਿੱਚ ਕਬੂਲ ਪੈਣ ਲਈ ਕਾਫੀ ਨਹੀਂ। ਮੁਰਸ਼ਦ ਦੀ ਚੇਲੇ ਨੂੰ ਅਸੀਸ ਤੇ ਸੇਹਲੀ ਟੋਪੀ (ਗੱਦੀ ਦੀ ਪੱਗ) ਜੀਵਨ ਦਾ ਸਹੀ ਰਸਤਾ ਨਹੀਂ ਹੈ।

ਨੋਟ-ਸ਼ਬਦ ਗੁਰੂਬਾਣੀ ਦੇ ਸਿੱਖੋ! ਫਜ਼ੂਲ ਦੇ ਇਧਰ ਉਧਰ ਉਲਝਣ ਦੀ ਬਜਾਏ ਦੇਹਧਾਰੀ ਡੇਰੇਦਾਰੀ ਪ੍ਰਥਾ ਵਾਗੂੰ ਜਥੇਦਾਰੀ ਪ੍ਰਥਾ ਨੂੰ ਸਲਾਮਾਂ ਕਰਨ ਦੀ ਥਾਂ ਸ਼ਬਦ ਗੁਰੂ ਗ੍ਰੰਥ ਦੀ ਬਾਣੀ ਨੂੰ ਮੰਨ ਲਈਏ। ਇਹ ਆਸ ਲਾ ਕੇ ਬੈਠੇ ਰਹਿਣਾ ਕਿ ਜਥੇਦਾਰ ਹੁਕਮਨਾਮਾ ਜਾਰੀ ਕਰਨ ਫਿਰ ਲਾਗੂ ਕਰਵਾਵਾਂਗੇ ਇਹ ਮੂਰਖਤਾਈ ਹੈ "ਕੁਲਹਾਂ ਦੇਂਦੇ ਬਾਵਲੇ ਲੈਂਦੇ ਵਡੇ ਨਿਲਜ" ਹੁਕਮਨਾਮੇ ਪੰਜ ਬੰਦੇ ਤਾਂ ਕੀ ਪੰਜਾਹ ਸੌ ਰਲ ਕੇ ਵੀ ਜਾਰੀ ਨਹੀਂ ਕਰ ਸਕਦੇ। ਹੁਕਮਨਾਮੇ ਗੁਰੂਬਾਣੀ ਗੁਰੂ ਦੇ ਨੇ ਜੋ ਕੁਲ ਮਨੁੱਖਤਾ ਦੇ ਨਾਂ ਜਾਰੀ ਹੋਏ ਹਨ। ਉਨ੍ਹਾਂ ਹੁਕਮਨਾਮਿਆਂ ਨੂੰ ਸਮਝੀਏ, ਮੰਨੀਏ ਤੇ ਲਾਗੂ ਕਰੀਏ। ਹੋਰ ਹੋਰ ਹੁਕਮਨਾਮੇ ਬੰਦਿਆਂ ਵੱਲੋਂ ਜਾਰੀ ਕਰਨੇ, ਕਰਵਾਉਣੇ ਤੁਰੰਤ ਬੰਦ ਕਰੀਏ। ਇਹ ਝੱਲ ਨਾ ਖਿਲਾਰੀਏ। ਆਓ ਅਸਲ ਹੁਕਮਨਾਮੇ ਆਪਣੇ ਆਪ 'ਤੇ ਅਤੇ ਪੂਰੀ ਕੌਮ 'ਤੇ ਲਾਗੂ ਕਰੀਏ।

### ਸ਼ਬਦ ਗੁਰੂ ਗ੍ਰੰਥ ਦੇ ਹੁਕਮਨਾਮੇ

1. ਰੱਬ ਬਾਰੇ-ਸਾਹਿਬੁ ਮੇਰਾ ਏਕੁ ਹੈ ਅਵਰੁ ਨਹੀ ਭਾਈ॥(੪੨੦) ਸਾਹਿਬੁ ਮੇਰਾ ਏਕੋ ਹੈ॥ ਏਕੋ ਹੈ ਭਾਈ ਏਕੋ ਹੈ॥੧॥ਰਹਾਉ॥ (੩੫੦)

2. ਰੱਬੀ ਬਾਣੀ ਨੂੰ ਗੁਰੂ ਮੰਨਣ ਬਾਰੇ-ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥ ਗੁਰੁ ਬਾਣੀ ਕਹੈ ਸੇਵਕੁ ਜਨੁ ਮਾਨੈ ਪਰਤਖਿ ਗੁਰੂ ਨਿਸਤਾਰੇ॥੫॥ (੯੮੨) ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ॥ (੬੪੬)

3. ਸ਼ਬਦ ਗੁਰੂ ਦੀ ਬਖਸ਼ਿਸ਼ ਸਿੱਖੀ ਨਿਭਾਉਣੀ ਬਾਰੇ-ਜਉ ਤਉ ਪ੍ਰੇਮ ਖੇਲਣ ਕਾ ਚਾਉ॥ ਸਿਰੁ ਧਰਿ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰੁ ਧਰੀਜੈ॥ ਸਿਰੁ ਦੀਜੈ ਕਾਣਿ ਨ ਕੀਜੈ॥੨੦॥ (੧੪੧੨) ਇਤੁ ਮਾਰਗਿ ਚਲੇ ਭਾਈਅੜੇ ਗੁਰੁ ਕਹੈ ਸੁ ਕਾਰ ਕਮਾਇ ਜੀਉ॥
ਤਿਆਗੇਂ ਮਨ ਕੀ ਮਤੜੀ ਵਿਸਾਰੇਂ ਦੂਜਾ ਭਾਉ ਜੀਉ॥ (੭੬੩)

4. ਨਸ਼ਿਆਂ ਬਾਰੇ ਹੁਕਮ-ਜਿਤੁ ਪੀਤੈ ਮਤਿ ਦੂਰਿ ਹੋਇ ਬਰਲੁ ਪਵੈ ਵਿਚਿ ਆਇ॥ ਆਪਣਾ ਪਰਾਇਆ ਨ ਪਛਾਣਈ ਖਸਮਹੁ ਧਕੇ ਖਾਇ॥(੫੫੪)ਅੰਮ੍ਰਿਤ ਕਾ ਵਾਪਾਰੀ ਹੋਵੈ ਕਿਆ ਮਦਿ ਛੂਛੈ ਭਾਉ ਧਰੇ॥ (੩੬੦) ਦੁਰਮਤਿ ਮਦੁ ਜੋ ਪੀਵਤੇ ਬਿਖਲੀ ਪਤਿ ਕਮਲੀ॥ਰਾਮ ਰਸਾਇਣਿ ਜੋ ਰਤੇ ਨਾਨਕ ਸਚ ਅਮਲੀ॥ (੩੯੯) ਪਾਨ ਸੁਪਾਰੀ ਖਾਤੀਆ ਮੁਖਿ ਬੀੜੀਆ ਲਾਈਆ॥ਹਰਿ ਹਰਿ ਕਦੇ ਨ ਚੇਤਿਓ ਜਮਿ ਪਕੜਿ ਚਲਾਈਆ॥ (੭੨੬)

5. ਪਰਾਏ ਹੱਕ ਬਾਰੇ-ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥ ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ॥ (੧੪੧)

6. ਪਰਾਏ ਸੰਗ (ਵਿਭਚਾਰ) ਬਾਰੇ-ਨਿਮਖ ਕਾਮ ਸੁਆਦ ਕਾਰਣਿ ਕੋਟਿ ਦਿਨਸ ਦੁਖੁ ਪਾਵਹਿ॥ ਘਰੀ ਮੁਹਤ ਰੰਗ ਮਾਣਹਿ ਫਿਰਿ ਬਹੁਰਿ ਬਹੁਰਿ ਪਛੁਤਾਵਹਿ॥(੪੦੩)ਜੈਸਾ ਸੰਗੁ ਬਿਸੀਅਰ ਸਿਉ ਹੈ ਰੇ ਤੈਸੋ ਹੀ ਇਹੁ ਪਰ ਗ੍ਰਿਹੁ॥(੪੦੩)ਪਰ ਧਨ ਪਰ ਦਾਰਾ ਪਰਹਰੀ॥ ਤਾ ਕੈ ਨਿਕਟਿ ਬਸੈ ਨਰਹਰੀ॥ (੧੧੬੩)

7. ਮੜੀਆਂ ਕਬਰਾਂ ਨਾ ਪੂਜਣ ਬਾਰੇ-ਦੁਬਿਧਾ ਨ ਪੜਉ ਹਰਿ ਬਿਨੁ ਹੋਰੁ ਨ ਪੂਜਉ ਮੜੈ ਮਸਾਣਿ ਨ ਜਾਈ॥(੬੩੪)ਮੜੀ ਮਸਾਣੀ ਮੂੜੇ ਜੋਗੁ ਨਾਹਿ॥(੧੧੯੦) ਰਹੈ ਬੇਬਾਣੀ ਮੜੀ ਮਸਾਣੀ॥ ਅੰਧੁ ਨ ਜਾਣੈ ਫਿਰਿ ਪਛੁਤਾਣੀ॥ (੪੬੭) ਭੂਮਿ ਮਸਾਣ ਕੀ ਭਸਮ ਲਗਾਈ ਗੁਰ ਬਿਨੁ ਤਤੁ ਨ ਪਾਇਆ॥ (੫੨੬)

8. ਦੇਹ ਪੂਜਾ ਬਾਰੇ-ਮਾਣਸ ਸੇਵਾ ਖਰੀ ਦੁਹੇਲੀ॥ ਸਾਧ ਕੀ ਸੇਵਾ ਸਦਾ ਸੁਹੇਲੀ॥ (੧੧੯੨) ਜਿਸੁ ਮਾਨੁਖ ਪਹਿ ਕਰਉ ਬੇਨਤੀ ਸੋ ਅਪਨੈ ਦੁਖਿ ਭਰਿਆ॥ ਪਾਰਬ੍ਰਹਮੁ ਜਿਨਿ ਰਿਦੈ ਅਰਾਧਿਆ ਤਿਨਿ ਭਉ ਸਾਗਰੁ ਤਰਿਆ॥ (੪੯੭) ਖਸਮੁ ਛੋਡਿ ਦੂਜੈ ਲਗੇ ਡੁਬੇ ਸੇ ਵਣਜਾਰਿਆ॥ (੪੭੦)

9. ਮੂਰਤੀ ਪੂਜਾ ਨਾ ਕਰਨ ਲਈ-ਪਾਖਾਨ ਗਢਿ ਕੈ ਮੂਰਤਿ ਕੀਨੀ ਦੇ ਕੈ ਛਾਤੀ ਪਾਉ॥ ਜੇ ਏਹ ਮੂਰਤਿ ਸਾਚੀ ਹੈ ਤਉ ਗੜ੍ਹਣਹਾਰੇ ਖਾਉ॥ (੪੭੯) ਜੋ ਪਾਥਰ ਕਉ ਕਹਤੇ ਦੇਵ॥ ਤਾ ਕੀ ਬਿਰਥਾ ਹੋਵੈ ਸੇਵ॥ ਜੋ ਪਾਥਰ ਕੀ ਪਾਂਈ ਪਾਇ॥ ਤਿਸ ਕੀ ਘਾਲ ਅਜਾਂਈ ਜਾਇ॥ (੧੧੬੦)

10. ਦਾਜ ਦਹੇਜ ਦੀ ਲਾਹਣਤ ਤੋਂ ਬਚਣ ਲਈ-ਹਰਿ ਪ੍ਰਭੁ ਮੇਰੇ ਬਾਬੁਲਾ ਹਰਿ ਦੇਵਹੁ ਦਾਨੁ ਮੈ ਦਾਜੋ॥ ਹਰਿ ਕਪੜੋ ਹਰਿ ਸੋਭਾ ਦੇਵਹੁ ਜਿਤੁ ਸਵਰੈ ਮੇਰਾ ਕਾਜੋ॥ ਹਰਿ ਹਰਿ ਭਗਤੀ ਕਾਜੁ ਸੁਹੇਲਾ ਗੁਰਿ ਸਤਿਗੁਰਿ ਦਾਨੁ ਦਿਵਾਇਆ॥ ਖੰਡਿ ਵਰਭੰਡਿ ਹਰਿ ਸੋਭਾ ਹੋਈ ਇਹੁ ਦਾਨੁ ਨ ਰਲੈ ਰਲ-ਾਇਆ॥ਹੋਰਿ ਮਨਮੁਖ ਦਾਜੁ ਜਿ ਰਖਿ ਦਿਖਾਲਹਿ ਸੁ ਕੂੜੁ ਅਹੰਕਾਰੁ ਕਚੁ ਪਾਜੋ॥ ਹਰਿ ਪ੍ਰਭ ਮੇਰੇ ਬਾਬੁਲਾ ਹਰਿ ਦੇਵਹੁ ਦਾਨੁ ਮੈ ਦਾਜੋ॥੪॥ (੭੯)

11. ਸਮਾਜਿਕ ਭਾਈਚਾਰੇ ਨੂੰ ਮਜਬੂਤ ਬਣਾਈ ਰੱਖਣ ਬਾਰੇ-ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ॥ ਏਕ ਨੂਰ ਤੇ ਸਭੁ ਜਗੁ ਉਪਜਿਆ ਕਉਨ ਭਲੇ ਕੋ ਮੰਦੇ॥੧॥(੧੩੪੯) ਸਭੈ ਘਟ ਰਾਮੁ ਬੋਲੈ ਰਾਮਾ ਬੋਲੈ॥ ਰਾਮ ਬਿਨਾ ਕੋ ਬੋਲੈ ਰੇ॥(੯੮੮) ਸਭੇ ਸਾਝੀਵਾਲ ਸਦਾਇਨਿ ਤੂੰ ਕਿਸੈ ਨ ਦਿਸਹਿ ਬਾਹਰਾ ਜੀਉ॥੩॥ (੯੭) ਖਤ੍ਰੀ ਬ੍ਰਾਹਮਣ ਸੂਦ ਵੈਸ ਉਪਦੇਸੁ ਚਹੁ ਵਰਨਾ ਕਉ ਸਾਝਾ॥ (੭੪੭)

12. ਪਖੰਡ ਤੋਂ ਬਚਣ ਬਾਰੇ-ਪਾਖੰਡ ਪਾਖੰਡ ਕਰਿ ਕਰਿ ਭਰਮੇ ਲੋਭੁ ਪਾਖੰਡੁ ਜਗਿ ਬੁਰਿਆਰੇ॥(੯੮੧) ਕਰਮ ਧਰਮ ਪਾਖੰਡ ਜੋ ਦੀਸਹਿ ਤਿਨ ਜਮੁ ਜਾਗਾਤੀ ਲੂਟੈ॥(੭੪੭) ਪਾਖੰਡਿ ਮੈਲੁ ਨ ਚੂਕਈ ਭਾਈ ਅੰਤਰਿ ਮੈਲੁ ਵਿਕਾਰੀ॥(੬੩੫) ਮਨ ਕਰਹਲਾ ਤੂੰ ਮੀਤੁ ਮੇਰਾ ਪਾਖੰਡੁ ਲੋਭੁ ਤਜਾਇ॥ (੨੩੪) ਛੋਡਿ ਛੋਡਿ ਰੇ ਪਾਖੰਡੀ ਮਨ ਕਪਟੁ ਨ ਕੀਜੈ॥ ਹਰਿ ਕਾ ਨਾਮੁ ਨਿਤ ਨਿਤਹਿ ਲੀਜੈ॥੧॥ਰਹਾਉ॥ (੯੭੩)

13. ਵਹਿਮ ਭਰਮ ਤੇ ਭੁਲੇਖੇ ਦੂਰ ਕਰਨ ਲਈ-ਹਉ ਮਨੁ ਤਨੁ ਦੇਵਉ ਕਾਟਿ ਗੁਰੂ ਕਉ ਮੇਰਾ ਭ੍ਰਮੁ ਭਉ ਗੁਰ ਬਚਨੀ ਭਾਗੇ॥(੧੭੨) ਸਤਿਗੁਰੁ ਸੇਵਿ ਨਿਸੰਗੁ ਭਰਮੁ ਚੁਕ-ਾਈਐ॥(੧੪੫) ਹੋਇ ਮੁਸਲਿਮੁ ਦੀਨ ਮੁਹਾਣੈ ਮਰਣ ਜੀਵਣ ਕਾ ਭਰਮੁ ਚੁਕਾਵੈ॥(੧੪੧) ਕਹੁ ਨਾਨਕ ਭਰਮੁ ਗੁਰਿ ਖੋਈ ਹੈ ਇਵ ਤਤੈ ਤਤੁ ਮਿਲਾਇਓ॥ (੨੦੫) ਮਨ ਰੇ ਛਾਡਹੁ ਭਰਮੁ ਪ੍ਰਗਟ ਹੋਇ ਨਾਚਹੁ ਇਆ ਮਾਇਆ ਕੇ ਡਾਂਡੇ॥ (੩੩੮)

14. ਸੁੱਚ ਜੂਠ ਬਾਰੇ ਹੁਕਮ-ਮਨਿ ਮੈਲੈ ਸਭੁ ਕਿਛੁ ਮੈਲਾ ਤਨਿ ਧੋਤੈ ਮਨੁ ਹਛਾ ਨ ਹੋਇ॥ (੫੫੮) ਸੂਚੇ ਏਹਿ ਨ ਆਖੀਅਹਿ ਬਹਨਿ ਜਿ ਪਿੰਡਾ ਧੋਇ॥ ਸੂਚੇ ਸੇਈ ਨਾਨਕਾ ਜਿਨ ਮਨਿ ਵਸਿਆ ਸੋਇ॥੨॥ (੪੭੨) ਜੂਠਿ ਲਹੈ ਜੀਉ ਮਾਜੀਐ ਮੋਖ ਪਇਆਣਾ ਹੋਇ॥੨॥ (੪੮੯)

15. ਗੁਰੂਬਾਣੀ ਦੇ ਉੱਲਟ ਕੱਚੀ ਬਾਣੀ ਬਾਰੇ-ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ॥ ਬਾਣੀ ਤ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ॥ ਕਹਦੇ ਕਚੇ ਸੁਣਦੇ ਕਚੇ ਕਚੀ ਆਖਿ ਵਖਾਣੀ॥ (੯੨੦) ਸਤਿਗੁਰ ਕੀ ਰੀਸੈ ਹੋਰਿ ਕਚੁ ਪਿਚੁ ਬੋਲਦੇ ਸੇ ਕੂੜਿਆਰ ਕੂੜੇ ਝੜਿ ਪੜੀਐ॥ (੩੦੪)

16. ਜਾਤਿ ਪਾਤਿ ਬਾਰੇ-ਜਾਤਿ ਕਾ ਗਰਬੁ ਨ ਕਰੀਅਹੁ ਕੋਈ॥ (੧੧੨੭) ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ॥ ਇਸੁ ਗਰਬ ਤੇ ਚਲਹਿ ਬਹੁਤੁ ਵਿਕਾਰਾ॥ (੧੧੨੮) ਜਾਣਹੁ ਜੋਤਿ ਨ ਪੂਛਹੁ ਜਾਤੀ ਆਗੈ ਜਾਤਿ ਨ ਹੇ॥ (੩੪੯)

17. ਵਿਕਰਾਂ ਬਾਰੇ-ਛੋਡਹੁ ਕਾਮ ਕ੍ਰੋਧੁ ਬੁਰਿਆਈ॥ ਹਉਮੈ ਧੰਧੁ ਛੋਡਹੁ ਲੰਪਟ-ਾਈ॥ ਸਤਿਗੁਰ ਸਰਣਿ ਪਰਹੁ ਤਾ ਉਬਰਹੁ ਇਉ ਤਰੀਐ ਭਵਜਲੁ ਭਾਈ ਹੇ॥੮॥(੧੦੨੬) ਲਾਲਚੁ ਛੋਡਹੁ ਅੰਧਿਹੋ ਲਾਲਚਿ ਦੁਖੁ ਭਾਰੀ॥ (੪੧੯) ਸਾਧੋ ਮਨ ਕਾ ਮਾਨੁ ਤਿਆਗਉ॥ ਕਾਮੁ ਕ੍ਰੋਧੁ ਸੰਗਤਿ ਦੁਰਜਨ ਕੀ ਤਾ ਤੇ ਅਹਿਨਿਸਿ ਭਾਗਉ॥ (੨੧੯)

18. ਸਤਿਗੁਰੂ ਦਾਤੇ ਬਾਰੇ-ਜਗਤੁ ਭਿਖਾਰੀ ਫਿਰਤੁ ਹੈ ਸਭ ਕੋ ਦਾਤਾ ਰਾਮੁ॥ (੧੪੨੮) ਇਕੁ ਦਾਤਾ ਸਭੁ ਜਗਤੁ ਭਿਖਾਰੀਆ ਹਰਿ ਜਾਚਹਿ ਸਭ ਮੰਗ ਮੰਗਨਾ॥ (੧੩੧੩) ਨਾ ਓਹੁ ਮਰੈ ਨ ਹੋਵੈ ਸੋਗੁ॥ ਦੇਦਾ ਰਹੈ ਨ ਚੂਕੈ ਭੋਗੁ॥ ਗੁਣ ਏਹੋ ਹੋਰੁ ਨਾਹੀ ਕੋਇ॥ ਨਾ ਕੋ ਹੋਆ ਨਾ ਕੋ ਹੋਇ॥੩॥(੯) ਹਰਿ ਜੀਉ ਤੇਰਾ ਦਿਤਾ ਸਭੁ ਕੋ ਖਾਵੈ ਸਭ ਮੁਹਤਾਜੀ ਕਢੈ ਤੇਰੀ॥ (੫੫੪) ਸੋ ਸਤਿਗੁਰੂ ਦਾਤਾ ਹੈ ਭਿਖਾਰੀ ਨਹੀਂ, ਕਿਸੇ ਦਾ ਮੁਥਾਜ ਤੇ ਕਿਸੇ 'ਤੇ ਨਿਰਭਰ ਵੀ ਨਹੀਂ ਹੈ।

19. ਦੇਵੀ-ਦੇਵਤਿਆਂ ਦੀ ਪੂਜਾ ਬਾਰੇ-ਦੇਵੀ ਦੇਵਾ ਪੂਜਹਿ ਡੋਲਹਿ ਪਾਰਬ੍ਰਹਮੁ ਨਹੀ ਜਾਨਾ॥ ਕਹਤ ਕਬੀਰ ਅਕੁਲੁ ਨਹੀ ਚੇਤਿਆ ਬਿਖਿਆ ਸਿਉ ਲਪਟਾਨਾ॥ (੩੩੨) ਦੇਵੀ ਦੇਵਾ ਮੂਲੁ ਹੈ ਮਾਇਆ॥ ਸਿੰਮ੍ਰਿਤਿ ਸਾਸਤ ਜਿੰਨਿ ਉਪਾਇਆ॥ (੧੨੯) ਦੇਵੀ ਦੇਵਾ ਪੂਜੀਐ ਭਾਈ ਕਿਆ ਮਾਗਉ ਕਿਆ ਦੇਹਿ॥ ਪਾਹਣੁ ਨੀਰਿ ਪਖਾਲੀਐ ਭਾਈ ਜਲ ਮਹਿ ਬੂਡਹਿ ਤੇਹਿ॥੬॥(੬੩੭) ਹਉ ਤਉ ਏਕੁ ਰਮਈਆ ਲੈਹਉ॥ ਆਨ ਦੇਵ ਬਦਲਾਵਨਿ ਦੈਹਉ॥ (੮੭੪)

20. ਧਾਰਮਿਕ ਤੇ ਰਾਜਨੀਤਿਕ ਆਗੂ ਦੀ ਚੋਣ ਬਾਰੇ-ਕੂੜੁ ਬੋਲਿ ਮੁਰਦਾਰੁ ਖਾਇ॥ ਅਵਰੀ ਨੋ ਸਮਝਾਵਣਿ ਜਾਇ॥ ਮੁਠਾ ਆਪਿ ਮੁਹਾਏ ਸਾਥੈ॥ ਨਾਨਕ ਐਸਾ ਆਗੂ ਜਾਪੈ॥(੧੩੯) ਅੰਧਾ ਆਗੂ ਜੇ ਥੀਐ ਕਿਉ ਪਾਧਰੁ ਜਾਣੈ॥ ਆਪਿ ਮੁਸੈ ਮਤਿ ਹੋਛੀਐ ਕਿਉ ਰਾਹੁ ਪਛਾਣੈ॥ (੭੬੭)

ਇਹ ਅਤੇ ਇਸ ਤੋਂ ਇਲਾਵਾ ਹੋਰ ਵੀ ਬਹੁਤ ਕੁੱਝ ਗੁਰੂਬਾਣੀ ਵਿੱਚ ਸਾਡੇ ਲਈ ਮੌਜੂਦ ਹੈ। ਲੋੜ ਪੜਨ, ਵੀਚਾਰਨ ਤੇ ਮੰਨਣ ਦੀ ਹੈ। ਗੁਰੁ ਸਾਹਿਬ ਦੇ ਇਹਨਾਂ ਹੁਕਮਨਾਮਿਆਂ ਦੇ ਬਰਾਬਰ ਕੋਈ ਹੋਰ ਕਿਸੇ ਬੰਦੇ ਦੇ ਹੁਕਮਨਾਮੇ ਕਿੰਨੀ ਕੁ ਮਾਨਤਾ ਰੱਖਦੇ ਹਨ। ਗੁਰੂਬਾਣੀ ਹੁਕਮਾਂ ਨੂੰ ਪਹਿਲ ਦੇਈਏ ਤਾਂ ਸਾਡੇ ਕਿੰਨੇ ਮਸਲੇ ਅਪਣੇ ਆਪ ਹੀ ਹੱਲ ਹੋ ਜਾਣਗੇ। ਆਓ ਗੁਰੂ ਸਾਹਿਬ ਦੇ ਗੁਰੂਬਾਣੀ ਹੁਕਮਾਂ ਨੂੰ ਮੰਨੀਏ ਜਿਸ ਤੇ ਕਿਸੇ ਨੂੰ ਵੀ ਇਤਰਾਜ ਨਹੀਂ ਹੋ ਸਕਦਾ।

ਗੁਰੂਬਾਣੀ ਨੂੰ ਛੱਡ ਕੇ ਮਨਮਰਜੀਆਂ ਕਰਨ ਨਾਲ ਇਸ "ਸ਼ਬਦ ਗੁਰੂ" ਹੁਕਮ ਦੀ ਉਲੰਘਣਾ ਵੀ ਹੋਵੇਗੀ ਤੇ ਕੂੜਿਆਰ ਵੀ ਗੁਰੂ ਦੀਆਂ ਨਜ਼ਰਾਂ ਵਿੱਚ ਬਣ ਜਾਵਾਂਗੇ-ਸਤਿਗੁਰ ਕੀ ਬਾਣੀ ਸਤਿ ਸਰੂਪੁ ਹੈ ਗੁਰਬਾਣੀ ਬਣੀਐ॥ ਸਤਿਗੁਰ ਕੀ ਰੀਸੈ ਹੋਰਿ ਕਚੁ ਪਿਚੁ ਬੋਲਦੇ ਸੇ ਕੂੜਿਆਰ ਕੂੜੇ ਝੜਿ ਪੜੀਐ॥ਓਨਾ ਅੰਦਰਿ ਹੋਰੁ ਮੁਖਿ ਹੋਰੁ ਹੈ ਬਿਖੁ ਮਾਇਆ ਨੋ ਝਖਿ ਮਰਦੇ ਕੜੀਐ॥੯॥ (੩੦੪)

# ਕੈਲੀਫੋਰਨੀਆਂ ਵਿੱਚ ਕੋਰੋਨਾ ਮੌਤਾਂ ਕਾਰਨ ਏਅਰ ਪਲੂਸ਼ਣ ਏਜੰਸੀ ਨੇ ਹਟਾਈਆਂ ਸਸਕਾਰ ਸੰਬੰਧੀ ਪਾਬੰਦੀਆਂ

**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ, ਫਰਿਜ਼ਨੋ (ਕੈਲੀਫੋਰਨੀਆਂ), 19 ਜਨਵਰੀ 2021-** ਕੈਲੀਫੋਰਨੀਆਂ ਵਿੱਚ ਕੋਰੋਨਾਂ ਵਾਇਰਸ ਦੀ ਲਾਗ ਨਾਲ ਹੋਣ ਵਾਲੀਆਂ ਮੌਤਾਂ ਵਿੱਚ ਵੱਡੀ ਪੱਧਰ ਤੇ ਵਾਧਾ ਹੋਇਆ ਹੈ, ਜਿਸ ਨਾਲ ਹਸਪਤਾਲਾਂ,ਮੁਰਦਾ ਘਰਾਂ ਆਦਿ ਵਿੱਚ ਲਾਸ਼ਾਂ ਨੂੰ ਰੱਖਣ ਲਈ ਜਗੈਹਾ ਦੀ ਘਾਟ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਸਮੱਸਿਆ ਨਾਲ ਨਜਿੱਠਣ ਲਈ ਸਾਊਥਲੈਂਡ ਵਿੱਚ ਹਵਾ ਦੀ ਗੁਣਵੱਤਾ ਨੂੰ ਨਿਰਧਾਰਤ ਕਰਨ ਵਾਲੀ ਏਜੰਸੀ ਨੇ ਐਤਵਾਰ ਰਾਤ ਨੂੰ ਇੱਕ ਐਮਰਜੈਂਸੀ ਆਦੇਸ਼ ਜਾਰੀ ਕਰਦਿਆਂ ਰਾਜ ਵਿੱਚ ਸਸਕਾਰ ਸੰਬੰਧੀ ਸੀਮਾ ਨੂੰ ਹਟਾ ਦਿੱਤਾ ਹੈ। ਇਸ ਸੰਬੰਧੀ ਸਾਊਥ ਕੋਸਟ ਏਅਰ ਕੁਆਲਿਟੀ ਮੈਨੇਜਮੈਂਟ ਡਿਸਟੈਰਿਕਟ ਨੇ ਇੱਕ ਐਮਰਜੈਂਸੀ ਆਰਡਰ ਨਾਲ ਸ਼ਮਸ਼ਾਨਘਾਟ ਲਈ ਪਰਮਿਟ ਜ਼ਰੂਰਤਾਂ ਨੂੰ ਅਸਥਾਈ ਰੂਪ ਵਿੱਚ ਮੁਅੱਤਲ ਕਰ ਦਿੱਤਾ ਹੈ। ਏਜੰਸੀ ਵੱਲੋਂ ਇਹ ਹੁਕਮ ਲਾਸ ਏਂਜਲਸ ਕਾਉਂਟੀ ਦੇ ਕੋਰੋਨਰ ਦਫਤਰ ਅਤੇ ਐਲ.ਏ. ਕਾਉਂਟੀ ਦੇ ਪਬਲਿਕ ਹੈਲਥ ਵਿਭਾਗ ਦੀ ਬੇਨਤੀ ਤੇ ਜਾਰੀ ਕੀਤੇ ਗਏ ਹਨ।ਹਵਾ ਦੀ ਕੁਆਲਟੀ ਦਾ ਪੈਰਬੰਧਨ ਕਰਨ ਵਾਲੀ ਇਹ ਏਜੰਸੀ ਹਵਾ ਦੀ ਗੁਣਵੱਤਾ ਦੇ ਨਿਯਮਾਂ ਕਾਰਨ ਹਰ ਮਹੀਨੇ ਸਸਕਾਰਾਂ ਦੀ ਗਿਣਤੀ ਨੂੰ ਨਿਯਮਿਤ ਕਰਦੀ ਹੈ। ਜਦਕਿ ਇਸ ਸਮੇਂ ਮਹਾਂਮਾਰੀ ਨਾਲ ਸਾਰੇ ਖੇਤਰ ਵਿੱਚ ਮੌਤ ਦਰ ਦੁੱਗਣੀ ਹੋ ਗਈ ਹੈ, ਜਿਸ ਕਾਰਨ ਹਸਪਤਾਲਾਂ, ਅੰਤਮ ਸੰਸਕਾਰ ਘਰਾਂ ਉੱਤੇ ਲਾਸ਼ਾਂ ਨੂੰ ਸੰਭਾਲਣ ਲਈ ਦਬਾਅ ਪੈ ਰਿਹਾ ਹੈ। 15 ਜਨਵਰੀ ਤੱਕ, ਹਸਪਤਾਲਾਂ ਅਤੇ ਹੋਰ ਸਹੂਲਤਾਂ ਵਿੱਚ 2,700 ਤੋਂ ਵੱਧ ਲਾਸ਼ਾਂ ਸਟੋਰ ਕੀਤੀਆਂ ਗਈਆਂ ਹਨ।


The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
'ਦੇਸ਼ ਦੁਆਬਾ' ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

ਫਰਿਜ਼ਨੋ (ਕੈਲੀਫੋਰਨੀਆਂ) ਖਬਰਨਾਮਾ / ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ

# ਮਨਜੋਤ ਕੌਰ ਨੇ ਕਿਸਾਨ ਮੋਰਚੇ ਦੀ ਹਮਾਇਤ ਕਰਦੇ ਹੋਏ 18 ਹਜ਼ਾਰ ਫੁੱਟ ਦੀ ਉਚਾਈ ਤੋਂ ਕੀਤਾ ਪ੍ਰਦਰਸ਼ਨ





**ਫਰਿਜ਼ਨੋ, ਕੈਲੀਫੋਰਨੀਆਂ (ਕੁਲਵੰਤ ਧਾਲੀਆਂ / ਨੀਟਾ ਮਾਛੀਕੇ):** ਦੁਨੀਆ ਭਰ ਵਿੱਚੋਂ ਭਾਰਤ 'ਚ ਚਲ ਰਹੇ ਕਿਸਾਨਾਂ ਦੇ ਸੰਘਰਸ਼ ਵਿੱਚ ਹਰ ਕੋਈ ਆਪਣਾ ਯੋਗਦਾਨ ਪਾ ਰਿਹਾ ਹੈ ਤਾਂ ਕਿ ਕਿਸੇ ਤਰਾਂ ਮੋਦੀ ਸਰਕਾਰ ਨੂੰ ਸਮਝ ਆਵੇ ਅਤੇ ਆਪਣੇ ਕਾਲੇ ਕਾਨੂੰਨ ਵਾਪਸ ਲਵੇ। ਭਾਰਤ ਤੋਂ ਇਲਾਵਾ ਵਿਦੇਸ਼ਾਂ ਵਿੱਚ ਰੋਜ਼ਾਨਾ ਰੋਸ਼ ਰੈਲੀਆਂ, ਮੁਜ਼ਾਹਰੇ ਅਤੇ ਹੋਰ ਪ੍ਰਦਰਸ਼ਨ ਹੋ ਰਹੇ ਹਨ। ਇਸੇ ਲੜੀ ਅਧੀਨ ਕਿਸਾਨ ਮੋਰਚੇ ਦੇ ਹੱਕ ਵਿੱਚ ਪ੍ਰਚਾਰ ਲਈ ਫਰਿਜ਼ਨੋ, ਕੈਲੀਫੋਰਨੀਆਂ ਨਿਵਾਸੀ ਮਨਜੋਤ ਕੌਰ, ਸਪੁੱਤਰੀ ਸ. ਧਰਮਿੰਦਰ ਸਿੰਘ ਗਿੱਲ ਨੇ ਭਾਰਤ ਵਿੱਚ ਖੇਤੀ ਸੰਬੰਧੀ ਬਣੇ ਕਾਨੂੰਨ ਖਿਲਾਫ ਪ੍ਰਦਰਸ਼ਨ ਕਰਦੇ ਹੋਏ 18 ਹਜ਼ਾਰ ਦੀ ਉਚਾਈ ਤੋਂ ਆਪਣੀ ਕੱਪੜਿਆਂ 'ਤੇ ਕਿਰਸਾਨੀ ਦੇ ਨਾਅਰੇ' - 'ਪਹਿਨ ਕੇ' 'ਛਾਲ ਮਾਰ ਕੇ ਸ਼ਾਨਦਾਰ ਪ੍ਰਦਰਸ਼ਨ ਕੀਤਾ। ਇਹ ਪਰਿਵਾਰ ਕਿਰਸਾਨੀ ਨਾਲ ਜੁੜਿਆਂ ਹੋਇਆਂ ਹੈ ਅਤੇ ਪੰਜਾਬ ਤੋਂ ਪਿਛੋਕੜ ਪਿੰਡ ਚੜਿੱਕ, ਜਿਲਾਂ ਮੋਗਾ ਦੇ ਰਹਿਣ ਵਾਲਾ ਹੈ। ਜੋ ਹੁਣ ਕਾਫੀ ਅਰਸੇ ਤੋਂ ਕੈਲੀ-ਫੌਰਨੀਆਂ ਸ਼ਹਿਰ ਫਰਿਜ਼ਨੋ ਵਿਖੇ ਰਹਿ ਰਿਹਾ ਹੈ। ਨਵਜੋਤ ਦਾ ਪੜਦਾਦਾ ਬਰਤਾਨਵੀ ਆਰਮੀ ਵਿਚ ਸੀ ਅਤੇ ਉਹਨਾਂ ਨੇ 'ਵਰਲਡ ਵਾਰ-2' ਦੀ ਲੜਾਈ ਲੜੀ ਅਤੇ ਦਾਦਾ ਵੀ ਇੰਡੀਅਨ ਆਰਮੀ 'ਚ 1965-71 ਦੀ ਜੰਗ ਲੜ ਚੁੱਕੇ ਹਨ। ਹੁਣ ਮਨਜੋਤ ਕੌਰ ਦਾ ਵੱਡਾ ਭਰਾ ਹਰਜੋਤ ਸਿੰਘ ਗਿੱਲ 'ਅਮੈਰੀਕਨ ਆਰਮੀ' (ਫੌਜ਼) ਵਿੱਚ ਸੇਵਾਵਾ ਨਿਭਾ ਪਰਿਵਾਰ ਦਾ ਨਾਂ ਚਮਕਾ ਰਿਹਾ ਹੈ। ਮਨਜੋਤ ਅਨੁਸਾਰ ਭਾਰਤੀ ਮੀਡੀਆਂ ਵੱਲੋਂ ਕਿਸਾਨਾਂ ਨੂੰ ਅੱਤਵਾਦੀ ਕਹਿਣ ਵਰਗੇ ਸ਼ਬਦ ਨਿੰਦਣਯੋਗ ਹਨ। ਕਿਸਾਨ ਹਮੇਸਾ ਮਿਹਨਤ ਦੀ ਕਮਾਈ ਕਰਦਾ ਹੈ। ਜਿਸ ਨਾਲ ਉਹ ਆਪਣੇ ਪਰਿਵਾਰ ਅਤੇ ਦੁਨੀਆ ਦਾ ਢਿੱਡ ਭਰਦਾ ਹੈ। ਜਿਸ ਦੀ ਮਿਸਾਲ ਅੱਜ ਵੀ ਵਿਦੇਸ਼ਾਂ ਵਿੱਚ ਰਹਿੰਦੇ ਪੰਜਾਬੀ ਆਪਣੀ ਕਿਰਤ ਕਮਾਈ ਵਿੱਚੋਂ ਕੁਝ ਹਿੱਸਾ ਸਮੇਂ-ਸਮੇਂ ਲੋੜਵੰਦਾ ਲਈ ਭੇਜਦੇ ਰਹਿੰਦੇ ਹਨ। ਮਨਜੋਤ ਦੇ ਪਰਿਵਾਰ ਦੁਆਰਾਂ ਵੀ ਪੰਜਾਬ ਵਿੱਚ ਚਲ ਰਹੇ ਸਾਂਝੇ ਕਾਰਜਾਂ ਵਿੱਚ ਅੱਗੇ ਹੋ ਕੇ ਹਿੱਸਾ ਪਾਇਆ ਜਾਂਦਾ ਹੈ। ਸੋ ਕਿਸਾਨ ਅੰਦੋਲਨ ਵਿੱਚ ਹਿੱਸਾ ਪਾਉਂਦਿਆਂ ਮਨਜੋਤ ਕੌਰ ਦੇ ਇਸ ਪ੍ਰਦਰਸ਼ਨ ਦੀ ਸਮੁੱਚੇ ਭਾਰਤੀ ਅਤੇ ਸਥਾਨਿਕ ਅਮੈਰੀਕਨ ਭਾਈਚਾਰੇ ਵਿੱਚ ਭਰਪੂਰ ਸ਼ਲਾਘਾ ਹੋ ਰਹੀ ਹੈ। ਜਦ ਕਿ ਸਮੇਂ ਦੀਆਂ ਭਾਰਤੀ ਸਰਕਾਰਾ ਪੰਜਾਬ ਅਤੇ ਪੰਜਾਬ ਦੀ ਕਿਰਸਾਨੀ ਨੂੰ ਖਤਮ ਕਰਨ 'ਤੇ ਲੱਗੀਆਂ ਹੋਈਆ ਹਨ, ਪਰ ਭਵਿੱਖ ਦੇ ਵਾਰਸ਼ ਵਿਦੇਸ਼ੀ ਜਨਮੇ ਬੱਚੇ ਵੀ ਆਪਣੀ ਕਿਰਸਾਨੀ ਅਤੇ ਸੱਭਿਆਚਾਰਕ ਵਿਰਸੇ ਦੀਆਂ ਕਦਰਾਂ-ਕੀਮਤਾਂ ਨੂੰ ਸਮਝਦੇ ਹੋਏ, ਬਚਾਉਣ ਲਈ ਅੱਗੇ ਆ ਰਹੇ ਹਨ। ਅਜਿਹੇ ਬੱਚੇ ਹਰ ਦੇਸ਼ ਅਤੇ ਸੱਭਿਆਚਾਰ ਦਾ ਮਾਣ ਹੁੰਦੇ ਹਨ।

# ਕੋਰੋਨਾਂ ਵਾਇਰਸ ਦੇ ਡਰੋਂ 3 ਮਹੀਨਿਆਂ ਤੋਂ ਏਅਰਪੋਰਟ 'ਚ ਲੁਕਿਆ ਵਿਅਕਤੀ ਹੋਇਆ ਗ੍ਰਿਫਤਾਰ



**ਫਰਿਜ਼ਨੋ (ਕੈਲੀਫੋਰਨੀਆਂ), 18 ਜਨਵਰੀ 2021-** ਸਿਕਾਗੋ ਪੁਲਿਸ ਨੇ ਇੱਕ ਅਜਿਹੇ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਹੈ ਜੋ ਕਿ ਤਕਰੀਬਨ ਪਿਛਲੇ ਤਿੰਨ ਮਹੀਨਿਆਂ ਤੋਂ ਸਿਕਾਗੋ ਦੇ ਅੰਤਰਰਾਸ਼ਟਰੀ ਹਵਾਈ ਅੱਡੇ ਤੇ ਲੁਕ ਕੇ ਰਹਿ ਰਿਹਾ ਸੀ। ਇਸ ਮਾਮਲੇ ਸੰਬੰਧੀ ਅਧਿਕਾਰੀਆਂ ਨੇ ਐਤਵਾਰ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਕੈਲੀਫੋਰਨੀਆਂ ਸੂਬੇ ਨਾਲ ਸੰਬੰਧਿਤ ਆਦਿੱਤਿਆ ਸਿੰਘ (36) ਨਾਮ ਦਾ ਇਹ ਵਿਅਕਤੀ, ਜੋ ਕਿ ਕੋਵਿਡ -19 ਦੇ ਕਾਰਨ ਯਾਤਰਾ ਕਰਨ ਦੇ ਡਰੋਂ ਸ਼ਨੀਵਾਰ ਨੂੰ ਉਸ ਦੀ ਗ੍ਰਿਫਤਾਰੀ ਤੱਕ ਸਿਕਾਗੋ ਦੇ ਓਹਾਰੇ ਅੰਤਰਰਾਸ਼ਟਰੀ ਹਵਾਈ ਅੱਡੇ ਦੇ ਸੁਰੱਖਿਅਤ ਖੇਤਰ ਵਿੱਚ ਤਿੰਨ ਮਹੀਨਿਆਂ ਤੋਂ ਲੁਕਿਆ ਹੋਇਆ ਸੀ। ਐਤਵਾਰ ਨੂੰ ਕੋਰਟ ਵਿੱਚ ਸਰਕਾਰੀ ਵਕੀਲਾਂ ਨੇ ਦੱਸਿਆ ਕਿ ਆਦਿੱਤਿਆ ਸਿੰਘ 19 ਅਕਤੂਬਰ ਨੂੰ ਲਾਸ ਏਂਜਲਸ ਤੋਂ ਇਥੇ ਪਹੁੰਚਿਆ ਸੀ ਅਤੇ ਉਦੋਂ ਤੋਂ ਹੀ ਹਵਾਈ ਅੱਡੇ ਦੇ ਸੁਰੱਖਿਆ ਜ਼ੋਨ ਵਿੱਚ ਬਿਨਾਂ ਕਿਸੇ ਦੀ ਨਜਰ ਆਏ ਰਹਿ ਰਿਹਾ ਸੀ।

ਪਰ ਪਿਛਲੇ ਹਫਤੇ ਸ਼ਨੀਵਾਰ ਨੂੰ ਯੁਨਾਈਟਿਡ ਏਅਰ ਲਾਈਨ ਦੇ ਦੋ ਕਰਮਚਾਰੀਆਂ ਨੇ ਸਿੰਘ ਕੋਲ ਪਹੁੰਚ ਕੀਤੀ ਅਤੇ ਉਸ ਨੂੰ ਪਛਾਣ ਦਿਖਾਉਣ ਲਈ ਕਿਹਾ ਤਾਂ ਸਿੰਘ ਨੇ ਕਰਮਚਾਰੀਆਂ ਨੂੰ ਏਅਰਪੋਰਟ ਦਾ ਆਈ ਡੀ ਬੈਜ ਦਿਖਾਇਆ ਜੋ ਅਸਲ ਵਿੱਚ ਇੱਕ ਓਪਰੇਸ਼ਨ ਮੈਨੇਜਰ ਦਾ ਸੀ, ਜਿਸਦੀ ਕਿ 26 ਅਕਤੂਬਰ ਨੂੰ ਗੁੰਮ ਹੋਣ ਦੀ ਰਿਪੋਰਟ ਦਿੱਤੀ ਗਈ ਸੀ। ਇਸ ਦੌਰਾਨ ਕਰਮਚਾਰੀਆਂ ਨੇ ਪੁਲਿਸ ਨੂੰ ਬੁਲਾਇਆ ਅਤੇ ਸ਼ਨੀਵਾਰ ਸਵੇਰੇ 11:10 ਵਜੇ ਟਰਮੀਨਲ 2 ਵਿੱਚ ਸਿੰਘ ਨੂੰ ਹਿਰਾਸਤ ਵਿਚ ਲੈ ਲਿਆ ਗਿਆ। ਅਸਿਸਟੈਂਟ ਪਬਲਿਕ ਡਿਫੈਂਡਰ ਕੋਰਟਨੀ ਸਮਾਲਵੁੱਡ ਦੇ ਅਨੁਸਾਰ ਅਦਿੱਤਿਆ ਸਿੰਘ ਲਾਸ ਏਂਜਲਸ ਦੇ ਓਰਨਜ ਵਿੱਚ ਰਹਿੰਦਾ ਹੈ ਅਤੇ ਉਸਦਾ ਕੋਈ ਅਪਰਾਧਿਕ ਪਿਛੋਕੜ ਨਹੀਂ ਹੈ ਜਦਕਿ ਉਸ ਕੋਲ ਹਾਸਪਿਟਾਲਿਟੀ ਦੀ ਮਾਸਟਰ ਡਿਗਰੀ ਹੈ। ਇਸਦੇ ਇਲਾਵਾ ਸਿੰਘ ਦੇ ਸ਼ਿਕਾਗੋ ਆਉਣ ਦਾ ਕਾਰਨ ਫਿਲਹਾਲ ਅਸਪੱਸ਼ਟ ਹੈ ਅਤੇ ਐਤਵਾਰ ਦੀ ਸੁਣਵਾਈ ਦੌਰਾਨ ਜੱਜ ਨੇ ਸਿੰਘ ਦੀ ਜ਼ਮਾਨਤ ਲਈ 1000 ਡਾਲਰ ਸ਼ਰਤ ਰੱਖਣ ਦੇ ਨਾਲ ਦੁਬਾਰਾ ਉਸਦੇ ਓਹਾਰੇ ਇੰਟਰਨੈਸ਼ਨਲ ਏਅਰਪੋਰਟ "ਚ ਆਉਣ ਤੇ ਪਾਬੰਦੀ ਲਗਾਈ ਹੈ। ਇਸਦੇ ਇਲਾਵਾ ਅਦਿੱਤਿਆ ਸਿੰਘ ਅਗਲੀ ਸੁਣਵਾਈ ਲਈ 27 ਜਨਵਰੀ ਨੂੰ ਅਦਾਲਤ ਵਿੱਚ ਪੇਸ਼ ਹੋਵੇਗਾ।


Law Office of
NIRWAN & ASSOCIATES
www.nirwanlaw.com



Business Incorporation
Articles of Incorp
Dissolution
501 © Non-Profit

Jagdip S. Nirwan, Esq
916-832-3144

IMMIGRATION LAW
* Adjustment of Status
* Citizenship
* Employment
* Appeals-1J/
* Family & Finance Visa
* Board /Federal Ct
* Labor Certification
* Asylum
* Removal & Deportation Defense

TAX LAW
* Offer in Compromise
* Payment Plans
* File Back Taxes
* Tax Preparation
* Audits, Appeals
* Tax Court Rep
* IRS/EDD/FTB Representation
* Personal & Business
* Income Tax Filling 1040/1020

1104 Corporate Way Sacramento, CA 95831



A & S
Auto Repair & Services
Specializing in Brakes & Axles

Mon-Fri 9:00 AM to 6:00 PM
Saturday 9:00 AM to 5:00 PM

Free Tire Rotation and Brake Inspection with purchase of Oil Service for most cars

Diagnose check Engine light pre-buyers inspection tune-ups and more

Dealer Recommended Service Shocks/Struts A/C Servics





Ph: 916-238-4431
649 W. Elkhorn Blvd. Suite B2
Rio Linda, CA 95673

Amarjit Sandhu

ਫਰਿਜ਼ਨੋ (ਕੈਲੀਫੋਰਨੀਆਂ) ਖਬਰਨਾਮਾ / ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ

# ਟਵਿੱਟਰ ਬਾਈਡੇਨ ਟੀਮ ਨੂੰ ਸੌਂਪੇਗੀ ਰਾਸ਼ਟਰਪਤੀ ਦੇ ਅਧਿਕਾਰਤ ਟਵਿੱਟਰ ਅਕਾਊਂਟ


**ਫਰਿਜ਼ਨੋ (ਕੈਲੀਫੋਰਨੀਆਂ), 15 ਜਨਵਰੀ 2021–** ਰਾਸ਼ਟਰਪਤੀ ਚੁਣੇ ਗਏ ਜੋ ਬਾਈਡੇਨ ਦੇ ਸਹੁੰ ਚੁੱਕ ਦਿਵਸ 'ਤੇ ਸ਼ੋਸ਼ਲ ਮੀਡੀਆ ਸਾਈਟ ਟਵਿੱਟਰ ਦੇਸ਼ ਦੇ ਨਵੇਂ ਹੋਣ ਵਾਲੇ ਰਾਸ਼ਟਰਪਤੀ ਨੂੰ ਇਸ ਅਹੁਦੇ ਨਾਲ ਸੰਬੰਧਿਤ ਟਵਿੱਟਰ ਦੇ ਅਧਿਕਾਰਤ ਖਾਤੇ ਸੌਂਪਣ ਲਈ ਕੰਮ ਕਰੇਗੀ। ਇਸ ਸੰਬੰਧੀ ਕੰਪਨੀ ਨੇ ਵੀਰਵਾਰ ਨੂੰ ਐਲਾਨ ਕਰਦਿਆਂ ਦੱਸਿਆ ਕਿ ਟਵਿੱਟਰ ਰਾਸ਼ਟਰਪਤੀ ਪਦ ਨਾਲ ਸੰਬੰਧਿਤ ਖਾਤੇ ਪੋਟਸ ਨੂੰ ਤਬਦੀਲ ਕਰਨ ਤੇ ਕੰਮ ਕਰੇਗੀ। ਇਸਦੇ ਇਲਾਵਾ ਟਵਿੱਟਰ ਦੇ ਹੋਰ ਰਾਸ਼ਟਰਪਤੀ ਪ੍ਰਸ਼ਾਸਨ ਨਾਲ ਸੰਬੰਧਿਤ ਖਾਤੇ ਜਿਵੇਂ ਕਿ ਵ੍ਹਾਈਟ ਹਾਊਸ, ਵੀ ਪੀ, ਫਲੋਟਸ, ਅਤੇ ਪ੍ਰੈਸ ਸੇਕ ਨੂੰ ਵੀ



ਬਾਈਡੇਨ ਪ੍ਰਸ਼ਾਸਨ ਵਿੱਚ ਤਬਦੀਲ ਕੀਤਾ ਜਾਵੇਗਾ। ਇਸ ਦੌਰਾਨ ਕੰਪਨੀ ਨੇ ਇੱਕ ਨਵਾਂ ਖਾਤਾ ਸੈਕੰਡ ਜੈਂਟਲਮੈਨ ਵੀ ਬਣਾਇਆ ਹੈ ਜੋ ਕਿ ਉਪ-ਰਾਸ਼ਟਰਪਤੀ ਚੁਣੀ ਗਈ ਕਮਲਾ ਹੈਰਿਸ ਦੇ ਪਤੀ, ਡਗਲਸ ਐਮਹੋਫ ਲਈ ਹੈ। ਬਾਈਡੇਨ ਨੇ ਵੀਰਵਾਰ ਰਾਤ ਨੂੰ ਆਪਣੇ ਪੈਰੋਕਾਰਾਂ ਨੂੰ ਇਹਨਾਂ ਖਾਤਿਆਂ ਸੰਬੰਧੀ ਕਿਹਾ ਕਿ ਕਿਹਾ ਕਿ ਇਹ ਮੇਰੇ ਰਾਸ਼ਟਰਪਤੀ ਵਜੋਂ ਅਧਿਕਾਰਤ ਫਰਜ਼ਾਂ ਦਾ ਖਾਤਾ ਹੋਵੇਗਾ ਜੋ ਕਿ 20 ਜਨਵਰੀ ਨੂੰ ਪੋਟਸ ਬਣ ਜਾਵੇਗਾ ਅਤੇ ਉਸ ਸਮੇਂ ਤੱਕ ਉਹ ਜੋਅ ਬਾਈਡੇਨ ਦੀ ਵਰਤੋਂ ਕਰਨਗੇ, ਇਸ ਸੰਬੰਧੀ ਉਹਨਾਂ ਨੇ ਆਪਣੇ ਮੌਜੂਦਾ ਪ੍ਰੈਜ਼ੀ ਇਲੈਕਟ ਬਾਈਡੇਨ ਖਾਤੇ ਤੋਂ ਟਵੀਟ ਕਰਕੇ ਜਾਣਕਾਰੀ ਦਿੱਤੀ। ਹਾਲਾਂਕਿ ਬਾਈਡੇਨ ਪ੍ਰਸ਼ਾਸਨ ਦੁਆਰਾ ਨਵੇਂ ਖਾਤਿਆਂ 'ਤੇ ਨਿਯੰਤਰਣ ਕਰਨ ਤੋਂ ਪਹਿਲਾਂ ਟਵਿੱਟਰ ਅਨੁਸਾਰ ਕੰਪਨੀ ਨੂੰ ਪਹਿਲਾਂ ਵ੍ਹਾਈਟ ਹਾਊਸ ਦੇ ਖਾਤਿਆਂ ਨੂੰ ਰਾਸ਼ਟਰੀ ਆਰਚੀਵ ਅਤੇ ਰਿਕਾਰਡ ਪ੍ਰਸ਼ਾਸਨ ਨੂੰ ਤਬਦੀਲ ਕਰਨ ਦੀ ਜਰੂਰਤ ਹੈ। ਟਵਿੱਟਰ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੌਜੂਦਾ ਵ੍ਹਾਈਟ ਹਾਊਸ ਖਾਤਿਆਂ ਦੇ ਫਾਲੋਅਰਜ਼ ਆਪਣੇ ਆਪ ਹੀ ਨਵੇਂ ਤਬਦੀਲ ਕੀਤੇ ਖਾਤਿਆਂ ਤੱਕ ਪਹੁੰਚ ਨਹੀਂ ਕਰ ਸਕਣਗੇ ਜਦਕਿ ਇਸ ਸੰਬੰਧੀ ਉਹਨਾਂ ਨੂੰ ਨਵੇਂ ਖਾਤਿਆਂ ਨੂੰ ਫਾਲੋਅ ਕਰਨ ਲਈ ਨੋਟੀਫਿਕੇਸ਼ਨ ਪ੍ਰਾਪਤ ਹੋਵੇਗੀ।

# ਜੋਅ ਬਾਈਡੇਨ ਨੇ ਕੀਤੀ ਕੋਰੋਨਾਂ ਟੀਕਾਕਰਨ ਅਤੇ ਆਰਥਿਕ ਬਚਾਅ ਪੈਕੇਜ ਸੰਬੰਧੀ ਯੋਜਨਾ ਦੀ ਘੋਸ਼ਣਾ

**ਫਰਿਜ਼ਨੋ (ਕੈਲੀਫੋਰਨੀਆਂ), 15 ਜਨਵਰੀ 2021–** ਰਾਸ਼ਟਰਪਤੀ ਚੁਣੇ ਗਏ ਜੋਅ ਬਾਈਡੇਨ ਜੋ ਕਿ ਅਗਲੇ ਹਫਤੇ ਦੇਸ਼ ਦੇ ਨਵੇਂ ਰਾਸ਼ਟਰਪਤੀ ਵਜੋਂ ਸਹੁੰ ਚੁੱਕਣ ਵਾਲੇ ਹਨ ਨੇ ਆਪਣੀਆਂ ਕੋਰੋਨਾਂ ਟੀਕਾਕਰਨ ਅਤੇ ਆਰਥਿਕਤਾ ਦੇ ਬਚਾਅ ਸੰਬੰਧੀ ਯੋਜਨਾਵਾਂ ਦੀ ਘੋਸ਼ਣਾ ਕੀਤੀ ਹੈ। ਜਿਸਦੇ ਤਹਿਤ 1.9 ਟ੍ਰਿਲੀਅਨ ਡਾਲਰ ਦਾ ਇੱਕ ਵਿਸ਼ਾਲ ਰਾਹਤ ਪੈਕੇਜ ਹੈ ਜੋ ਸੰਕਟ ਦਾ ਸਾਹਮਣਾ ਕਰ ਰਹੇ ਦੇਸ਼ ਵਾਸੀਆਂ ਨੂੰ ਸਹਾਇਤਾ ਪ੍ਰਦਾਨ ਕਰੇਗਾ। ਬਾਈਡੇਨ ਦੀ ਯੋਜਨਾ ਅਨੁਸਾਰ ਇਸ 1.9 ਟ੍ਰਿਲੀਅਨ ਡਾਲਰ ਦੇ ਰਾਹਤ ਪੈਕੇਜ ਵਿੱਚ ਇੱਕ ਟ੍ਰਿਲੀਅਨ ਡਾਲਰ ਸਿੱਧੀ ਸਹਾਇਤਾ ਲਈ ਹੋਣਗੇ ਜਦਕਿ 400 ਬਿਲੀਅਨ ਡਾਲਰ ਕੋਰੋਨਾਂ ਵਾਇਰਸ ਨਾਲ ਜੁੜੇ ਪ੍ਰਾਜੈਕਟ, ਜਿਸ ਵਿੱਚ ਦੇਸ਼-ਵਿਆਪੀ ਟੀਕਾਕਰਨ ਪ੍ਰੋਗਰਾਮ ਸ਼ਾਮਲ ਹੈ ਨੂੰ ਜਾਣਗੇ ਅਤੇ ਕਮਿਊਨਿਟੀਆਂ ਅਤੇ ਛੋਟੇ ਕਾਰੋਬਾਰਾਂ ਨੂੰ ਰਾਹਤ ਦੇਣ ਲਈ ਵੀ 440 ਬਿਲੀਅਨ ਡਾਲਰ ਦਿੱਤੇ ਜਾਣਗੇ। ਇਸ ਯੋਜਨਾ ਵਿੱਚ ਅਮਰੀਕੀ ਪਰਿਵਾਰਾਂ ਨੂੰ 1,400 ਡਾਲਰ ਤੱਕ ਦੀਆਂ ਸਿੱਧੀਆਂ ਅਦ-ਾਇਗੀਆਂ ਦੇ ਨਾਲ 400 ਡਾਲਰ ਹਫਤਾਵਾਰੀ ਬੇਰੁਜ਼ਗਾਰੀ ਬੀਮੇ ਦੇ ਲਾਭ ਸ਼ਾਮਿਲ ਹਨ। ਕੋਵਿਡ ਨਾਲ ਜੁੜੇ ਪ੍ਰਾਜੈਕਟਾਂ ਲਈ 400



ਬਿਲੀਅਨ ਡਾਲਰ ਫੰਡ ਦੇ ਹਿੱਸੇ ਵਜੋਂ, ਬਾਈਡੇਨ ਦੀ ਯੋਜਨਾ ਆਪਣੇ ਪ੍ਰਸ਼ਾਸਨ ਦੇ ਪਹਿਲੇ 100 ਦਿਨਾਂ ਦੇ ਅੰਦਰ ਕੇ -8 ਸਕੂਲਾਂ ਦੀ ਬਹੁਗਿਣਤੀ ਨੂੰ ਦੁਬਾਰਾ ਖੋਲ੍ਹਣ ਲਈ 170 ਬਿਲੀਅਨ ਡਾਲਰ ਅਲਾਟ ਕਰੇਗੀ, ਜਿਸ ਅਧੀਨ ਸਕੂਲਾਂ ਵਿੱਚ ਟੈਸਟਿੰਗ ਪ੍ਰਕਿਰਿਆਵਾਂ ਵਿੱਚ ਵਾਧਾ ਕਰਨ ਲਈ 50 ਬਿਲੀਅਨ ਡਾਲਰ ਸ਼ਾਮਲ ਹਨ। ਇਸਦੇ ਇਲਾਵਾ ਬਾਈਡੇਨ ਨੇ ਰਾਸ਼ਟਰੀ ਟੀਕਾਕਰਨ ਪ੍ਰੋਗਰਾਮ ਲਈ 20 ਬਿਲੀਅਨ ਡਾਲਰ ਦੀ ਰਕਮ ਅਤੇ ਦੇਸ਼ ਭਰ ਵਿੱਚ ਕਮਿਊਨਿਟੀ ਟੀਕਾਕਰਨ ਕੇਂਦਰਾਂ ਦੀ ਸਥਾਪਨਾ ਕਰਨ ਦੀ ਵੀ ਯੋਜਨਾ ਬਣਾਈ ਹੈ । ਇਹਨਾਂ ਸਭ ਯੋਜਨਾਵਾਂ ਦੇ ਇਲਾਵਾ ਬਾਈਡੇਨ ਨੇ ਰਾਸ਼ਟਰੀ ਉਜ਼ਰਤ ਘੱਟੋ ਘੱਟ 15 ਡਾਲਰ ਕਰਨ ਦੀ ਵੀ ਗੱਲ ਕਹੀ ਹੈ। ਜੋਅ ਬਾਈਡੇਨ ਦੀਆਂ ਯੋਜਨਾਵਾਂ ਦੇ ਇਸ ਰਾਹਤ ਪੈਕੇਜ ਨੂੰ ਸੈਨੇਟ ਵਿੱਚ ਪਾਸ ਹੋਣ ਦੀ ਜਰੂਰਤ ਹੋਵੇਗੀ ਅਤੇ ਬਾਈਡੇਨ ਨੂੰ ਉਮੀਦ ਹੈ ਕਿ ਕਾਂਗਰਸ ਜਨਤਕ ਸਿਹਤ ਦੇ ਸੰਕਟ ਨੂੰ ਹੱਲ ਕਰਨ ਦੇ ਪ੍ਰਸਤਾਵ ਨੂੰ ਤੇਜ਼ੀ ਨਾਲ ਅੱਗੇ ਵਧਾਵੇਗੀ। ਬਾਈਡੇਨ ਦੀ ਤਬਦੀਲੀ ਟੀਮ ਅਨੁਸਾਰ ਜੇਕਰ ਇਹ ਰਾਹਤ ਪ੍ਰਸਤਾਵ ਪਾਸ ਹੋ ਜਾਂਦਾ ਹੈ ਤਾਂ ਯੂ ਐਸ ਦਾ ਇੱਕ ਵੱਡਾ ਆਰਥਿਕ ਪੈਕੇਜ ਹੋਵੇਗਾ।

# ਨਿਊਯਾਰਕ 'ਚ ਹੋਈ ਯਾਤਰੀ ਬੱਸ ਹਾਦਸਾਗ੍ਰਸਤ, 8 ਵਿਅਕਤੀ ਹੋਏ ਜ਼ਖਮੀ

**ਫਰਿਜ਼ਨੋ (ਕੈਲੀਫੋਰਨੀਆਂ), 15 ਜਨਵਰੀ 2021–** ਨਿਊਯਾਰਕ ਸਿਟੀ ਦੇ ਬ੍ਰੋਨਕਸ ਵਿੱਚ ਇੱਕ ਯਾਤਰੀ ਬੱਸ ਦੇ ਹਾਦਸਾ ਗ੍ਰਸਤ ਹੋ ਜਾਣ ਕਾਰਨ ਕਈ ਯਾਤਰੀਆਂ ਦੇ ਜਖਮੀ ਹੋਣ ਦੀ ਘਟਨਾ ਵਾਪਰੀ ਹੈ। ਹਾਦਸੇ ਦੌਰਾਨ ਇੱਕ ਬੱਸ ਸੜਕ ਤੇ ਇੱਕ ਪਾਸੇ ਜਾਣ ਤੋਂ ਬਾਅਦ ਇੱਕ ਪੁਲ ਤੋਂ ਹੇਠਾਂ ਲਮਕ ਗਈ ਸੀ। ਨਿ-ਊਯਾਰਕ ਦੇ ਪੁਲਿਸ ਵਿਭਾਗ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਘਟਨਾ ਵੀਰਵਾਰ ਰਾਤ 11:10 ਵਜੇ ਵੀਰਵਾਰ ਨੂੰ ਯੂਨੀਵਰਸਿਟੀ ਐਵੀਨਿਊ ਦੇ ਕਰਾਸ ਬ੍ਰੋਨਕਸ ਐਕਸਪ੍ਰੈਸ ਰੋਡ ਤੇ ਵਾਪਰੀ ਹੈ। ਅਧਿਕ-ਾਰੀਆਂ ਨੇ ਪੁਸ਼ਟੀ ਕੀਤੀ ਕਿ ਇਸ ਹਾਦਸੇ ਵਿੱਚ ਬੱਸ ਚਾਲਕ ਸਣੇ ਘੱਟੋ ਘੱਟ ਸੱਤ



ਤੋਂ ਅੱਠ ਵਿਅਕਤੀ ਜ਼ਖਮੀ ਹੋਏ ਹਨ, ਜਿਹਨਾਂ ਵਿੱਚੋਂ ਕੁੱਝ ਨੂੰ ਮਾਮੂਲੀ ਸੱਟਾਂ ਲੱਗੀਆਂ ਪਰ ਇਸ ਹਾਦਸੇ ਵਿੱਚ ਬੱਸ ਡਰਾਈਵਰ ਗੰਭੀਰ ਰੂਪ ਵਿੱਚ ਜਖਮੀ ਹੋਇਆ ਹੈ। ਨਿਊਯਾਰਕ ਸਿਟੀ ਫਾਇਰ ਵਿਭਾਗ ਨੇ ਇਸ ਹਾਦਸੇ ਸੰਬੰਧੀ ਦੱਸਿਆ ਕਿ ਇਹ ਬੱਸ ਤਕਰੀਬਨ 50 ਫੁੱਟ ਦੀ ਉਚਾਈ ਤੋਂ ਹੇਠਾਂ ਡਿੱਗੀ ਅਤੇ ਜ਼ਖਮੀ ਹੋਏ ਸਾਰੇ ਲੋਕਾਂ ਨੂੰ ਖੇਤਰ ਦੇ ਹਸਪਤਾਲ ਵਿੱਚ ਇਲਾਜ ਲਈ ਲਿਜਾਇਆ ਗਿਆ। ਅਧਿਕਾਰੀਆਂ ਅਨੁਸਾਰ ਇਸ ਬੱਸ ਦੇ ਦੁਰਘਟਨਾ ਗ੍ਰਸਤ ਹੋ ਜਾਣ ਪਿੱਛੇ ਬ੍ਰੇਕ ਫੇਲ੍ਹ ਜਾਂ ਕਾਬੂ ਤੋਂ ਬਾਹਰ ਹੋ ਜਾਣ ਦੇ ਕਾਰਨ ਹੋ ਸਕਦੇ ਹਨ।


'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com








ਫਰਿਜ਼ਨੋ (ਕੈਲੀਫੋਰਨੀਆਂ) ਖਬਰਨਾਮਾ / ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ

# ਕਮਲਾ ਹੈਰਿਸ ਸਹੁੰ ਚੁੱਕ ਸਮਾਰੋਹ ਦੌਰਾਨ ਜਸਟਿਸ ਸੋਨੀਆ ਸੋਤੋਮਯੋਰ ਕੋਲੋਂ ਚੁੱਕੇਗੀ ਸਹੁੰ

**ਫਰਿਜ਼ਨੋ (ਕੈਲੀਫੋਰਨੀਆਂ) 17 ਜਨਵਰੀ 2021–** ਉਪ-ਰਾਸ਼ਟਰਪਤੀ ਚੁਣੀ ਕਮਲਾ ਹੈਰਿਸ ਬੁੱਧਵਾਰ ਦੇ ਦਿਨ ਸਹੁੰ ਚੁੱਕ ਸਮਾਗਮ ਦੌਰਾਨ ਉਦਘਾਟਨ ਸਮੇਂ ਸੁਪਰੀਮ ਕੋਰਟ ਦੀ ਜਸਟਿਸ ਸੋਨੀਆ ਸੋਤੋਮਯੋਰ ਕੋਲੋਂ ਸਹੁੰ ਚੁੱਕੇਗੀ ਜੋ ਕਿ ਇੱਕ ਇਤਿਹਾਸ ਰਚਣ ਵਾਲੀ ਗੱਲ ਹੋਵੇਗੀ ਜਿਸ ਵਿੱਚ ਪਹਿਲੀ ਦੱਖਣੀ ਏਸ਼ੀਆਈ ਮਹਿਲਾ ਚੁਣੀ ਗਈ ਉਪ ਰਾਸ਼ਟਰਪਤੀ, ਸੁਪਰੀਮ ਕੋਰਟ ਦੀ ਪਹਿਲੀ ਲੈਟਿਨਾ ਜਸਟਿਸ ਤੋਂ ਆਪਣੇ ਅਹੁਦੇ ਦੀ ਸਹੁੰ ਲਵੇਗੀ। ਕਮਲਾ ਹੈਰਿਸ, ਜਸਟਿਸ ਸੋਤੋਮਯੋਰ ਦੇ ਪਿਛੋਕੜ ਤੋਂ ਪ੍ਰੇਰਿਤ ਹੈ। ਇਸਦੇ ਇਲਾਵਾ ਸਹੁੰ ਚੁੱਕ ਸਮਾਰੋਹ ਦੇ ਇਤਿਹਾਸਕ ਦਿਨ ਲਈ, ਹੈਰਿਸ ਨੇ ਦੋ ਬਾਈਬਲਾਂ



ਦੀ ਚੋਣ ਕੀਤੀ ਹੈ, ਜਿਹਨਾਂ ਵਿੱਚੋਂ ਇੱਕ ਰੇਜੀਨਾ ਸ਼ੈਲਟਨ ਨਾਲ ਸਬੰਧਤ ਸੀ, ਜੋ ਕਿ ਹੈਰਿਸ ਅਤੇ ਉਸਦੀ ਭੈਣ ਮਾਇਆ ਲਈ ਦੂਜੀ ਮਾਂ ਵਰਗੀ ਸੀ।ਹੈਰਿਸ ਨੇ ਆਪਣੀ ਸਾਰੀ ਉਮਰ ਸ਼ੈਲਟਨ ਦੀ ਯਾਦ ਨੂੰ ਕਾਇਮ ਰੱਖਿਆ ਅਤੇ ਕੈਲੀਫੋਰਨੀਆਂ ਦੇ ਅਟਾਰਨੀ ਜਨਰਲ ਅਤੇ ਸੰਯੁਕਤ ਰਾਜ ਦੀ ਸੈਨੇਟ ਦੇ ਸਹੁੰ ਚੁੱਕਣ ਵੇਲੇ ਵੀ ਹੈਰਿਸ ਨੇ ਸ਼ੈਲਟਨ ਦੀ ਬਾਈਬਲ ਦੀ ਵਰਤੋਂ ਕੀਤੀ ਸੀ ਜਦਕਿ ਦੂਜੀ ਬਾਈਬਲ ਸੁਪਰੀਮ ਕੋਰਟ ਦੇ ਜਸਟਿਸ ਥੁਰਗੁਡ ਮਾਰਸ਼ਲ ਨਾਲ ਸਬੰਧਤ ਹੈ, ਜਿਸਨੇ ਹੈਰਿਸ ਦੇ ਕੈਰੀਅਰ ਦੇ ਰਸਤੇ ਨੂੰ ਪ੍ਰੇਰਿਤ ਕੀਤਾ ਸੀ। ਹੈਰਿਸ ਨੇ ਹਾਵਰਡ ਯੂਨੀਵਰਸਿਟੀ ਤੋਂ ਦਸਵੀਂ ਪਾਸ ਕਰਨ ਦਾ ਸਿਹਰਾ ਵੀ ਮਾਰਸ਼ਲ ਨੂੰ ਦਿੱਤਾ ਹੈ ਜਿਸਨੇ ਕਿ ਇਤਿਹਾਸਕ ਤੌਰ 'ਤੇ ਬਲੈਕ ਯੂਨੀਵਰਸਿਟੀ ਤੋਂ ਗ੍ਰੈਜੂਏਸ਼ਨ ਕੀਤੀ ਸੀ। 20 ਜਨਵਰੀ ਨੂੰ ਹੋ ਰਹੇ ਇਸ ਸਹੁੰ ਚੁੱਕ ਸਮਾਗਮ ਵਿੱਚ ਜਸਟਿਸ ਸੋਨੀਆ ਸੋਤੋਮਯੋਰ ਦੂਸਰੀ ਵਾਰ ਇਸ ਤਰਾਂ ਦੇ ਸਮਾਗਮ ਵਿੱਚ ਹਿੱਸਾ ਲੈ ਰਹੀ ਹੈ, ਇਸ ਤੋਂ ਪਹਿਲਾਂ ਉਸਨੇ 2013 ਵਿੱਚ ਰਾਸ਼ਟਰਪਤੀ ਚੁਣੇ ਜੋਅ ਬਾਈਡੇਨ ਨੂੰ ਉਪ ਰਾਸ਼ਟਰਪਤੀ ਵਜੋਂ ਸਹੁੰ ਚੁਕਵਾਈ ਸੀ।

# ਫਰਿਜ਼ਨੋ ਕਾਉਂਟੀ ਦੇ ਕੋਰੋਨਾਂ ਵਾਇਰਸ ਮਾਮਲਿਆਂ 'ਚ ਹੋਇਆ 627 ਹੋਰ ਪੁਸ਼ਟੀ ਕੀਤੇ ਕੇਸਾਂ ਦਾ ਵਾਧਾ

**ਫਰਿਜ਼ਨੋ (ਕੈਲੀਫੋਰਨੀਆਂ),15 ਜਨਵਰੀ 2021–** ਕੈਲੀਫੋਰਨੀਆਂ ਸੂਬਾ ਜੋ ਕਿ ਦੇਸ਼ ਭਰ ਦੇ ਵਾਇਰਸ ਪ੍ਰਭਾਵਿਤ ਖੇਤਰਾਂ ਵਿੱਚੋਂ ਇੱਕ ਹੈ। ਇਸ ਰਾਜ ਦੇ ਖੇਤਰਾਂ ਵਿੱਚ ਵਾਇਰਸ ਦੀ ਲਾਗ ਦੇ ਕੇਸਾਂ ਵਿੱਚ ਵਾਧਾ ਲਗਾਤਾਰ ਜਾਰੀ ਹੈ।

ਕੈਲੀਫੋਰਨੀਆਂ ਦੇ ਪਬਲਿਕ ਸਿਹਤ ਵਿਭਾਗ ਦੁਆਰਾ ਜਾਰੀ ਕੀਤੇ ਅੰਕੜਿਆਂ ਅਨੁਸਾਰ ਵੀਰਵਾਰ ਨੂੰ ਫਰਿਜ਼ਨੋ ਕਾਉਂਟੀ ਵਿੱਚ ਕੋਰੋਨਾਂ ਵਾਇਰਸ ਦੇ 627 ਨਵੇਂ ਕੇਸ ਦਰਜ਼ ਹੋਏ ਹਨ ,ਜਿਸ ਨਾਲ ਕਾਉਂਟੀ ਵਿੱਚ ਮਹਾਂਮਾਰੀ ਸ਼ੁਰੂ ਹੋਣ ਤੋਂ ਬਾਅਦ ਵਾਇਰਸ ਦੀ ਲਾਗ ਦੇ ਪੁਸ਼ਟੀ ਕੀਤੇ ਹੋਏ ਕੁੱਲ ਕੇਸ ਤਕਰੀਬਨ 78,278 ਹੋ ਗਏ ਹਨ। ਇਸਦੇ ਨਾਲ ਹੀ ਫਰਿਜ਼ਨੋ ਵਿੱਚ ਮਾਰਚ ਤੋਂ ਹੁਣ ਤੱਕ ਕੋਵਿਡ -19 ਨਾਲ




ਸਬੰਧਤ 846 ਮੌਤਾਂ ਦਰਜ ਕੀਤੀਆਂ ਗਈਆਂ ਹਨ। ਸਿਹਤ ਵਿਭਾਗ ਅਨੁਸਾਰ ਵੀਰਵਾਰ ਤੱਕ, 644 ਮਰੀਜ਼ ਹਸਪਤਾਲਾਂ ਵਿੱਚ ਦਾਖਲ ਹਨ, ਜਿਹਨਾਂ ਵਿੱਚ ਪਿਛਲੇ ਦਿਨ ਨਾਲੋਂ 31 ਮਰੀਜ਼ਾਂ ਦੀ ਕਮੀ ਆਈ ਹੈ ਅਤੇ ਪੂਰੀ ਕਾਉਂਟੀ ਦੇ ਹਸਪਤਾਲਾਂ ਵਿੱਚ ਗਿਆਰਾਂ ਇੰਟੈਂਸਿਵੈਟ ਕੇਅਰ ਯੂਨਿਟ ਬੈੱਡ ਉਪਲੱਬਧ ਹਨ। ਇਸਦੇ ਨਾਲ ਹੀ ਮਹਾਂਮਾਰੀ ਦੀ ਸ਼ੁਰੂਆਤ ਤੋਂ ਲੈ ਕੇ ਹੁਣ ਤੱਕ ਕੈਲੀਫੋਰਨੀਆਂ ਸੂਬੇ ਵਿੱਚ ਕੋਰੋਨਾਂ ਦੇ ਤਕਰੀਬਨ 2,816,969 ਮਾਮਲੇ ਦਰਜ਼ ਹੋਏ ਹਨ ਅਤੇ ਰਾਜ ਦੇ ਅੰਕੜਿਆਂ ਅਨੁਸਾਰ ਮੌਤਾਂ ਦੀ ਗਿਣਤੀ ਲੱਗਭਗ 31,654 ਤੱਕ ਪਹੁੰਚ ਗਈ ਹੈ।

ਵਾਇਰਸ ਵਿੱਚ ਵਾਧੇ ਨਾਲ ਸੂਬੇ ਦੇ ਕਈ ਹਸਪਤਾਲ ਸਿਹਤ ਸਹੂਲਤਾਂ ਦੀ ਸਮੱਸਿਆ ਦਾ ਸਾਹਮਣਾ ਕਰ ਰਹੇ ਹਨ, ਜਦਕਿ ਕਈ ਹਸਪਤਾਲਾਂ ਅਨੁਸਾਰ ਲੋੜ ਪੈਣ ਤੇ ਮਰੀਜ਼ਾਂ ਨੂੰ ਐਂਬੂਲੈਂਸ ਵਿੱਚ ਵੀ ਇਲਾਜ ਲਈ ਦਾਖਲ ਕੀਤਾ ਜਾ ਸਕਦਾ ਹੈ।

# ਟਰੰਪ ਪ੍ਰਸ਼ਾਸਨ ਨੇ ਜਾਨਲੇਵਾ ਟੀਕਾ ਲਗਾ ਕੇ ਦਿੱਤੀ ਵਰਜੀਨੀਆ ਗੈਂਗ ਕਿੱਲਰ ਨੂੰ ਮੌਤ ਦੀ ਸਜ਼ਾ

**ਫਰਿਜ਼ਨੋ (ਕੈਲੀਫੋਰਨੀਆਂ),15 ਜਨਵਰੀ 2021–** ਫਰਿਜ਼ਨੋ (ਕੈਲੀਫੋਰਨੀਆਂ),15 ਜਨਵਰੀ 2021- ਅਮਰੀਕਾ ਵਿੱਚ ਟਰੰਪ ਪ੍ਰਸ਼ਾਸਨ ਲਗਾਤਾਰ ਅਪਰਾਧੀਆਂ ਨੂੰ ਮੌਤ ਦੀ ਸਜ਼ਾ ਦੇ ਰਿਹਾ ਹੈ। ਪਿਛਲੇ ਦਿਨੀ ਕਤਲ ਦੇ ਦੋਸ਼ ਵਿੱਚ ਇੱਕ ਮਹਿਲਾ ਨੂੰ ਮੌਤ ਦੇ ਘਾਟ ਉਤਾਰਨ ਦੇ ਬਾਅਦ ਸੰਯੁਕਤ ਰਾਜ ਦੀ ਸਰਕਾਰ ਨੇ ਸਾਲ 1992 ਵਿੱਚ ਵਰਜੀਨੀਆ ਦੀ ਰਾਜਧਾਨੀ ਵਿੱਚ ਹੋਈਆਂ ਕਈ ਹੱਤਿਆਵਾਂ ਵਿੱਚ ਸ਼ਮੂਲੀਅਤ ਲਈ ਇੱਕ ਨਸ਼ਾ ਤਸਕਰੀ ਕਰਨ ਵਾਲੇ ਅਪਰਾਧੀ ਨੂੰ ਵੀਰਵਾਰ ਦੇ ਦਿਨ ਜਹਿਰੀਲਾ ਟੀਕਾ ਲਗਾ ਮੌਤ ਦੇ ਘਾਟ ਉਤਾਰਿਆ ਹੈ। ਸਰਕਾਰ ਦੁਆਰਾ ਇਹ ਕਾਰਵਾਈ ਦੋਸ਼ੀ ਦੇ ਵਕੀਲਾਂ ਦੁਆਰਾ ਉਸ ਦੇ ਹਾਲ ਹੀ ਵਿੱਚ ਕੋਵਿਡ -19 ਨਾਲ ਪ੍ਰਭਾਵਿਤ ਹੋਣ ਨਾਲ




ਫੇਫੜਿਆਂ ਦੇ ਨੁਕਸਾਨ ਦੇ ਦਾਅਵਿਆਂ ਦੇ ਬਾਵਜੂਦ ਕੀਤੀ ਗਈ ਹੈ। ਇਹ 52 ਸਾਲਾਂ ਕੋਰੇ ਜੋਹਨਸਨ ਨਾਮ ਦਾ ਦੋਸ਼ੀ, ਟਰੰਪ ਪ੍ਰਸ਼ਾਸਨ ਦੁਆਰਾ 17 ਸਾਲਾਂ ਦੇ ਅੰਤਰਾਲ ਤੋਂ ਬਾਅਦ ਸੰਘੀ ਫਾਂਸੀ ਮੁੜ ਸ਼ੁਰੂ ਕਰਨ ਦੇ ਬਾਅਦ ਇੰਡੀਆਨਾ ਦੇ ਸੰਘੀ ਜੇਲ੍ਹ ਕੰਪਲੈਕਸ ਟੈਰੇ ਹੌਤੇ ਵਿੱਚ ਮੌਤ ਦੀ ਸਜ਼ਾ ਪ੍ਰਾਪਤ ਕਰਨ ਵਾਲਾ 12 ਵਾਂ ਕੈਦੀ ਹੈ। ਜੋਹਨਸਨ ਨੂੰ ਅਧਿਕਾਰੀਆਂ ਦੁਆਰਾ ਵੀਰਵਾਰ ਰਾਤ 11:34 ਵਜੇ ਮ੍ਰਿਤਕ ਐਲਾਨ ਕਰ ਦਿੱਤਾ ਗਿਆ ਸੀ। ਜੋਹਨਸਨ ਤੋਂ ਬਾਅਦ ਇੱਕ ਹੋਰ ਅਪਰਾਧੀ ਡਸਟਿਨ ਹਿਗਜ਼ ਦੀ ਸ਼ੁੱਕਰਵਾਰ ਨੂੰ ਮੌਤ ਦੀ ਸਜ਼ਾ ਨਿਰਧਾਰਤ ਕੀਤੀ ਗਈ ਹੈ। ਇਹਨਾਂ ਦੀਆਂ ਸਜ਼ਾਵਾਂ ਰਾਸ਼ਟਰਪਤੀ ਚੁਣੇ ਹੋਏ ਜੋਅ ਬਾਈਡੇਨ ਦੇ ਸਹੁੰ ਚੁੱਕ ਸਮਾਗਮ ਤੋਂ ਪਹਿਲਾਂ ਆਖਰੀ ਸਜ਼ਾਵਾਂ ਹਨ। ਬਾਈਡੇਨ ਜੋ ਕਿ ਮੌਤ ਦੀ ਸਜ਼ਾ ਦਾ ਵਿਰੋਧ ਕਰਦੇ ਹਨ ਅਤੇ ਉਹਨਾਂ ਨੇ ਇਸ ਸਜ਼ਾ ਨੂੰ ਬੰਦ ਕਰਨ ਦਾ ਵੀ ਸੰਕੇਤ ਦਿੱਤਾ ਹੈ। ਜੋਹਨਸਨ ਨੂੰ ਰਿਚਮੰਡ ਵਿੱਚ ਇੱਕ ਗਰੋਹ ਦੁਆਰਾ ਕੀਤੀ ਗਈ ਹਿੰਸਾ ਜਿਸ ਵਿੱਚ 45 ਦਿਨਾਂ ਦੀ ਮਿਆਦ "ਚ 11 ਲੋਕਾਂ ਦੀ ਮੌਤ ਹੋ ਗਈ ਸੀ, ਵਿੱਚ ਸ਼ਾਮਿਲ ਹੋਣ ਦੇ ਦੋਸ਼ ਵਿੱਚ ਇਹ ਸਜ਼ਾ ਦਿੱਤੀ ਗਈ ਸੀ। ਜੋਹਨਸਨ ਨੇ ਜਹਿਰੀਲਾ ਟੀਕਾ ਲੱਗਣ ਤੋਂ ਪਹਿਲਾਂ ਆਖਰੀ ਬਿਆਨਾਂ "ਚ ਆਪਣੇ ਕੀਤੇ ਅਪਰਾਧਾਂ ਲਈ ਅਫਸੋਸ ਪ੍ਰਗਟ ਕੀਤਾ।

# ਇੰਡੋ ਯੂ ਐਸ ਹੈਰੀਟੇਜ ਆਰਗੇਨਾਜੇਸ਼ਨ ਫਰਿਜ਼ਨੋ ਵੱਲੋਂ ਕਿਸਾਨ ਵਿਰੋਧੀ ਕਾਲੇ ਕਾਨੂੰਨਾਂ ਦੀਆਂ ਕਾਪੀਆਂ ਸਾੜਕੇ ਲੋਹੜੀ ਮਨਾਈ ਗਈ

**ਫਰਿਜ਼ਨੋ (ਕੈਲੀਫੋਰਨੀਆਂ) 17 ਜਨਵਰੀ 2021–** ਭਾਰਤ ਵਰਸ਼ ਵਿੱਚ , ਕੇਂਦਰ ਸਰਕਾਰ ਵੱਲੋਂ ਖੇਤੀ ਤੇ ਜਿਨਸ ਸੰਬੰਧੀ ਬਣਾਏ ਤਿੰਨ ਲੋਕ-ਮਾਰੂ ਕਾਨੂੰਨਾਂ ਦੇ ਵਿਰੋਧ ਵਿੱਚ ਦੇਸ਼ ਭਰ ਦੇ ਕਿਸਾਨਾਂ ਵੱਲੋਂ ਜੋ ਵਤਨ-ਵਿਆਪੀ ਅੰਦੋਲਨ ਵਿੱਢਿਆ ਗਿਆ ਹੈ ਉਸ ਦੇ ਸੰਦਰਭ ਵਿੱਚ ਕੈਲੀਫੋਰਨੀਆ ਦੇ ਸ਼ਹਿਰ ਫਰਿਜ਼ਨੋ ਵਿਖੇ, 13 ਜਨਵਰੀ ਨੂੰ ਲੋੜ੍ਹੀ ਵਾਲ਼ੇ ਦਿਨ, ਇੰਡੋ ਯੂ ਐਸ ਹੈਰੀਟੇਜ ਆਰਗੇਨਾਈਜ਼ੇਸ਼ਨ (ਫਰਿ-ਜ਼ਨੋ) ਦੇ ਸਮੂਹ ਮੈਂਬਰਾਂ ਨੇ ਬਰਾੜ ਫ਼ਾਰਮ ਤੇ ਮੀਟਿੰਗ ਕੀਤੀ।

ਜਿਸ ਵਿੱਚ ਭਾਰਤ ਸਰਕਾਰ ਵੱਲੋਂ ਸੰਸਦ ਵਿੱਚ ਜਿਸ ਤਰਾਂ ਤਿੰਨ ਕਨੂੰਨ ਬਣਾਏ ਗਏ ਅਤੇ ਰਾਜ-ਸਭਾ ਵਿੱਚ ਬਿਨਾਂ ਵੋਟਿੰਗ ਕੀਤੀ ਜੋਰਾ-ਜਰਬੀ ਨਾਲ ਪਾਸ ਕੀਤੇ ਗਏ। ਇਹਨਾਂ ਕਾਲੇ ਕਨੂੰਨਾਂ ਦਾ ਦੁਨੀਆਂ ਭਰ ਵਿੱਚ ਵਿਰੋਧ ਹੋ ਰਿਹਾ ਹੈ, ਇਸੇ ਕੜੀ ਤਹਿਤ ਫਰਿਜ਼ਨੋ ਦੀ ਇੰਡੋ ਯੂ ਐਸ ਹੈਰੀਟੇਜ ਆਰਗੇਨਾਈਜ਼ੇਸ਼ਨ ਵੱਲੋਂ ਵੀ ਲੋਹੜੀ ਵਾਲੇ ਦਿਨ ਇਹਨਾਂ ਤਿੰਨ ਕਾਲੇ ਕਨੂੰਨਾਂ ਦੀਆਂ ਕਾਪੀਆਂ ਅੱਗ ਵਿੱਚ ਸਾੜਕੇ ਆਪਣਾ ਵਿਰੋਧ ਜ਼ਾਹਰ ਕੀਤਾ ਗਿਆ। ਜਥੇਬੰਦੀ ਦੇ ਸਿਰਮੌਰ ਆਗੂ ਤੇ ਫਾਊਂਡਰ ਸ. ਸਾਧੂ ਸਿੰਘ ਸੰਘਾ ਨੇ ਇਹਨਾਂ ਤਿੰਨਾਂ ਕਾਲ਼ੇ ਕਾਨੂੰਨਾਂ ਦੀ ਸਖ਼ਤ ਸ਼ਬਦਾਂ ਵਿਚ ਨਿੰਦਾ ਕੀਤੀ 'ਤੇ ਭਾਰਤੀ ਕਿਸਾਨ ਅੰਦੋਲਨ ਨੂੰ ਹੱਕਾਂ ਦੀ ਰਾਖੀ ਲਈ ਵਿੱਢਿਆ ਜਾਇਜ਼ ਸੰਘਰਸ਼ ਕਰਾਰ ਦਿੱਤਾ। ਜਥੇਬੰਦੀ ਦੇ ਕਾਨੂੰਨੀ ਸਲਾਹਕਾਰ






ਹੈਰੀ ਮਾਨ ਨੇ ਦੱਸਿਆ ਕਿ ਕਿਸ ਤਰਾਂ ਲੱਖਾਂ ਕਿਸਾਨ, ਔਰਤਾਂ , ਬਜ਼ੁਰਗ ਅਤੇ ਬੱਚੇ, ਅਪਣੇਂ ਭਵਿੱਖ ਦੀ ਚਿੰਤਾ ਕਰਦੇ ਹੋਏ, ਪੋਹ-ਮਾਘ ਦੀ ਕੜਾਕੇ ਦੀ ਠੰਡ੍ਹ ਵਿੱਚ ਪਿਛਲੇ 53 ਦਿਨਾਂ ਤੋਂ ਰਾਜਧਾਨੀ ਦਿੱਲੀ ਦੀਆਂ ਬਰੂਹਾਂ ਉੱਪਰ ਬੁਲੰਦ ਹੌਂਸਲਿਆ ਨਾਲ਼ ਡਟੇ ਹੋਏ ਹਨ, ਅਸੀਂ ਹਰ-ਪੱਖ ਤੋਂ ਉਹਨਾਂ ਦੇ ਨਾਲ ਹਾਂ।

ਪੰਜਾਬੀ ਅਮੈਰਿਕਨ ਗਰੋਅਰ ਗਰੁਪ ਦੇ ਬੁਲਾਰੇ ਅਤੇ ਜਥੇਬੰਦੀ ਦੇ ਸਿਰਕੱਢ ਮੈਂਬਰ, ਸੰਤੋਖ ਢਿੱਲੋਂ ਨੇ ਵੀ ਅਪਣੇਂ ਵੀਚਾਰ ਸਾਂਝੇ ਕੀਤੇ ਅਤੇ ਇਹਨਾਂ ਕਾਲ਼ੇ ਕਾਨੂੰਨਾਂ ਦੀ ਨਿੰਦਾ ਕੀਤੀ।

ਨਿਰਮਲ ਸਿੰਘ ਗਿੱਲ (ਧਨੌਲਾ) ਨੇ ਦੱਸਿਆ ਕਿ ਕੜਕਦੀ ਠੰਡ੍ਹ ਕਾਰਨ ਅੱਜ ਤੱਕ ਧਰਨਿਆਂ ਵਿੱਚ ਸ਼ਾਮਲ ਹੋਣ ਆਏ, 70 ਤੋਂ ਵੱਧ ਕਿਸਾਨ ਸ਼ਹੀਦ ਹੋ ਤੁੱਕੇ ਹਨ। ਰਣਜੀਤ ਗਿੱਲ ਨੇ ਆਖਿਆ ਕਿ ਇਹ ਤਿੰਨ ਕਾਲ਼ੇ ਕਾਨੂੰਨ , ਭਾਰਤ ਵਰਸ਼ ਦੇ ਕਿਸਾਨਾਂ ਲਈ ਮੌਤ ਦੇ ਵਰੰਟ ਹਨ। ਪੰਜਾਬ, ਹਰਿਆਣਾ ਅਤੇ ਦੇਸ਼ ਦੇ ਜੋ ਖੇਤੀ-ਪ੍ਰਧਾਨ ਸੂਬੇ ਹਨ, ਜਿਹੜੇ ਸੈਂਕੜੇ ਸਾਲਾਂ ਤੋ ਖੇਤੀ-ਬਾੜੀ ਦੇ ਮੁੱਖ ਕਿੱਤੇ ਨਾਲ਼ ਜੁੜੇ ਹਨ, ਅਗਰ ਉੱਥੇ ਇਹਨਾਂ ਨਵੇਂ ਕਾਨੂਨਾਂ ਅਨੁਸਾਰ, ਕਿਸਾਨ ਦੀ ਫਸਲ ਦਾ, ਲਾਗਤ ਅਨੁਸਾਰ ਡੇਢਾ ਮੁੱਲ ਦੇਣ ਦਾ ਲਿਖਤੀ ਕਾਨੂੰਨ ਨਹੀਂ ਬਣਾਇਆ ਜਾਂਦਾ ਤਾਂ ਵਪਾਰੀ ਵਰਗ ਦੀ ਲੁੱਟ ਬੇ-ਲਗਾਮ ਹੋ ਜਾਵੇਗੀ ਅਤੇ ਮਹਿੰਗਾਈ ਦੀ ਮਾਰ ਦੇਸ਼ ਦੇ ਆਮ ਨਾਗਰਿਕ ਨੂੰ, ਗਰੀਬੀ ਦੀ ਲਾਲ ਲਖੀਰ ਤੋਂ ਵੀ ਥੱਲੇ ਲੈ ਜਾਵੇਗੀ। ਉਪਰੰਤ ਇਹਨਾਂ ਲੋਕ-ਮਾਰੂ ਕਾਨੂੰਨਾਂ ਦਾ ਰੋਸ ਪ੍ਰਗਟ ਕਰਦਿਆਂ , ਕਾਨੂੰਨਾਂ ਦੀਆਂ ਕਾਪੀਆਂ, ਲੋੜ੍ਹੀ ਦੀ ਧੂਣੀ ਉੱਪਰ , ਤਿਲ਼ਾਂ ਸਮੇਤ ਸਾੜੀਆਂ ਗਈਆਂ। ਮੀਟਿੰਗ ਵਿੱਚ ਹਾਜ਼ਰ ਰਜਿੰਦਰ ਬਰਾੜ, ਸਤਵੰਤ ਵਿਰਕ, ਮਨਜੀਤ ਕੁਲਾਰ ਅਤੇ ਦਿਲਬਾਗ ਕੁਲਾਰ, ਸੁਲੱਖਣ ਗਿੱਲ , ਨੌਰੰਗ ਸਿੰਘ, ਭਾਗ ਸਿੰਘ ਗਿੱਲ, ਮੋਹਲਾ ਸਿੰਘ ਬਰਾੜ ਤੇ ਰਾਜ ਸਿਧੂ ਨੇ ਭਾਰਤ ਸਰਕਾਰ ਨੂੰ ਅਪੀਲ ਕੀਤੀ ਕਿ ਇਹ ਤਿੰਨੇ ਕਾਨੂੰਨ ਬਿਨਾਂ ਸ਼ਰਤ ਵਾਪਸ ਲਏ ਜਾਣ ਤਾਂ ਜੋ ਘਰੋ ਬੇਘਰ ਹੋਏ ਕਿਸਾਨ / ਮਜ਼ਦੂਰ ਆਪੋ ਆਪਣੇ ਆਹਲਣਿਆਂ ਵਿੱਚ ਸੁੱਖੀ ਸਾਂਦੀ ਵਾਪਸ ਪਰਤਣ।

# ਵਾਸ਼ਿੰਗਟਨ ਪੁਲਿਸ ਨੇ ਵਰਜੀਨੀਆ ਵਾਸੀ ਨੂੰ ਕੀਤਾ ਅਸਲੇ ਸਮੇਤ ਗ੍ਰਿਫਤਾਰ

**ਫਰਿਜ਼ਨੋ (ਕੈਲੀਫੋਰਨੀਆਂ),15 ਜਨਵਰੀ 2021–** ਅਮਰੀਕਾ ਵਿੱਚ ਰਾਸ਼ਟਰਪਤੀ ਚੁਣੇ ਗਏ ਜੋਅ ਬਾਈਡੇਨ ਦੇ ਇਸ ਹਫਤੇ ਹੋਣ ਵਾਲੇ ਸਹੁੰ ਚੁੱਕ ਸਮਾਗਮ ਦੇ ਮੱਦੇ-ਨਜ਼ਰ ਰਾਜਧਾਨੀ ਵਾਸ਼ਿੰਗਟਨ ਵਿੱਚ ਸੁਰੱਖਿਆ ਦੇ ਪੁਖਤਾ ਇੰਤਜ਼ਾਮ ਕੀਤੇ ਜਾ ਰਹੇ ਹਨ। ਇਸੇ ਸੰਬੰਧੀ ਵਾਸ਼ਿੰਗਟਨ, ਡੀ.ਸੀ. ਵਿੱਚ ਪੁਲਿਸ ਨੇ ਸ਼ੁੱਕਰਵਾਰ ਨੂੰ ਇੱਕ ਵਰਜੀਨੀਆ ਨਾਲ ਸੰਬੰਧਿਤ ਇੱਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਹੈ, ਜਿਸ ਨੇ ਸਮਾਰੋਹ ਦੇ ਇੱਕ ਨਕਲੀ ਪ੍ਰਮਾਣ ਪੱਤਰ, ਬਿਨਾਂ ਲਾਈਸੈਂਸ ਦੇ ਹੈਂਡਗਨ ਅਤੇ 500 ਤੋਂ ਵੱਧ ਗੋਲੀਆਂ ਸਮੇਤ ਇੱਕ ਸੁਰੱਖਿਆ ਚੌਕੀ ਤੋਂ ਲੰਘਣ ਦੀ ਕੋਸ਼ੈਸ਼ ਕੀਤੀ ਸੀ। ਪੁਲਿਸ ਰਿਪੋਰਟ ਦੇ ਅਨੁਸਾਰ ਵਰ-ਜੀਨੀਆ ਦੇ ਫਰੰਟ ਰਾਇਲ ਵਾਸੀ 31 ਸਾਲਾ ਵੇਸਲੇ ਐਲਨ ਬੀਲਰ ਨੂੰ ਸ਼ੁੱਕਰਵਾਰ ਦੇ ਦਿਨ ਉਸਦੇ ਟਰੱਕ ਵਿੱਚੋਂ ਦੋ ਅਣ



ਰਜਿਸਟਰਡ ਜੀ ਲਾਕ 9 ਐਮ.ਐਮ. ਹੈਂਡਗਨ, 509 ਰਾਊਂਡ 9 ਐਮ.ਐਮ ਗੋ-ਲੀਆਂ, 12 ਸ਼ਾਟ ਗਨ ਸ਼ੈਲ ਅਤੇ ਇੱਕ 17 ਰਾਊਂਡ ਮੈਗਜ਼ੀਨ ਮਿਲਣ ਦੇ ਬਾਅਦ ਸ਼ਾਮ ਦੇ ਕਰੀਬ ਸਾਢੇ ਛੇ ਵਜੇ ਗੈਰਿਫ਼ਤਾਰ ਕੀਤਾ ਗਿਆ। ਪੁਲਿਸ ਦੁਆਰਾ ਪੁੱਛੇ ਜਾਣ ਤੇ ਬੀਲਰ ਨੇ ਮੰਨਿਆ ਕਿ ਉਹ ਸੈਂਟਰ ਆਰਮਰੇਸਟ ਵਿੱਚ ਇੱਕ ਸੈਮੀ-ਆਟੋਮੈਟਿਕ ਪਿਸਤੌਲ ਲੈ ਕੇ ਆਇਆ ਸੀ।ਉਸਨੇ ਦੱਸਿਆ ਕਿ ਸਮਾਰੋਹ ਤੋਂ ਪਹਿਲਾਂ ਉਸਨੇ ਪਿਛਲੇ ਹਫ਼ਤੇ ਵਾਸ਼ਿੰਗਟਨ ਵਿੱਚ ਇੱਕ ਸੁਰੱਖਿਆ ਏਜੰਸੀ ਵਿੱਚ ਕੰਮ ਕੀਤਾ ਹੈ ਅਤੇ ਉਹ ਵਰਜੀਨੀਆਂ ਤੋਂ ਆਪਣਾ ਘਰ ਛੱਡਣ ਵੇਲੇ ਟਰੱਕ ਵਿੱਚ ਹਥਿਆਰ ਹੋਣ ਬਾਰੇ ਭੁੱਲ ਗਿਆ ਸੀ। ਇਸ ਮਾਮਲੇ ਵਿੱਚ ਬੀਲਰ ਨੂੰ 16 ਜਨਵਰੀ ਦੇ ਦਿਨ ਡੀ.ਸੀ ਸੁਪੀਰੀਅਰ ਕੋਰਟ ਵਿੱਚ ਮੁਕੱਦਮੇ ਲਈ ਪੇਸ਼ ਕੀਤਾ ਗਿਆ ਸੀ ਜਿਸ ਦੌਰਾਨ ਉਸ ਉੱਤੇ ਰਜਿਸਟਰੇਸ਼ਨ ਤੋਂ ਬਿਨਾਂ ਹਥਿਆਰ ਰੱਖਣ ਸਮੇਤ ਪੰਜ ਜੁਰਮਾਂ ਦਾ ਦੋਸ਼ ਲਗਾਇਆ ਗਿਆ । ਫਿਲਹਾਲ ਉਸਨੂੰ ਹੁਣ ਰਿਹਾ ਕਰ ਦਿੱਤਾ ਗਿਆ ਹੈ ਪਰੰਤੂ ਉਸਦੇ ਬਿਨਾਂ ਕਿਸੇ ਅਦ-ਾਲਤੀ ਕਾਰਵਾਈ ਦੇ ਰਾਜਧਾਨੀ ਵਿੱਚ ਵਾਪਸ ਆਉਣ ਤੇ ਪਾ-ਬੰਦੀ ਲਗਾਈ ਗਈ ਹੈ।

# ਯੂਬਾ ਸਿਟੀ ਵਿੱਚ ਕਿਸਾਨ ਰੈਲੀ ਵਿੱਚ ਹੋਈ ਹਜਾਰਾਂ ਲੋਕਾਂ ਦੀ ਸ਼ਮੂਲੀਅਤ

ਅੱਜ ਕੈਲੇਫੋਰਨੀਆ ਦੇ ਸ਼ਹਿਰ ਯੂਬਾ ਸਿਟੀ ਵਿੱਚ ਭਾਰਤ ਦੀ ਕੇਂਦਰ ਸਰਕਾਰ ਵਲੋਂ ਲਿਆਂਦੇ ਤਿੰਨ ਕਾਲੇ ਕਾਨੂੰਨਾਂ ਨੂੰ ਰੱਦ ਕਰਵਾਉਣ ਲਈ ਦਿੱਲੀ ਦੇ ਬਾਰਡਰ ਤੇ ਪਿਛਲੇ ਡੇਢ ਮਹੀਨੇ ਤੋਂ ਵੀ ਵੱਧ ਸਮੇਂ ਤੋਂ ਸ਼ਾਂਤਮਈ ਅੰਦੋਲਨ ਕਰ ਰਹੇ ਕਿਸਾਨਾਂ ਦੀ ਹਮਾਇਤ ਵਿੱਚ ਇੱਕ ਵਿਸ਼ਾਲ ਰੈਲੀ ਆਯੋਜਿਤ ਕੀਤੀ ਗਈ ਜਿਸਦਾ ਸਿਹਰਾ ਸਾਹਿਬਜਾਦਾ ਅਜੀਤ ਸਿੰਘ ਕਲੱਬ ਯੂਬਾ ਸਿਟੀ ਅਤੇ ਸਮੂਹ ਸੰਗਤ ਦੇ ਸਿਰ ਬੱਝਦਾ ਹੈ।।ਇਹ ਰੈਲੀ ਇਥੋਂ ਦੇ ਗੁਰੂਦੁਆਰਾ ਟਾਇਰਾ ਬੀਨਾ ਤੋਂ ਸ਼ੁਰੂ ਕੀਤੀ ਅਤੇ ਸਟਰ ਕਾਊਂਟੀ ਦੇ ਕੋਰਟ ਹਾਊਸ ਤੇ ਸਮਾਪਤ ਕੀਤੀ ਗਈ। ਇਸ ਕਾਰ ਅਤੇ ਟਰੱਕ ਰੈਲੀ ਵਿੱਚ ਯੂਬਾ ਸਿਟੀ ਤੋਂ ਇਲਾਵਾ ਇਸਦੇ ਨਜਦੀਕ ਪੈਂਦੇ ਸ਼ਹਿਰਾਂ ਤੋਂ ਹਜਾਰਾਂ ਦੀ ਗਿਣਤੀ ਵਿੱਚ ਸਮੂਹਿਕ ਭਾਈਚਾਰੇ ਦੇ ਲੋਕਾਂ ਨੇ ਹਿੱਸਾ ਲਿਆ।ਕਿਸਾਨਾਂ ਦੇ ਹੱਕ ਅਤੇ ਕੇਂਦਰ ਸਰਕਰ ਦੇ ਖਿਲਾਫ ਲਿਖੇ ਹੋਏ ਸਲੋਗਨਾਂ ਵਾਲੇ ਬੈਨਰ ਲੋਕਾਂ ਨੇ ਹੱਥਾਂ ਵਿੱਚ ਫੜੇ ਹੋਏ ਸਨ ਅਤੇ ਬਹੁਤ ਸਾਰੇ ਲੋਕਾਂ ਨੇ ਕਈ ਕਿਸਮ ਦੇ ਨਾਹਰੇ ਆਪਣੀਆਂ ਕਾਰਾਂ ਤੇ ਵੀ ਲਿਖੇ ਹੋਏ ਸਨ। ਰੈਲੀ ਦੀ ਸ਼ੁਰੂਆਤ ਵੱਖ-ਵੱਖ ਬੁਲਾਰਿਆਂ ਵਲੋਂ ਭਾਸ਼ਣ ਦੇਣ ਅਤੇ ਕਿਸਾਨਾਂ ਦੀ ਜਿੱਤ ਹੋਣ ਦੀ ਅਰਦਾਸ ਕਰਕੇ ਕੀਤੀ ਗਈ। ਕਈ ਮੀਲਾਂ ਤੱਕ ਲੰਬੀ ਰੈਲੀ ਇਹ ਦਰਸਾਅ ਰਹੀ ਸੀ ਕਿ ਵਿਦੇਸ਼ ਦੀ ਧਰਤੀ ਤੇ ਵੱਸਦੇ ਪੰਜਾਬੀਆਂ ਦੇ ਦਿਲਾਂ ਵਿੱਚ ਪੰਜਾਬ ਰਹਿੰਦੇ ਕਿਸਾਨਾਂ ਲਈ ਡੂੰਘਾ ਦਰਦ ਹੈ।







ਕਿਸਾਨਾਂ ਦੇ ਹੱਕ ਵਿੱਚ ਕੱਢੀ ਇਸ ਰੈਲੀ ਵਿੱਚ ਮਰਦ, ਔਰਤਾਂ, ਛੋਟੇ ਬੱਚਿਆਂ ਤੋਂ ਇਲਾਵਾ ਬਹੁਤ ਸਾਰੇ ਗੋਰਿਆਂ ਨੇ ਵੀ ਭਾਗ ਲਿਆ। ਇਸ ਰੈਲੀ ਨੂੰ ਕਾਮਯਾਬ ਕਰਨ ਲਈ ਯੂਬਾ ਸਿਟੀ ਦੇ ਪ੍ਰਸ਼ਾਸ਼ਨ ਦਾ ਵੀ ਪੂਰਾ ਸਹਿਯੋਗ ਮਿਲਿਆ।ਕੇਂਦਰ ਸਰਕਾਰ ਦੇ ਅੜ੍ਹਬ ਰਵੱਈਏ ਪ੍ਰਤੀ ਲੋਕਾਂ ਵਲੋਂ ਲਗਾਏ ਜਾਂਦੇ ਨਾਹਰਿਆਂ ਤੋਂ ਸਪੱਸ਼ਟ ਝਲਕਦਾ ਸੀ ਕਿ ਉਹਨਾਂ ਦੇ ਦਿਲਾਂ ਵਿੱਚ ਆਪਣੇ ਕਿਸਾਨ ਭਰਾਵਾਂ ਲਈ ਕਿੰਨਾ ਦਰਦ ਹੈ।

ਸਟੇਜ ਤੇ ਬੋਲਦੇ ਵੱਖ-ਵੱਖ ਬੁਲਾਰਿਆਂ ਨੇ ਕੇਂਦਰ ਸਰਕਾਰ ਦੀਆਂ ਕਿਸਾਨ ਮਾਰੂ ਨੀਤੀਆਂ ਦਾ ਵਿਸ਼ਲੇਸ਼ਣ ਕਰਦੇ ਹੋਏ ਕਿਹਾ ਕਿ ਭਾਜਪਾ ਦੀ ਸਰਕਾਰ ਅੰਦਰ ਲੋਕਤੰਤਰ ਨਾਂ ਦਾ ਕੋਈ ਅੰਸ਼ ਨਹੀਂ ਰਹਿ ਗਿਆ ਸਗੋਂ ਇਹ ਸਰਕਾਰ ਕਾਰਪੋਰੇਟ ਘਰਾਣਿਆਂ ਦੀ ਕੱਠਪੁੱਤਲੀ ਬਣਕੇ ਦੇਸ਼ ਦੇ ਲੋਕਾਂ ਲਈ ਡਿਕਟੇਟਰਸ਼ਿਪ ਦਾ ਰਾਹ ਅਪਣਾਅ ਰਹੀ ਹੈ ਜੋ ਕਿ ਦੇਸ਼ ਦੀ ਆਰਥਿਕਤਾ ਨੂੰ ਤਬਾਹ ਕਰਕੇ ਰੱਖ ਦੇਵੇਗਾ। ਇਸ ਰੈਲੀ ਨੂੰ ਸਰਬਜੀਤ ਸਿੰਘ ਸਾਬੀ ਐਚ.ਐਸ.ਡੀ ਟਰੱਕਿੰਗ ਵਾਲੇ, ਗੁਰਪ੍ਰੀਤ ਸਿੰਘ, ਅਜੈਬ ਸਿੰਘ ਮੱਲ੍ਹੀ, ਜਸਪਾਲ ਸਿੰਘ ਨਾਗਰਾ, ਗੁਰਮੀਤ ਸਿੰਘ ਤੱਖਰ, ਸੰਦੀਪ ਸਿੰਘ ਜੰਟੀ ਨੇ ਸੰਬੋਧਨ ਕੀਤਾ।

ਇਸ ਰੈਲੀ ਨੂੰ ਯੋਜਨਾਬੱਧ ਤਰੀਕੇ ਨਾਲ ਨੇਪਰੇ ਚਾੜਨ ਲਈ ਪਰਦੀਪ ਸਿੰਘ ਦੀਪਾ, ਜਸਕਰਨ ਸਿੰਘ ਜੌਹਲ, ਜਤਿੰਦਰ ਸਿੰਘ ਢਿੱਲੋਂ, ਸੰਦੀਪ ਸਿੰਘ ਨਾਗਰਾ ਅਤੇ ਹੋਰ ਅਨੇਕਾਂ ਹੀ ਨੌਜੁਆਨਾਂ ਨੇ ਯੋਗਦਾਨ ਪਾਇਆ।

**ਜਸਪਾਲ ਸਿੰਘ ਨਾਗਰਾ 'ਮਹਿੰਦਪੁਰੀਆ'**
001-360-448-1989

## ਫਰਿਜ਼ਨੋ (ਕੈਲੀਫੋਰਨੀਆਂ) ਖਬਰਨਾਮਾ / ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ

# ਅਮਰੀਕੀ ਸੈਨਾ ਨੇ ਸੋਮਾਲੀਆ ਤੋਂ ਸੈਨਿਕ ਬਲਾਂ ਦੇ ਵਾਪਿਸ ਆਉਣ ਦੀ ਕੀਤੀ ਪੁਸ਼ਟੀ

**ਫਰਿਜ਼ਨੋ (ਕੈਲੀਫੋਰਨੀਆਂ), 18 ਜਨਵਰੀ 2021-** ਅਮਰੀਕੀ ਸੈਨਾ ਜੋ ਕਿ ਵਿਸ਼ਵ ਭਰ ਦੀਆਂ ਸੈਨਾਵਾਂ ਵਿੱਚੋਂ ਤਾਕਤਵਰ ਮੰਨੀ ਜਾਂਦੀ ਹੈ, ਦੁਨੀਆਂ ਦੇ ਕਈ ਦੇਸ਼ਾਂ ਨੂੰ ਸੁਰੱਖਿਆ ਸਹਾਇਤਾ ਪੈਰਦਾਨ ਕਰਦੀ ਹੈ। ਅਫਰੀਕੀ ਦੇਸ਼ ਸੋਮਾਲੀਆ ਵਿੱਚ ਵੀ ਅਮਰੀਕੀ ਸੈਨਾ ਦੇ ਜਵਾਨ ਲੰਮੇ ਸਮੇਂ ਤੋਂ ਆਪਣੀਆਂ ਸੇਵਾਵਾਂ ਨਿਭਾ ਰਹੇ ਹਨ ਪਰ ਪਿਛਲੇ ਸਾਲ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਉਸਦੇ ਅਖੀਰਲੇ ਕਾਰਜਾਂ ਤਹਿਤ ਸੋਮਾਲੀਆ ਵਿੱਚੋਂ ਸੈਨਿਕ ਬਲਾਂ ਨੂੰ ਹਟਾਉਣ ਦੀ ਪੈਰਕਿਰਿਆ ਸ਼ੁਰੂ ਕੀਤੀ ਗਈ ਸੀ, ਜਿਸਦੇ ਸੰਬੰਧ ਵਿੱਚ ਹੁਣ ਸਯੁੰਕਤ ਰਾਜ ਦੀ ਸੈਨਾ ਅਨੁਸਾਰ ਸੋਮਾਲੀਆ ਤੋਂ ਫ਼ੌਜ ਦੀ ਵਾਪਸੀ ਪੈਰਕਿਰਿਆ ਪੂਰੀ ਹੋ ਗਈ ਹੈ। ਇਸ ਸੰਬੰਧ ਵਿੱਚ ਕੁੱਝ ਮਾਹਰਾਂ ਨੇ ਸੋਮਾਲੀਆ ਲਈ ਇਸ ਕਾਰਵਾਈ ਨੂੰ ਇੱਕ ਨੁਕਸਾਨ ਦੱਸਿਆ ਹੈ, ਕਿਉਂਕਿ ਇਸ ਨਾਲ ਅੰਦਾਜ਼ਨ 700 ਅਮਰੀਕੀ ਫੌਜੀ ਜਵਾਨਾਂ ਦੀ ਵਾਪਸੀ ਸੋਮਾਲੀਆ ਦੀਆਂ ਰਾਸ਼ਟਰੀ ਚੋਣਾਂ ਵਿੱਚ ਰਹਿੰਦੇ ਲੱਗਭਗ ਇੱਕ ਮਹੀਨੇ ਤੋਂ ਵੀ ਘੱਟ ਸਮੇਂ ਤੋਂ ਪਹਿਲਾਂ ਹੋਈ ਹੈ ਜਦਕਿ ਦੇਸ਼ ਵਿੱਚ ਅਲ ਕਾਇਦਾ ਨਾਲ ਜੁੜੇ ਅਲ-ਸ਼ਬਾਬ ਕੱਟੜਪੰਥੀ ਸਮੂਹ ਨੇ ਆਪਣੀ ਕੁਸ਼ਲਤਾ ਨੂੰ ਬਿਹਤਰ ਬਣਾਇਆ ਹੈ। ਸੰਯੁਕਤ ਰਾਜ ਦੇ ਸੈਨਿਕ ਜਵਾਨਾਂ ਨੇ ਅੱਤਵਾਦ ਵਿਰੋਧੀ ਕਾਰਵਾਈਆਂ ਵਿੱਚ ਸੋਮਾਲੀਆ ਫੌਜਾਂ ਨੂੰ ਸਿਖਲਾਈ ਦੇਣ ਦੇ ਨਾਲ ਅੱਤਵਾਦ ਵਿਰੁੱਧ ਉਹਨਾਂ ਦੀ ਸਹਾਇਤਾ ਵੀ ਕੀਤੀ ਹੈ। ਸੋਮਾਲੀਆ ਤੋਂ ਬਾਅਦ ਸੈਨਿਕ ਬਲਾਂ ਨੂੰ ਹੋਰ ਅਫਰੀਕੀ ਦੇਸ਼ਾਂ ਜਿਵੇਂ ਕਿ ਕੀਨੀਆ ਅਤੇ



ਜਾਇਬੂਤੀ ਆਦਿ ਭੇਜਿਆ ਜਾ ਰਿਹਾ ਹੈ। ਸੋਮਾਲੀਆ ਵਿੱਚੋਂ ਫੌਜਾਂ ਦੀ ਵਾਪਸੀ ਦਾ ਐਲਾਨ ਟਰੰਪ ਪੈਰਸ਼ਾਸਨ ਦੁਆਰਾ ਪਿਛਲੇ ਸਾਲ ਦੇ ਅੰਤ ਵਿੱਚ ਕੀਤਾ ਗਿਆ ਸੀ ਜਿਸ ਲਈ 15 ਜਨਵਰੀ ਦੀ ਆਖਰੀ ਤਰੀਕ ਨਿਰਧਾਰਿਤ ਕੀਤੀ ਗਈ ਸੀ। ਸੰਯੁਕਤ ਰਾਜ ਦੀ ਫੌਜ, ਜਿਸ ਨੇ ਟਰੰਪ ਪੈਰਸ਼ਾਸਨ ਦੌਰਾਨ ਇਸਲਾਮਿਕ ਸਟੇਟ ਸਮੂਹ ਨਾਲ ਜੁੜੇ ਅਲ-ਸ਼ਬਾਬ ਅਤੇ ਹੋਰ ਛੋਟੇ ਸਮੂਹਾਂ ਦੇ ਵਿਰੁੱਧ ਕਈ ਹਵਾਈ ਹਮਲੇ ਕੀਤੇ ਹਨ, ਦੇ ਅਨੁਸਾਰ ਉਹ ਅਲ-ਸ਼ਬਾਬ ਕੱਟੜਪੰਥੀ ਸਮੂਹ ਜਿਸ ਕੋਲ ਅੰਦਾਜ਼ਨ 5,000 ਤੋਂ 10,000 ਲੜਾਕੂ ਹਨ, ਦੇ ਉੱਪਰ ਆਪਣਾ ਦਬਾਅ ਬਣਾਈ ਰੱਖੇਗੀ। ਇਸਦੇ ਇਲਾਵਾ ਸੰਯੁਕਤ ਰਾਜ ਅਫਰੀਕਾ ਦੇ ਕਮਾਂਡ ਕਮਾਂਡਰ, ਜਨਰਲ ਸਟੀਫਨ ਟਾਉਨਸੈਂਡ ਅਨੁਸਾਰ ਸੋਮਾਲੀਆ ਵਿੱਚੋ ਅਮਰੀਕੀ ਜਵਾਨਾਂ ਨੂੰ ਹਟਾਉਣ ਦੇ ਅਭਿਆਨ ਦੌਰਾਨ ਕਿਸੇ ਤਰੈਹਾਂ ਦਾ ਕੋਈ ਨੁਕਸਾਨ ਨਹੀਂ ਹੋਇਆ ਹੈ।

# ਕੈਲੀਫੋਰਨੀਆਂ ਵਿੱਚ ਫੌਜ ਦਾ ਲੜਾਕੂ ਵਾਹਨ ਹਮਵੀ ਹੋਇਆ ਚੋਰੀ

**ਫਰਿਜ਼ਨੋ (ਕੈਲੀਫੋਰਨੀਆਂ), 18 ਜਨਵਰੀ 2021-** ਕੈਲੀਫੋਰਨੀਆਂ ਸੂਬੇ ਵਿੱਚ ਨੈਸ਼ਨਲ ਗਾਰਡਜ਼ ਦੇ ਬੇਸ ਵਿੱਚੋਂ ਸੈਨਾ ਦੇ ਲੜਾਕੂ ਵਾਹਨ ਹਮਵੀ ਦੇ ਚੋਰੀ ਹੋ ਜਾਣ ਦੀ ਘਟਨਾ ਵਾਪਰੀ ਹੈ। ਇਸ ਮਾਮਲੇ ਵਿੱਚ ਐਫ.ਬੀ.ਆਈ ਵੱਲੋਂ ਕੈਲੀਫੋਰਨੀਆਂ ਦੇ ਬੇਲ ਵਿੱਚ ਸ਼ੁੱਕਰਵਾਰ ਨੂੰ ਨੈਸ਼ਨਲ ਗਾਰਡ ਆਰਮਰੀ ਤੋਂ ਚੋਰੀ ਹੋਈ ਇੱਕ ਮਿਲਟਰੀ ਹਮਵੀ ਦੀ ਜਾਂਚ ਸ਼ੁਰੂ ਕੀਤੀ ਗਈ ਹੈ। ਅਧਿਕਾਰੀਆਂ ਨੇ ਸ਼ਨੀਵਾਰ ਨੂੰ ਇਸ ਸੰਬੰਧੀ ਜਾਣਕਾਰੀ ਦਿੰਦਿਆਂ ਦੱਸਿਆ



ਕਿ 40 ਵੀਂ ਬੈਰਿਗੇਡ ਸਪੋਰਟ ਬਟਾਲੀਅਨ ਨਾਲ ਜੁੜੇ ਇਸ ਵਾਹਨ ਦੀ ਕੀਮਤ ਲੱਗਭਗ 120,000 ਡਾਲਰ ਹੈ ਅਤੇ ਹਰੇ ਰੰਗ ਦੇ ਛਾਪੇ ਵਾਲੇ ਰੰਗ ਦੀ ਪਹਿਚਾਣ ਦੇ ਨਾਲ ਬੰਪਰ ਨੰਬਰ 40BSBHQ6 ਅਤੇ ਰਜਿਸਟੈਰੇਸ਼ਨ ਨੰ. NZ311R ਦੀ ਜਾਣਕਾਰੀ ਵੀ ਅਧਿਕਾਰੀਆਂ ਦੁਆਰਾ ਦਿੱਤੀ ਗਈ ਹੈ। ਇੰਨਾ ਹੀ ਨਹੀ ਸੈਨਿਕ ਅਧਿਕਾਰੀਆਂ ਨੇ ਦੱਸਿਆ ਕਿ ਹਮਵੀ ਨੂੰ ਲੜਾਕੂ ਵਾਹਨ ਬਣਾਉਣ ਲਈ ਸਪੈਸ਼ਲ ਤਰੀਕੇ ਨਾਲ ਅਪਗੈਰੇਡ ਕੀਤਾ ਗਿਆ ਹੈ। ਲਾਸ ਏਂਜਲਸ ਵਿੱਚ ਐਫ.ਬੀ.ਆਈ ਦੇ ਦਫ਼ਤਰ ਦੀ ਅਧਿਕਾਰੀ ਲੌਰਾ ਆਈਮਿਲਰ ਅਨੁਸਾਰ ਇਸ ਚੋਰੀ ਦੇ ਨਾਲ ਕਿਸੇ ਤਰੈਹਾਂ ਦੇ ਖਤਰੇ ਦੀ ਸੰਭਾਵਨਾ ਨਹੀਂ ਹੈ ਅਤੇ ਇਸ ਵਾਹਨ ਨਾਲ ਜੁੜੀ ਕਿਸੇ ਤਰੈਹਾਂ ਦੀ ਜਾਣਕਾਰੀ ਦੇਣ ਲਈ ਵਿਭਾਗ ਵੱਲੋਂ ਸੰਭਾਵਿਤ 10,000 ਡਾਲਰ ਤੱਕ ਦੇ ਇਨਾਮ ਨੂੰ ਵੀ ਤੈਅ ਕੀਤਾ ਗਿਆ ਹੈ ਜਦਕਿ ਇਹ ਚੋਰੀ ਕਰਨ ਲਈ 10 ਸਾਲ ਤੱਕ ਦੀ ਕੈਦ ਹੋ ਸਕਦੀ ਹੈ।

# ਅਮਰੀਕੀ ਸੰਗੀਤ ਨਿਰਮਾਤਾ ਫਿਲ ਸਪੈਕਟਰ ਦਾ ਹੋਇਆ 81 ਸਾਲ ਦੀ ਉਮਰ ਵਿੱਚ ਦਿਹਾਂਤ

**ਫਰਿਜ਼ਨੋ (ਕੈਲੀਫੋਰਨੀਆਂ), 18 ਜਨਵਰੀ 2021-** ਅਮਰੀਕਾ ਦੇ ਸੰਗੀਤ ਜਗਤ ਦੀ ਇੱਕ ਮਸ਼ਹੂਰ ਹਸਤੀ ਫਿਲ ਸਪੈਕਟਰ ਦੀ 81 ਸਾਲ ਦੀ ਉਮਰ ਵਿੱਚ ਮੌਤ ਹੋ ਗਈ ਹੈ। ਫਿਲ ਸਪੈਕਟਰ ਇੱਕ ਉੱਤਮ ਦਰਜੇ ਦੇ ਸੰਗੀਤ ਨਿਰਮਾਤਾ ਸਨ ਜਿਹਨਾਂ ਨੇ 1960 ਦੇ ਦਹਾਕੇ ਵਿੱਚ ਆਪਣੀ "ਵਾਲ ਆਫ਼ ਸਾਉਂਡ" ਦੀ ਪੇਸ਼ਕਸ਼ ਨਾਲ ਸੰਗੀਤ ਉਦਯੋਗ ਨੂੰ ਬਦਲ ਦਿੱਤਾ ਸੀ। ਇਸਦੇ ਨਾਲ ਹੀ ਸਪੈਕਟਰ ਨੇ ਇੱਕ ਕਤਲ ਦੇ ਦੋਸ਼ ਵਿੱਚ ਆਪਣੀ ਉਮਰ ਦੇ ਆਖਰੀ ਸਾਲ ਜੇਲ ਵਿੱਚ ਬਿਤਾਏ ਜਿੱਥੇ ਸ਼ਨੀਵਾਰ ਨੂੰ ਉਸਦੀ ਮੌਤ ਹੋ ਗਈ।ਸਪੈਕਟਰ ਨੂੰ ਤਕਰੀਬਨ ਇੱਕ ਮਹੀਨਾ ਪਹਿਲਾਂ ਸਟਾਕਟਨ ਵਿੱਚ ਕੈਲੀਫੋਰਨੀਆਂ ਹੈਲਥ ਕੇਅਰ ਜੇਲ ਸੈੱਲ 'ਚ ਕੋਰੋਨਾਂ ਨਾਲ ਪੀੜਤ ਹੋਣ ਦੇ ਬਾਅਦ ਹਸਪਤਾਲ ਵਿੱਚ ਭਰਤੀ ਕਰਵਾਇਆ ਗਿਆ ਸੀ, ਪਰੰਤੂ ਉਸ ਨੂੰ ਜੇਲ ਵਿੱਚ ਵਾਪਸ ਦਿੱਤਾ ਗਿਆ ਸੀ। ਇਸਦੇ ਬਾਅਦ ਦੁਆਰਾ ਫਿਰ ਬਿਮਾਰ ਹੋਣ ਤੇ ਉਸਨੂੰ ਤੁਰੰਤ ਹਸਪਤਾਲ ਲਿਜਾਇਆ ਗਿਆ, ਜਿੱਥੇ ਉਸਦੀ ਮੌਤ ਹੋ ਗਈ। ਕੈਲੀਫੋਰਨੀਆਂ ਦੇ ਸੁਧਾਰ ਵਿਭਾਗ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਸ ਦੀ ਮੌਤ ਕੁਦਰਤੀ ਕਾਰਨਾਂ ਕਰਕੇ ਹੋਈ ਹੈ, ਪਰ ਜੇਲ ਅਧਿਕਾਰੀਆਂ ਅਨੁਸਾਰ ਉਸ ਦੀ ਮੌਤ ਦੇ ਸਹੀ ਕਾਰਨਾਂ ਦਾ ਪਤਾ ਕਰਨ ਲਈ ਡਾਕਟਰੀ ਜਾਂਚ ਕੀਤੀ ਜਾਵੇਗੀ। ਅਮਰੀਕਾ ਦੇ ਬੈਰੌਨਕਸ ਵਾਸੀ ਫਿਲ ਸਪੈਕਟਰ ਨੂੰ 2009 ਵਿੱਚ ਅਭਿਨੇਤਰੀ ਲਾਨਾ ਕਲਾਰਕਸਨ ਦੇ ਕਤਲ ਲਈ ਦੋਸ਼ੀ ਠਹਿਰਾਇਆ ਗਿਆ ਸੀ ਅਤੇ ਇਸ ਦੋਸ਼ ਲਈ ਸਪੈਕਟਰ ਨੂੰ 19 ਸਾਲ ਕੈਦ ਦੀ ਸਜ਼ਾ ਸੁਣਾਈ ਗਈ ਸੀ। ਸੰਗੀਤ ਦੇ ਨਿਰਮਾਣ ਲਈ ਉਸਦਾ ਨਿੱਜੀ ਫਾਰਮੂਲਾ 'ਸਪੈਕਟਰਜ਼ ਵਾਲ ਆਫ਼ ਸਾਉਂਡ' ਨੇ ਫਿਲ ਨੂੰ ਸੰਗੀਤ ਦੇ ਇਤਿਹਾਸ ਵਿੱਚ ਸਭ ਤੋਂ ਪੈਰਭਾਵਸ਼ਾਲੀ ਸ਼ਖਸੀਅਤਾਂ ਵਿੱਚੋਂ ਇੱਕ ਬਣਾਇਆ ਸੀ।






NIRMAL SINGH BADHAN
NSB Insurance
HEALTH INSURANCE | RETIREMENT
LIFE INSURANCE | COLLEGE PLANNING
LONG TERM CARE INS | AUTO * HOME
FUNERAL EXPENSE | BUSINESS
for Insurance Call:
NIRMAL SINGH BADHAN
707-228-2020
Lic #0144676
Call: 707-228-2020, Fax: 707-260-2813
www.nsbinsures.com
1519 Gary CT., Rohnert Park, CA 94928


'ਦੇਸ਼ ਦੁਆਬਾ'
ਹਰ ਹਫਤੇ ਛਪਣ ਵਾਲਾ ਅਖਬਾਰ
ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?
ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?
ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।
ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ
ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ 'ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।
E-mail : deshdoaba@yahoo.com
(ਸੰਪਰਕ) 1-916-947-8920, (ਫੈਕਸ) 1-916-238-1393
www.deshdoaba.com www.ambedkartimes.com

ਫਰਿਜ਼ਨੋ (ਕੈਲੀਫੋਰਨੀਆਂ) ਖਬਰਨਾਮਾ / ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ

# ਜੋਅ ਬਾਈਡੇਨ ਦੇ ਸਹੁੰ ਚੁੱਕ ਦਿਵਸ ਤੋਂ ਪਹਿਲਾਂ ਵਾਸ਼ਿੰਗਟਨ ਜਾਣ ਵਾਲੀਆਂ ਉਡਾਨਾਂ ਦੇ ਬੈਗਾਂ 'ਚ ਅਸਲਾ ਰੱਖਣ ਤੇ ਲੱਗੇਗੀ ਪਾਬੰਦੀ

**ਫਰਿਜ਼ਨੋ (ਕੈਲੀਫੋਰਨੀਆਂ), 16 ਜਨਵਰੀ 2021-** ਰਾਸ਼ਟਰਪਤੀ ਚੁਣੇ ਗਏ ਜੋਅ ਬਾਈਡੇਨ ਦੇ 20 ਜਨਵਰੀ ਨੂੰ ਹੋ ਰਹੇ ਸਹੁੰ ਚੁੱਕ ਸਮਾਗਮ ਦੇ ਮੱਦੇਨਜ਼ਰ ਪ੍ਰਸ਼ਾਸਨ ਸੁਰੱਖਿਆ ਪ੍ਰਬੰਧ ਨੂੰ ਲੈ ਕੇ ਪੂਰੀ ਤਰ੍ਹਾਂ ਸਤਰਕ ਹੈ। ਟਰੰਪ ਹਮਾਇਤੀਆਂ ਦੁਆਰਾ ਕੈਪੀਟਲ ਹਿਲ ਵਿੱਚ ਕੀਤੇ ਦੰਗਿਆਂ ਤੋਂ ਬਾਅਦ ਇਸ ਸਮਾਗਮ ਦੌਰਾਨ ਵੀ ਹਿੰਸਾ ਦਾ ਖਦਸ਼ਾ ਪ੍ਰਗਟ ਕੀਤਾ ਜਾ ਰਿਹਾ ਹੈ। ਇਸ ਲਈ ਸੁਰੱਖਿਆ ਕਾਰਨਾਂ ਕਰਕੇ ਦੇਸ਼ ਦੀਆਂ ਪ੍ਰਮੁੱਖ ਏਅਰਲਾਇਨਜ਼ ਅਤੇ ਹਵਾਈ ਅੱਡੇ ਅਗਲੇ ਹਫਤੇ ਰਾਸ਼ਟਰਪਤੀ ਸਹੁੰ ਸਮਾਰੋਹ ਤੋਂ ਪਹਿਲਾਂ ਸੁਰੱਖਿਆ ਵਧਾ ਰਹੇ ਹਨ। ਇਸ ਸੰਬੰਧੀ ਡੈਲਟਾ ਅਤੇ ਹੋਰ ਪ੍ਰਮੁੱਖ ਏਅਰ ਕੰਪਨੀਆਂ ਨੇ ਪੁਸ਼ਟੀ ਕੀਤੀ ਹੈ ਕਿ ਉਹਨਾਂ ਦੁਆਰਾ ਵਾਸ਼ਿੰਗਟਨ ਜਾਣ ਵਾਲੇ ਯਾਤਰੀਆਂ ਦੇ ਚੈਕ ਬੈਗਾਂ ਵਿੱਚ ਬੰਦੂਕਾਂ ਰੱਖਣ ਤੇ ਪਾਬੰਦੀ ਲਗਾਈ ਜਾਵੇਗੀ।

ਰਾਸ਼ਟਰਪਤੀ ਡੋਨਾਲਡ ਟਰੰਪ ਦੇ ਸਮਰਥਕਾਂ ਦੁਆਰਾ 6 ਜਨਵਰੀ ਨੂੰ ਸੰਯੁਕਤ ਰਾਜ ਦੀ ਰਾਜਧਾਨੀ ਵਿੱਚ ਹੋਏ ਦੰਗਿਆਂ ਅਤੇ ਕੁੱਝ ਉਡਾਣਾਂ ਵਿੱਚ ਰਾਜਨੀਤਿਕ ਤੌਰ ਤੇ ਹੋਏ ਟਕਰਾਅ ਤੋਂ ਬਾਅਦ ਇਹ ਕਦਮ ਚੁੱਕਿਆ ਗਿਆ ਹੈ ਅਤੇ ਨੂੰ ਘੋਸ਼ਣਾ ਕੀਤੀ ਸੀ ਕਿ ਇਹ ਵਾਸ਼ਿੰਗਟਨ ਖੇਤਰ ਦੇ ਹਵਾਈ ਅੱਡਿਆਂ ਤੇ ਬੰਦੂਕਾਂ ਲੈ ਜਾਣ ਤੇ ਪਾਬੰਦੀ ਲਗਾਵੇਗੀ ਅਤੇ




ਪਿਛਲੇ ਦਿਨੀ ਦੇਸ਼ ਦੇ ਸੈਨੇਟਰਾਂ ਨੂੰ ਵੀ ਹਵਾਈ ਅੱਡਿਆਂ ਤੇ ਉਡਾਨਾਂ ਵਿੱਚ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪਿਆ ਸੀ। ਇਸ ਬਾਰੇ ਸਭ ਤੋਂ ਪਹਿਲਾਂ ਡੈਲਟਾ ਏਅਰ ਲਾਈਨਜ਼ ਨੇ ਵੀਰਵਾਰ ਬਾਅਦ ਵਿੱਚ ਯੂਨਾਈਟਿਡ, ਅਲਾਸਕਾ, ਅਮੈਰੀਕਨ ਆਦਿ ਏਅਰ ਕੰਪਨੀਆਂ ਨੇ ਵੀ ਇਹ ਘੋਸ਼ਣਾ ਕੀਤੀ। ਜਿਸ ਅਨੁਸਾਰ ਇਹ ਪਾਬੰਦੀਆਂ ਸ਼ਨੀਵਾਰ ਤੋਂ ਸ਼ੁਰੂ ਹੋ ਕੇ ਅਤੇ 23 ਜਨਵਰੀ ਤੱਕ ਲਾਗੂ ਹੋਣਗੀਆਂ। ਇਸਦੇ ਇਲਾਵਾ ਏਅਰਲਾਇੰਜ਼ ਨੇ ਹੋਰ ਨਿਯਮਾਂ ਦੀ ਵੀ ਘੋਸ਼ਣਾ ਕੀਤੀ ਹੈ ਜਿਸ ਵਿੱਚ ਅਮੈਰੀਕਨ ਏਅਰਲਾਇਨ ਨੇ ਵਾਸ਼ਿੰਗਟਨ ਖੇਤਰ ਦੀਆਂ ਉਡਾਣਾਂ ਤੇ ਸ਼ਰਾਬ ਪੀਣ ਤੇ ਪਾਬੰਦੀ ਲਗਾਈ ਹੈ ਜੋ ਸ਼ਨੀਵਾਰ ਤੋਂ ਸ਼ੁਰੂ ਹੋ ਕੇ ਵੀਰਵਾਰ ਤੱਕ ਜਾਰੀ ਰਹੇਗੀ।

ਇਸਦੇ ਨਾਲ ਹੀ ਫੈਡਰਲ ਹਵਾਬਾਜ਼ੀ ਪ੍ਰਸ਼ਾਸਨ ਅਨੁਸਾਰ ਹਵਾਈ ਜਹਾਜ਼ ਦੇ ਸਟਾਫ ਮੈਂਬਰਾਂ ਜਾਂ ਹੋਰ ਯਾਤਰੀਆਂ ਨਾਲ ਦੁਰਵਿਹਾਰ ਕਰਨ ਵਾਲਿਆਂ ਨੂੰ ਚੇਤਾਵਨੀ ਦੇਣ ਦੀ ਜਗ੍ਹਾ ਤੁਰੰਤ ਕਾਨੂੰਨੀ ਕਾਰਵਾਈ ਅਧੀਨ ਲਿਆਂਦਾ ਜਾਵੇਗਾ। ਅਮਰੀਕਾ ਵਿੱਚ ਫੈਡਰਲ ਕਾਨੂੰਨ ਯਾਤਰੀਆਂ ਨੂੰ ਚੈਕ ਕੀਤੇ ਸਮਾਨ ਵਿੱਚ ਅਨਲੋਡ ਅਤੇ ਲਾਕ ਕੀਤੀਆਂ ਬੰਦੂਕਾਂ ਨੂੰ ਬੰਦ ਕਰਕੇ ਪਾਉਣ ਦੀ ਆਗਿਆ ਦਿੰਦਾ ਹੈ ਹਾਲਾਂਕਿ ਏਅਰਲਾਈਨਾਂ ਨੂੰ ਬੰਦੂਕਾਂ 'ਤੇ ਪਾਬੰਦੀ ਲਗਾਉਣ ਦਾ ਅਧਿਕਾਰ ਹੈ ਪਰ ਕਾਨੂੰਨ ਦੁਆਰਾ ਕੈਰੀ ਆਨ ਬੈਗਾਂ ਵਿੱਚ ਬੰਦੂਕਾਂ ਆਦਿ ਲੈ ਕੇ ਜਾਣ ਦੀ ਮਨਾਹੀ ਹੈ।

# ਟਰੰਪ ਪ੍ਰਸ਼ਾਸਨ ਦੇ ਅਖੀਰਲੇ ਕੈਦੀ ਡਸਟਿਨ ਹਿਗਜ਼ ਨੂੰ ਜਾਨਲੇਵਾ ਟੀਕਾ ਲਗਾ ਕੇ ਦਿੱਤੀ ਗਈ ਮੌਤ ਦੀ ਸਜ਼ਾ

**ਫਰਿਜ਼ਨੋ (ਕੈਲੀਫੋਰਨੀਆਂ), 16 ਜਨਵਰੀ 2021-** ਅਮਰੀਕਾ ਵਿੱਚ ਟਰੰਪ ਪ੍ਰਸ਼ਾਸਨ ਨੇ ਸ਼ਨੀਵਾਰ ਸਵੇਰ ਨੂੰ ਜੁਲਾਈ ਤੋਂ ਲੈ ਕੇ 13 ਵੀਂ ਸੰਘੀ ਫਾਂਸੀ ਨੂੰ ਅੰਜਾਮ ਦਿੱਤਾ ਹੈ। ਪ੍ਰਸ਼ਾਸਨ ਦੁਆਰਾ ਇਹ ਕਾਰਵਾਈ ਮੌਤ ਦੀ ਸਜ਼ਾ ਦੇ ਵਿਰੋਧੀ ਰਾਸ਼ਟਰਪਤੀ ਚੁਣੇ ਗਏ ਜੋਅ ਬਾਈਡੇਨ ਦੇ ਸਹੁੰ ਚੁੱਕ ਸਮਾਰੋਹ ਤੋਂ ਸਿਰਫ ਪੰਜ ਦਿਨ ਪਹਿਲਾਂ ਕੀਤੀ ਗਈ ਹੈ। ਮੌਤ ਦੀ ਸਜ਼ਾ ਪ੍ਰਾਪਤ ਕਰਨ ਵਾਲਾ ਡਸਟਿਨ ਹਿਗਜ਼, 1996 ਵਿੱਚ ਮੈਰੀਲੈਂਡ ਵਿੱਚ ਤਿੰਨ ਔਰਤਾਂ ਦੇ ਕਤਲ ਵਿੱਚ ਦੋਸ਼ੀ ਠਹਿਰਾਇਆ ਗਿਆ ਸੀ ਅਤੇ ਇਹ ਦੋਸ਼ੀ ਇਸ ਹਫਤੇ ਵਿੱਚ ਇੰਡੀਆਨਾ ਦੇ ਟੈਰੇ ਹੌਤੇ ਦੀ ਸੰਘੀ ਜੇਲ੍ਹ ਵਿੱਚ ਜਾਨਲੇਵਾ ਟੀਕੇ ਨਾਲ ਮੌਤ ਦੀ ਸਜ਼ਾ ਪ੍ਰਾਪਤ ਕਰਨ ਵਾਲਾ ਤੀਜਾ ਕੈਦੀ ਸੀ। ਰਾਸ਼ਟਰਪਤੀ ਡੋਨਾਲਡ ਟਰੰਪ ਦੇ ਨਿਆਂ ਵਿਭਾਗ ਨੇ 17 ਸਾਲਾਂ ਦੇ ਅੰਤਰਾਲ ਦੇ ਬਾਅਦ ਪਿਛਲੇ ਸਾਲ ਸੰਘੀ ਫਾਂਸੀ ਮੁੜ ਸ਼ੁਰੂ ਕੀਤੀ ਸੀ । ਇਸ 48 ਸਾਲਾ ਕੈਦੀ ਹਿਗਜ਼ ਨੂੰ ਸ਼ਨੀਵਾਰ ਸਵੇਰੇ ਲੱਗਭਗ 1:23 ਵਜੇ ਮ੍ਰਿਤਕ ਘੋਸ਼ਿਤ ਕੀਤਾ ਗਿਆ ਅਤੇ ਆਪਣੇ



ਆਖਰੀ ਬਿਆਨ ਵਿੱਚ ਹਿਗਜ਼ ਸ਼ਾਂਤ ਸੀ ਅਤੇ ਪੀੜਤਾਂ ਦੇ ਨਾਮ ਦੱਸਦੇ ਹੋਏ ਕਿਹਾ ਕਿ ਉਸਨੇ ਕਤਲਾਂ ਦਾ ਆਦੇਸ਼ ਨਹੀਂ ਦਿੱਤਾ ਸੀ। ਇਸ ਤੋਂ ਪਹਿਲਾਂ ਇਸ ਹਫਤੇ ਮੌਤ ਦੀ ਕਤਾਰ ਵਿਚ ਇਕਲੌਤੀ ਔਰਤ ਲੀਜ਼ਾ ਮਾਂਟਗੋਮਰੀ ਨੂੰ ਬੁੱਧਵਾਰ ਦੇ ਦਿਨ ਇੱਕ ਗਰਭਵਤੀ ਮਹਿਲਾ ਦੀ ਹੱਤਿਆ ਕਰਨ ਦੇ ਦੋਸ਼ ਵਿੱਚ ਮੌਤ ਦੇ ਘਾਟ ਉਤਾਰਿਆ ਗਿਆ ਅਤੇ ਉਸਦੇ ਅਗਲੇ ਦਿਨ ਵੀਰਵਾਰ ਨੂੰ ਸਾਬਕਾ ਨਸ਼ਾ ਤਸਕਰ ਕੋਰੇ ਜੋਹਨਸਨ ਨੂੰ ਮੌਤ ਦੀ ਸਜ਼ਾ ਦਿੱਤੀ ਗਈ ਹੈ।

ਇਹ ਦੋਵੇਂ ਅਪਰਾਧੀ ਹਿਗਜ਼ ਅਤੇ ਜੋਹਨਸਨ ਹਾਲ ਹੀ ਵਿੱਚ ਕੋਰੋਨਾਂ ਵਾਇਰਸ ਤੋਂ ਪ੍ਰਭਾਵਿਤ ਹੋਏ ਸਨ। ਇਸ ਮਾਮਲੇ ਵਿੱਚ ਅਕਤੂਬਰ 2000 ਨੂੰ ਮੈਰੀਲੈਂਡ ਦੀ ਇੱਕ ਫੈਡਰਲ ਜਿਊਰੀ ਨੇ ਤਿੰਨ ਔਰਤਾਂ ਤਮਿਕਾ ਬਲੈਕ (19), ਮਿਸ਼ਨ ਚਿਨ (23) ਅਤੇ ਤੇਜ਼ੀ ਜੈਕਸਨ (21) ਨੂੰ ਫਸਟ ਡਿਗਰੀ ਕਤਲ ਅਤੇ ਅਗਵਾ ਕਰਨ ਦੇ ਮਾਮਲੇ ਵਿੱਚ ਦੋਸ਼ੀ ਠਹਿਰਾਇਆ ਸੀ।

# ਕੈਲੀਫੋਰਨੀਆਂ ਦੇ ਫਾਸਟ ਫੂਡ ਕਾਮਿਆਂ ਨੇ ਆਪਣੀਆਂ ਮੰਗਾਂ ਲਈ ਕੀਤੀ ਹੜਤਾਲ

**ਫਰਿਜ਼ਨੋ (ਕੈਲੀਫੋਰਨੀਆਂ), 16 ਜਨਵਰੀ 2021-** ਕੈਲੀਫੋਰਨੀਆਂ ਸੂਬੇ ਵਿੱਚ ਫਾਸਟ ਫੂਡ ਕਾਮਿਆਂ ਨੇ ਸ਼ੁੱਕਰਵਾਰ ਨੂੰ ਸੈਕਰਾਮੈਂਟੋ, ਓਕਲੈਂਡ, ਲਾਸ ਏਂਜਲਸ ਅਤੇ ਦੇਸ਼ ਦੇ 13 ਹੋਰ ਸ਼ਹਿਰਾਂ ਵਿੱਚ ਇਕ ਰੋਜ਼ਾ ਹੜਤਾਲ ਕੀਤੀ, ਜਿਸ ਵਿੱਚ ਇਹਨਾਂ ਕਾਮਿਆਂ ਨੇ ਘੱਟੋ ਘੱਟ 15 ਡਾਲਰ ਪ੍ਰਤੀ ਘੰਟਾ ਰਾਸ਼ਟਰੀ ਤਨਖਾਹ ਦੀ ਮੁੱਖ ਮੰਗ ਕੀਤੀ। ਫਾਸਟ ਫੂਡ ਕਾਮਿਆਂ ਵੱਲੋਂ ਇਹ ਹੜਤਾਲ ਰਾਸ਼ਟਰਪਤੀ ਚੁਣੇ ਗਏ ਜੋਅ ਬਾਈਡੇਨ ਦੁਆਰਾ ਕੋਰੋਨਾਂ ਆਰਥਿਕ ਪੈਕੇਜ ਦੀ ਯੋਜਨਾ ਦੇ ਐਲਾਨ ਵਿੱਚ ਘੱਟੋ ਘੱਟ 15 ਡਾਲਰ ਪ੍ਰਤੀ ਘੰਟਾ ਉਜਰਤ ਦੀ ਗੱਲ ਕਰਨ ਦੇ ਬਾਅਦ ਕੀਤੀ ਗਈ ਹੈ। ਅਮਰੀਕਾ ਵਿੱਚ ਮੌਜੂਦਾ ਸਮੇਂ ਕੇਂਦਰੀ ਘੱਟੋ ਘੱਟ ਉਜਰਤ 7.25 ਡਾਲਰ ਪ੍ਰਤੀ ਘੰਟਾ ਹੈ, ਜਦੋਂ ਕਿ ਕੈਲੀਫੋਰਨੀਆਂ ਵਿੱਚ ਵੱਡੇ ਮਾਲਕਾਂ ਲਈ ਘੱਟੋ ਘੱਟ ਤਨਖਾਹ 14 ਡਾਲਰ ਪ੍ਰਤੀ ਘੰਟਾ ਅਤੇ ਛੋਟੇ ਲੋਕਾਂ ਲਈ 13 ਡਾਲਰ ਪ੍ਰਤੀ ਘੰਟਾ ਹੈ। ਕੈਲੀਫੋਰਨੀਆਂ




ਲਗਾਤਾਰ ,ਸਾਲ 2016 ਵਿੱਚ ਗਵਰਨਰ ਜੈਰੀ ਬਰਾਊਨ ਦੁਆਰਾ ਹਸਤਾਖਰ ਕੀਤੇ ਗਏ ਇੱਕ ਕਾਨੂੰਨ ਦੇ ਤਹਿਤ 2023 ਤੱਕ ਘੱਟੋ ਘੱਟ ਉਜਰਤ 15 ਡਾਲਰ ਪ੍ਰਤੀ ਘੰਟਾ ਕਰਨ ਵੱਲ ਵਧ ਰਿਹਾ ਹੈ ,ਪਰ ਸੈਕਰਾਮੈਂਟੋ ਵਿਚ ਹਿੱਸਾ ਲੈਣ ਵਾਲੇ ਕਾਮਿਆਂ ਅਨੁਸਾਰ ਉਹਨਾਂ ਦੀ ਲਹਿਰ ਉੱਚ ਤਨਖਾਹ ਲਈ ਲੜਨ ਤੋਂ ਇਲਾਵਾ ਕੰਮ ਦੀਆਂ ਸ਼ਰਤਾਂ ਲਈ ਵੀ ਹੈ। ਇਸ ਹੜਤਾਲ ਦੌਰਾਨ ਸੈਕਰਾਮੈਂਟੋ ਬਰਗਰ ਕਿੰਗ ਦੇ ਕਾਮੇ ਅਤੇ ਨੇਤਾ ਰੋਸਾਨਾ ਸੈਂਟੀਲਨ ਨੇ ਇੱਕ ਬਿਆਨ ਜਾਰੀ ਕਰਦਿਆਂ ਕਿਹਾ ਕਿ ਫਾਸਟ ਫੂਡ ਕਾਮੇ 15 ਡਾਲਰ ਪ੍ਰਤੀ ਘੰਟਾ ਉਜਰਤ ਅਤੇ ਯੂਨੀਅਨ ਦੇ ਹੱਕਾਂ ਦੀ ਪ੍ਰਾਪਤੀ ਹੋਣ ਤੱਕ ਆਪਣੀ ਆਵਾਜ਼ ਬੁਲੰਦ ਕਰਦੇ ਰਹਿਣਗੇ। ਇਸਦੇ ਇਲਾਵਾ ਕਾਮਿਆਂ ਅਤੇ ਪ੍ਰਸ਼ਾਸਨ ਨੇ ਸ਼ੁੱਕਰਵਾਰ ਨੂੰ ਪ੍ਰੈਸ ਕਾਨਫਰੰਸ ਦੌਰਾਨ ਇੱਕ ਬਿੱਲ ਦੀ ਘੋਸ਼ਣਾ ਕੀਤੀ ਜੋ ਕਿ ਵੱਡੇ ਫਾਸਟ ਫੂਡ ਚੇਨ ਰੈਸਟੋਰੈਂਟਾਂ ਵਿੱਚ ਕਾਮਿਆਂ ਲਈ ਇੱਕ ਯੋਗ ਮਿਆਰ ਤਿਆਰ ਕਰੇਗਾ।

# ਲਾਸ ਏਂਜਲਸ ਦੇ ਡੌਜਰ ਸਟੇਡੀਅਮ ਨੂੰ ਕੀਤਾ ਕੋਰੋਨਾਂ ਦੇ ਕੇਂਦਰ 'ਚ ਤਬਦੀਲ

**ਫਰਿਜ਼ਨੋ (ਕੈਲੀਫੋਰਨੀਆਂ), 16 ਜਨਵਰੀ 2021-** ਅਮਰੀਕਾ ਦਾ ਸੂਬਾ ਕੈਲੀਫੋਰਨੀਆਂ ਜੋ ਵਾਇਰਸ ਦੀ ਲਾਗ ਨਾਲ ਪ੍ਰਭਾਵਿਤ ਰਾਜਾਂ ਵਿੱਚੋਂ ਪਹਿਲੇ ਨੰਬਰ ਤੇ ਹੈ, ਵਿੱਚ ਕੋਰੋਨਾਂ ਟੀਕਾਕਰਨ ਨੂੰ ਤੇਜ਼ ਕਰਨ ਦੇ ਸੰਭਵ ਯਤਨ ਕੀਤੇ ਜਾ ਰਹੇ ਹਨ। ਸੂਬੇ ਦੀ ਕਾਊਂਟੀ ਲਾਸ ਏਂਜਲਸ ਵਿੱਚ ਵੀ ਵਾਇਰਸ ਦੇ ਮਾਮਲੇ ਲਗਾਤਾਰ ਵੱਧ ਹੋ ਰਹੇ ਹਨ, ਜਿਸ ਕਰਕੇ ਵਾਇਰਸ ਨੂੰ ਕਾਬੂ ਕਰਨ ਲਈ ਅਤੇ ਜਲਦੀ ਨਾਲ ਟੀਕੇ ਨੂੰ ਵੱਧ ਲੋਕਾਂ ਤੱਕ ਪਹੁੰਚਾਉਣ ਲਈ ਜ਼ਿਆਦਾ ਟੀਕਾਕਰਨ ਕੇਂਦਰ ਖੋਲੇ ਜਾ ਰਹੇ ਹਨ। ਇਸਦੀ ਲੜੀ ਤਹਿਤ ਲਾਸ ਏਂਜਲਸ ਦੇ ਡੌਜਰ ਸਟੇਡੀਅਮ ਨੂੰ ਵੱਡੇ ਪੱਧਰ ਤੇ ਟੀਕਾਕਰਨ ਕਰਨ ਲਈ ਪ੍ਰਕਿਰਿਆ ਵਿੱਚ ਸ਼ਾਮਿਲ ਕੀਤਾ ਗਿਆ ਹੈ। ਇਸ ਟੀਕਾਕਰਨ ਕੇਂਦਰ ਦੇ ਪਹਿਲੇ ਦਿਨ ਦਾ ਦਰਿਸ਼ ਇੱਕ ਓਪਨ-ਏਅਰ ਫੈਕਟਰੀ ਵਰਗਾ ਸੀ ਅਤੇ ਅਧਿਕਾਰੀਆਂ ਨੇ ਪਹਿਲੇ ਦਿਨ 2,000 ਲੋਕਾਂ ਨੂੰ ਟੀਕਾ ਲਗਾਉਣ ਦੇ ਟੀਚੇ ਨਾਲ ਟੀਕਾਕਰਨ ਦੀ ਸ਼ੁਰੂਆਤ ਕੀਤੀ ਅਤੇ ਵਰਕਰਾਂ ਨੂੰ ਪ੍ਰਤੀ ਦਿਨ 12,000 ਲੋਕਾਂ ਨੂੰ ਟੀਕਾ




ਲਗਾਉਣ ਦੇ ਟੀਚੇ ਤੱਕ ਪਹੁੰਚਣ ਦੀ ਉਮੀਦ ਹੈ। ਲਾਸ ਏਂਜਲਸ ਦੇ ਮੇਅਰ ਐਰਿਕ ਗੈਰਸੇਟੀ ਨੇ ਇਸ ਮੌਕੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਟੀਕਾਕਰਨ ਕੇਂਦਰ ਨਾਲ ਜ਼ਿਆਦਾ ਲੋਕਾਂ ਨੂੰ ਟੀਕਾ ਲਗਾਉਣ ਵਿੱਚ ਸਹਾਇਤਾ ਮਿਲੇਗੀ ਅਤੇ ਸ਼ਹਿਰ ਜਲਦੀ ਹੀ ਫਾਇਰ ਸਟੇਸ਼ਨਾਂ ਸਮੇਤ ਹੋਰ ਸਾਈਟਾਂ ਦੀ ਸਹਾਇਤਾ ਨਾਲ 20,000 ਲੋਕਾਂ ਨੂੰ ਪ੍ਰਤੀ ਦਿਨ ਟੀਕਾ ਲਗਾਇਆ ਜਾਵੇਗਾ। ਉਸਨੇ ਇਹ ਵੀ ਐਲਾਨ ਕੀਤਾ ਕਿ ਵੁੱਡਲੈਂਡ ਹਿਲਜ਼ ਦੇ ਲਾਸ ਏਂਜਲਸ ਪਿਅਰਸ ਕਾਲਜ ਵਿੱਚ ਇੱਕ ਕੇਂਦਰ ਬਣਾਇਆ ਜਾ ਰਿਹਾ ਹੈ। ਡੌਜਰ ਸਟੇਡੀਅਮ ਵਿੱਚ ਟੀਕਾਕਰਨ ਦੀ ਸ਼ੁਰੂਆਤ ਮੌਕੇ ਗਵਰਨਰ ਗੈਵਿਨ ਨਿਊਸਮ ਸਮੇਤ ਐਲ. ਏ ਸਿਟੀ ਕੌਂਸਲ ਦੇ ਪ੍ਰਧਾਨ ਨੂਰੀ ਮਾਰਟੀਨੇਜ਼, ਜਿੰਮੀ ਗੋਮੇਜ਼, ਐਲ. ਏ ਕੌਂਸਲਮੈਨ ਗਿਲ ਸੀਡੀਲੋ, ਸਟੀਵਨ ਬਰੈਡਫੋਰਡ ਆਦਿ ਅਧਿਕਾਰੀ ਸ਼ਾਮਿਲ ਸਨ। ਗਵਰਨਰ ਗੈਵਿਨ ਨਿਊਸਮ ਨੇ ਡੌਜਰ ਸਟੇਡੀਅਮ ਨੂੰ ਟੀਕਾਕਰਨ ਸਾਈਟ ਵਿੱਚ ਤਬਦੀਲ ਕਰਨ ਦੀ ਪ੍ਰੈਸ਼ੰਸਾ ਕਰਦਿਆਂ ਦੱਸਿਆ ਕਿ ਕੈਲੀਫੋਰਨੀਆਂ ਵਿੱਚ ਸਿਰਫ 3 ਮਿਲੀਅਨ ਤੋਂ ਵੱਧ ਪ੍ਰਾਪਤ ਹੋਈਆਂ ਖੁਰਾਕਾਂ ਵਿੱਚੋਂ 1.188 ਮਿਲੀਅਨ ਖੁਰਾਕਾਂ ਨੂੰ ਲਗਾਇਆ ਗਿਆ ਹੈ।

# ਟਿੱਕਰੀ ਬਾਰਡਰ 'ਤੇ ਸ਼ਹੀਦ ਭਗਤ ਸਿੰਘ ਦੀਆਂ ਹੱਥ ਲਿਖਤਾਂ ਦੀ ਪੁਸਤਕ ਇਸਤਰੀ ਦਿਵਸ ਮੌਕੇ ਲੋਕ ਅਰਪਣ-ਕਰਨ ਭੀਖੀ












**ਟਿੱਕਰੀ ਬਾਰਡਰ-** ਅੱਜ ਔਰਤ ਕਿਸਾਨ ਦਿਵਸ ਮੌਕੇ ਸ਼ਹੀਦ ਭਗਤ ਸਿੰਘ ਲਾਇਬ੍ਰੇਰੀ ਤੇ ਟਰਾਲੀ ਟਾਈਮਜ਼ ਦੇ ਮੁੱਖ ਦਫਤਰ ਵਿਖੇ ਪੰਜਾਬ, ਬਿਹਾਰ,ਉਤਰ ਪ੍ਰਦੇਸ਼, ਮਹਾਰਾਸ਼ਟਰ, ਹਰਿਆਣਾ ਆਦਿ ਸੂਬਿਆਂ ਦੀਆਂ ਵੱਖ-ਵੱਖ ਜਥੇਬੰਦੀਆਂ ਦੀਆਂ ਆਗੂ ਇਸਤਰੀਆਂ ਵੱਲੋਂ ਸ਼ਹੀਦ ਭਗਤ ਸਿੰਘ ਜੀ ਦੀਆਂ ਹੱਥ ਲਿਖਤਾਂ ਸੰਪਾਦਕ ਗੁਰਿੰਦਰ ਸਿੰਘ ਨੀਟਾ ਮਾਛੀਕੇ ਦੁਆਰਾ ਸੰਪਾਦਿਤ ਪੁਸਤਕ ਦਾ ਦੂਸਰਾ ਐਡੀਸ਼ਨ ਲੋਕ ਅਰਪਣ ਕੀਤਾ। ਇਸ ਪੁਸਤਕ ਬਾਰੇ ਗੱਲਬਾਤ ਕਰਦਿਆਂ ਕਾਮਰੇਡ ਸੁਖਦਰਸ਼ਨ ਨੱਤ ਨੇ ਕਿਹਾ ਕਿ ਇਹ ਪੁਸਤਕ ਸ਼ਹੀਦ-ਏ-ਆਜ਼ਮ ਭਗਤ ਸਿੰਘ ਦੀਆਂ ਲਿਖਤਾਂ ਦਾ ਵਡਮੁੱਲਾ ਦਸਤਾਵੇਜ਼ ਹੈ, ਜੋ ਨੌਜਵਾਨਾਂ ਨੂੰ ਜ਼ਰੂਰ ਪੜ੍ਹਨਾ ਚਾਹੀਦਾ ਹੈ। ਇਸ ਦੌਰਾਨ ਇਹ ਪੁਸਤਕ ਸਾਹਿਬਦੀਪ ਪਬਲੀਕੇਸ਼ਨ ਟਿੱਕਰੀ ਬਾਰਡਰ 'ਤੇ ਪੰਜਾਬ ਤੋਂ ਆਏ ਕਿਸਾਨਾਂ ਨੂੰ ਟਰਾਲੀਆਂ ਵਿਚ ਮੁਫ਼ਤ ਵੰਡੀ ਗਈ। ਇਸ ਮੌਕੇ ਕਿਸਾਨ ਇਸਤਰੀ ਆਗੂ ਜਸਵੀਰ ਕੌਰ ਨੱਤ, ਕਿਸਾਨ ਆਗੂ ਭੋਲਾ ਸਿੰਘ ਸਮਾਓਂ, ਗੁਰਨਾਮ ਸਿੰਘ ਭੀਖੀ,ਗੋਰਾ ਨੰਬਰਦਾਰ, ਗੁਰਮੇਜ ਸਿੰਘ ਸਮਾਓਂ, ਬਲਵਿੰਦਰ ਸਿੰਘ ਗੋਸਾ ਆਦਿ ਹਾਜ਼ਰ ਸਨ।

# ਕਾਰਪੋਰੇਸ਼ਨ ਚੋਣਾਂ ਤੋਂ ਪਹਿਲਾਂ ਭਾਜਪਾ ਨੂੰ ਝਟਕਾ, ਸਾਬਕਾ ਕੌਂਸਲਰ ਰੀਟਾ ਰਾਣੀ ਬਸਪਾ 'ਚ ਹੋਈ ਸ਼ਾਮਲ

**ਫਗਵਾੜਾ (ਬੀ.ਕੇ.ਰੱਤੂ)–** ਬਹੁਜਨ ਸਮਾਜ ਪਾਰਟੀ ਨੂੰ ਉਸ ਸਮੇਂ ਭਾਰੀ ਬਲ ਮਿਲਿਆ ਜਦੋਂ ਬਸਪਾ ਦੀ ਰਾਸ਼ਟਰੀ ਪ੍ਰਧਾਨ ਅਤੇ ਉੱਤਰ ਪ੍ਰਦੇਸ਼ ਦੀ ਸਾਬਕਾ ਮੁੱਖ ਮੰਤਰੀ ਭੈਣ ਮਾਇਆਵਤੀ ਦੀ 65ਵੀ ਜਯੰਤੀ ਦੇ ਸਬੰਧ 'ਚ ਸਥਾਨਕ ਸ਼ਾਮ ਨਗਰ ਵਿਖੇ ਆਯੋਜਿਤ ਸਮਾਗਮ ਦੌਰਾਨ ਭਾਜਪਾ ਦੀ ਸਾਬਕਾ ਵਾਰਡ ਕੌਂਸਲਰ ਸ੍ਰੀਮਤੀ ਰੀਟਾ ਰਾਣੀ ਨੇ ਬਸਪਾ ਵਿਚ ਸ਼ਾਮਲ ਹੋਣ ਦਾ ਐਲਾਨ ਕਰ ਦਿੱਤਾ। ਸਾਬਕਾ ਕੌਂਸਲਰ ਰੀਟਾ ਰਾਣੀ ਦਾ ਪਾਰਟੀ ਵਿਚ ਸ਼ਾਮਲ ਹੋਣ ਸਮੇਂ ਬਸਪਾ ਦੇ ਸੂਬਾ ਜਨਰਲ ਸਕੱਤਰ ਰਮੇਸ਼ ਕੌਲ, ਸੀਨੀਅਰ ਆਗੂ ਮਾਸਟਰ ਹਰਭਜਨ ਸਿੰਘ ਬਲਾਲੋਂ, ਜੋਨ ਇੰਚਾਰਜ ਲੇਖਰਾਜ ਜਮਾਲਪੁਰ, ਜਿਲਾ ਉਪ ਪ੍ਰਧਾਨ ਇੰਜੀਨੀਅਰ ਪ੍ਰਦੀਪ ਮੱਲ ਤੋਂ ਇਲਾਵਾ ਹਲਕਾ ਇੰਚਾਰਜ ਮਨੋਹਰ ਲਾਲ ਜੱਖੂ, ਹਲਕਾ ਪ੍ਰਧਾਨ ਚਿਰੰਜੀ ਲਾਲ ਕਾਲਾ ਨੇ ਨਿੱਘਾ ਸਵਾਗਤ ਕੀਤਾ। ਬੁਲਾਰਿਆਂ ਨੇ ਸੰਬੋਧਨ ਕਰਦਿਆਂ ਕਿਹਾ ਕਿ ਬਹੁਜਨ ਸਮਾਜ ਪਾਰਟੀ ਬਾਬਾ ਸਾਹਿਬ ਡਾ. ਅੰਬੇਡਕਰ ਅਤੇ ਹੋਰਨਾਂ ਰਹਿਬਰਾਂ ਤੋਂ ਸੇਧ ਲੈ ਕੇ ਅਨਿਆ ਅਤੇ ਅਤਿਆਚਾਰ ਦਾ ਸ਼ਿਕਾਰ ਸਮਾਜ ਦੇ ਹਰ ਵਰਗ ਦੇ ਲੋਕਾਂ ਲਈ ਸੰਘਰਸ਼ ਕਰ ਰਹੀ ਹੈ। ਉਹਨਾਂ ਸਮੂਹ ਫਗਵਾੜਾ ਵਾਸੀਆਂ ਨੂੰ ਅਪੀਲ ਕੀਤੀ ਕਿ ਸ਼ਹਿਰ ਦੇ ਸਮੁੱਚੇ ਵਿਕਾਸ ਲਈ ਬਸਪਾ ਦੇ ਉਮੀਦਵਾਰਾਂ ਨੂੰ ਆਉਂਦੀਆਂ ਕਾਰਪੋਰੇਸ਼ਨ ਚੋਣਾਂ ਵਿਚ ਵੋਟ ਦੇ ਕੇ ਕਾਮਯਾਬ ਕਰਨ। ਮਨੋਹਰ ਲਾਲ ਜੱਖੂ ਨੇ ਦੱਸਿਆ ਕਿ ਮਾਇਆਵਤੀ ਦੀ ਜਯੰਤੀ ਨੂੰ ਪਾਰਟੀ ਵਲੋਂ ਲੋਕ



ਕਲਿਆਣ ਦਿਵਸ ਵਜੋਂ ਸਾਦੇ ਢੰਗ ਨਾਲ ਸਕੂਲੀ ਬੱਚਿਆਂ ਨੂੰ ਸਟੇਸ਼ਨਰੀ ਤੋਂ ਇਲਾਵਾ ਬਸਪਾ ਦੇ ਬਾਨੀ ਸਾਹਿਬ ਕਾਂਸ਼ੀ ਰਾਮ ਦੀ ਜੀਵਨੀ ਨਾਲ ਸਬੰਧਤ ਸਾਹਿਤ ਵੰਡ ਕੇ ਮਨਾਇਆ ਗਿਆ। ਉਹਨਾਂ ਜਿੱਥੇ ਕਿਸਾਨ ਅੰਦੋਲਨ ਦਾ ਜਿਕਰ ਕਰਦਿਆਂ ਕੇਂਦਰ ਦੀ ਮੋਦੀ ਸਰਕਾਰ ਉਪਰ ਹਰ ਵਰਗ ਨਾਲ ਧੱਕੇਸ਼ਾਹੀ ਕਰਨ ਦਾ ਦੋਸ਼ ਲਾਇਆ ਉੱਥੇ ਹੀ ਫਗਵਾੜਾ ਕਾਰਪੋਰੇਸ਼ਨ ਚੋਣ 'ਚ ਇਸ ਵਾਰ ਬਸਪਾ ਦੀ ਇਤਿਹਾਸਕ ਜਿੱਤ ਦਾ ਦਾਅਵਾ ਵੀ ਕੀਤਾ।

ਸਮਾਗਮ ਦੌਰਾਨ ਪਰਮਜੀਤ ਖਲਵਾੜਾ, ਬਲਵਿੰਦਰ ਬੋਧ, ਹਰਭਜਨ ਸੁਮਨ, ਅਸ਼ੋਕ ਸੰਧੂ ਨੇ ਭੈਣ ਮਾਇਆਵਤੀ ਦੇ ਜੀਵਨ ਬਾਰੇ ਚਾਨਣਾ ਪਾਇਆ ਅਤੇ ਦੱਸਿਆ ਕਿ ਉੱਤਰ ਪ੍ਰਦੇਸ਼ ਦੀ ਚਾਰ ਵਾਰ ਮੁੱਖ ਮੰਤਰੀ ਰਹਿੰਦਿਆਂ ਉਹਨਾਂ ਦੇਸ਼ ਦੇ ਸਭ ਤੋਂ ਵੱਡੇ ਸੂਬੇ ਦਾ ਸਰਬ ਪੱਖੀ ਵਿਕਾਸ ਕਰਵਾਇਆ ਤੇ ਬਹੁਤ ਸਾਰੀਆਂ ਲੋਕ ਭਲਾਈ ਦੀਆਂ ਸਕੀਮਾਂ ਸ਼ੁਰੂ ਕੀਤੀਆਂ। ਇਸ ਮੌਕੇ ਤੇਜਪਾਲ ਬਸਰਾ, ਐਡਵੋਕੇਟ ਕੁਲਦੀਪ ਭੱਟੀ, ਸੁਰਜੀਤ ਭੁੱਲਾਰਾਈ, ਪ੍ਰਨੀਸ਼ ਬੰਗਾ, ਲਸ਼ਕਰ ਸਿੰਘ, ਵਿਜੇ ਕੁਮਾਰ, ਮੁਖਤਿਆਰ ਮਹਿਮੀ, ਦੇਸੂ ਮਾਹੀ, ਪਰਵਿੰਦਰ, ਸੁਰੇਸ਼ ਕੁਮਾਰ, ਰਵੀ ਕੁਮਾਰ, ਸ੍ਰੀਮਤੀ ਇੰਦਰਜੀਤ, ਮੈਡਮ ਦੀਪਾ, ਨਰੰਜਣ ਕੌਰ, ਤੇਜ ਕੌਰ, ਭਜਨ ਕੌਰ, ਅਮਨਦੀਪ ਕੌਰ, ਸਰਪੰਚ ਪੁਰਸ਼ੋਤਮ ਆਦਿ ਹਾਜਰ ਸਨ।

# ਲੋਕ ਗਾਇਕ ਰੂਪ ਲਾਲ ਧੀਰ ਦੀ ਅਵਾਜ 'ਚ ਧਾਰਮਿਕ ਗੀਤ ਦੀ ਆਡੀਓ ਮੁਕੰਮਲ

**ਲਸਾੜਾ/ਉੜਾਪੜ, ਬੱਗਾ ਸੇਲਕੀਆਣਾ–** ਪ੍ਰਸਿੱਧ ਗੀਤ, ਮੋਚੀ ਇਨਕਲਾਬ ਦਾ, ਚੰਨ ਕਿੱਥਾਂ ਗੁਜਾਰੀਆ, ਡੀਸੀ ਲੱਗਣ ਵਾਲਾ ਆਦਿ ਗੀਤਾਂ ਦੇ ਸੁਰੀਲੇ ਗਾਇਕ ਰੂਪ ਲਾਲ ਧੀਰ ਵਲੋਂ ਸਤਿਗੁਰੂ ਰਵਿਦਾਸ ਜੀਦੇ 644ਵੇਂ ਪ੍ਰਕਾਸ਼ ਦਿਹਾੜੇ ਤੇ ਧਾਰਮਿਕ ਗੀਤ ਦੀ ਆਡੀਓ ਮੁਕੰਮਲ ਕਰ ਲਈ ਗਈ ਇਸ ਸਬੰਧੀ ਜਾਣਕਾਰੀ ਦਿੰਦੇ ਧੀਰ ਨੇ ਦੱਸਿਆ ਕਿ ਇਸ ਗੀਤ ਨੂੰ ਨਾਮਵਰ ਗੀਤਕਾਰ ਰੱਤੂ ਰੰਧਾਵਾ ਨੇ ਕਲਮਬੱਧ ਕੀਤਾ ਇਸ ਦਾ ਸੰਗੀਤ ਜੱਸੀ ਬ੍ਰਦਰਜ ਵਲੋਂ ਤਿਆਰ ਕੀਤਾ ਇਸ ਧਾਰਮਿਕ ਗੀਤ ਦਾ ਵੀਡੀਓ



ਬਹੁਤ ਜਲਦ ਫਿਲਮਾਕੇ ਨਾਮਵਰ ਕੰਪਨੀ ਵਲੋਂ ਗੁਰੁ ਰਵਿਦਾਸ ਜੀ ਦੇ ਜਨਮ ਦਿਨ ਤੇ ਸੰਗਤਾਂ ਦੇ ਸਨਮੁੱਖ ਕਰ ਦਿਤਾ ਜਾਵੇਗਾ ਉਨਾਂ ਕਿਹਾ ਕਿ ਜਿਸ ਤਰਾਂ ਮੇਰੇ ਪਹਿਲਾਂ ਗਾਏ ਗੀਤਾਂ ਨੂੰ ਸਰੋਤਿਆਂ ਵਲੋਂ ਬਹੁਤ ਪਸੰਦ ਕੀਤਾ ਗਿਆ ਤੇ ਹੁਣ ਆਸ ਕਰਦੇ ਹਾਂ ਕਿ ਇਸ ਧਾਰਮਿਕ ਟਰੈਕ ਨੂੰ ਵੀ ਬਹੁਤ ਸਤਿਕਾਰ ਦੇਣਗੇ ਕਿਉਕਿ ਸਰੋਤੇ ਹੀ ਕਲਾਕਾਰ ਨੂੰ ਫਰਸ਼ ਤੋਂ ਅਰਸ਼ ਤੱਕ ਪਹੁੰਚਾ ਦਿੰਦੇ ਹਨ ਤੇ ਸਰੋਤਿਆ ਦੀ ਬਦੋਲਤ ਹੀ ਮੈਂ ਇਸ ਮੁਕਾਮ ਹਾਸਿਲ ਕੀਤਾ ਹੈ ਇਸ ਮੋਕੇ ਗੀਤਕਾਰ ਬਹਾਦਰ ਗਰਚਾ, ਰੱਤੂ ਰੰਧਾਵਾ ਤੋਂ ਇਲਾਵਾ ਹੋਰ ਵੀ ਹਾਜਰ ਸਨ।

# ਬਸਪਾ ਨੇ ਡਾ.ਅੰਬੇਡਕਰ ਪਾਰਕ ਹਦੀਆਬਾਦ ਵਿਖੇ ਮਨਾਇਆ ਰਾਸ਼ਟਰੀ ਪ੍ਰਧਾਨ ਮਾਇਆਵਤੀ ਦਾ ਜਨਮ ਦਿਵਸ

**ਫਗਵਾੜਾ (ਬੀ.ਕੇ.ਰੱਤੂ)–** ਬਹੁਜਨ ਸਮਾਜ ਪਾਰਟੀ ਦੀ ਰਾਸ਼ਟਰੀ ਪ੍ਰਧਾਨ ਅਤੇ ਉੱਤਰ ਪ੍ਰਦੇਸ਼ ਦੀ ਚਾਰ ਵਾਰ ਮੁੱਖ ਮੰਤਰੀ ਰਹੀ ਭੈਣ ਮਾਇਆਵਤੀ ਦਾ ਜਨਮ ਦਿਨ ਫਗਵਾੜਾ ਦੇ ਹਦੀਆਬਾਦ ਹਾਕੂਪੁਰਾ ਸਥਿਤ ਡਾ. ਬੀ. ਆਰ. ਅੰਬੇਡਕਰ ਪਾਰਕ ਵਿਖੇ ਬਸਪਾ ਦੇ ਸੂਬਾ ਜਨਰਲ ਸਕੱਤਰ ਰਮੇਸ਼ ਕੌਲ ਦੀ ਅਗਵਾਈ ਹੇਠ ਮਨਾਇਆ ਗਿਆ। ਇਸ ਮੌਕੇ ਐਲ.ਈ.ਡੀ. ਸਕੈਰੀਨ ਰਾਹੀ ਉੱਤਰ ਪ੍ਰਦੇਸ਼ ਦੀ ਮੁੱਖ ਮੰਤਰੀ ਵਜੋਂ ਮਾਇਆਵਤੀ ਵਲੋਂ ਕੀਤੇ ਲੋਕ ਹਿਤ ਅਤੇ



ਸੂਬੇ ਦੇ ਵਿਕਾਸ ਦੇ ਕਾਰਜਾਂ 'ਤੇ ਅਧਾਰਿਤ ਇਕ ਡਾਕਿਯੂਮੈਂਟਰੀ ਫਿਲਮ ਵੀ ਦਿਖਾਈ ਗਈ ਅਤੇ ਸਕੂਲੀ ਵਿਦਿਆਰਥੀਆਂ ਨੂੰ ਸਟੇਸ਼ਨਰੀ ਦੀ ਵੰਡ ਕੀਤੀ ਗਈ। ਰਮੇਸ਼ ਕੌਲ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਕਾਂਗਰਸ ਅਤੇ ਭਾਜਪਾ ਦੋਵੇਂ ਪਾਰਟੀਆਂ ਨੇ ਕਿਸਾਨਾਂ ਦੇ ਹਿਤਾਂ ਨਾਲ ਖਿਲਵਾੜ ਕੀਤਾ ਹੈ ਜਿਸਦੇ ਚੱਲਦੇ ਕਿਸਾਨ ਦਿੱਲੀ ਦੇ ਬਾਰਡਰਾਂ 'ਤੇ ਅੰਦੋਲਨ ਕਰਨ ਲਈ ਮਜਬੂਰ ਹੈ। ਜੇਕਰ ਦੇਸ਼ ਤੇ ਰਾਜ ਕਰਨ ਵਾਲੀਆਂ ਇਹ ਦੋਵੇਂ ਪਾਰਟੀਆਂ ਕਿਸਾਨਾਂ ਪ੍ਰਤੀ ਇਮਾਨਦਾਰ ਹੁੰਦੀਆਂ ਤਾਂ ਅੱਜ ਕਿਸਾਨ ਦੀ ਇਹ ਦੁਰਦਸ਼ਾ ਨਾ ਹੁੰਦੀ ਅਤੇ ਭਾਰਤ ਦਾ ਅੰਨਦਾਤਾ ਕਿਸਾਨ ਖੁਸ਼ਹਾਲ ਜੀਵਨ ਬਤੀਤ ਕਰਦਾ। ਉਹਨਾਂ ਫਗਵਾੜਾ ਕਾਰਪੋਰੇਸ਼ਨ ਚੋਣਾਂ 'ਚ ਬਸਪਾ ਦੀ ਇਤਿਹਾਸਕ ਜਿੱਤ ਅਤੇ ਚੋਣਾਂ ਤੋਂ ਬਾਅਦ ਕਾਰਪੋਰੇਸ਼ਨ 'ਤੇ ਬਸਪਾ ਦੇ ਕਬਜ਼ੇ ਦਾ ਦਾਅਵਾ ਕੀਤਾ ਅਤੇ ਕਿਹਾ ਕਿ ਲੋਕ ਹੁਣ ਕਾਂਗਰਸ, ਅਕਾਲੀ ਅਤੇ ਭਾਜਪਾ ਤੋਂ ਬੁਰੀ ਤਰਾਂ ਨਿਰਾਸ਼ ਹੋ ਚੁੱਕੇ ਹਨ। ਲੋਕਾਂ ਦੀ ਆਸ ਹੁਣ ਬਸਪਾ ਤੋਂ ਹੀ ਹੈ। ਸ਼ਹਿਰ ਦਾ ਸਾਫ ਸੁਥਰਾ ਅਤੇ ਬਿਨਾ ਭੇਦਭਾਵ ਦੇ ਵਿਕਾਸ ਕਰਵਾਉਣ ਲਈ ਇਸ ਵਾਰ ਸ਼ਹਿਰ ਦੇ ਲੋਕ ਬਸਪਾ ਨੂੰ ਹੀ ਵੋਟ ਪਾਉਣਗੇ। ਇਸ ਮੌਕੇ ਸ੍ਰੀਮਤੀ ਸੀਤਾ ਕੌਲ ਪ੍ਰਧਾਨ ਡਾ. ਬੀ.ਆਰ. ਅੰਬੇਡਕਰ ਵੈਲਫੇਅਰ ਸੁਸਾਇਟੀ, ਬਿਹਾਰੀ ਲਾਲ ਮਾਹੀ ਕੈਸ਼ੀਅਰ, ਮਾਸਟਰ ਸਾਧੂ ਰਾਮ, ਅਮਰਜੀਤ ਕੌਲ, ਰਾਕੇਸ਼ ਕੁਮਾਰ, ਲੁਭਾਇਆ ਰਾਮ, ਅਸ਼ੋਕ ਰਾਮਪੁਰਾ, ਹੈੱਪੀ ਕੌਲ, ਰਾਮਧਨ ਬੱਬੀ, ਭਾਰਤ ਭੂਸ਼ਣ ਕੌਲ, ਜੱਸੀ ਝੱਲੀ ਆਦਿ ਹਾਜਰ ਸਨ।

# ਬਹੁਜਨ ਚਿੰਤਕ ਤੇ ਖਾਲਸਾ ਏਡ ਨੂੰ ਐਨਆਈਏ ਵਲੋਂ ਨੋਟਿਸ ਭੇਜਣਾ ਗੈਰ ਜਮਹੂਰੀ ਕਾਰਵਾਈ- ਜਸਵੀਰ ਸਿੰਘ ਗੜ੍ਹੀ

**ਜਲੰਧਰ –** ਪੰਜਾਬ ਬਸਪਾ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜੀ ਨੇ ਬਹੁਜਨ ਨਾਲ ਜੁੜੇ ਚਿੰਤਕ, ਇਤਿਹਾਸਕਾਰ ਪ੍ਰੋਫੈਸਰ ਬਲਵਿੰਦਰਪਾਲ ਸਿੰਘ ਨੂੰ ਐਨਆਈਏ ਵਲੋਂ ਨੋਟਿਸ ਭੇਜਣ ਦੀ ਨਿਖੇਧੀ ਕਰਦਿਆਂ ਕਿਹਾ ਕਿ ਬਸਪਾ ਦੇ ਸਿਰਜਣਹਾਰ ਸਾਹਿਬ ਕਾਸ਼ੀ ਰਾਮ ਦੇ ਸਮੇਂ ਤੋਂ ਜੁੜੇ ਪ੍ਰੋ. ਬਲਵਿੰਦਰਪਾਲ ਨੂੰ ਇਸ ਮਸਲੇ ਵਿਚ ਜਾਣ ਬੁ੍ਝਕੇ ਘਸੀਟਿਆ ਗਿਆ ਹੈ। ਉਹ ਆਪਣੇ ਫੇਸਬੁੱਕ ਅਕਾਊਂਟ 'ਤੇ ਲਗਾਤਾਰ ਕਿਸਾਨ ਅੰਦੋਲਨ, ਦਲਿਤ ਤੇ ਸਿਖ ਏਕਤਾ ਬਾਰੇ ਲਿਖਦੇ ਆ ਰਹੇ ਹਨ ਤੇ ਉਹਨਾਂ ਨੂੰ ਪੰਜਾਬ ਸਮੇਤ ਕਈ ਹੋਰ ਦੇਸ਼ਾਂ ਵਿਚ ਵੀ ਬਾਖੂਬੀ ਪੜਿਆ ਜਾਂਦਾ ਹੈ। ਪ੍ਰੋ. ਬਲਵਿੰਦਰਪਾਲ ਸਿੰਘ ਆਪਣੇ ਲੇਖ ਫੇਸਬੁੱਕ 'ਤੇ ਸਾਂਝੇ ਕਰਦੇ ਆ ਰਹੇ ਹਨ। ਉਹਨਾਂ ਨੇ ਕਦੇ ਵੀ ਸੰਵਿਧਾਨਕ ਦਾਇਰੇ ਤੋਂ ਬਾਹਰ ਕਦੇ ਨਹੀਂ ਲਿਖਿਆ। ਉਹਨਾਂ ਦਾ ਗੈਰ-ਕਾਨੂੰਨੀ ਜਥੇਬੰਦੀ ਸਿੱਖਸ ਫਾਰ ਜਸਟਿਸ ਨਾਲ ਕਿਸੇ ਵੀ ਤਰਾਂ ਦਾ ਕੌਈ ਵਾਸਤਾ ਨਹੀਂ ਹੈ। ਸਰਦਾਰ ਗੜ੍ਹੀ ਨੇ ਕਿਹਾ ਕਿ ਕਿਸਾਨ ਅੰਦੋਲਨ ਲਈ ਲੰਗਰ, ਵਸਤਰ, ਮੈਡੀਕਲ ਤੇ ਹੋਰ ਪ੍ਰਬੰਧ ਕਰ ਰਹੀ ਮਨੁੱਖੀ ਸੇਵਾ ਦੀ ਜਥੇਬੰਦੀ ਖਾਲਸਾ ਏਡ ਨੂੰ ਨੋਟਿਸ ਭੇਜਣਾ ਗੈਰ ਜਮਹੂਰੀ ਤੇ ਮਨੁੱਖਤਾ ਵਿਰੋਧੀ ਕਾਰਵਾਈ ਹੈ। ਉਹਨਾਂ ਕਿਹਾ ਕਿ ਬਹੁਜਨ ਸਮਾਜ ਇਸ ਸੰਸਥਾ ਦਾ ਹਮੇਸ਼ਾਂ ਧੰਨਵਾਦੀ ਹੈ ਕਿ ਇਸ ਨੇ ਉੜੀਸਾ ਗੁਜਰਾਤ ਕੇਰਲਾ ਆਦਿ ਵਿਚ ਕੁਦਰਤੀ ਆਫਤਾਂ ਭੂਚਾਲ ਤੇ ਤੂਫਾਨ ਦੌਰਾਨ ਗਰੀਬਾਂ ਤੇ ਕਮਜ਼ੋਰ ਵਰਗਾਂ ਦੀ ਸਹਾਇਤਾ ਕੀਤੀ। ਖਾਲਸਾ ਏਡ ਨੇ ਪੰਜਾਬ ਵਿਚ ਵੀ ਹੜ੍ਹਾਂ ਦੌਰਾਨ ਗਰੀਬਾਂ ਲਈ ਟੁੱਟ ਚੁੱਕੇ ਘਰਾਂ ਦੀ ਮੁਰੰਮਤ ਕਰਵਾ ਕੇ ਦਿਤੀ। ਉਹਨਾਂ ਕਿਹਾ ਕਿ ਕਿਸਾਨ ਆਗੂ ਸ੍ਰੀ ਬਲਦੇਵ ਸਿੰਘ ਸਿਰਸਾ ਪ੍ਰਧਾਨ ਲੋਕ ਭਲਾਈ ਇਨਸਾਫ਼ ਵੈਲਫੇਅਰ ਸੁਸਾਇਟੀ, ਪਟਿਆਲਾ ਤੋਂ ਪੱਤਰਕਾਰ ਬਲਤੇਜ ਪੰਨੂ, ਦੀਪ ਸਿੱਧੂ ਤੇ ਉਸਦੇ ਭਰਾ ਮਨਦੀਪ ਸਿੰਘ ਸਿੱਧੂ, ਅੰਮ੍ਰਿਤਸਰ ਤੋਂ ਪਰਮਜੀਤ ਸਿੰਘ ਅਕਾਲੀ, ਹੁਸ਼ਿਆਰਪੁਰ ਤੋਂ ਨੋਬਲਜੀਤ ਸਿੰਘ, ਲੁਧਿਆਣਾ ਤੋਂ ਜੰਗ ਸਿੰਘ ਤੇ ਪਰਦੀਪ ਸਿੰਘ, ਬਰਨਾਲਾ ਤੋਂ ਸੁਰਿੰਦਰ ਸਿੰਘ ਠੀਕਰੀਵਾਲਾ, ਜਲੰਧਰ ਤੋਂ ਭਾਈ ਜਸਬੀਰ ਸਿੰਘ ਰੋਡੇ, ਅਮਰਕੋਟ ਤੋਂ ਪਲਵਿੰਦਰ ਸਿੰਘ, ਲੁਧਿਆਣਾ ਤੋਂ ਇੰ-ਦਰਪਾਲ ਸਿੰਘ ਜੱਜ, ਅੰਮ੍ਰਿਤਸਰ ਤੋਂ ਰਣਜੀਤ ਸਿੰਘ ਦਮਦਮੀ ਟਕਸਾਲ, ਹੁਸ਼ਿਆਰਪੁਰ ਤੋਂ ਕਰਨੈਲ ਸਿੰਘ ਦਸੂਹਾ, ਸ੍ਰੀ ਮੁਕਤਸਰ ਸਾਹਿਬ ਤੋਂ ਪੱਤਰਕਾਰ ਜਸਵੀਰ ਸਿੰਘ ਸਣੇ ਵੀਹ ਲੋਕਾਂ ਨੂੰ ਜਾਰੀ ਕੀਤੇ ਸੰਮਨ ਕਿਸਾਨ ਅੰਦੋਲਨ ਨੂੰ ਦਬਾਉਣ ਲਈ ਭੇਜੇ ਗਏ ਹਨ। ਇਸ ਤੋਂ ਇਲਾਵਾ ਲੁਧਿਆਣਾ ਦੇ ਇੱਕ ਟਰਾਂਸਪੋਰਟਰ, ਜਿਹੜਾ ਸੰਘਰਸ਼ ਵਿੱਚ ਸ਼ਾਮਲ ਹੋਣ ਲਈ ਜਾਣ ਵਾਲਿਆਂ ਨੂੰ ਮੁਫ਼ਤ ਬੱਸ ਸੇਵਾ ਦੇ ਰਿਹਾ ਸੀ, ਇੱਕ ਨਟ-ਬੋਲਟ ਬਣਾਉਣ ਵਾਲੇ ਕਾਰਖਾਨੇਦਾਰ ਤੇ ਇੱਕ ਕੇਬਲ ਟੀ ਵੀ ਅਪਰੇਟਰ, ਜਿਹੜੇ ਬੱਸਾਂ ਲਈ ਡੀਜ਼ਲ ਦੀ ਸੇਵਾ ਕਰਦੇ ਸਨ, ਆਦਿ ਨੂੰ ਵੀ ਨੋਟਿਸ ਭੇਜੇ ਗਏ ਹਨ। ਅਜਿਹਾ ਕਰਨਾ ਸੰਵਿਧਾਨਕ ਹੱਕਾਂ ਦੀ ਉਲੰਘਣਾ ਹੈ ਕਿਉਂਕਿ ਕਿਸਾਨ ਮੋਰਚਾ ਸ਼ਾਂਤਮਈ ਚਲ ਰਿਹਾ ਹੈ। ਉਹਨਾਂ ਕਿਹਾ ਕਿ ਕੇਂਦਰ ਸਰਕਾਰ ਨੂੰ ਹੋਸ਼ ਵਿੱਚ ਆਕੇ ਆਪਣੀ ਜਿਦ ਛੱਡਦਿਆਂ ਦੇਸ ਹਿਤਾਂ ਲਈ ਇਨਾਂ ਕਾਲੇ ਕਾਨੂੰਨਾਂ ਨੂੰ ਰੱਦ ਕਰਨ ਦਾ ਰਾਹ ਫੜਨਾ ਚਾਹੀਦਾ ਹੈ।



ਉਹਨਾਂ ਇਹ ਵੀ ਕਿਹਾ ਕਿ ਕੌਮੀ ਜਾਂਚ ਏਜੰਸੀ ਸੰਵਿਧਾਨ ਦੇ ਘੇਰੇ ਤੋਂ ਬਾਹਰ ਹੋਣ ਕਰ ਕੇ ਇਸ ਨੂੰ ਸੂਬਿਆਂ ਦੀ ਜਾਣਕਾਰੀ ਤੋਂ ਬਗੈਰ ਕੇਸ ਦਰਜ ਕਰਨ ਦਾ ਕੋਈ ਹੱਕ ਨਹੀਂ ਹੋਣਾ ਚਾਹੀਦਾ। ਕਿਉਂਕਿ ਅਮਨ ਕਾਨੂੰਨ ਨੂੰ ਬਰਕਰਾਰ ਰਖਣਾ ਸੂਬਿਆਂ ਦਾ ਅੰਦਰੂਨੀ ਮਸਲਾ ਹੈ। ਇਸ ਲਈ ਇਹ ਸੂਬਿਆਂ ਦੇ ਕੰਮ ਵਿਚ ਸਿੱਧੀ ਦਖਲਅੰਦਾਜੀ ਸੰਵਿਧਾਨ ਦਾ ਅਪਮਾਨ ਹੈ। ਬਸਪਾ ਪੰਜਾਬ ਨੇ ਕੈਪਟਨ ਸਰਕਾਰ ਕੋਲੋਂ ਮੰਗ ਕੀਤੀ ਹੈ ਕਿ ਹੁਣ ਜਦੋਂ ਕਿ ਉਹ ਕਿਸਾਨ ਸੰਘਰਸ਼ ਦੀ ਹਮਾਇਤ ਕਰ ਰਹੇ ਹਨ ਤਾਂ ਉਹਨਾਂ ਨੂੰ ਕੌਮੀ ਜਾਂਚ ਏਜੰਸੀ ਦੀ ਇਸ ਗੈਰ ਜਮਹੂਰੀ ਕਾਰਵਾਈ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕਰਦਿਆਂ ਇਸ ਮਾਮਲੇ ਬਾਰੇ ਕੈਪਟਨ ਸਰਕਾਰ ਪੰਜਾਬ ਅਸੈਂਬਲੀ ਦਾ ਉਚੇਚਾ ਸੈਸ਼ਨ ਬੁਲਾ ਕੇ ਕੌਮੀ ਜਾਂਚ ਏਜੰਸੀ ਦੀ ਗੈਰ ਸੰਵਿਧਾਨਕ ਬਣਤਰ ਨੂੰ ਰੱਦ ਕਰਨ ਦਾ ਮਤਾ ਵੀ ਪਾਉਣਾ ਚਾਹੀਦਾ ਹੈ ਤੇ ਪੰਜਾਬ ਦੀਆਂ ਸਿਆਸੀ ਪਾਰਟੀਆਂ ਦੀ ਸਾਂਝੀ ਮੀਟਿੰਗ ਬੁਲਾਉਣੀ ਚਾਹੀਦੀ ਹੈ। ਇਸ ਮੌਕੇ ਸੂਬਾ ਜਨਰਲ ਸਕੱਤਰ ਡਾ ਨਛੱਤਰ ਪਾਲ, ਸ੍ਰੀ ਚਮਕੌਰ ਸਿੰਘ ਵੀਰ, ਦਰਸ਼ਨ ਸਿੰਘ ਝਲੂਰ, ਰਾਣੀ ਕੌਰ ਫਰਵਾਹੀ, ਅਮਰੀਕ ਸਿੰਘ ਕਾਲਾ, ਰਣਧੀਰ ਸਿੰਘ ਨਾਗਰਾ, ਜਗਤਾਰ ਸਿੰਘ ਵਾਲੀਆਂ, ਰਾਮ ਸਿੰਘ ਸੁਨਾਮ, ਆਦਿ ਹਾਜਰ ਸਨ।

'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਨਰੇਂਦਰ ਮੋਦੀ ਤੇ ਨਰੇਂਦਰ ਤੋਮਰ ਖੇਤੀ ਬਾੜੀ ਕਾਲੇ ਕਾਨੂੰਨਾਂ ਨੂੰ ਨਾ ਰੱਦ ਕਰਨ ਦੀ ਅੜੀ ਛੱਡਣ- ਸਮਤਾ ਸੈਨਿਕ ਦਲ

ਜਲੰਧਰ- ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ), ਪੰਜਾਬ ਯੂਨਿਟ ਦੇ ਸੂਬਾ ਪ੍ਰਧਾਨ ਜਸਵਿੰਦਰ ਵਰਿਆਣਾ ਨੇ ਇੱਕ ਪ੍ਰੈਸ ਬਿਆਨ ਵਿਚ ਕਿਹਾ ਕਿ ਕਰੋਨਾ ਮਹਾਮਾਰੀ ਦੀ ਆੜ 'ਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 5 ਜੂਨ 2020 ਨੂੰ ਆਰਡੀਨੈਂਸ ਜਾਰੀ ਕਰਕੇ 24 ਸਿਤੰਬਰ 2020 ਨੂੰ ਤਿੰਨ ਖੇਤੀਬਾੜੀ ਕਾਲੇ ਕਾਨੂੰਨ ਬਣਾਏ। ਪਰ ਸੰਵਿਧਾਨ ਦੇ ਅਧੀਨ ਖੇਤੀਬਾੜੀ ਰਾਜ ਦੀ ਸੂਚੀ ਵਿੱਚ ਹੈ। ਰਾਜ ਦੀ ਸੂਚੀ ਦੇ 14 ਇੰਦਰਾਜ਼ ਵਿੱਚ ਖੇਤੀਬਾੜੀ ਨਾਲ ਸਬੰਧਤ ਵਸਤੂ ਦਾ ਜਿਕਰ ਹੈ: "ਖੇਤੀਬਾੜੀ, ਖੇਤੀਬਾੜੀ ਸਿੱਖਿਆ ਅਤੇ ਖੋਜ, ਕੀੜਿਆਂ ਤੋਂ ਬਚਾਅ ਅਤੇ ਪੌਦਿਆਂ ਦੀ ਬਿਮਾਰੀ ਦੀ ਰੋਕਥਾਮ ਸਮੇਤ"। ਜੇ ਅਸੀਂ ਇਸ ਤੋਂ ਅਨੁਮਾਨ ਲਗਾਉਂਦੇ ਕਿ ਸੰਵਿਧਾਨ ਦੇ ਅਧੀਨ ਖੇਤੀਬਾੜੀ ਇੱਕ ਰਾਜ ਦਾ ਵਿਸ਼ਾ ਹੈ, ਤਾਂ ਇਹ ਰਸਮੀ ਤੌਰ 'ਤੇ ਸਹੀ ਹੋਵੇਗਾ. ਹਾਲਾਂਕਿ, ਯੂਨੀਅਨ ਦੀ ਸੂਚੀ ਅਤੇ ਸੰਖੇਪ ਸੂਚੀ ਵਿੱਚ ਸੰਵਿਧਾਨ ਦੇ ਕੁਝ ਹੋਰ ਉਪਬੰਧਾਂ ਨੇ ਖੇਤੀਬਾੜੀ ਦੇ ਖੇਤਰ ਵਿੱਚ ਕੇਂਦਰੀ ਦਖਲਅੰਦਾਜ਼ੀ ਲਈ ਕਾਨੂੰਨੀ ਉਚਿਤਤਾ ਪ੍ਰਦਾਨ ਕੀਤੀ ਹੈ। 1950 ਤੋਂ ਬਾਅਦ ਕੀਤੀਆਂ ਗਈਆਂ ਵੱਖ ਵੱਖ ਸੰਵਿਧਾਨਕ ਸੋਧਾਂ ਨੇ ਕੇਂਦਰ ਵੱਲੋਂ ਲਗਾਤਾਰ ਹਮਲੇ ਦੀ ਪ੍ਰਕਿਰਿਆ ਵਿਚ ਯੋਗਦਾਨ ਪਾਇਆ ਪਰ ਜ਼ਰੂਰੀ ਵਸਤੂਆਂ (ਸੋਧ) ਆਰਡੀਨੈਂਸ 2020 ਇਸ ਪ੍ਰਕਿਰਿਆ ਨੂੰ ਉੱਚੇ ਪੱਧਰ 'ਤੇ ਲੈ ਜਾਂਦਾ ਹੈ ਅਤੇ ਇਹ ਖੇਤੀਬਾੜੀ ਦੇ ਰਾਜਾਂ ਦੇ ਸੰਘੀ ਅਧਿਕਾਰਾਂ 'ਤੇ ਹੁਣ ਤੱਕ ਦਾ ਸਭ ਤੋਂ ਵਿਨਾਸ਼ਕਾਰੀ ਹਮਲਾ ਹੈ। 'ਵਨ ਇੰਡੀਆ, ਵਨ ਐਗਰੀਕਲਚਰ ਮਾਰਕੀਟ' ਦਾ ਨਾਅਰਾ ਇਨ੍ਹਾਂ ਸੁਧਾਰਾਂ ਦੇ ਕੇਂ-ਦਰੀਕਰਨ ਉਦੇਸ਼ ਦਾ ਖੁੱਲਾ ਐਲਾਨ ਹੈ। ਜਸਵਿੰਦਰ ਵਰਿਆਣਾ ਨੇ ਕਿਹਾ ਕਿ ਪ੍ਰਧਾਨ ਮੰਤਰੀ ਦੁਆਰਾ ਆਰਡੀਨੈਂਸ ਜਾਰੀ ਕਰਨ ਤੋਂ ਜਲਦ ਬਾਅਦ ਹੀ ਕਿਸਾਨਾਂ ਨੇ ਇਨ੍ਹਾਂ ਕਾਲੇ ਕਾਨੂੰਨਾਂ ਨੂੰ ਰੱਦ ਕਰਾਉਣ ਵਾਸਤੇ



ਪੰਜਾਬ ਵਿਚ ਅੰਦੋਲਨ ਸ਼ੁਰੂ ਕਰ ਦਿੱਤੇ। ਜਦੋਂ ਸਰਕਾਰ ਨਹੀਂ ਮੰਨੀ ਤਾਂ ਪੰਜਾਬ ਹਰਿਆਣਾ, ਉੱਤਰ ਪ੍ਰਦੇਸ਼, ਉੱਤਰਾਖੰਡ ਅਤੇ ਭਾਰਤ ਦੇ ਬਾਕੀ ਕਿਸਾਨਾਂ ਨੇ ਆਪਣੇ ਅੰਦੋਲਨ ਦਿੱਲੀ ਦੇ ਬਾਡਰਾਂ ਤੇ ਆਰੰਭ ਦਿੱਤੇ. ਹਜਾਰਾਂ ਦੀ ਗਿਣਤੀ ਵਿਚ ਕਿਸਾਨ ਅਤੇ ਮਜ਼ਦੂਰ ਇਸ ਅੰਦੋਲਨ ਵਿਚ ਸ਼ਾਮਿਲ ਹਨ। ਇਸ ਕਿਸਾਨ ਅੰਦੋਲਨ ਨੂੰ ਸੁਪਰੀਮ ਕੋਰਟ ਅਤੇ ਪੂਰੇ ਦੇਸ਼ ਤੋਂ ਵਕੀਲਾਂ, ਬੁਧੀਜੀਵੀਆਂ, ਵਪਾਰੀਆਂ, ਦੁਕਾਨਦਾਰਾਂ, ਡਾਕਟਰਾਂ, ਗਾਇਕਾਂ, ਲੇਖਕਾਂ, ਮੁਸਲਮਾਨਾਂ, ਬੋਧੀਆਂ, ਅੰਬੇਡਕਰ ਵਾਦੀਆਂ ਅਤੇ ਮਜ਼ਦੂਰਾਂ ਦਾ ਵੀ ਸਮਰਥਨ ਪ੍ਰਾਪਤ ਹੈ ਅਤੇ ਇਹ ਅੰਦੋਲਨ ਹੁਣ ਜਨ ਅੰਦੋਲਨ ਬਣ ਗਿਆ ਹੈ। ਮਾਣਯੋਗ ਸੁਪਰੀਮ ਕੋਰਟ ਨੇ ਤਿੰਨ ਫਾਰਮ ਐਕਟ 2020 ਨੂੰ ਲਾਗੂ ਕਰਨ 'ਤੇ ਰੋਕ ਲਗਾ ਦਿੱਤੀ ਹੈ ਅਤੇ ਦੋ ਮਹੀਨਿਆਂ ਦੇ ਅੰਦਰ ਇਸ 'ਤੇ ਸਿਫਾਰਸ਼ਾਂ ਕਰਨ ਲਈ ਇੱਕ ਚਾਰ ਮੈਂਬਰੀ ਕਮੇਟੀ ਦਾ ਗਠਨ ਕੀਤਾ ਹੈ। ਇਨ੍ਹਾਂ ਚਾਰ ਕਮੇਟੀ ਮੈਂਬਰਾਂ ਵਿਚੋਂ ਇੱਕ ਮੈਂਬਰ ਭੁਪਿੰਦਰ ਸਿੰਘ ਮਾਨ ਨੇ ਇਸ ਅਧਾਰ 'ਤੇ ਆਪਣੇ ਆਪ ਨੂੰ ਪੈਨਲ ਤੋਂ ਅਸਤੀਫਾ ਦੇ ਕੇ ਵੱਖ ਕਰ ਲਿਆ ਹੈ ਕਿ ਉਹ ਕਿਸਾਨਾਂ ਦੇ ਹਿੱਤਾਂ ਨਾਲ ਸਮਝੌਤਾ ਨਹੀਂ ਕਰਨਗੇ। ਅੱਜ ਕਿਸਾਨ-ਮਜ਼ਦੂਰ ਅੰਦੋਲਨਕਾਰੀਆਂ ਨੂੰ ਕੜਾਕੇ ਦੀ ਠੰਡ ਵਿਚ ਬੈਠਿਆਂ ਨੂੰ 55 ਦਿਨ ਹੋ ਗਏ ਹਨ ਅਤੇ 70 ਤੋਂ ਜਿਆਦਾ ਕਿਸਾਨ ਸ਼ਹੀਦ ਹੋ ਗਏ ਹਨ। ਜਸਵਿੰਦਰ ਵਰਿਆਣਾ ਨੇ ਕਿਹਾ ਕਿ ਆਲ ਇੰਡੀਆ ਸਮਤਾ ਸੈਨਿਕ ਦਲ ਮੰਗ ਕਰਦਾ ਹੈ ਕਿ ਨਰੇਂਦਰ ਮੋਦੀ ਤੇ ਨਰੇਂਦਰ ਤੋਮਰ ਨੂੰ ਅੜੀ ਛੱਡ ਕੇ ਖੇਤੀਬਾੜੀ ਕਾਲੇ ਕਾਨੂੰਨਾਂ ਨੂੰ ਜਲਦ ਰੱਦ ਕਰ ਦੇਣਾ ਚਾਹੀਦਾ ਹੈ ਕਿਉਂਕਿ ਇਹ ਕਿਸਾਨਾਂ ਦੇ ਨਾਲ ਨਾਲ ਸਾਰੇ ਦੇਸ਼ ਵਾਸੀਆਂ ਵਾਸਤੇ ਨੁਕਸਾਨਦਾਈ ਹਨ। ਜੇ ਇਹ ਤਿੰਨੋ ਖੇਤੀਬਾੜੀ ਕਾਲੇ ਕਾਨੂੰਨ ਨਾ ਰੱਦ ਕੀਤੇ ਗਏ ਤਾਂ ਗ੍ਰਹਿ ਯੁੱਧ ਦੇ ਪੈਦਾ ਹੋਣ ਦਾ ਖ਼ਤਰਾ ਹੋ ਸਕਦਾ ਹੈ।

## ਲੰਡਨ ਖਬਰਨਾਮਾ / ਮਨਦੀਪ ਖੁਰਮੀ ਹਿੰਮਤਪੁਰਾ

# ਲੰਡਨ ਦੇ ਹਸਪਤਾਲ ਕਰ ਰਹੇ ਹਨ ਕੋਰੋਨਾਂ ਮਰੀਜ਼ਾਂ ਨੂੰ ਮੀਲਾਂ ਦੂਰ ਹੋਰ ਹਸਪਤਾਲਾਂ 'ਚ ਤਬਦੀਲ

**ਗਲਾਸਗੋ/ਲੰਡਨ–** ਰਾਜਧਾਨੀ ਲੰਡਨ ਵਿੱਚ ਕੋਰੋਨਾਂ ਮਰੀਜ਼ਾਂ ਦੀ ਵਧ ਰਹੀ ਗਿਣਤੀ ਨਾਲ ਹਸਪਤਾਲਾਂ ਵਿੱਚ ਵੱਡੀ ਪੱਧਰ 'ਤੇ ਸਿਹਤ ਸਹੂਲਤਾਂ ਦੀ ਘਾਟ ਪੈਦਾ ਹੋ ਰਹੀ ਹੈ। ਕੋਰੋਨਾਂ ਤੋਂ ਪੀੜਤ ਮਰੀਜ਼ਾਂ ਦੀ ਦੇਖਭਾਲ ਕਰਨ ਲਈ ਹੋਰ ਸਹੂਲਤਾਂ ਦੇ ਨਾਲ ਇੰਟੈਂਸਿਵ ਕੇਅਰ ਯੂਨਿਟਾਂ ਦੀ ਘਾਟ ਪੈਦਾ ਹੋ ਰਹੀ ਹੈ। ਇਸ ਸਥਿਤੀ ਦਾ ਸਾਹਮਣਾ ਕਰਨ ਲਈ ਗੰਭੀਰ ਰੂਪ ਨਾਲ ਬਿਮਾਰ ਕੋਵਿਡ ਮਰੀਜ਼ਾਂ ਨੂੰ ਲੰਡਨ ਦੇ ਹਸਪਤਾਲਾਂ ਤੋਂ ਲੱਗਭਗ 300 ਮੀਲ ਦੀ ਦੂਰੀ 'ਤੇ ਨਿਊਕੈਸਲ ਵਿੱਚ ਆਈ. ਸੀ. ਯੂ ਇਕਾਈਆਂ ਵਿੱਚ ਦੇਖਭਾਲ ਲਈ ਤਬਦੀਲ ਕੀਤਾ ਜਾ ਰਿਹਾ ਹੈ। ਇਸਦੇ ਇਲਾਵਾ ਲੰਡਨ ਵਿੱਚ ਸਮੱਸਿਆ ਦਾ ਸਾਹਮਣਾ ਕਰ ਰਹੇ ਹਸਪਤਾਲਾਂ ਵਿੱਚੋਂ ਪਿਛਲੇ ਦਿਨੀ ਕਈ ਮਰੀਜ਼ਾਂ ਨੂੰ 67 ਮੀਲ ਦੂਰ ਨੌਰਥੈਮਪਟਨ, 125 ਮੀਲ ਬਰਮਿੰਘਮ ਅਤੇ



167 ਮੀਲ ਸ਼ੈਫੀਲਡ ਵਿੱਚ ਵੀ ਲਿਜਾਇਆ ਗਿਆ ਹੈ। ਇਸਦੇ ਨਾਲ ਹੀ ਐਨ.ਐਚ.ਐਸ ਇੰਗਲੈਂਡ ਨੇ ਇਸਦੇ ਉੱਤਰ, ਮਿਡਲੈਂਡਜ਼ ਅਤੇ ਹੋਰ ਇਲਾਕਿਆਂ ਦੇ ਹਸਪਤਾਲਾਂ ਨੂੰ ਲੰਡਨ, ਦੱਖਣ-ਪੂਰਬ ਅਤੇ ਪੂਰਬ ਤੋਂ ਮਰੀਜ਼ਾਂ ਨੂੰ ਤਬਦੀਲ ਕਰਨ ਲਈ ਸੈਂਕੜੇ ਵਾਧੂ ਆਈ.ਸੀ.ਯੂ ਸਹੂਲਤਾਂ ਨੂੰ ਖੋਲ੍ਹਣ ਲਈ ਕਿਹਾ ਹੈ। ਇਸ ਸਮੇਂ ਯੂਕੇ ਦੇ ਸਾਰੇ ਹਸਪਤਾਲ ਕੋਰੋਨਾਂ ਨਾਲ ਪੀੜਤ ਤਕਰੀਬਨ 36,489 ਮਰੀਜ਼ਾਂ ਦੀ ਦੇਖਭਾਲ ਕਰਨ ਲਈ ਜੂਝ ਰਹੇ ਹਨ ਅਤੇ ਇਸ ਗਿਣਤੀ ਵਿੱਚ ਸੱਤ ਦਿਨਾਂ ਦੌਰਾਨ 5,872 ਮਰੀਜਾਂ ਦਾ ਵਾਧਾ ਹੋਇਆ ਹੈ। ਲੰਡਨ ਵਿੱਚ ਹਸਪਤਾਲ ਐਸੋਸੀਏਸ਼ਨ ਦੀ ਪ੍ਰਧਾਨ ਡਾ. ਕਲਾਉਡੀਆ ਪਾਓਲੋਨੀ ਅਨੁਸਾਰ ਮਰੀਜ਼ਾਂ ਨੂੰ ਲੰਬੀ ਦੂਰੀ ਦੇ ਹਸਪਤਾਲਾਂ ਵਿੱਚ ਤਬਦੀਲ ਕਰਨਾ, ਉਹਨਾਂ ਨੂੰ ਜੋਖਮ ਵਿੱਚ ਪਾਉਂਦਾ ਹੈ ਪਰ ਇਸ ਸਮੇਂ ਹਸਪਤਾਲ ਸਹੂਲਤਾਂ , ਜਗ੍ਹਾ ਅਤੇ ਸਟਾਫ ਦੀ ਘਾਟ ਦਾ ਸਾਹਮਣਾ ਕਰ ਰਹੇ ਹਨ।

ਹਸਪਤਾਲ ਪਹਿਲਾਂ ਹੀ ਗੰਭੀਰ ਦੇਖਭਾਲ ਟੀਮਾਂ ਦੀ ਘਾਟ ਦਾ ਸਾਹਮਣਾ ਕਰ ਰਹੇ ਹਨ ਜਦਕਿ ਨਰਸਾਂ ਇੱਕ ਸਮੇਂ ਇੱਕ ਮਰੀਜ਼ ਦੀ ਬਜਾਏ ਤਿੰਨ ਜਾਂ ਚਾਰ ਗੰਭੀਰ ਬਿਮਾਰ ਮਰੀਜ਼ਾਂ ਦੀ ਦੇਖਭਾਲ ਕਰ ਰਹੀਆਂ ਹਨ। ਇਸ ਸੰਕਟ ਨਾਲ ਨਜਿੱਠਣ ਲਈ ਪ੍ਰਸ਼ਾਸਨ ਨੂੰ ਗੰਭੀਰ ਮਰੀਜ਼ਾਂ ਨੂੰ ਸੈਂਕੜੇ ਮੀਲ ਦੂਰ ਤਬਦੀਲ ਕਰਨ ਦਾ ਅਸਧਾਰਨ ਕਦਮ ਚੁੱਕਣਾ ਪਿਆ ਹੈ।

# ਗਲਾਸਗੋ 'ਚ ਇੱਕ ਹਫਤੇ ਦੌਰਾਨ 4000 ਤੋਂ ਵੱਧ ਕੋਰੋਨਾਂ ਵਾਇਰਸ ਮਾਮਲੇ ਦਰਜ

**ਗਲਾਸਗੋ–** ਸਕਾਟਲੈਂਡ ਵਿੱਚ ਵਾਇਰਸ ਦੀ ਲਾਗ ਦੇ ਮਾਮਲੇ ਲਗਾਤਾਰ ਵਧ ਰਹੇ ਹਨ। ਇਹਨਾਂ ਨੂੰ ਫੈਲਣ ਤੋਂ ਰੋਕਣ ਲਈ ਸਰਕਾਰ ਵੱਲੋਂ ਪਾਬੰਦੀਆਂ ਅਤੇ ਟੀਕਾਕਰਨ ਪ੍ਰਕਿਰਿਆ ਨੂੰ ਵੱਡੇ ਪੱਧਰ 'ਤੇ ਲਾਗੂ ਕੀਤਾ ਗਿਆ ਹੈ। ਵਾਇਰਸ ਦੀ ਲਾਗ ਦੇ ਪੁਸ਼ਟੀ ਕੀਤੇ ਮਾਮਲਿਆਂ ਦੇ ਸੰਬੰਧ ਵਿੱਚ ਪਿਛਲੇ ਸੱਤ ਦਿਨਾਂ ਦੌਰਾਨ ਗਲਾਸਗੋ ਵਿੱਚ 4000 ਤੋਂ ਵੱਧ ਸਕਾਰਾਤਮਕ ਕੋਰੋਨਾਂ ਵਾਇਰਸ ਦੇ ਮਾਮਲੇ ਦਰਜ ਕੀਤੇ ਗਏ ਹਨ। ਸਰਕਾਰ ਦੁਆਰਾ



ਅਧਿਕਾਰਤ ਅੰਕੜਿਆਂ ਅਨੁਸਾਰ ਪਿਛਲੇ ਹਫਤੇ ਤੋਂ ਹੁਣ ਤੱਕ ਗਲਾਸਗੋ ਖੇਤਰ ਵਿੱਚ 4033 ਪੁਸ਼ਟੀ ਕੀਤੇ ਕੇਸਾਂ ਦੀ ਪਛਾਣ ਕੀਤੀ ਗਈ ਹੈ ਜਦਕਿ ਪਿਛਲੇ 24 ਘੰਟਿਆਂ ਦੌਰਾਨ ਸ਼ਹਿਰ ਵਿੱਚ 636 ਹੋਰ ਮਾਮਲੇ ਦਰਜ ਕੀਤੇ ਗਏ ਹਨ। ਇਸਦੇ ਇਲਾਵਾ ਗਲਾਸਗੋ ਦੇ ਗੁਆਂਢੀ ਸਿਹਤ ਬੋਰਡ ਖੇਤਰ ਲੈਨਾਰਕਸ਼ਾਇਰ ਵਿੱਚ ਵੀ ਇੱਕ ਹਫ਼ਤੇ ਦਰਮਿਆਨ 2188 ਮਾਮਲੇ ਦਰਜ ਕੀਤੇ ਗਏ ਹਨ। ਕੋਰੋਨਾਂ ਵਾਇਰਸ ਦੀ ਲਾਗ ਸੰਬੰਧੀ ਫਸਟ ਮਿਨਿਸਟਰ ਨਿਕੋਲਾ ਸਟਰਜਨ ਨੇ ਚਿਤਾਵਨੀ ਦਿੰਦਿਆਂ ਦੱਸਿਆ ਕਿ ਸਕਾਟਲੈਂਡ ਦੀ ਆਰ ਨੰਬਰ 1.4 ਤੱਕ ਵੱਧ ਸਕਦੀ ਹੈ।

ਇਸ ਦੌਰਾਨ ਸਿਹਤ ਸਕੱਤਰ ਨੇ ਖੇਤਰ ਵਿੱਚ ਸ਼ੁਰੂ ਹੋਏ ਕੋਰੋਨਾਂ ਵਾਇਰਸ ਟੀਕਾਕਰਨ ਪ੍ਰਕਿਰਿਆ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਸਕਾਟਲੈਂਡ ਵਿੱਚ ਤਕਰੀਬਨ 224,840 ਲੋਕ ਟੀਕੇ ਦੀ ਪਹਿਲੀ ਖੁਰਾਕ ਪ੍ਰਾਪਤ ਕਰ ਚੁੱਕੇ ਹਨ ਜਦਕਿ ਕੁੱਲ 3331 ਲੋਕਾਂ ਨੂੰ ਇਸਦੀ ਦੂਜੀ ਖੁਰਾਕ ਵੀ ਦਿੱਤੀ ਗਈ ਹੈ।

# ਬਰਤਾਨੀਆ ਵਿੱਚ ਕਾਲੇ ਮੂਲ ਦੀਆਂ ਔਰਤਾਂ ਦੀ ਜਣੇਪੇ ਦੌਰਾਨ ਹੋਰਾਂ ਮੁਕਾਬਲੇ ਚਾਰ ਗੁਣਾ ਜ਼ਿਆਦਾ ਮੌਤ ਦਰ

**ਗਲਾਸਗੋ–** ਬਰਤਾਨੀਆ ਵਿੱਚ ਪੇਸ਼ ਕੀਤੀ ਗਈ ਇੱਕ ਰਿਪੋਰਟ ਵਿੱਚ ਪਾਇਆ ਗਿਆ ਹੈ ਕਿ ਕਾਲੇ ਮੂਲ ਦੀਆਂ ਔਰਤਾਂ ਦੀ ਯੂਕੇ ਵਿੱਚ ਗਰਭ ਅਵਸਥਾ ਜਾਂ ਬੱਚੇ ਦੇ ਜਨਮ ਦੌਰਾਨ ਗੋਰੇ ਮੂਲ ਦੀਆਂ ਔਰਤਾਂ ਨਾਲੋਂ ਚਾਰ ਗੁਣਾ ਜਿਆਦਾ ਮੌਤ ਹੁੰਦੀ ਹੈ। ਮਨੁੱਖੀ ਅਧਿਕਾਰਾਂ ਦੀ ਸੰਯੁਕਤ ਕਮੇਟੀ ਦੁਆਰਾ ਪ੍ਰਕਾਸ਼ਿਤ ਕੀਤੀ ਗਈ ਰਿਪੋਰਟ ਵਿੱਚ ਇਹ ਵੀ ਖੁਲਾਸਾ ਹੋਇਆ ਹੈ ਕਿ ਏਸ਼ੀਅਨ ਨਸਲੀ ਪਿਛੋਕੜ ਦੀਆਂ ਔਰਤਾਂ ਨੂੰ ਵੀ ਦੋ ਗੁਣਾਂ ਜ਼ਿਆਦਾ ਮੌਤ ਦਰ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਸੰਬੰਧੀ ਸਰਕਾਰ ਨੂੰ ਨਸਲੀ ਸਮੂਹਾਂ ਵਿਚਕਾਰ ਇਸ ਅਸੰਤੁਲਨ ਨੂੰ ਖਤਮ ਕਰਨ ਦੀ ਅਪੀਲ ਕੀਤੀ ਗਈ ਹੈ। ਪਬਲਿਕ ਹੈਲਥ ਸੰਸਥਾ ਦੇ ਪ੍ਰਧਾਨ ਪ੍ਰੋਫੈਸਰ ਮੈਗੀ ਰੇਅ ਅਨੁਸਾਰ ਇਸ ਸਾਲ ਦੀ ਕੋਰੋਨਾਂ ਵਾਇਰਸ ਮਹਾਮਾਰੀ ਨੇ ਇਸ ਅਸਮਾਨਤਾ ਨੂੰ ਹੋਰ ਵਧਾ ਦਿੱਤਾ ਹੈ। ਇਸ ਮਾਮਲੇ ਸੰਬੰਧੀ ਜਣੇਪੇ ਦੌਰਾਨ ਹੋਈਆਂ ਮੌਤਾਂ



ਬਾਰੇ ਸਾਲ 2016 ਤੋਂ 2018 ਦਰਮਿਆਨ ਹੋਏ ਤਾਜ਼ਾ ਅੰਕੜਿਆਂ ਅਨੁਸਾਰ ਯੂਕੇ ਵਿੱਚ ਤਕਰੀਬਨ 2,235,159 ਵਿਚੋਂ 217 ਔਰਤਾਂ ਦੀ ਗਰਭ ਅਵਸਥਾ ਦੌਰਾਨ ਜਾਂ ਇਸ ਦੇ ਛੇ ਹਫ਼ਤਿਆਂ ਬਾਅਦ ਮੌਤ ਹੋਈ ਹੈ ਜਦਕਿ 349 ਹੋਰ ਔਰਤਾਂ ਬੱਚੇ ਨੂੰ ਜਨਮ ਦੇਣ ਦੇ ਇੱਕ ਸਾਲ ਬਾਅਦ ਮਰ ਗਈਆਂ ਹਨ। ਇਸ ਸੰਬੰਧੀ ਸੰਯੁਕਤ ਕਮੇਟੀ ਨੇ ਇਹ ਵੀ ਪਾਇਆ ਕਿ ਯੂਕੇ ਵਿੱਚ 60% ਤੋਂ ਵੱਧ ਕਾਲੇ ਲੋਕ ਚਿੱਟੇ ਲੋਕਾਂ ਦੇ ਮੁਕਾਬਲੇ ਐਨ.ਐਚ.ਐਸ ਦੁਆਰਾ ਉਨ੍ਹਾਂ ਦੀ ਸਿਹਤ ਨੂੰ ਸੁਰੱਖਿਅਤ ਨਹੀਂ ਮੰਨਦੇ ਹਨ। ਇਸ ਰਿਪੋਰਟ ਅਨੁਸਾਰ ਗਰਭ ਅਵਸਥਾ ਦੌਰਾਨ ਜਾਂ ਬਾਅਦ ਵਿੱਚ ਮੌਤ ਹੋ ਜਾਣ ਲਈ ਬਹੁਤ ਸਾਰੇ ਕਾਰਨ ਜਿਵੇਂ ਕਿ ਮਾਨਸਿਕ ਜਾਂ ਸਰੀਰਕ ਸਿਹਤ ਸਮੱਸਿਆਵਾਂ, ਘਰੇਲੂ ਬਦਸਲੂਕੀ , ਰਿਹਾਇਸ਼ੀ ਸਥਾਨ, ਜ਼ਿਆਦਾ ਭਾਰ ਅਤੇ ਦਿਲ ਦੀ ਬਿਮਾਰੀ ਆਦਿ ਜਿੰਮੇਵਾਰ ਹਨ। ਨਸਲੀ ਸਮਾਨਤਾ ਟਾਸਕਫੋਰਸ ਦੇ ਪ੍ਰਧਾਨ ਡਾ: ਐਡਵਰਡ ਮੌਰਿਸ ਨੇ ਅਗਲੇ ਪੰਜ ਸਾਲਾਂ ਦੌਰਾਨ ਕਾਲੇ, ਏਸ਼ੀਆਈ ਅਤੇ ਘੱਟਗਿਣਤੀ ਸਮੂਹਾਂ ਦੀਆਂ ਔਰਤਾਂ ਲਈ ਜਣੇਪੇ ਦੀ ਮੌਤ ਦਰ ਵਿੱਚ 50 ਪ੍ਰਤੀਸ਼ਤ ਦੀ ਕਟੌਤੀ ਕਰਨ ਦਾ ਟੀਚਾ ਨਿਰਧਾਰਿਤ ਲਈ ਸਰਕਾਰ ਨੂੰ ਅਪੀਲ ਕੀਤੀ ਹੈ।

# ਕੋਰੋਨਾ-ਠੱਗੀ: 92 ਸਾਲਾ ਬਜ਼ੁਰਗ ਔਰਤ ਨੂੰ ਨਕਲੀ ਕੋਰੋਨਾਂ ਵਾਇਰਸ ਟੀਕਾ ਲਗਾ ਕੇ ਠੱਗੇ 160 ਪੌਂਡ

**ਗਲਾਸਗੋ–** ਕੋਰੋਨਾਂ ਵਾਇਰਸ ਮਹਾਂਮਾਰੀ ਕਾਰਨ ਦੇਸ਼ ਦੀ ਸਥਿਤੀ ਦਿਨ ਪ੍ਰਤੀ ਦਿਨ ਚਿੰਤਾਜਨਕ ਹੋ ਰਹੀ ਹੈ। ਸਰਕਾਰ ਵੱਲੋਂ ਦੇਸ਼ ਵਾਸੀਆਂ ਨੂੰ ਸੁਰੱਖਿਅਤ ਰੱਖਣ ਦੇ ਸੰਭਵ ਯਤਨ ਵੀ ਕੀਤੇ ਜਾ ਰਹੇ ਹਨ, ਜਿਹਨਾਂ ਵਿੱਚੋਂ ਇੱਕ ਕੋਰੋਨਾਂ ਵਾਇਰਸ ਟੀਕਾਕਰਨ ਸਭ ਤੋਂ ਪ੍ਰਮੁੱਖ ਹੈ, ਜੋ ਕਿ ਵਾਇਰਸ ਨੂੰ ਹਰਾਉਣ ਦੀ ਲੜਾਈ ਦਾ ਇੱਕ ਤਾਕਤਵਰ ਹਥਿਆਰ ਹੈ। ਯੂਕੇ ਵਿੱਚ ਵੱਡੇ ਪੱਧਰ 'ਤੇ ਟੀਕਾਕਰਨ ਦੀ ਸ਼ੁਰੂਆਤ ਹੋ ਚੁੱਕੀ ਹੈ। ਪਰ ਇਸ ਸਥਿਤੀ ਵਿੱਚ ਵੀ ਕੁੱਝ ਗਲਤ ਅਨਸਰ ਆਪਣੇ ਨਿੱਜੀ ਸਵਾਰਥ ਲਈ




ਧੋਖਾਧੜੀ ਕਰਨ ਤੋਂ ਬਾਜ ਨਹੀਂ ਆਉਂਦੇ। ਕੋਰੋਨਾਂ ਟੀਕਾਕਰਨ ਦੇ ਮਾਮਲੇ ਵਿੱਚ ਧੋਖਾਧੜੀ ਦਾ ਇੱਕ ਮਾਮਲਾ ਲੰਡਨ ਵਿੱਚ ਸਾਹਮਣੇ ਆਇਆ ਹੈ , ਜਿੱਥੇ ਇੱਕ ਵਿਅਕਤੀ ਨੇ 92 ਸਾਲਾ ਔਰਤ ਨੂੰ ਜਾਅਲੀ ਕੋ-ਰੋਨਾਂ ਵਾਇਰਸ ਟੀਕਾ ਲਗਾਉਣ ਲਈ 160 ਪੌਂਡ ਹਥਿਆਏ ਹਨ। ਇਸ ਮਾਮਲੇ ਵਿੱਚ 33 ਸਾਲਾਂ ਡੇਵਿਡ ਚੈਂਬਰਜ਼ ਨਾਮ ਦੇ ਇਸ ਵਿਅਕਤੀ ਨੇ 30 ਦਸੰਬਰ ਨੂੰ ਕਥਿਤ ਤੌਰ 'ਤੇ 92 ਸਾਲਾਂ ਪੈਨਸ਼ਨਰ ਦਾ ਦਰਵਾਜ਼ਾ ਖੜਕਾ ਕੇ ਇਸ ਰਾਸ਼ੀ ਦਾ ਭੁਗਤਾਨ ਕਰਨ ਬਦਲੇ ਕੋਰੋਨਾਂ ਟੀਕਾ ਲਗਾਉਣ ਦੀ ਗੱਲ ਕੀਤੀ ਅਤੇ ਟੀਕ-ਾਕਰਨ ਦਾ ਦਿਖਾਵਾ ਕਰਨ ਲਈ ਉਸਨੇ ਬਜ਼ੁਰਗ ਔਰਤ ਦੇ ਗੁੱਟ ਉੱਤੇ ਕੁਝ ਦਬਾ ਕੇ ਅਤੇ ਉਸ ਤੋਂ 160 ਪੌਂਡ ਦੀ ਫੀਸ ਵਸੂਲ ਕੀਤੀ।

ਇਸ ਦੇ ਇਲਾਵਾ ਇਹ ਆਦਮੀ 4 ਜਨਵਰੀ ਨੂੰ ਦੁਬਾਰਾ ਫਿਰ ਉਸ ਔਰਤ ਤੋਂ ਹੋਰ 100 ਪੌਂਡ ਲੈਣ ਲਈ ਵਾਪਸ ਆਇਆ। ਇਸ ਵਿਅਕਤੀ ਉੱਪਰ ਝੂਠੀ ਨੁਮਾਇੰਦਗੀ ਕਰਕੇ ਧੋਖਾਧੜੀ ਕਰਨ, ਲੰਡਨ ਦੀ ਤਾਲਾਬੰਦੀ ਸੰਬੰਧੀ ਪਾਬੰਦੀਆਂ ਨੂੰ ਤੋੜਨ ਆਦਿ ਦੇ ਦੋਸ਼ ਲਗਾਏ ਗਏ ਹਨ।

ਚੈਂਬਰਸ ਜੋ ਕਿ ਸਰਬਿਟਨ ਖੇਤਰ ਨਾਲ ਸੰਬੰਧਿਤ ਹੈ ਨੂੰ ਵੈਸਟਮਿੰਸਟਰ ਮੈਜਿਸਟ੍ਰੇਟਸ ਕੋਰਟ ਵਿੱਚ ਪੇਸ਼ ਕੀਤਾ ਗਿਆ ਅਤੇ ਉਸਨੂੰ 12 ਫਰਵਰੀ ਨੂੰ ਕਿੰਗਸਟਨ ਕਰਾਊਨ ਕੋਰਟ ਵਿੱਚ ਹੋਣ ਵਾਲੀ ਅਗਲੀ ਸੁਣਵਾਈ ਤੱਕ ਹਿਰਾਸਤ ਵਿੱਚ ਭੇਜ ਦਿੱਤਾ ਗਿਆ ਹੈ।

# ਯੂਕੇ 'ਚ ਪੁਲਿਸ ਵਿਭਾਗ ਵੱਲੋਂ ਗਲਤੀ ਨਾਲ ਗੁੰਮ ਹੋਇਆ ਸੈਂਕੜੇ ਅਪਰਾਧੀਆਂ ਦਾ ਰਿਕਾਰਡ

**ਗਲਾਸਗੋ–** ਹਰ ਇੱਕ ਦੇਸ਼ ਵਿੱਚ ਅਪਰਾਧ ਨੂੰ ਕਾਬੂ ਕਰਨ ਲਈ ਸੁਰੱਖਿਆ ਸੰਸਥਾਵਾਂ ਦੁਆਰਾ ਅਪਰਾਧੀ ਵਿਅਕਤੀਆਂ ਦਾ ਇਕੱਤਰ ਕੀਤਾ ਹੋਇਆ ਰਿਕਾਰਡ ਬਹੁਤ ਮਹੱਤਵਪੂਰਨ ਹੁੰਦਾ ਹੈ, ਜਿਸਦੀ ਲੋੜ ਪੈਣ 'ਤੇ ਆਸਾਨੀ ਨਾਲ ਕਿਸੇ ਮੁਜ਼ਰਿਮ ਤੱਕ ਪਹੁੰਚ ਕੀਤੀ ਜਾ ਸਕਦੀ ਹੈ।

ਪਰ ਯੂਕੇ ਵਿੱਚ ਪੁਲਿਸ ਵਿਭਾਗ ਦੀ ਕੰਪਿਊਟਰ ਪ੍ਰਣਾਲੀ ਵਿੱਚ ਰੱਖਿਆ ਸੈਂਕੜੇ ਅਪਰਾਧੀਆਂ ਦਾ ਰਿਕਾਰਡ ਕਿਸੇ ਤਕਨੀਕੀ ਗਲਤੀ ਨਾਲ ਗੁੰਮ ਹੋ ਗਿਆ ਹੈ। ਇੱਕ ਸੀਨੀਅਰ ਅਧਿਕਾਰੀ ਅਨੁਸਾਰ ਇਸ ਨਾਲ ਤਕਰੀਬਨ 4 ਲੱਖ ਤੋਂ ਵੱਧ ਜੁਰਮ ਦੇ ਰਿਕਾਰਡ ਪ੍ਰਭਾਵਿਤ ਹੋ ਸਕਦੇ ਸਨ।

ਦੇਸ਼ ਦੇ ਅਪਰਾਧੀਆਂ ਨਾਲ ਸੰਬੰਧਿਤ ਇਹ ਰਿਕਾਰਡ 10 ਜਨਵਰੀ ਨੂੰ ਕੰਪਿਊਟਰ ਪ੍ਰਣਾਲੀ ਵਿੱਚ ਕੋਡਿੰਗ ਦੀ ਗਲਤੀ ਕਾਰਨ ਮਿਟ ਗਏ ਸਨ, ਜਿਸਦੇ ਤਹਿਤ ਪੁਲਿਸ ਦੇ ਕੌਮੀ ਕੰਪਿਊਟਰ (ਪੀ ਐਨ ਸੀ) ਸਿਸਟਮ ਵਿੱਚ ਫਿੰਗਰ ਪ੍ਰਿੰਟ, ਡੀ ਐਨ ਏ, ਅਤੇ ਗ੍ਰਿਫਤਾਰੀ ਸੰਬੰਧੀ ਰਿਕਾਰਡ ਆਦਿ ਪ੍ਰਭਾਵਿਤ ਹੋਏ ਹਨ। ਇਸ ਮਾਮਲੇ ਵਿੱਚ ਗ੍ਰਹਿ ਸਕੱਤਰ ਪ੍ਰੀਤੀ ਪਟੇਲ 'ਤੇ ਰਿਕਾਰਡ ਸੰਬੰਧੀ ਹੋਈ ਇਸ ਗਲਤੀ ਬਾਰੇ ਦਬਾਅ ਪੈ ਰਿਹਾ ਹੈ। ਪੀ ਐਨ ਸੀ ਸੰਗਠਨ ਦੀ ਅਗਵਾਈ ਕਰਨ ਵਾਲੇ ਡਿਪਟੀ ਚੀਫ ਕਾਂਸਟੇਬਲ ਨਵੀਦ ਮਲਿਕ ਵੱਲੋਂ ਸ਼ੁੱਕਰਵਾਰ ਨੂੰ ਨੈਸ਼ਨਲ ਪੁਲਿਸ ਚੀਫ਼ ਕੌਂਸਲ (ਐਨ ਪੀ ਸੀ ਸੀ) ਦੇ ਸੀਨੀਅਰ ਅਧਿਕਾਰੀਆਂ ਨੂੰ ਭੇਜਿਆ ਇੱਕ ਪੱਤਰ ਇਹਨਾਂ ਗੁੰਮ ਹੋਏ ਰਿਕਾਰਡਾਂ ਦੀ ਜਾਣਕਾਰੀ ਦਿੰਦਾ ਹੈ ਜਿਸ ਅਨੁਸਾਰ ਪੀ ਐਨ ਸੀ ਦੇ ਤਕਰੀਬਨ 213,000 ਜੋ ਕਿ ਪਹਿਲਾਂ 150,000 ਦੱਸੇ ਗਏ ਸਨ ਨਾਲ ਸੰਬੰਧਿਤ ਅਪਰਾਧਿਕ ਰਿਕਾਰਡ, ਗ੍ਰਿਫਤਾਰੀ ਸੰਬੰਧੀ ਰਿਕਾਰਡ , ਡੀ ਐਨ ਏ ਰਿਕਾਰਡ, ਅਤੇ ਫਿੰਗਰਪ੍ਰਿੰਟ ਰਿਕਾਰਡ ਗਲਤੀ ਨਾਲ ਮਿਟ ਗਏ ਹਨ।

ਪੁਲਿਸ ਵਿਭਾਗ ਦੇ ਰਿਕਾਰਡ ਵਿੱਚੋਂ ਗੁੰਮ ਹੋਏ ਇਹਨਾਂ ਅੰਕੜਿਆਂ ਨਾਲ ਵਿਭਾਗ ਨੂੰ ਡਰ ਹੈ ਕਿ ਇਸ ਨਾਲ ਅਪਰਾਧੀਆਂ ਨੂੰ ਪਛਾਨਣ ਵਿੱਚ ਸਮੱਸਿਆ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਗ੍ਰਹਿ ਦਫਤਰ ਅਨੁਸਾਰ ਉਹ ਇਸ ਗਲਤੀ ਦੇ ਪ੍ਰਭਾਵ ਦਾ ਮੁਲਾਂਕਣ ਕਰਨ ਲਈ ਪੁਲਿਸ ਨਾਲ ਮਿਲ ਕੇ ਕੰਮ ਕਰ ਰਿਹਾ ਹੈ ਅਤੇ ਪੁਲਿਸ ਮੰਤਰੀ ਕਿੱਟ ਮਾਲਥਾਊਸ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਹਫਤੇ ਦੇ ਸ਼ੁਰੂ ਵਿੱਚ ਵਿਭਾਗ ਦੇ ਡਾਟਾਬੇਸ ਵਿੱਚੋਂ ਗਲਤੀ ਨਾਲ ਜੋ ਰਿਕਾਰਡ ਮਿਟੇ ਸਨ, ਉਹਨਾਂ ਸੰਬੰਧੀ ਜਾਰੀ ਪ੍ਰਕਿਰਿਆ ਇਸ ਸਮੇਂ ਜਾਂਚ ਅਧੀਨ ਹੈ।

# ਯੂਕੇ ਨੇ ਕੌਮਾਂਤਰੀ ਹਵਾਈ ਯਾਤਰਾ 'ਤੇ ਕੀਤੀ ਸਖਤਾਈ, ਹਰੇਕ ਯਾਤਰੀ ਲਈ ਨੈਗੇਟਿਵ ਟੈਸਟ ਜ਼ਰੂਰੀ

**ਗਲਾਸਗੋ–** ਯੂਕੇ ਵਿੱਚ ਕੋਰੋਨਾਂ ਵਾਇਰਸ ਨੂੰ ਹਰਾਉਣ ਲਈ ਇਸ ਸਮੇਂ ਕੌਮੀ ਤਾਲਾਬੰਦੀ ਜਾਰੀ ਹੈ। ਵਾਇਰਸ ਦੇ ਮੱਦੇਨਜ਼ਰ ਕੀਤੀ ਹੋਈ ਸਖਤਾਈ ਦੇ ਬਾਵਜੂਦ ਦੇਸ਼ ਭਰ ਵਿੱਚ ਲਾਗ ਦੇ ਮਾਮਲੇ ਲਗਾਤਾਰ ਵਧ ਰਹੇ ਹਨ। ਵਾਇਰਸ ਦੇ ਵਿਗੜ ਰਹੇ ਹਾਲਤਾਂ ਨੂੰ ਧਿਆਨ 'ਚ ਰੱਖਦੇ ਹੋਏ ਸਰਕਾਰ ਨੇ ਅੰਤਰ-ਰਾਸ਼ਟਰੀ ਹਵਾਈ ਯਾਤਰਾ ਨੂੰ ਹੋਰ ਪਾਬੰਦੀਆਂ ਅਧੀਨ ਲਿਆਂਦਾ ਹੈ। ਇਸ ਲਈ ਪ੍ਰਧਾਨ ਮੰਤਰੀ ਬੋਰਿਸ ਜੋਹਨਸਨ ਨੇ ਦੁਨੀਆਂ ਦੇ ਹਰ ਇੱਕ ਦੇਸ਼ ਲਈ ਯੂਕੇ ਦੇ ਸਾਰੇ ਟ੍ਰੈਵਲ ਕਾਰੀਡੋਰ ਸੋਮਵਾਰ ਸਵੇਰੇ 4 ਵਜੇ ਤੋਂ ਬੰਦ ਕਰਨ ਦਾ ਐਲਾਨ ਕੀਤਾ ਹੈ। ਇਹਨਾਂ ਨਵੇਂ ਨਿਯਮਾਂ ਤਹਿਤ ਸਾਰੇ ਦੇਸ਼ਾਂ ਦੇ ਯਾਤਰੀਆਂ ਨੂੰ ਯੂਕੇ ਲਈ ਰਵਾਨਾ ਹੋਣ ਤੋਂ ਪਹਿਲਾਂ ਪਿਛਲੇ 72 ਘੰਟਿਆਂ ਵਿੱਚ ਲਏ ਗਏ ਨਕਾਰਾਤਮਕ ਕੋਵਿਡ -19 ਟੈਸਟ ਦਾ ਸਬੂਤ ਦੇਣਾ ਜਰੂਰੀ ਹੋਵੇਗਾ। ਇਸਦੇ ਇਲਾਵਾ ਅੰਤਰਰਾਸ਼ਟਰੀ ਯਾਤਰੀਆਂ ਨੂੰ ਯੂਕੇ ਆਉਣ 'ਤੇ 10 ਦਿਨਾਂ ਲਈ ਇਕਾਂਤਵਾਸ ਹੋਣਾ ਵੀ ਜ਼ਰੂਰੀ ਹੋਵੇਗਾ ਹਾਲਾਂਕਿ ਉਹ ਇਸ ਦੌਰਾਨ ਪੰਜ ਦਿਨਾਂ ਬਾਅਦ ਇੱਕ ਹੋਰ ਵਾਧੂ ਟੈਸਟ ਨਾਲ ਇਕਾਂਤਵਾਸ ਸਮਾਂ ਘੱਟ ਕਰ ਸਕਣਗੇ ਜਦਕਿ ਇਸ ਤੋਂ ਪਹਿਲਾਂ ਵਾਇਰਸ ਤੋਂ ਘੱਟ ਪ੍ਰਭਾਵਿਤ ਦੇਸ਼ਾਂ ਲਈ ਕਾਰੀਡੋਰ ਪ੍ਰਣਾਲੀ ਰਾਹੀਂ ਕੁਆਰੰਟੀਨ ਦੀ ਛੋਟ ਸੀ। ਇਹ ਫੈਸਲਾ ਯੂਕੇ ਵਿੱਚ ਵਾਇਰਸ ਦੇ ਨਵੇਂ




ਰੂਪਾਂ ਨਾਲ ਵਧ ਰਹੇ ਕੇਸਾਂ ਬਾਰੇ ਪਤਾ ਲੱਗਣ ਤੋਂ ਬਾਅਦ ਆਇਆ ਹੈ, ਜਿਹਨਾਂ ਵਿੱਚ ਦੱਖਣੀ ਅਫਰੀਕਾ ਦੇ ਨਾਲ ਹੁਣ ਨਵਾਂ ਬ੍ਰਾਜ਼ੀਲੀ ਵਾਇਰਸ ਰੂਪ ਵੀ ਸ਼ਾਮਿਲ ਹੈ। ਬੋਰਿਸ ਜੋਹਨਸਨ ਅਨੁਸਾਰ ਇਹ ਨਵੇਂ ਨਿਯਮ ਘੱਟੋ ਘੱਟ 15 ਫਰਵਰੀ ਤੱਕ ਲਾਗੂ ਰਹਿਣਗੇ। ਜਿਕਰਯੋਗ ਹੈ ਯੂਕੇ ਵਿੱਚ ਕੋਰਨਾਂ ਵਾਇਰਸ ਦੇ ਨਾਲ 1,280 ਹੋਰ ਲੋਕਾਂ ਦੀ ਮੌਤ ਹੋ ਗਈ ਹੈ ਅਤੇ ਸਰਕਾਰੀ ਅੰਕੜਿਆਂ ਅਨੁਸਾਰ ਤਕਰੀਬਨ 55,761 ਨਵੇਂ ਕੇਸ ਵੀ ਸਾਹਮਣੇ ਆਏ ਹਨ। ਇਸਦੇ ਇਲਾਵਾ ਤੀਜੀ ਕੌਮੀ ਤਾਲਾਬੰਦੀ ਦੇ ਦੌਰਾਨ ਹਸਪਤਾਲ ਵਿੱਚ ਦਾਖਲ ਹੋਣ ਵਾਲੇ ਮਰੀਜਾਂ ਦੀ ਗਿਣਤੀ ਲੱਗਭਗ 37,000 ਤੱਕ ਪਹੁੰਚ ਗਈ ਹੈ ,ਜੋ ਕਿ ਆਉਣ ਵਾਲੇ ਦਿਨਾਂ ਵਿੱਚ ਹੋਰ ਵਧ ਸਕਦੀ ਹੈ।

# ਬੇਗਮਪੁਰਾ ਫਾਉਂਡੇਸ਼ਨ ਪੰਜਾਬ ਨੇ ਆਦਿ ਧਰਮ ਮੰਡਲ ਦੇ ਬਾਨੀ ਗਦਰੀ ਬਾਬਾ ਬਾਬੂ ਮੰਗੂ ਰਾਮ ਮੁੱਗੋਵਾਲੀਆ ਦਾ ਜਨਮ ਦਿਨ ਮਨਾਇਆ

**ਹੁਸ਼ਿਆਰਪੁਰ/ਸ਼ਾਮਚੁਰਾਸੀ (ਚੁੰਬਰ)–** ਬੇਗਮਪੁਰਾ ਫਾਉਂਡੇਸ਼ਨ ਪੰਜਾਬ ਨੇ ਆਦਿ ਧਰਮ ਮੰਡਲ ਦੇ ਬਾਨੀ ਗਦਰੀ ਬਾਬਾ ਬਾਬੂ ਮੰਗੂ ਰਾਮ ਜੀ ਦਾ 135ਵਾਂ ਜਨਮ ਦਿਨ ਬੰਗਾ ਵਿਖੇ ਅੰਬੇਦਕਰ ਟਾਈਮਜ਼ ਅਤੇ ਦੇਸ਼ ਦੁਆਬਾ ਯੂ ਐਸ ਦੇ ਸਹਿਯੋਗ ਨਾਲ ਮਨਾਇਆ। ਇਸ ਮੌਕੇ ਸਭਾ ਦੇ ਪ੍ਰਧਾਨ ਸੰਤੋਖ ਸਿੰਘ ਜੱਸੀ ਨੇ ਆਏ ਸਾਰੇ ਮਹਿਮਾਨਾਂ, ਬੁੱਧੀਜੀਵੀਆਂ ਦਾ ਜੀ ਆਇਆਂ ਕਿਹਾ। ਇਸ ਸਮਾਗਮ ਵਿਚ ਮੁੱਖ ਬੁਲਾਰੇ ਵਜੋਂ ਕੁਲਦੀਪ ਚੰਦ ਨੰਗਲ ਨੇ ਹਾਜ਼ਰੀ ਭਰਦਿਆਂ ਬਾਬੂ ਮੰਗੂ ਰਾਮ ਜੀ ਦੇ ਜੀਵਨ ਇਤਿਹਾਸ ਤੇ ਵਿਸਥਾਰ ਪੂਰਵਕ ਜਾਣਕਾਰੀ ਦਿੱਤੀ। ਇਸ ਮੌਕੇ ਮਿਸ਼ਨਰੀ ਗਾਇਕ ਕੁਲਦੀਪ ਚੁੰਬਰ ਅਤੇ ਧਰਮਿੰਦਰ ਮਸਾਣੀ



ਵਲੋਂ ਬਾਬੂ ਮੰਗੂ ਰਾਮ ਜੀ ਦੇ ਜੀਵਨ ਨਾਲ ਸਬੰਧਿਤ ਰਚਨਾਵਾਂ ਪੇਸ਼ ਕੀਤੀਆਂ ਗਈਆਂ। ਹੋਰਨਾਂ ਤੋਂ ਇਲਾਵਾ ਇਸ ਮੌਕੇ ਬਸਪਾ ਨੇਤਾ ਪ੍ਰਵੀਨ ਬੰਗਾ, ਸੰਜੀਵ ਕੁਮਰ ਐਮਾਂ ਜੱਟਾਂ ਸਮੇਤ ਕਈ ਹੋਰ ਬੁਲਾਰਿਆਂ ਨੇ ਸਮਾਗਮ ਨੂੰ ਸੰਬੋਧਨ ਕੀਤਾ। ਹੋਰਨਾਂ ਤੋਂ ਇਲਾਵਾ ਇਸ ਮੌਕੇ ਬੀ ਡੀ ਪੀ ਓ ਹੇਮ ਰਾਜ, ਡਾ. ਕਸ਼ਮੀਰ ਚੰਦ, ਜੇ ਪਾਲ ਸੁੰਡਾ, ਨੀਲਮ ਸਹਿਜਲ, ਮੱਖਣ ਸਿੰਘ ਤਾਹਰਪੁਰੀ, ਡਾ. ਹਰੀ ਕਿਸ਼ਨ, ਡਾ. ਬਲਵੀਰ ਬੱਲ, ਅਰੁਣ ਘਈ, ਲਾਲੀ ਬੰਗਾ, ਅਮਰਜੀਤ ਗੁਰੂ ਯੂ ਕੇ, ਰਾਮ ਜੀ ਜੇ ਈ, ਚਰਨਜੀਤ ਸਿੰਘ ਸੱਲ੍ਹਾਂ, ਰੇਸ਼ਮ ਕਰਨਾਣਵੀ, ਰਮੇਸ਼ ਚੱਕ ਕਲਾਲਵੀ ਸਮੇਤ ਕਈ ਹੋਰ ਵੱਡੀ ਗਿਣਤੀ ਵਿਚ ਹਾਜ਼ਰ ਸਨ। ਆਖਿਰ ਵਿਚ ਪ੍ਰਬੰਧਕਾਂ ਵਲੋਂ ਆਏ ਬੁਲਾਰੇ ਕੁਲਦੀਪ ਚੰਦ ਨੰਗਲ, ਕੁਲਦੀਪ ਚੁੰਬਰ, ਅਮਰਜੀਤ ਗੁਰੂ ਅਤੇ ਹੋਰ ਆਗੂਆਂ ਦਾ ਸਨਮਾਨ ਕੀਤਾ ਗਿਆ। ਸਟੇਜ ਦੀ ਸੇਵਾ ਸੰਜੀਵ ਕੁਮਾਰ ਐਮਾਂ ਜੱਟਾਂ ਨੇ ਨਿਭਾਈ।

# ਕੇਂਦਰੀ ਜਾਂਚ ਏਜੇਂਸੀ ਵਲੋਂ ਭੇਜੇ ਨੋਟਿਸ ਭਾਜਪਾ ਤੇ ਮੋਦੀ ਸਰਕਾਰ ਦੀ ਕਿਸਾਨ ਅੰਦੋਲਨ ਤੋਂ ਉਪਜੀ ਹੜ੍ਹਬੜਾਹਟ - ਜਸਵੀਰ ਸਿੰਘ ਗੜ੍ਹੀ

ਪੰਜਾਬ ਵਿੱਚ ਕੇਂਦਰ ਸਰਕਾਰ ਦੀ ਸ਼ਹਿ ਤੇ ਕਿਸਾਨ ਅੰਦੋਲਨ ਨਾਲ ਜੁੜੇ ਆਗੂਆਂ ਪੱਤਰਕਾਰਾਂ ਤੇ ਸਿੱਖ ਧਰਮ ਦੇ ਸਮਰਥਕਾਂ ਨੂੰ ਕੇਂਦਰੀ ਜਾਂਚ ਏਜੇਂਸੀ ਰਾਹੀਂ ਕਾਨੂੰਨੀ ਕਾਰਵਾਈ ਵਿਚ ਜਾਂਚ ਕਰਨ ਲਈ ਦਿੱਲੀ ਪੇਸ਼ ਹੋਣ ਦੇ ਧਮਕੀਆਂ ਭਰੇ ਨੋਟਿਸ ਭੇਜੇ ਜਾ ਰਹੇ ਹਨ। ਇਹ ਸਾਰੀ ਨੋਟਿਸਗਿਰੀ ਕਿਸਾਨ ਅੰਦੋਲਨ ਦੀ ਸਫ਼ਲਤਾ ਦੀ ਲਹਿਰ ਵਿੱਚੋ ਉਪਜੇ ਕੇਂਦਰ ਦੀ ਭਾਜਪਾ ਤੇ ਮੋਦੀ ਸਰਕਾਰ ਦੀ ਨਲਾਇਕੀ ਤੇ ਅਸਫਲਤਾ ਦੀ ਹੜ੍ਹਵੜਾਹਟ ਹੈ। ਇਹਨਾ ਵਿਚਾਰਾ ਦਾ ਪ੍ਰਗਟਾਵਾ ਕਰਦਿਆ ਬਹੁਜਨ ਸਮਾਜ ਪਾਰਟੀ ਦੇ ਸੂਬਾ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜ੍ਹੀ ਨੇ ਕਿਹਾ ਹੈ ਕਿ ਕੇਂਦਰ ਦੀ ਭਾਜਪਾ ਸਰਕਾਰ ਨੇ ਪੰਜਾਬੀਆਂ ਤੇ ਸਿੱਖਾਂ ਪ੍ਰਤੀ ਇਤਿਹਾਸ ਤੋਂ ਸਬਕ ਨਾ ਲੈਂਦੇ ਹੋਏ ਕਾਂਗਰਸ ਦੀ ਤਰ੍ਹਾ ਪੁੱਠੇ ਪੈਰ ਚੁੱਕ ਲਏ ਹਨ। ਭਾਜਪਾ ਤੋਂ ਪਹਿਲਾਂ ਰਹੀ ਕੇਂਦਰ ਦੀ ਕਾਂਗਰਸ ਸਰਕਾਰ ਪੋਟਾ ਟਾਡਾ ਮੀਸ਼ਾ ਆਦਿ ਕਾਨੂੰਨਾਂ ਰਾਹੀਂ ਆਜ਼ਾਦੀ ਦੇ 73 ਸਾਲਾਂ ਵਿਚ ਦਲਿਤਾਂ ਪਛੜਿਆ ਘੱਟ ਗਿਣਤੀਆਂ ਸਿੱਖਾਂ ਮੁਸਲਮਾਨਾਂ ਨੂੰ ਡਰਾਉਂਦੀ ਰਹੀ ਹੈ। ਕਾਂਗਰਸ ਦੀਆਂ ਇਹਨਾਂ ਕਾਲੀਆ ਕਰਤੂਤਾਂ ਤੇ ਗਲਤ ਨੀਤੀਆਂ ਸਦਕਾ ਪੰਜਾਬ ਨੇ ਆਜ਼ਾਦੀ ਤੋਂ ਬਾਅਦ ਕਈ ਦਹਾਕੇ ਕਾਲ਼ਾ ਯੁੱਗ ਤੇ ਸੰਤਾਪ ਹੰਢਾਇਆ ਹੈ। ਪੰਜਾਬ ਅੱਜ ਵਿੱਦਿਅਕ ਆਰਥਿਕ ਸਮਾਜਿਕ ਉਦਯੋਗਿਕ ਤੌਰ ਤੇ ਪੂਰੀ ਤਰ੍ਹਾਂ ਪਛੜਿਆ ਗਿਆ ਸੂਬਾ ਬਣ ਗਿਆ ਹੈ, ਸਗੋਂ ਨਾਲ ਹੀ ਰਾਜਨੀਤਿਕ ਕਾਰਗੁਜਾਰੀ ਦੇ ਤੌਰ ਤੇ ਵੀ ਕਾਂਗਰਸ



ਦਾ ਮੁੱਖ ਮੰਤਰੀ ਹੇਠਾਂ ਤੋਂ ਤੀਜ਼ੇ ਨੰਬਰ ਤੇ ਹੈ। ਸ ਗੜ੍ਹੀ ਨੇ ਕਿਹਾ ਕਿ ਕੇਂਦਰ ਦੀ ਭਾਜਪਾ ਸਰਕਾਰ ਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਜਿਹਨਾਂ ਪੰਜਾਬੀਆਂ ਨੂੰ ਭਾਜਪਾ ਦੀ ਸਰਕਾਰ ਨੇ ਪਿਛਲੇ ਸਾਲਾਂ ਵਿਚ ਕਾਂਗਰਸ ਨਾਲ ਮਿਲੀਭੁਗਤ ਸਾਜਿਸ਼ ਤਹਿਤ ਨਸ਼ਿਆ ਦਾ ਪੰਜਾਬ ਤੇ ਉੱਡਦਾ ਪੰਜਾਬ ਦਾ ਟੈਗ ਲਗਾਕੇ ਪੂਰੇ ਸੰਸਾਰ ਵਿੱਚ ਬਦਨਾਮ ਕਰਨ ਦੀ ਕੋਸਿਸ ਕੀਤੀ ਸੀ, ਅੱਜ ਓਹਨਾ ਪੰਜਾਬੀਆਂ ਨੇ ਪਿਛਲੇ 50 ਤੋਂ ਜਿਆਦਾ ਦਿਨਾਂ ਤੋਂ ਕਿਸਾਨ ਜਨਅੰਦੋਲਨ ਚਲਾਕੇ ਕੇਂਦਰ ਦੀ ਪੰਜਾਬ ਵਿਰੋਧੀ ਗੰਦੀ ਮਾਨਸਿਕਤਾ ਨੂੰ ਬੇਨਕਾਬ ਕਰ ਦਿੱਤਾ ਹੈ। ਕਿਸਾਨ ਅੰਦੋਲਨ ਤੋਂ ਪਹਿਲਾਂ ਇਕ ਪੰਜਾਬੀ ਸਾਹਿਬ ਕਾਂਸ਼ੀ ਰਾਮ ਜੀ ਨੇ ਕਾਂਗਰਸ ਭਾਜਪਾ ਦੇ ਬਰਾਬਰ ਦੀ ਰਾਸ਼ਟਰੀ ਪਾਰਟੀ ਬਹੁਜਨ ਸਮਾਜ ਪਾਰਟੀ ਕੇਂਦਰ ਸਰਕਾਰਾਂ ਦੇ ਨੱਕ ਵਿਚ ਦਮ ਕਰ ਦਿੱਤਾ ਸੀ ਜਿਸਦੀ ਅਗਵਾਈ ਅੱਜ ਭੈਣ ਕੁਮਾਰੀ ਮਾਇਆਵਤੀ ਜੀ ਕਰ ਰਹੇ ਹਨ। ਸ ਗੜ੍ਹੀ ਨੇ ਕਿਹਾ ਕਿ ਭਾਜਪਾ ਕੇਂਦਰ ਸਰਕਾਰ ਪੰਜਾਬੀਆਂ, ਸਿੱਖਾਂ ਤੇ ਕਿਸਾਨਾਂ ਨੂੰ ਝੂਠੇ ਬਲੈਕਮੇਲਰ ਨੋਟਿਸ ਭੇਜਕੇ ਡਰਾਉਣਾ ਬੰਦ ਕਰੇ ਕਿਉਂਕਿ ਪੰਜਾਬੀ ਗੁਰੂਆਂ ਦੀ ਸੋਚ ਭੈ ਕਾਹੂ ਕੋ ਦੇਤ ਨਾਹੀ ਨਹੀਂ ਭੈ ਮਾਨਤ ਆਨ ਦੇ ਆਸ਼ੇ ਅਨੁਸਾਰ ਡਰਨ ਵਾਲੇ ਨਹੀਂ। ਜੇਕਰ ਕੇਂਦਰ ਦੀ ਭਾਜਪਾ ਸਰਕਾਰ ਨੇ ਕਾਂਗਰਸ ਦੀ ਨਕਲ ਅਨੁਸਾਰ ਪੰਜਾਬੀਆਂ ਨਾਲ ਧੱਕਾ ਬੰਦ ਨਹੀਂ ਕੀਤਾ ਤਾਂ ਬਹੁਜਨ ਸਮਾਜ ਪਾਰਟੀ ਪੰਜਾਬ ਵਿੱਚ ਅੰਦੋਲਨ ਦੀ ਰੂਪ ਰੇਖਾ ਉਲੀਕ ਕੇ ਕੇਂਦਰ ਸਰਕਾਰ ਦੇ ਨੱਕ ਵਿਚ ਦਮ ਕਰ ਦੇਵੇਗੀ।

# ਬਹੁਜਨ ਚਿੰਤਕ ਪ੍ਰੋ ਬਲਵਿੰਦਰਪਾਲ ਸਿੰਘ ਤੇ ਖਾਲਸਾ ਏਡ ਨੂੰ ਐਨਆਈਏ ਵਲੋਂ ਨੋਟਿਸ ਭੇਜਣਾ ਗੈਰ ਜਮਹੂਰੀ ਕਾਰਵਾਈ

**ਜਲੰਧਰ–** ਪੰਜਾਬ ਬਸਪਾ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜੀ ਨੇ ਬਹੁਜਨ ਨਾਲ ਜੁੜੇ ਚਿੰਤਕ, ਇਤਿਹਾਸਕਾਰ ਪ੍ਰੋਫੈਸਰ ਬਲਵਿੰਦਰਪਾਲ ਸਿੰਘ ਨੂੰ ਐਨਆਈਏ ਵਲੋਂ ਨੋਟਿਸ ਭੇਜਣ ਦੀ ਨਿਖੇਧੀ ਕਰਦਿਆਂ ਕਿਹਾ ਕਿ ਬਸਪਾ ਦੇ ਸਿਰਜਣਹਾਰ ਸਾਹਿਬ ਕਾਸ਼ੀ ਰਾਮ ਦੇ ਸਮੇਂ ਤੋਂ ਜੁੜੇ ਪ੍ਰੋ. ਬਲਵਿੰਦਰਪਾਲ ਨੂੰ ਇਸ ਮਸਲੇ ਵਿਚ ਜਾਣ ਬੁਝਕੇ ਘਸੀਟਿਆ ਗਿਆ ਹੈ। ਉਹ ਆਪਣੇ ਫੇਸਬੁੱਕ ਅਕਾਊਂਟ 'ਤੇ ਲਗਾਤਾਰ ਕਿਸਾਨ ਅੰਦੋਲਨ , ਦਲਿਤ ਤੇ ਸਿਖ ਏਕਤਾ ਬਾਰੇ ਲਿਖਦੇ ਆ ਰਹੇ ਹਨ ਤੇ ਉਨ੍ਹਾਂ ਨੂੰ ਪੰਜਾਬ ਸਮੇਤ ਕਈ ਹੋਰ ਦੇਸ਼ਾਂ ਵਿਚ ਵੀ ਬਾਖੂਬੀ ਪੜ੍ਹਿਆ ਜਾਂਦਾ ਹੈ। ਪ੍ਰੋ. ਬਲਵਿੰਦਰਪਾਲ ਸਿੰਘ ਆਪਣੇ ਲੇਖ ਫੇਸਬੁੱਕ 'ਤੇ ਸਾਂਝੇ ਕਰਦੇ ਆ ਰਹੇ ਹਨ। ਉਹਨਾਂ ਨੇ ਕਦੇ ਵੀ ਸੰਵਿਧਾਨਕ ਦਾਇਰੇ ਤੋਂ ਬਾਹਰ ਕਦੇ ਨਹੀਂ ਲਿਖਿਆ। ਉਹਨਾਂ ਦਾ ਗੈਰਕਾਨੂੰਨੀ ਜਥੇ-ਬੰਦੀ ਸਿੱਖਸ ਫਾਰ ਜਸਟਿਸ ਨਾਲ ਕਿਸੇ ਵੀ ਤਰ੍ਹਾਂ ਦਾ ਕੌਈ ਵਾਸਤਾ ਨਹੀਂ ਹੈ।

ਸਰਦਾਰ ਗੜ੍ਹੀ ਨੇ ਕਿਹਾ ਕਿ ਕਿਸਾਨ ਅੰਦੋਲਨ ਲਈ ਲੰਗਰ, ਵਸਤਰ, ਮੈਡੀਕਲ ਤੇ ਹੋਰ ਪ੍ਰਬੰਧ ਕਰ ਰਹੀ ਮਨੁੱਖੀ ਸੇਵਾ ਦੀ ਜਥੇਬੰਦੀ ਖਾਲਸਾ ਏਡ ਨੂੰ ਨੋਟਿਸ ਭੇਜਣਾ ਗੈਰ ਜਮਹੂਰੀ ਤੇ ਮਨੁੱਖਤਾ ਵਿਰੋਧੀ ਕਾਰਵਾਈ ਹੈ। ਉਹਨਾਂ ਕਿਹਾ ਕਿ ਬਹੁਜਨ ਸਮਾਜ ਇਸ ਸੰਸਥਾ ਦਾ ਹਮੇਸ਼ਾਂ ਧੰਨਵਾਦੀ ਹੈ ਕਿ ਇਸ ਨੇ ਉੜੀਸਾ ਗੁਜਰਾਤ ਕੇਰਲਾ ਆਦਿ ਵਿਚ ਕੁਦਰਤੀ ਆਫਤਾਂ ਭੂਚਾਲ ਤੇ ਤੂਫਾਨ ਦੌਰਾਨ ਗਰੀਬਾਂ ਤੇ ਕਮਜੋਰ ਵਰਗਾਂ ਦੀ ਸਹਾਇਤਾ ਕੀਤੀ। ਖਾਲਸਾ ਏਡ ਨੇ ਪੰਜਾਬ ਵਿਚ ਵੀ ਹੜਾਂ ਦੌਰਾਨ ਗਰੀਬਾਂ ਲਈ ਟੁਟ ਚੁਕੇ ਘਰਾਂ ਦੀ ਮੁਰੰਮਤ ਕਰਵਾਕੇ ਦਿਤੀ। ਉਹਨਾਂ ਕਿਹਾ ਕਿ ਕਿਸਾਨ ਆਗੂ ਸ੍ਰੀ ਬਲਦੇਵ ਸਿੰਘ ਸਿਰਸਾ ਪ੍ਰਧਾਨ ਲੋਕ ਭਲਾਈ ਇਨਸਾਫ਼ ਵੈਲਫੇਅਰ ਸੁਸਾਇਟੀ, ਪਟਿਆਲਾ ਤੋਂ ਪੱਤਰਕਾਰ ਬਲਤੇਜ ਪੰਨੂੰ, ਦੀਪ ਸਿੱਧੂ ਤੇ ਉਸਦੇ ਭਰਾ ਮਨਦੀਪ ਸਿੰਘ ਸਿੱਧੂ, ਅੰਮ੍ਰਿਤਸਰ ਤੋਂ ਪਰਮਜੀਤ ਸਿੰਘ ਅਕਾਲੀ, ਹੁਸ਼ਿਆਰਪੁਰ ਤੋਂ ਨੋਬਲਜੀਤ ਸਿੰਘ, ਲੁਧਿਆਣਾ ਤੋਂ ਜੰਗ ਸਿੰਘ ਤੇ ਪਰਦੀਪ ਸਿੰਘ, ਬਰਨਾਲਾ ਤੋਂ ਸੁਰਿੰਦਰ ਸਿੰਘ ਠੀਕਰੀਵਾਲਾ, ਜਲੰਧਰ ਤੋਂ ਭਾਈ ਜਸਬੀਰ ਸਿੰਘ ਰੋਡੇ, ਅਮ-ਰਕੋਟ ਤੋਂ ਪਲਵਿੰਦਰ ਸਿੰਘ, ਲੁਧਿਆਣਾ ਤੋਂ ਇੰਦਰਪਾਲ ਸਿੰਘ ਜੱਜ, ਅੰਮ੍ਰਿਤਸਰ ਤੋਂ ਰਣਜੀਤ ਸਿੰਘ ਦਮਦਮੀ ਟਕਸਾਲ, ਹੁਸ਼ਿਆਰਪੁਰ ਤੋਂ ਕਰਨੈਲ ਸਿੰਘ ਦਸੂਹਾ, ਸ੍ਰੀ ਮੁਕਤਸਰ ਸਾਹਿਬ ਤੋਂ ਪੱਤਰਕਾਰ ਜਸਵੀਰ ਸਿੰਘ ਸਣੇ ਵੀਹ ਲੋਕਾਂ ਨੂੰ ਜਾਰੀ ਕੀਤੇ ਸੰਮਨ ਕਿਸਾਨ ਅੰਦੋਲਨ ਨੂੰ ਦਬਾਉਣ ਲਈ ਭੇਜੇ ਗਏ ਹਨ। ਇਸ ਤੋਂ ਇਲਾਵਾ ਲੁਧਿਆਣਾ ਦੇ ਇੱਕ ਟਰਾਂਸਪੋਰਟਰ, ਜਿਹੜਾ ਸੰਘਰਸ਼ ਵਿੱਚ ਸ਼ਾਮਲ ਹੋਣ ਲਈ ਜਾਣ ਵਾਲਿਆਂ ਨੂੰ ਮੁਫ਼ਤ ਬੱਸ ਸੇਵਾ ਦੇ ਰਿਹਾ ਸੀ, ਇੱਕ ਨਟ-ਬੋਲਟ ਬਣਾਉਣ ਵਾਲੇ ਕਾਰਖਾਨੇਦਾਰ ਤੇ ਇੱਕ ਕੇਬਲ ਟੀ ਵੀ ਅਪ੍ਰੇਟਰ, ਜਿਹੜੇ ਬੱਸਾਂ ਲਈ ਡੀਜ਼ਲ ਦੀ ਸੇਵਾ ਕਰਦੇ ਸਨ, ਆਦਿ ਨੂੰ ਵੀ ਨੋਟਿਸ ਭੇਜੇ ਗਏ ਹਨ। ਅਜਿਹਾ ਕਰਨਾ ਸੰਵਿਧਾਨਕ ਹੱਕਾ ਦੀ ਉਲੰਘਣਾ ਹੈ ਕਿਉਂਕਿ ਕਿਸਾਨ ਮੋਰਚਾ ਸ਼ਾਂਤਮਈ ਚਲ ਰਿਹਾ ਹੈ। ਉਹਨਾਂ ਕਿਹਾ ਕਿ ਕੇਂਦਰ ਸਰਕਾਰ ਨੂੰ ਹੋਸ਼ ਵਿੱਚ ਆਕੇ ਆਪਣੀ ਜ਼ਿਦ ਛੱਡਦਿਆਂ ਦੇਸ ਹਿਤਾਂ ਲਈ ਇਨ੍ਹਾਂ ਕਾਲੇ ਕਾਨੂੰਨਾਂ ਨੂੰ ਰੱਦ ਕਰਨ ਦਾ ਰਾਹ ਫੜਨਾ ਚਾਹੀਦਾ ਹੈ। ਉਹਨਾਂ ਇਹ ਵੀ ਕਿਹਾ ਕਿ ਕੌਮੀ ਜਾਂਚ ਏਜੰਸੀ ਸੰਵਿਧਾਨ ਦੇ ਘੇਰੇ ਤੋਂ ਬਾਹਰ ਹੋਣ ਕਰ ਕੇ ਇਸ ਨੂੰ ਸੂਬਿਆਂ ਦੀ ਜਾਣਕਾਰੀ ਤੋਂ ਬਗੈਰ ਕੇਸ ਦਰਜ ਕਰਨ ਦਾ ਕੋਈ ਹਕ ਨਹੀਂ ਹੋਣਾ ਚਾਹੀਦਾ। ਕਿਉਂਕਿ ਅਮਨ ਕਾਨੂੰਨ ਨੂੰ ਬਰਕਰਾਰ ਰਖਣਾ ਸੂਬਿਆਂ ਦਾ ਅੰਦਰੂਨੀ ਮਸਲਾ ਹੈ। ਇਸ ਲਈ ਇਹ ਸੂਬਿਆਂ ਦੇ ਕੰਮ ਵਿਚ ਸਿਧੀ ਦਖਲਅੰਦਾਜੀ ਸੰਵਿਧਾਨ ਦਾ ਅਪਮਾਨ ਹੈ। ਬਸਪਾ ਪੰਜਾਬ ਨੇ ਕੈਪਟਨ ਸਰਕਾਰ ਕੋਲੋ ਮੰਗ ਕੀਤੀ ਹੈ ਕਿ ਹੁਣ ਜਦੋਂ ਕਿ ਉਹ ਕਿਸਾਨ ਸੰਘਰਸ਼ ਦੀ ਹਮਾਇਤ ਕਰ ਰਹੇ ਹਨ ਤਾਂ ਉਨ੍ਹਾਂ ਨੂੰ ਕੌਮੀ ਜਾਂਚ ਏਜੰਸੀ ਦੀ ਇਸ ਗੈਰਜਮਹੂਰੀ ਕਾਰਵਾਈ ਦੀ ਸਖਤ ਸ਼ਬਦਾਂ ਵਿਚ ਨਿਖੇਧੀ ਕਰਦਿਆਂ ਇਸ ਮਾਮਲੇ ਬਾਰੇ ਕੈਪਟਨ ਸਰਕਾਰ ਪੰਜਾਬ ਅਸੈਂਬਲੀ ਦਾ ਉਚੇਚਾ ਸੈਸ਼ਨ ਬੁਲਾ ਕੇ ਕੌਮੀ ਜਾਂਚ ਏਜੰਸੀ ਦੀ ਗੈਰ ਸੰਵਿਧਾਨਕ ਬਣਤਰ ਨੂੰ ਰੱਦ ਕਰਨ ਦਾ ਮਤਾ ਵੀ ਪਾਉਣਾ ਚਾਹੀਦਾ ਹੈ ਤੇ ਪੰਜਾਬ ਦੀਆਂ ਸਿਆਸੀ ਪਾਰਟੀਆਂ ਦੀ ਸਾਂਝੀ ਮੀਟਿੰਗ ਬੁਲਾਉਣੀ ਚਾਹੀਦੀ ਹੈ।

# ਕਿਸਾਨਾਂ ਨਾਲ 9 ਦੌਰ ਦੀ ਗੱਲਬਾਤ ਅਸਫਲ ਹੋਣਾ ਭਾਜਪਾ ਮੋਦੀ ਸਰਕਾਰ ਦੀ ਅਸਫ਼ਲਤਾ ਤੇ ਨਲਾਇਕੀ - ਜਸਵੀਰ ਸਿੰਘ ਗੜ੍ਹੀ

ਬਸਪਾ ਪੰਜਾਬ ਦੇ ਸੂਬਾ ਪ੍ਰਧਾਨ ਸਰਦਾਰ ਜਸਵੀਰ ਸਿੰਘ ਗੜ੍ਹੀ ਦੀ ਅਗਵਾਈ ਵਿਚ ਬਲਾਚੌਰ ਵਿਖੇ ਰਾਸ਼ਟਰੀ ਪ੍ਰਧਾਨ ਬਹੁਜਨ ਸਮਾਜ ਪਾਰਟੀ ਭੈਣ ਕੁਮਾਰੀ ਮਾਇਆਵਤੀ ਜੀ ਦਾ ਜਨਮ ਦਿਨ ਹੈ ਅਤੇ ਸਰਕਾਰ ਨਾਲ ਨੌ ਦੌਰ ਦੀ ਗੱਲਬਾਤ ਹੋ ਚੁੱਕੀ ਹੈ ਜਿਸ ਦਾ ਕੋਈ ਨਤੀਜਾ ਨਾ ਨਿਕਲਣਾ ਭਾਜਪਾ ਤੇ ਮੋਦੀ ਸਰਕਾਰ ਦੀ ਨਲਾਇਕੀ ਹੈ। ਭਾਜਪਾ ਮੋਦੀ ਸਰਕਾਰ ਵੱਡੇ ਉਦਯੋਗਪਤੀਆਂ



ਜਨ ਕਲਿਆਣਕਾਰੀ ਦਿਵਸ ਦੇ ਰੂਪ ਵਿਚ ਮਨਾਇਆ ਗਿਆ, ਜਿਸ ਵਿਚ ਕਿਤਾਬਾਂ ਪੈਨ, ਗਰਮ ਕੱਪੜੇ ਤੇ ਕੰਬਲ ਵੰਡੇ ਗਏ। ਜਿਸ ਵਿੱਚ ਸ ਗੜ੍ਹੀ ਨੇ ਸ਼ਾਮਲ ਹੋਕੇ ਮੁੱਖ ਮਹਿਮਾਨ ਦੇ ਤੌਰ ਤੇ ਆਪਣੇ ਵਿਚਾਰ ਰੱਖੇ। ਇਸ ਮੌਕੇ ਬੋਲਦਿਆਂ ਸ ਗੜ੍ਹੀ ਨੇ ਕਿਹਾ ਕਿ ਭੈਣ ਕੁਮਾਰੀ ਮਾਇਆਵਤੀ ਜੀ ਦਾ ਜਨਮ ਦਿਨ ਦਲਿਤਾਂ ਪੱਛੜੀਆਂ ਸ੍ਰੇਣੀਆਂ ਗਰੀਬਾਂ ਕਿਸਾਨਾਂ ਮਜ਼ਦੂਰਾ ਮੁਲਾਜ਼ਮਾ ਵਿਦਿਆਰਥੀਆਂ ਦੇ ਚੰਗੇ ਤੇ ਸੁਖੀ ਜੀਵਨ ਨੂੰ ਸਮਰਪਤ ਹੈ। ਭੈਣ ਕੁਮਾਰੀ ਮਾਇਆਵਤੀ ਜੀ ਨੇ ਸਿਰਫ 21 ਸਾਲ ਦੀ ਉਮਰ ਵਿਚ 1977 ਵਿਚ ਬਹੁਜਨ ਸਮਾਜ ਲਈ ਸੰਘਰਸ਼ ਸੁਰੂ ਕੀਤਾ ਸੀ, ਅੱਜ ਆਪਣੀ ਉਮਰ ਦੇ 65ਵੇਂ ਸਾਲ ਵਿੱਚ ਪ੍ਰਵੇਸ਼ ਕਰ ਗਏ ਹਨ ਉਨ੍ਹਾਂ ਨੂੰ 44ਸਾਲ ਬਹੁਜਨ ਸਮਾਜ ਲਈ ਸੰਘਰਸ਼ ਕਰਦਿਆਂ ਹੋ ਚੁੱਕੇ ਹਨ ।

ਸਰਦਾਰ ਗੜ੍ਹੀ ਨੇ ਕਿਹਾ ਕਿ ਦਿੱਲੀ ਵਿਖੇ ਕਿਸਾਨਾਂ ਦਾ ਅੰਦੋਲਨ ਚੱਲਦਿਆਂ ਲੱਗਭੱਗ ਦੋ ਮਹੀਨੇ ਦਾ ਸਮਾਂ ਹੋ ਚੁੱਕਾ ਤੇ ਕਾਰਪੋਰੇਟ ਘਰਾਣਿਆ ਦੇ ਹੱਥਾਂ ਵਿੱਚ ਖੇਡਕੇ ਦੇਸ਼ ਦੀ ਜ਼ਮੀਨ ਕਿਸਾਨਾਂ ਤੋਂ ਖੋਹ ਕੇ ਕਿਸਾਨਾਂ ਨੂੰ ਬੇਜ਼ਮੀਨੇ ਕਰਨਾ ਚਾਹੁੰਦੀ ਹੈ। ਬਹੁਜਨ ਸਮਾਜ ਪਾਰਟੀ ਕਿਸਾਨਾਂ ਦੇ ਹੱਕ ਵਿਚ ਪਹਿਲੇ ਦਿਨ ਤੋਂ ਹੀ ਸੰਸਦ ਤੋਂ ਲੈ ਕੇ ਸੜਕ ਤੱਕ ਲਗਾਤਾਰ ਸੰਘਰਸ਼ ਕਰ ਰਹੀ ਹੈ।

ਇਸੀ ਤਰ੍ਹਾਂ ਪੰਜਾਬ ਦੀ ਕਾਂਗਰਸ ਸਰਕਾਰ ਵਿਦਿਆਰਥੀਆਂ ਦਾ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਦਾ ਵਜ਼ੀਫ਼ਾ ਘਪਲਿਆਂ ਰਾਹੀਂ ਨਿਗਲ ਚੁੱਕੀ ਹੈ, ਉੱਥੇ ਹੀ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਵਰ੍ਹਿਆਂ ਵੱਧੀ ਪੜ੍ਹਾਈ ਕਰਨ ਦੇ ਬਾਅਦ ਵੀ ਡਿਗਰੀਆਂ ਤੇ ਸਰਟੀਫਿਕੇਟ ਨਾ ਮਿਲਣਾ ਕਾਂਗਰਸ ਦੇ ਮੱਥੇ ਤੇ ਦਲਿਤ ਵਿਰੋਧੀ ਕਾਲਾ ਕਲੰਕ ਹੈ। ਆਜ਼ਾਦੀ ਦੇ 73 ਸਾਲਾਂ ਵਿਚ ਪਛੜਾ ਵਰਗ ਨੂੰ ਮੰਡਲ ਕਮਿਸ਼ਨ ਦੀ ਰਿਪੋਰਟ ਨਾ ਦੇਕੇ ਕਾਂਗਰਸ ਅਤੇ ਅਕਾਲੀ-ਭਾਜਪਾ ਸਰਕਾਰ ਨੇ ਓਬੀਸੀ ਜਮਾਤਾਂ ਨਾਲ ਧ੍ਰੋਹ ਕਮਾਇਆ ਹੈ। ਪਛੜੇ ਵਰਗਾਂ ਨਾਲ



ਕਾਂਗਰਸ ਦੇ ਰਾਜ ਵਿਚ ਅਕਾਲੀ-ਭਾਜਪਾ ਦੇ ਰਾਜ ਭਾਗ ਵਾਂਗ ਹੀ ਧੱਕਾ ਹੋ ਰਿਹਾ। ਬਹੁਜਨ ਸਮਾਜ ਪਾਰਟੀ ਦੇ ਸੂਬਾ ਪ੍ਰਧਾਨ ਸਰਦਾਰ ਗੜ੍ਹੀ ਨੇ ਲੰਬੀ ਤਕਰੀਰ ਕਰਦਿਆਂ ਜਿੱਥੇ ਭੈਣ ਮਾਇਆਵਤੀ ਦੇ ਜੀਵਨ ਉੱਤੇ ਚਾਨਣਾ ਪਾਇਆ ਉੱਥੇ ਹੀ ਕਾਂਗਰਸ ਅਕਾਲੀ-ਭਾਜਪਾ ਨੂੰ ਰਗੜੇ ਲਾਏ।

ਬਹੁਜਨ ਸਮਾਜ ਪਾਰਟੀ ਦੇ ਵਰਕਰ ਸਮਰਥਕ ਅਤੇ ਆਗੂਆਂ ਨੇ ਜਿੱਥੇ ਜੋਸ਼ ਵਿਚ ਅਸਮਾਨ ਗੂੰਜਵੇਂ ਨਾਅਰਿਆਂ ਦੀ ਗੂੰਜ ਵਿੱਚ ਪੂਰੇ ਬਲਾਚੌਰ ਦੀਆਂ ਸੜਕਾਂ ਉਪਰ ਝੰਡਿਆਂ ਤੇ ਤਖ਼ਤੀਆਂ ਨਾਲ ਵਿਸ਼ਾਲ ਰੋਸ ਮਾਰਚ ਕਢਿਆ, ਉੱਥੇ ਹੀ ਭਾਜਪਾ ਕਾਂਗਰਸ ਵਿਰੋਧੀ ਮਾਹੌਲ ਸਿਰਜ ਦਿੱਤਾ। ਕਿਸਾਨਾਂ ਦੇ ਅੰਦੋਲਨ ਅਤੇ ਕੋਰੋਣਾ ਮਹਾਂਮਾਰੀ ਕਰਕੇ ਅੱਜ ਦਾ ਸਮਾਰੋਹ ਪੂਰੀ ਤਰ੍ਹਾਂ ਸਾਦਗੀ ਨਾਲ ਮਨਾਇਆ ਗਿਆ, ਨਾ ਹੀ ਕੇਕ ਕੱਟੇ ਨਾ ਹੀ ਲੱਡੂ ਵੰਡੇ ਗਏ।

ਪਰਤੂੰ ਬਸਪਾ ਵਰਕਰ ਜਿਸ ਤਰ੍ਹਾਂ ਨਾਲ ਬਲਾਚੌਰ ਸ਼ਹਿਰ ਦੀ ਸੜਕ ਤੇ ਸੁਨਾਮੀ ਦੀ ਤਰ੍ਹਾਂ ਤੁਰੇ। ਬਸਪਾ ਵਰਕਰਾਂ ਦੇ ਨੀਲੇ ਝੰਡਿਆਂ ਦੇ ਹੜ੍ਹ ਨਾਲ ਬਲਾਚੌਰ ਦਾ ਸਾਰਾ ਸ਼ਹਿਰ ਕਿਸਾਨ ਅੰਦੋਲਨ ਤੇ ਮਜ਼ਦੂਰਾ ਦੇ ਹੱਕ ਵਿੱਚ ਨਾਅਰਿਆਂ ਨਾਲ ਗੂੰਜ ਉਠਿਆ। ਇਸ ਮੌਕੇ ਸੂਬਾ ਜਨਰਲ ਸਕੱਤਰ ਡਾਕਟਰ ਨਛੱਤਰ ਪਾਲ ਜੀ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿੱਚ ਤਿਨੋਂ ਵਿਧਾਨ ਸਭਾ ਸੀਟਾਂ ਉਪਰ ਬਹੁਜਨ ਸਮਾਜ ਪਾਰਟੀ ਦੇ ਮਜ਼ਬੂਤ ਸੰਗਠਨ ਦਾ ਨਿਰਮਾਣ ਕਰਕੇ ਬਸਪਾ ਦੀ ਝੋਲੀ ਵਿਚ ਪਾਈਆਂ ਜਾਣਗੀਆਂ।

ਇਸ ਮੌਕੇ ਸੂਬਾ ਜਨਰਲ ਸਕੱਤਰ ਡਾ ਨਛੱਤਰ ਪਾਲ ਜੀ, ਸੂਬਾ ਸਕੱਤਰ ਕਿਸਾਨ ਆਗੂ ਬਲਜੀਤ ਸਿੰਘ ਭਾਰਾ-ਪੁਰ, ਹਰਬੰਸ ਲਾਲ ਚਣਕੋਆ, ਪਰਵੀਨ ਬੰਗਾ, ਡਾ ਮਹਿੰਦਰ ਪਾਲ ਮਨੋਹਰ ਕਮਾਮ, ਜਸਵੀਰ ਸਿੰਘ ਔਲੀਆਪੁਰ, ਜੈ ਪਾਲ ਸੁੰਡਾ, ਭੁਪਿੰਦਰ ਬੇਗਮਪੁਰੀ, ਗਿਆਨ ਚੰਦ ਬੀਪੀਈਓ, ਅਸ਼ੋਕ ਦੁੱਗਲ, ਪੰਮਾ ਐਮਸੀ, ਹਰਬੰਸ ਕਲੇਰ, ਧਿਆਨ ਮੋਜੋਵਾਲ, ਮੁਕੇਸ਼ ਬਾਲੀ, ਡਾ ਰਾਜਿੰਦਰ ਲੱਕੀ, ਸਰਬਜੀਤ ਜਾਫਰਪੁਰ, ਸੁਭਾਸ਼ ਐਮਸੀ, ਦਿਲਬਾਗ ਮਹਿੰਦੀਪੁਰ, ਵਿਜੇ ਮਜਾਰੀ, ਮਨਜੀਤ ਸੂਦ, ਦਵਿੰਦਰ ਸਿਹਮਾਰ, ਰਾਜ ਦਦਰਾਲ, ਅਜੀਤ ਰਾਮ ਗੁਣਾਚੌਰ, ਦਵਿੰਦਰ ਖਾਨਖਾਨਾ, ਵਿਜੇ ਗੁਣਾਚੌਰ, ਹਰਬਿਲਾਸ ਬਸਰਾ, ਹਰਪ੍ਰੀਤ ਡਾਹਰੀ, ਅਵਤਾਰ ਮਹੇ, ਅਸ਼ੋਕ ਖੋਥਰਾ, ਪਰਮਿੰਦਰ ਲਾਲੀ, ਵਿਜੇ ਮੇਨਕਾ, ਕੇਵਲ ਬਾਬਾ, ਸ਼ਾਮ ਲਾਲ ਬਣਾ, ਚਮਨ ਲਾਲ ਚਣਕੋਆ, ਬਖਸ਼ੀਸ਼ ਸਿੰਘ ਮਾਜਰਾ ਜੱਟਾਂ, ਰੂਪ ਲਾਲ ਧੀਰ, ਰਮੇਸ਼ ਚੌਹਾਨ, ਰਾਣੀ ਅਰਮਾਨ, ਨਿਰਮਲ ਨਿੰਮਾ, ਗੁਰਮੁਖ ਨੋਰਦ, ਨਰੇਸ਼ ਸਰੋਆ, ਮੱਖਣ ਲਾਲ ਜੇਠੂਮਜਰਾ, ਦੀਪ ਹਰਦੀਪ, ਮੁਖਤਿਆਰ ਮੁੱਖਾ, ਸੋਹਣ ਸਿੰਘ ਧਾਇੰਗੜਪੁਰੀ, ਸੋਨੂੰ ਭਰੋਮਜਾਰਾ, ਕੁਲਦੀਪ ਬਹਿਰਾਮ, ਜੋਰਾਵਰ ਬਹਿਰਾਮ, ਜੱਸੀ ਸਿਆਣਾ, ਜਸਵਿੰਦਰ ਮਾਨ, ਮਿੰਦਰਪਾਲ ਜਾਡਲੀ, ਬਲਦੇਵ ਮੋਹਰਾਂ, ਬਲਦੇਵ ਬਸਪਾ, ਰਣਜੀਤ ਸੱਜਣ, ਆਦਿ ਵੱਡੀ ਗਿਣਤੀ ਵਿਚ ਬਸਪਾ ਵਰਕਰ ਹਾਜ਼ਰ ਸਨ।

ਲੰਡਨ ਖਬਰਨਾਮਾ / ਮਨਦੀਪ ਖੁਰਮੀ ਹਿੰਮਤਪੁਰਾ

# ਸਕਾਟਲੈਂਡ ਵਿੱਚ ਸਿਹਤ ਕਾਮਿਆਂ ਦਾ ਵੱਡੇ ਪੱਧਰ 'ਤੇ ਟੀਕਾਕਰਨ ਹੋਇਆ ਸ਼ੁਰੂ




**ਗਲਾਸਗੋ–** ਸਕਾਟਲੈਂਡ ਵਿੱਚ ਸਿਹਤ ਵਿਭਾਗ ਨਾਲ ਸਬੰਧਿਤ ਕਰਮਚਾਰੀਆਂ ਨੂੰ ਕੋਰੋਨਾਂ ਵਾਇਰਸ ਟੀਕਾ ਲਗਾਉਣ ਦੀ ਪ੍ਰਕਿਰਿਆ ਵੱਡੇ ਪੱਧਰ 'ਤੇ ਸ਼ੁਰੂ ਕੀਤੀ ਗਈ ਹੈ, ਜਿਸ ਲਈ ਗਲਾਸਗੋ ਵਿੱਚ ਲੁਈਸਾ ਜੌਰਡਨ ਐਮਰਜੈਂਸੀ ਕੋਰੋਨਾਂ ਵਾਇਰਸ ਹਸਪਤਾਲ 'ਚ 5000 ਤੋਂ ਵੱਧ ਸਿਹਤ ਅਤੇ ਸਮਾਜਿਕ ਦੇਖਭਾਲ ਕਰਨ ਵਾਲੇ ਕਾਮਿਆਂ ਨੇ ਇੱਕ ਵਿਸ਼ਾਲ ਟੀਕਾਕਰਣ ਮੁਹਿੰਮ ਵਿੱਚ ਭਾਗ ਲਿਆ ਹੈ। ਇਸ ਟੀਕਾਕਰਨ ਕੇਂਦਰ ਵਿੱਚ ਸਿਹਤ ਕਾਮਿਆਂ ਨੂੰ ਸ਼ਨੀਵਾਰ ਦੇ ਦਿਨ 7:30 ਵਜੇ ਤੱਕ ਫਾਈਜ਼ਰ ਟੀਕੇ ਦੀਆਂ ਹਰ ਘੰਟੇ 500 ਤੋਂ ਵੱਧ ਖੁਰਾਕਾਂ ਦਿ-ੱਤੀਆਂ ਜਾਣੀਆਂ ਸਨ। ਇਹ ਟੀਕਾਕਰਨ ਮੁਹਿੰਮ ਸਕਾਟਲੈਂਡ ਵਿੱਚ ਪਿਛਲੇ 24 ਘੰਟਿਆਂ ਦੌਰਾਨ 1,753 ਨਵੇਂ ਕੋਰੋਨਾਂ ਵਾਇਰਸ ਕੇਸ ਅਤੇ 78 ਮੌਤਾਂ ਦਰਜ ਹੋਣ 'ਤੇ ਸ਼ੁਰੂ ਕੀਤੀ ਗਈ ਹੈ। ਇਸਦੇ ਨਾਲ ਹੀ ਸ਼ੁੱਕਰਵਾਰ ਸ਼ਾਮ ਤੱਕ, 1,863 ਮਰੀਜ਼ ਹਸਪਤਾਲਾਂ ਵਿੱਚ ਦਾਖਲ ਸਨ। ਇਸ ਸ਼ੁਰੂ ਕੀਤੀ ਗਈ ਵੱਡੀ ਟੀਕਾਕਰਨ ਮੁਹਿੰਮ ਵਿੱਚ ਸਿਹਤ ਅਤੇ ਦੇਖਭਾਲ ਕਰਨ ਵਾਲੇ ਕਰਮਚਾਰੀ ਪਹਿਲੇ ਦੋ ਸਮੂਹਾਂ ਵਿੱਚ ਸ਼ਾਮਲ ਹਨ ,ਜਿਹਨਾਂ ਵਿੱਚ ਕੇਅਰ ਹੋਮ ਵਸਨੀਕ ਅਤੇ ਕਮਿਊਨਿਟੀ ਦੇ 80 ਤੋਂ ਵੱਧ ਉਮਰ ਦੇ ਲੋਕ ਵੀ ਸ਼ਾਮਲ ਹਨ ਜੋ ਕਿ ਟੀਕਾ ਪ੍ਰਾਪਤ ਕਰਨ ਦੀ ਤਰਜੀਹ ਵਿੱਚ ਪਹਿਲ 'ਤੇ ਹਨ। ਸਿਹਤ ਸਕੱਤਰ ਜੀਨ ਫ੍ਰੀਮੈਨ ਨੇ ਜਾਣਕਾਰੀ ਦਿੱਤੀ ਕਿ 70 ਅਤੇ ਇਸ ਤੋਂ ਵੱਧ ਉਮਰ ਦੇ ਲੋਕਾਂ ਨੂੰ ਫਰਵਰੀ ਦੇ ਅੱਧ ਤੱਕ ਟੀਕਾ ਲਗਾਇਆ ਜਾਵੇਗਾ ਅਤੇ 65 ਸਾਲ ਤੋਂ ਵੱਧ ਉਮਰ ਦੇ ਅਤੇ ਸਿਹਤ ਪੱਖੋਂ ਬਹੁਤ ਕਮਜ਼ੋਰ ਲੋਕਾਂ ਨੂੰ ਮਾਰਚ ਦੇ ਸ਼ੁਰੂ ਵਿੱਚ ਟੀਕੇ ਦੀ ਖੁਰਾਕ ਦਿੱਤੀ ਜਾਵੇਗੀ।

ਗਲਾਸਗੋ ਸਥਿਤ ਲੁਈਸਾ ਜੌਰਡਨ ਵਿੱਚ ਸਿਹਤ ਕਰਮਚਾਰੀਆਂ ਦਾ ਟੀਕਾਕਰਨ ਐਨ.ਐਚ.ਐਸ ਗਲਾਸਗੋ ਅਤੇ ਕਲਾਈਡ ਦੁਆਰਾ ਸਕਾਟਲੈਂਡ ਦੀ ਇਸ ਇਵੈਂਟ ਕੈਂਪਸ ਦੀ ਇਮਾਰਤ 'ਚ ਕੀਤਾ ਜਾ ਰਿਹਾ ਸੀ, ਜਿਸ ਨੂੰ ਮਹਾਂਮਾਰੀ ਦੇ ਦੌਰਾਨ ਐਮਰਜੈਂਸੀ ਹਸਪਤਾਲ ਵਜੋਂ ਵਰਤਣ ਲਈ ਤਬਦੀਲ ਕੀਤਾ ਗਿਆ ਹੈ।

# ਯੂਕੇ ਕੋਰਨਵਾਲ ਸਮੁੰਦਰੀ ਕੰਢੇ 'ਤੇ ਕਰੇਗਾ ਜੀ-7 ਸੰਮੇਲਨ ਦੀ ਮੇਜ਼ਬਾਨੀ





**ਗਲਾਸਗੋ/ਲੰਡਨ –** ਇਸ ਸਾਲ ਜੂਨ ਮਹੀਨੇ ਵਿੱਚ ਹੋਣ ਵਾਲੇ ਜੀ-7 ਸੰਮੇਲਨ ਦੀ ਮੇਜ਼ਬਾਨੀ ਯੂਕੇ ਦੁਆਰਾ ਕੀਤੀ ਜਾਵੇਗੀ। ਇਸ ਮਹੱਤਵਪੂਰਨ ਸੰਮੇਲਨ ਲਈ ਕੋ-ਰਨਵਾਲ ਵਿੱਚ ਕਾਰਬਿਸ ਬੇਅ ਦੇ ਛੋਟੇ ਸਮੁੰਦਰੀ ਕੰਢੇ ਨੂੰ ਚੁਣਿਆ ਗਿਆ ਹੈ। 125 ਏਕੜ ਦੇ ਕਾਰਬਿਸ ਬੇਅ ਅਸਟੇਟ ਵਿੱਚ ਲਗਜ਼ਰੀ ਹੋਟਲ, ਇੱਕ ਅਵਾਰਡ ਜੇਤੂ ਰੈਸਟੋਰੈਂਟ ਅਤੇ ਇੱਕ ਸਪਾ ਵੀ ਸ਼ਾਮਿਲ ਹੈ ਜੋ ਇਸ ਸੰਮੇਲਨ ਦਾ ਮੁੱਖ ਸਥਾਨ ਹੋਵੇਗਾ ਅਤੇ ਫਲਮਥ ਵਿੱਚ ਰਾਸ਼ਟਰੀ ਮੈਰੀਟ-ਾਈਮ ਅਜਾਇਬ ਘਰ ਕੋਰਨਵਾਲ ਅੰਤਰ ਰਾਸ਼ਟਰੀ ਮੀਡੀਆ ਦੀ ਮੇਜ਼ਬਾਨੀ ਕਰੇਗਾ। 11 ਤੋਂ 13 ਜੂਨ ਤੱਕ ਹੋਣ ਵਾਲੇ ਇਸ ਸੰਮੇਲਨ ਵਿੱਚ ਜੀ-7 ਦੇ ਦੇਸ਼ਾਂ ਕੈਨੇਡਾ, ਫਰਾਂਸ, ਜਰਮਨੀ, ਇਟਲੀ, ਯੂਕੇ ਅਤੇ ਜਾਪਾਨ ਦੇ ਨਾਲ ਅਮਰੀਕਾ ਦੇ ਹੋਣ ਵਾਲੇ ਨਵੇਂ ਰਾਸ਼ਟਰਪਤੀ ਜੋਅ ਬਾਈਡੇਨ ਦੇ ਵੀ ਸ਼ਾਮਿਲ ਹੋਣ ਦੀ ਸੰਭਾਵਨਾ ਹੈ। ਇਸਦੇ ਇਲਾਵਾ ਆਸਟਰੇਲੀਆ, ਭਾਰਤ, ਦੱਖਣੀ ਕੋਰੀਆ ਅਤੇ ਯੂਰਪੀ ਸੰਘ ਦੇ ਨੇਤਾ ਵੀ ਇਸ ਸਮਾਰੋਹ ਵਿੱਚ ਮਹਿਮਾਨ ਵਜੋਂ ਸ਼ਾਮਲ ਹੋਣਗੇ। ਪ੍ਰਧਾਨ ਮੰਤਰੀ ਬੋਰਿਸ ਜੌਹਨਸਨ ਅਨੁਸਾਰ ਕੋਰਨਵਾਲ ਇਸ ਸਿਖਰ ਸੰਮੇਲਨ ਲਈ ਸੰਪੂਰਨ ਸਥਾਨ ਹੈ ਜਿਸ ਵਿੱਚ ਉਦਯੋਗਿਕ ਕ੍ਰਾਂਤੀ, ਕਰਜ਼ੇ, ਮੌਸਮ ਵਿੱਚ ਤਬਦੀਲੀ ਅਤੇ ਕੋਵਿਡ ਆਦਿ ਮਸਲਿਆਂ ਉੱਤੇ ਵਿਚਾਰ ਵਟਾਂਦਰਾ ਹਵੇਗਾ। ਇਸਦੇ ਨਾਲ ਹੀ ਇਹ ਬੈਠਕ ਕੋਰਨਵਾਲ ਵਿੱਚ ਇੱਕ ਅਨੁਮਾਨ ਅਨੁਸਾਰ ਸੈਰ ਸਪਾਟੇ ਨੂੰ ਪ੍ਰਫੁਲਿਤ ਕਰਕੇ ਅਨੁਮਾਨਿਤ 50 ਮਿਲੀਅਨ ਪੌਂਡ ਤੱਕ ਦਾ ਆਰਥਿਕ ਵਾਧਾ ਦੇ ਸਕਦੀ ਹੈ। ਮਹਾਂਮਾਰੀ ਦੀ ਸ਼ੁਰੂਆਤ ਤੋਂ ਬਾਅਦ ਜੀ-7 ਦੀ ਆਹਮੋ ਸਾਹਮਣੇ ਹੋਣ ਵਾਲੀ ਇਹ ਪਹਿਲੀ ਬੈਠਕ ਹੋਵੇਗੀ ਹੋਵੇਗੀ ਜਦਕਿ ਪਿਛਲੇ ਸਾਲ ਮੈਰੀਲੈਂਡ ਦੇ ਕੈਂਪ ਡੇਵਿਡ ਵਿੱਚ ਹੋਣ ਵਾਲਾ ਇਹ ਸੰਮੇਲਨ ਆਨਲਾਈਨ ਹੋਇਆ ਸੀ।

# ਇੰਗਲੈਂਡ ਵਿੱਚ ਹਰ 30 ਸਕਿੰਟ ਬਾਅਦ ਹਸਪਤਾਲ 'ਚ ਦਾਖਲ ਹੋ ਰਿਹੈ ਕੋਰੋਨਾ ਦਾ ਇੱਕ ਮਰੀਜ਼



**ਗਲਾਸਗੋ/ਲੰਡਨ–** ਇੰਗਲੈਂਡ ਵਿੱਚ ਵਾਇਰਸ ਦੀ ਲਾਗ ਲਗਾਤਾਰ ਫੈਲ ਰਹੀ ਹੈ, ਜਿਸ ਕਾਰਨ ਵਾਇਰਸ ਨਾਲ ਪੀੜਤ ਹਸਪਤਾਲਾਂ ਵਿੱਚ ਦਾਖਲ ਹੋਣ ਵਾਲੇ ਮਰੀਜ਼ਾਂ ਦੀ ਗਿਣਤੀ ਵਿੱਚ ਭਾਰੀ ਵਾਧਾ ਹੋ ਰਿਹਾ ਹੈ। ਦੇਸ਼ ਵਿੱਚ ਵਾਇਰਸ ਦੀ ਲਾਗ ਦੇ ਵਿਗੜ ਰਹੇ ਹਾਲਤਾਂ ਦੇ ਬਾਰੇ ਐਨ.ਐਚ.ਐਸ ਦੇ ਮੁਖੀ ਸਾਈਮਨ ਸਟੀਵਨਜ਼ ਨੇ ਚੇਤਾਵਨੀ ਦਿੰਦਿਆਂ ਦੱਸਿਆ ਹੈ ਕਿ ਇਕੱਲੇ ਇੰਗਲੈਂਡ ਵਿੱਚ ਹੁਣ ਹਰ 30 ਸਕਿੰਟਾਂ 'ਚ ਇੱਕ ਕੋਵਿਡ ਮਰੀਜ਼ ਹਸਪਤਾਲ ਵਿੱਚ ਦਾਖਲ ਕਰਵਾਇਆ ਜਾ ਰਿਹਾ ਹੈ ਅਤੇ ਮਰੀਜ਼ਾਂ ਦੀ ਵਧ ਰਹੀ ਤਾਦਾਦ ਨਾਲ ਹਸਪਤਾਲ ਅਤੇ ਸਟਾਫ ਬਹੁਤ ਜ਼ਿਆਦਾ ਦਬਾਅ ਹੇਠ ਹਨ। ਇੰਗ-ਲੈਂਡ ਦੇ ਹਸਪਤਾਲਾਂ ਵਿੱਚ ਮਰੀਜ਼ਾਂ ਦੀ ਗਿਣਤੀ 'ਚ ਕਰਿਸਮਿਸ ਤੋਂ ਲੈ ਕੇ ਤਕਰੀਬਨ 15,000 ਹੋਰ ਮਰੀਜ਼ਾਂ ਦਾ ਵਾਧਾ ਦਰਜ਼ ਕੀਤਾ ਗਿਆ ਜੋ ਕਿ ਕੋ-ਰੋਨਾਂ ਵਾਇਰਸ ਦੇ ਮਰੀਜ਼ਾਂ ਨਾਲ 30 ਹਸਪਤਾਲਾਂ ਨੂੰ ਭਰਨ ਦੇ ਬਰਾਬਰ ਹੈ। ਇੰਗਲੈਂਡ ਵਿੱਚ 12 ਜਨਵਰੀ ਨੂੰ 4,134 ਕੋਵਿਡ -19 ਦੇ ਮਰੀਜ਼ ਹਸਪਤਾਲਾਂ ਵਿੱਚ ਦਾਖਲ ਕੀਤੇ ਗਏ ਸਨ ਅਤੇ ਉਸਦੇ ਬਾਅਦ ਰੋਜ਼ਾਨਾ ਦੇ ਅੰਕੜੇ ਇਸ ਦਰਜ਼ ਹੋਈ ਗਿਣਤੀ ਦੇ ਆਲੇ-ਦੁਆਲੇ ਰਹੇ ਹਨ । ਇਹ ਪ੍ਰਾਪਤ ਹੋਏ ਅੰਕੜੇ ਸਕਾਟਲੈਂਡ, ਉੱਤਰੀ ਆਇਰਲੈਂਡ ਅਤੇ ਵੇਲਜ਼ ਦੇ ਅੰਕ-ੜਿਆਂ ਤੋਂ ਅਲੱਗ ਹਨ। ਇਸਦੇ ਇਲਾਵਾ ਪ੍ਰਧਾਨ ਮੰਤਰੀ ਨੇ ਵੀ ਸ਼ੁੱਕਰਵਾਰ ਨੂੰ 37,000 ਵਾਇਰਸ ਮਰੀਜ਼ਾਂ ਦੇ ਹਸਪਤਾਲਾਂ ਵਿੱਚ ਦਾਖਲ ਹੋਣ ਦੀ ਜਾਣਕਾਰੀ ਦਿੰਦਿਆਂ ਇਸ ਅੰਕੜੇ ਦੇ ਹੋਰ ਵਧਣ ਦਾ ਖਦਸ਼ਾ ਪੈਰਗਟ ਕੀਤਾ ਸੀ। ਵਾਇਰਸ ਕੇਸਾਂ ਸੰਬੰਧੀ ਹੋਰ ਜਾਣਕਾਰੀ ਦਿੰਦਿਆਂ ਸਟੀਵਨਜ਼ ਨੇ ਦੱਸਿਆ ਕਿ ਇਸ ਸਮੇਂ ਹਸਪਤਾਲਾਂ ਵਿੱਚ ਅਪੈਰੈਲ ਮਹੀਨੇ ਨਾਲੋਂ ਤਕਰੀਬਨ ਤਿੰਨ ਚੌ-ਥਾਈ ਜਿਆਦਾ ਕੋਵਿਡ ਮਰੀਜ਼ ਦਾਖਲ ਹਨ ਅਤੇ ਹਰ 30 ਸਕਿੰਟਾਂ ਵਿੱਚ ਇੱਕ ਮਰੀਜ਼ ਦਾਖਲ ਹੋਣ ਦੇ ਨਾਲ ਇਸੇ ਹੀ ਵਕਫ਼ੇ ਵਿੱਚ ਲਗਭਗ 70 ਕੋਰੋਨਾਂ ਵਾਇਰਸ ਟੀਕੇ ਵੀ ਲਗਾਏ ਜਾ ਰਹੇ ਹਨ।

# ਸਕਾਟਲੈਂਡ ਵਿੱਚ ਕੋਰੋਨਾਂ ਮਹਾਂਮਾਰੀ ਦੌਰਾਨ ਹਵਾ ਪਰਦੂਸ਼ਣ ਦੇ ਪੱਧਰ 'ਚ ਆਈ ਗਿਰਾਵਟ



**ਗਲਾਸਗੋ/ਲੰਡਨ–** ਵਿਸ਼ਵ ਭਰ ਵਿੱਚ ਪ੍ਰਤੀ ਦਿਨ ਵਧ ਰਿਹਾ ਹਵਾ ਪਰਦੂਸ਼ਣ ਵਾਤਾਵਰਣ ਲਈ ਇੱਕ ਚਿੰਤਾ ਦਾ ਵਿਸ਼ਾ ਹੈ ਜੋ ਕਿ ਮਨੁੱਖਤਾ ਲਈ ਕਈ ਗੰਭੀਰ ਬਿਮਾਰੀਆਂ ਨੂੰ ਜਨਮ ਦਿੰਦਾ ਹੈ। ਸਕਾਟਲੈਂਡ ਵਿੱਚ ਵੀ ਹਵਾ ਪਰਦੂਸ਼ਣ ਦਾ ਮਿਆਰ ਹੋਰਾਂ ਦੇਸ਼ਾਂ ਦੀ ਤਰਾਂ ਆਮ ਤੌਰ 'ਤੇ ਸਰਕਾਰ ਦੁਆਰਾ ਨਿ-ਰਧਾਰਿਤ ਪੱਧਰ ਤੋਂ ਜਿਆਦਾ ਹੀ ਰਹਿੰਦਾ ਹੈ, ਪਰ ਪਿਛਲੇ ਸਾਲ 2020 ਵਿੱਚ ਸ਼ੁਰੂ ਹੋਈ ਕੋਰੋਨਾਂ ਵਾਇਰਸ ਮਹਾਂਮਾਰੀ ਦੌਰਾਨ ਲਗਾਈਆਂ ਗਈਆਂ ਪਾਬੰਦੀਆਂ ਕਾਰਨ ਵਾਤਾਵਰਣ ਮਾਹਿਰਾਂ ਅਨੁਸਾਰ ਸਕਾਟਲੈਂਡ ਵਿੱਚ ਹਵਾ ਪਰਦੂਸ਼ਣ ਪਹਿਲੀ ਵਾਰ ਕਾਨੂੰਨ ਦੁਆਰਾ ਨਿਰਧਾਰਿਤ ਸੀਮਾਵਾਂ ਵਿੱਚ ਰਿਹਾ ਹੈ। ਇਸ ਸੰਬੰਧੀ ਫਰੈਂਡਜ਼ ਆਫ ਦ ਅਰਥ ਸਕਾਟਲੈਂਡ (ਐਫ.ਓ.ਈ.ਐੱਸ) ਅਨੁਸਾਰ ਮਾਰਚ 2020 ਦੀ ਤਾਲਾਬੰਦੀ ਦੇ ਪ੍ਰਭਾਵ, ਪੂਰੇ ਸਾਲ ਲਈ ਸਮੁੱਚੇ ਪਰਦੂਸ਼ਣ ਦੇ ਪੱਧਰ ਨੂੰ ਘੱਟ ਰੱਖਣ ਲਈ ਕਾਫ਼ੀ ਹੱਦ ਤੱਕ ਪ੍ਰਭਾਵਸ਼ਾਲੀ ਸਾਬਤ ਹੋਏ ਹਨ ਅਤੇ ਸੰਸਥਾ ਦੁਆਰਾ ਸਰਕਾਰ ਨੂੰ ਕੌਂਸਲਾਂ ਨਾਲ ਮਿਲ ਕੇ ਹਵਾ ਪਰਦੂਸ਼ਣ ਦੇ ਘੱਟ ਹੋਏ ਪੱਧਰ ਨੂੰ ਸਥਿਰ ਬਣਾਈ ਦੀ ਅਪੀਲ ਕੀਤੀ ਗਈ ਹੈ। ਜਦਕਿ ਇਸ ਸੰਬੰਧੀ ਸਕਾਟਿਸ਼ ਸਰਕਾਰ ਅਨੁਸਾਰ ਹਵਾ ਦੀ ਗੁਣਵੱਤਾ ਵਿੱਚ ਮਹਾਂਮਾਰੀ ਤੋਂ ਪਹਿਲਾਂ ਦਾ ਹੀ ਸੁਧਾਰ ਹੋਇਆ ਹੈ। ਪਿਛਲੇ ਸਾਲ ਪਹਿਲੀ ਤਾਲਾਬੰਦੀ ਦੌਰਾਨ ਜ਼ਿਆਦਾਤਰ ਵਾਹਨਾਂ 'ਤੇ ਲਗਾਈ ਪਾਬੰਦੀ ਨੇ ਹਵਾ ਵਿਚਲੇ ਪਰਦੂਸ਼ਣ ਦੇ ਪੱਧਰ ਦੇ ਪੱਧਰ ਨੂੰ ਘਟਾਉਣ ਲਈ ਆਪਣਾ ਯੋਗਦਾਨ ਪਾਇਆ ਹੈ ਪਰ ਪਾਬੰਦੀਆਂ ਨੂੰ ਸੌਖਾ ਕਰਨ ਨਾਲ ਆਵਾਜਾਈ ਫਿਰ ਤੇਜ਼ੀ ਨਾਲ ਆਮ ਪੱਧਰ 'ਤੇ ਵਾਪਸ ਆ ਰਹੀ ਹੈ। ਸਕਾਟਲੈਂਡ ਦੇ ਗਲਾਸਗੋ ਵਿਚ ਹੋਪ ਸਟੈਰੀਟ ਨਾਈਟੈਰੋਜਨ ਡਾਈਆਕਸਾਈਡ (ਟ+2) ਲਈ ਸਭ ਤੋਂ ਵੱਧ ਪਰਦੂਸ਼ਿਤ ਸਟੈਰੀਟ ਹੈ, ਜਿਸਦਾ ਪੱਧਰ ਪਿਛਲੇ ਸਾਲ 36 ਮਾਈਕਰੋਗਰਾਮ ਪ੍ਰਤੀ ਕਿਊਬਿਕ ਮੀਟਰ (ਐਮ.ਸੀ.ਜੀ) ਰਿਹਾ ਹੈ ਜੋ ਕਿ ਉਸ ਤੋਂ ਪਹਿਲਾਂ 60 ਐਮ.ਸੀ.ਜੀ ਦਰਜ਼ ਕੀਤਾ ਗਿਆ ਸੀ ਅਤੇ ਇਹ ਪੱਧਰ ਯੂਰਪੀਅਨ ਅੰਬੀਏਂਟ ਏਅਰ ਕੁਆਲਟੀ ਡਾਇਰੈਕਟਿਵ ਦੁਆਰਾ ਨਿਰਧਾਰਤ ਸੀਮਾ 40 ਐਮ.ਸੀ.ਜੀ. ਨਾਲੋਂ ਤਕਰੀਬਨ 1.5 ਗੁਣਾ ਜ਼ਿਆਦਾ ਸੀ। ਐਫ.ਓ.ਈ.ਐੱਸ ਸੰਸਥਾ ਦੇ ਗੈਵਿਨ ਥਾਮਸਨ ਅਨੁਸਾਰ ਪਾਬੰਦੀਆਂ ਕਾਰਨ ਹਵਾ ਦੀ ਗੁਣਵੱਤਾ ਵਿੱਚ ਅਸਥਾਈ ਤੌਰ 'ਤੇ ਹੋਇਆ ਸੁਧਾਰ ਇੱਕ ਵਧੀਆ ਪ੍ਰਾਪਤੀ ਹੈ ਪਰ ਇਸ ਪੱਧਰ ਨੂੰ ਸਥਾਈ ਬਣਾਉਣ ਲਈ ਕੋਈ ਠੋਸ ਰਾਜਨੀਤਿਕ ਕਾਰਵਾਈ ਨਹੀਂ ਕੀਤੀ ਜਾਂਦੀ ਜਿਸ ਕਰਕੇ ਪਾਬੰਦੀਆਂ ਘੱਟ ਹੋਣ 'ਤੇ ਇਸ ਗਿਰਾਵਟ ਨੂੰ ਬਰਕਰਾਰ ਰੱਖਣ ਵਿੱਚ ਮੁਸ਼ਕਿਲ ਦਾ ਸਾਹਮਣਾ ਕਰਨਾ ਪੈਂਦਾ ਹੈ।

# ਹਵਾਈ ਯਾਤਰਾ ਨਿਯਮ ਲਾਗੂ ਹੋਣ ਤੋਂ ਪਹਿਲਾਂ ਹੀਥਰੋ ਏਅਰਪੋਰਟ 'ਤੇ ਲੱਗੀ ਯਾਤਰੀਆਂ ਦੀ ਭੀੜ

**ਗਲਾਸਗੋ/ਲੰਡਨ–** ਕੋਰੋਨਾਂ ਵਾਇਰਸ ਦੀ ਫੈਲ ਰਹੀ ਲਾਗ ਨੂੰ ਘੱਟ ਕਰਨ ਦੇ ਮੰਤਵ ਨਾਲ ਸਰਕਾਰ ਵੱਲੋਂ ਜਾਰੀ ਕੀਤੇ ਗਏ ਹਵਾਈ ਯਾਤਰਾ ਸੰਬੰਧੀ ਨਵੇਂ ਨਿਯਮਾਂ ਤਹਿਤ ਨੈਗੇਟਿਵ ਕੋਰੋਨਾਂ ਟੈਸਟ ਪੇਸ਼ ਕਰਨ ਉਪਰੰਤ ਇਕਾਂਤਵਾਸ ਹੋਣਾ ਜਰੂਰੀ ਕੀਤਾ ਗਿਆ ਹੈ। ਇਹਨਾਂ ਨਿਯਮਾਂ ਦੇ ਸੋਮਵਾਰ ਨੂੰ ਲਾਗੂ ਹੋਣ ਦੇ ਇੱਕ ਦਿਨ ਪਹਿਲਾਂ ਲੰਡਨ ਦੇ ਹੀਥਰੋ ਏਅਰਪੋਰਟ 'ਤੇ ਲਾਕਡਾਊਨ ਦੌਰਾਨ ਹੀ ਵੱਡੀ ਗਿਣਤੀ ਵਿੱਚ ਯਾਤਰੀਆਂ ਨੇ ਸ਼ਿਰਕਤ ਕੀਤੀ। ਇਸ ਦੌਰਾਨ ਚਿਹਰੇ ਨੂੰ ਮਾਸਕ ਨਾਲ ਢਕੇ ਲੋਕਾਂ ਦੇ ਸਮੂਹਾਂ ਨੂੰ ਵਾਇਰਸ ਟੈਸਟ ਲਈ ਜਾਂਚ ਅਤੇ ਚੈੱਕ ਇਨ



ਕਰਦੇ ਦੇਖਿਆ ਗਿਆ। ਹੀਥਰੋ ਦੇ ਰਵਾਨਗੀ ਬੋਰਡ ਅਨੁਸਾਰ ਐਤਵਾਰ ਦੁਪਹਿਰ 2.30 ਵਜੇ ਤੱਕ ਲਗਭਗ 300 ਉਡਾਣਾਂ ਰਵਾਨਾ ਹੋਈਆਂ। ਦੇਸ਼ ਵਿੱਚ ਕੀਤੀ ਹੋਈ ਤਾਲਾਬੰਦੀ ਦੇ ਨਿਯਮ ਪਹਿਲਾਂ ਹੀ ਅੰਤਰਰਾਸ਼ਟਰੀ ਯਾਤਰਾ 'ਤੇ ਪਾਬੰਦੀ ਲਗਾਉਂਦੇ ਹਨ ਅਤੇ ਯੂਕੇ ਤੋਂ ਜਾਣ ਵਾਲੇ ਯਾਤਰੀ ਸਰਕਾਰੀ ਨਿਯਮਾਂ ਅਨੁਸਾਰ ਸਿਰਫ ਕੁਝ ਸੀਮਿਤ ਕਾਰਨਾਂ ਕਰਕੇ ਹੀ ਯਾਤਰਾ ਕਰ ਸਕਦੇ ਹਨ। ਹੀਥਰੋ ਏਅਰਪੋਰਟ 'ਤੇ ਬਹੁਤ ਸਾਰੇ ਫੇਸ ਮਾਸਕ ਪਹਿਨੇ ਹੋਏ ਯਾਤਰੀਆਂ ਦੀਆਂ ਤਸਵੀਰਾਂ ਸਾਹਮਣੇ ਆਉਣ 'ਤੇ ਏਅਰਪੋਰਟ ਦੇ ਇੱਕ ਬੁਲਾਰੇ ਨੇ ਕਿਸੇ ਤਰ੍ਹਾਂ ਦੀ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ। ਇਹ ਪਹਿਲਾ ਮੌਕਾ ਨਹੀ ਹੈ ਜਦੋਂ ਲੋਕਾਂ ਨੇ ਪਾਬੰਦੀਆਂ ਦੇ ਬਾਵਜੂਦ ਹਵਾਈ ਅੱਡਿਆਂ 'ਤੇ ਭੀੜ ਕੀਤੀ ਹੈ। ਇਸ ਤੋਂ ਪਹਿਲਾਂ ਵੀ ਨਵੰਬਰ ਵਿੱਚ ਇੰਗਲੈਂਡ ਦੇ ਦੂਜੀ ਵਾਰ ਰਾਸ਼ਟਰੀ ਤਾਲਾਬੰਦ ਹੋਣ ਤੋਂ ਪਹਿਲਾਂ ਲੋਕ ਹੀਥਰੋ ਹਵਾਈ ਅੱਡੇ 'ਤੇ ਯਾਤਰਾ ਦੇ ਮਕਸਦ ਲਈ ਇਕੱਠੇ ਹੋਏ ਸਨ। ਯਾਤਰਾ ਸੰਬੰਧੀ ਲਾਗੂ ਕੀਤੀ ਗਈ ਨਵੀਂ ਨੀਤੀ ਅਨੁਸਾਰ ਦੁਨੀਆਂ ਦੀ ਹਰ ਮੰਜ਼ਲਿ ਤੋਂ ਯੂਕੇ ਆਉਣ ਵਾਲੇ ਯਾਤਰੀਆਂ ਨੂੰ 10 ਦਿਨਾਂ ਲਈ ਇਕਾਂਤਵਾਸ ਵਿੱਚ ਰਹਿਣਾ ਪਵੇਗਾ ਜਾਂ ਯੂਕੇ ਵਿੱਚ ਦਾਖਲ ਹੋਣ ਦੇ ਘੱਟੋ ਘੱਟ ਪੰਜ ਦਿਨ ਬਾਅਦ ਕੋਰੋਨਾਂ ਦੇ ਨਕਾਰਾਤਮਕ ਨਤੀਜੇ ਪ੍ਰਾਪਤ ਕਰਨੇ ਹੋਣਗੇ। ਇਸਦੇ ਇਲਾਵਾ ਤਾਲਾਬੰਦੀ ਨਿਯਮਾਂ ਅਨੁਸਾਰ ਯੂਕੇ ਵਿੱਚ ਮੌਜੂਦ ਲੋਕ ਘਰ ਛੱਡਣ ਦੀ ਕਾਨੂੰਨੀ ਇਜਾਜ਼ਤ ਹੋਣ ਦੀ ਸੂਰਤ ਵਿੱਚ ਹੀ ਵਿਦੇਸ਼ ਯਾਤਰਾ ਕਰ ਸਕਦੇ ਹਨ।

# ਸਕਾਟਲੈਂਡ ਦੇ ਟੈਕਸੀ ਡਰਾਈਵਰਾਂ ਨੂੰ ਮਿਲੇਗੀ 1500 ਪੌਂਡ ਦੀ ਕੋਰੋਨਾ ਵਾਇਰਸ ਸਹਾਇਤਾ ਰਾਸ਼ੀ

**ਗਲਾਸਗੋ/ਲੰਡਨ–** ਸਕਾਟਲੈਂਡ ਵਿੱਚ ਕੋਰੋਨਾਂ ਵਾਇਰਸ ਮਹਾਂਮਾਰੀ ਨਾਲ ਪੈਰਭਾਵਿਤ ਹਜ਼ਾਰਾਂ ਟੈਕਸੀ ਅਤੇ ਪੈਰਾਈਵੇਟ ਹਾਇਰ ਡਰਾਈਵਰਾਂ ਦੀ ਸਹਾਇਤਾ ਲਈ ਇਸ ਹਫਤੇ ਇੱਕ ਨਵੀਂ ਗਰਾਂਟ ਦੀ ਪੇਸ਼ਕਸ਼ ਕੀਤੀ ਜਾ ਰਹੀ ਹੈ। ਇਸ ਗਰਾਂਟ ਨੂੰ ਯਕੀਨੀ ਬਣਾਉਣ ਲਈ ਸਕਾਟਲੈਂਡ ਦੇ ਸਥਾਨਕ ਅਧਿਕਾਰੀ ਲੱਗਭਗ 38,000 ਡਰਾਈਵਰਾਂ ਨਾਲ ਤਾਲਮੇਲ ਪੈਦਾ ਕਰਕੇ ਉਨਾਂ ਨੂੰ 1,500 ਪੌਂਡ ਦੀ ਰਾਸ਼ੀ ਪ੍ਰਾਪਤ ਕਰਨ ਲਈ ਸੱਦਾ ਦੇਣਗੇ। ਇਸ ਯੋਜਨਾ ਅਧੀਨ ਸਹਾਇਤਾ ਰਾਸ਼ੀ ਨੂੰ ਪ੍ਰਾਪਤ ਕਰਨ ਲਈ ਟੈਕਸੀ ਚਾਲਕਾਂ ਕੋਲ 9 ਅਕਤੂਬਰ 2020 ਤੋਂ ਘੱਟੋ ਘੱਟ 31 ਜਨਵਰੀ ਤੱਕ ਦਾ ਲਾਇਸੈਂਸ ਹੋਣਾ ਜ਼ਰੂਰੀ ਹੈ।

ਇਹ ਨਕਦ ਸਹਾਇਤਾ ਰਾਸ਼ੀ ਸਕਾਟਿਸ਼ ਸਰਕਾਰ ਦੇ ਕੋਵਿਡ -19 ਪਬਲਿਕ ਟਰਾਂਸਪੋਰਟ ਮਿਟੀਗੇਸ਼ਨ ਫੰਡ ਅਤੇ ਯੂਕੇ ਸਰਕਾਰ ਦੀ ਸਵੈ-ਰੁਜ਼ਗਾਰ ਆਮਦਨੀ ਸਹਾਇਤਾ ਯੋਜਨਾ ਤੋਂ ਇਲਾਵਾ ਦਿੱਤੀ ਜਾਵੇਗੀ। ਇਸ ਸੰਬੰਧੀ ਵਿੱਤ ਸਕੱਤਰ ਕੇਟ ਫੋਰਬਜ਼ ਨੇ ਮਹਾਂਮਾਰੀ ਦੌਰਾਨ ਟੈਕਸੀ ਡਰਾਈਵਰਾਂ ਅਤੇ ਉਨਾਂ ਦੇ ਪਰਿਵਾਰਾਂ ਦੀਆਂ ਮੁਸ਼ਕਿਲਾਂ 'ਤੇ ਚਾਨਣਾ ਪਾਉਂਦਿਆਂ ਦੱਸਿਆ ਕਿ ਸਕਾਟਲੈਂਡ ਦੇ ਤਕਰੀਬਨ 38,000 ਟੈਕਸੀ ਅਤੇ ਪੈਰਾਈਵੇਟ ਡਰਾਈਵਰਾਂ ਨੂੰ 1,500 ਪੌਂਡ ਦੀ ਗਰਾਂਟ ਪ੍ਰਦਾਨ ਕਰਨ ਲਈ 57 ਮਿਲੀਅਨ ਪੌਂਡ ਦਾ ਬਜਟ ਪਾਸ ਕੀਤਾ ਗਿਆ ਹੈ, ਜਿਸ ਨਾਲ ਡਰਾਈਵਰਾਂ ਨੂੰ ਲਾਇਸੈਂਸ ਪਲੇਟ ਫੀਸਾਂ, ਕਿਰਾਏ ਦੀਆਂ ਫੀਸਾਂ ਆਦਿ ਦੇ ਇਲਾਵਾ ਹੋਰ ਖਰਚੇ ਪੂਰੇ ਕਰਨ ਵਿੱਚ ਸਹਾਇਤਾ ਮਿਲੇਗੀ।

# ਬਹੁਜਨ ਸਮਾਜ ਪਾਰਟੀ ਦੀ ਰਾਸ਼ਟਰੀ ਪ੍ਰਧਾਨ ਭੈਣ ਕੁਮਾਰੀ ਮਾਇਆਵਤੀ ਜੀ ਦਾ ਜਨਮ ਦਿਨ ਮਨਾਇਆ

**ਫਗਵਾੜਾ, (ਬੀ.ਕੇ.ਰੱਤੂ)–** ਬਹੁਜਨ ਸਮਾਜ ਪਾਰਟੀ ਦੇ ਸਾਬਕਾ ਪ੍ਰਧਾਨ ਮਲਕੀਤ ਚੁੰਬਰ ਨੇ ਦੱਸਿਆ ਕਿ ਅੱਜ 15 ਜਨਵਰੀ ਨੂੰ ਨਵਾਂ ਪਿੰਡ ਸ਼ੌਕੀਆ ਵਿਖੇ ਬਹੁਜਨ ਸਮਾਜ ਪਾਰਟੀ ਦੀ ਰਾਸ਼ਟਰੀ ਪ੍ਰਧਾਨ ਉਤੱਰ ਪ੍ਰਦੇਸ਼ ਦੀ ਸਾਬਕਾ ਮੁੱਖ ਮੰਤਰੀ ਭੈਣ ਕੁਮਾਰੀ ਮਾਇਆਵਤੀ ਜੀ ਦਾ ਜਨਮ ਦਿਨ ਸਤਿਗੁਰ ਰਵਿਦਾਸ ਧਾਮ ਵਿਖੇ ਮਨਾਇਆ ਗਿਆ ਇਸ ਮੌਕੇ ਬਸਪਾ ਆਗੂ ਦਰਸ਼ਨ ਮੈਹਿਮੀ ਦੇ ਪੋਤੇ ਕਾਰਤਿਕ ਮੈਹਿਮੀ ਦਾ ਵੀ ਜਨਮ ਦਿਨ ਮਨਾਇਆ ਗਿਆ ਇਸ ਖੁਸ਼ੀ ਮੌਕੇ



ਮਲਕੀਤ ਚੁੰਬਰ ਦਰਸ਼ਨ ਮੈਹਿਮੀ ਪਾਲ ਕੈਲੇ ਤਰਸੇਮ ਚੁੰਬਰ ਗਿਆਨ ਚੰਦ ਜਰਨੈਲ ਚੰਦ ਗੁਰਪ੍ਰੀਤ ਚੁੰਬਰ ਜੋਗਿੰਦਰ ਸਿੰਘ ਸੁੱਚਾ ਰਾਮ ਸੁਖਵਿੰਦਰ ਪਾਲ ਨਾਹਰ ਸਖੀ ਰਾਮ ਮੈਹਿਮੀ ਸੋਮ ਨਾਥ ਕਮਲ ਦਾਦਰਾ ਪ੍ਰਵੀਨ ਕੌਰ ਗੀਤੂ ਬਾਲਾ ਸੋਨੂੰ ਦੀਪਕ ਮਨੀਸ਼ ਰੀਤੂ ਬਾਲਾ ਕੁਲਵਿੰਦਰ ਕੌਰ ਰੀਣਾ ਰਾਣੀ ਨਿਰਮਲਾ ਦੇਵੀ ਬਖਸ਼ੋ ਸਰਬਜੀਤ ਕੁਮਾਰੀ ਰਣਜੀਤ ਕੌਰ ਅਤੇ ਪਿੰਡ ਵਾਸੀ ਭਾਰੀ ਗਿਣਤੀ ਵਿੱਚ ਇੱਕਠੇ ਹੋਏ ਅਤੇ ਭੈਣ ਕੁਮਾਰੀ ਮਾਇਆਵਤੀ ਜੀ ਅਤੇ ਕਾਰਤਿਕ ਮੈਹਿਮੀ ਦੀ ਲੰਬੀ ਉਮਰ ਦੀ ਅਰਦਾਸ ਕੀਤੀ ਗਈ।

# ਕਿਸਾਨਾਂ ਨੇ ਫਗਵਾੜਾ 'ਚ ਹਜਾਰਾਂ ਟਰੈਕਟਰਾਂ ਦੇ ਨਾਲ ਕੱਢਿਆ ਕਿਸਾਨ ਜਾਗ੍ਰਤੀ ਮਾਰਚ

**ਫਗਵਾੜਾ, (ਬੀ.ਕੇ.ਰੱਤੂ)–** ਕੇਂਦਰ ਦੀ ਮੋਦੀ ਸਰਕਾਰ ਦੇ ਖੇਤੀ ਕਾਨੂੰਨਾਂ ਨੂੰ ਰੱਦ ਕਰਵਾਉਣ ਦੀ ਮੰਗ ਨੂੰ ਲੈ ਕੇ ਕਿਸਾਨ ਜਥੇਬੰਦੀਆਂ ਵੱਲੋਂ 26 ਜਨਵਰੀ ਨੂੰ ਗਣਤੰਤਰ ਦਿਵਸ ਮੌਕੇ ਦਿੱਲੀ 'ਚ ਐਲਾਨੀ ਟਰੈਕਟਰ ਪਰੇਡ ਤੋਂ ਪਹਿਲਾਂ ਭਾਰਤੀ ਕਿਸਾਨ ਯੂਨੀਅਨ (ਦੁਆਬਾ) ਸਰਕਲ ਫਗਵਾੜਾ ਵਲੋਂ ਅੱਜ ਸੀਨੀਅਰ ਕਿਸਾਨ ਆਗੂ ਅਤੇ ਯੂਨੀਅਨ ਦੇ ਜਨਰਲ ਸਕੱਤਰ ਸਤਨਾਮ ਸਿੰਘ ਸਾਹਨੀ ਦੀ ਅਗਵਾਈ ਹੇਠ ਹਰਭਜਨ ਸਿੰਘ ਬਾਜਵਾ, ਕਿਰਪਾਲ ਸਿੰਘ ਮੂਸਾਪੁਰ, ਕੁਲਵਿੰਦਰ ਸਿੰਘ ਕਾਲਾ ਸਰਪੰਚ ਅਠੌਲੀ, ਗੁਰਪਾਲ ਸਿੰਘ ਪਾਲਾ ਮੌਲੀ, ਕੁਲਜਿੰਦਰ ਸਿੰਘ ਚੱਕ ਪ੍ਰੇਮਾਂ, ਮਨਜੀਤ ਸਿੰਘ ਲੱਲੀ, ਰਣਜੀਤ ਸਿੰਘ ਖੇੜਾ, ਹਰਦੀਪ ਸਿੰਘ ਰਿਹਾਣਾ ਜੱਟਾਂ, ਬਲਜੀਤ ਸਿੰਘ ਹਰਦਾਸਪੁਰ, ਕੁਲਦੀਪ ਸਿੰਘ ਰਾਇਪੁਰ, ਗੁਰਸ਼ਰਨ ਸਿੰਘ ਗੋਸ਼ੀ, ਸਰਬਜੀਤ ਸਿੰਘ ਲੱਖਪੁਰ, ਸੰਤੋਖ ਸਿੰਘ ਯਤਨਾ ਸਦਕਾ ਹਜਾਰਾਂ ਟਰੈਕਟਰ ਸਵਾਰ ਕਿਸਾਨਾ ਨੇ ਵਿਸ਼ਾਲ ਟਰੈਕਟਰ ਜਾਗ੍ਰਿਤੀ ਮਾਰਚ ਕੱਢਿਆ। ਇਹ ਟਰੈਕਟਰ ਮਾਰਚ ਨਵੀਂ ਦਾਣਾ ਮੰਡੀ ਹੁਸ਼ਿਆਰਪੁਰ ਰੋਡ ਫਗਵਾੜਾ ਤੋਂ ਸ਼ੁਰੂ ਹੋ ਕੇ ਸ਼ਹਿਰ ਦੀਆਂ ਮੁੱਖ ਸੜਕਾਂ ਅਤੇ ਨੇੜਲੇ ਇਲਾਕਿਆਂ ਵਿਚ ਦੀ ਹੁੰਦਾ ਵਾਪਸ ਦਾਣਾ ਮੰਡੀ ਫਗਵਾੜਾ ਵਿਖੇ ਸਮਾਪਤ ਹੋਇਆ। ਟਰੈਕਟਰ ਮਾਰਚ ਤੋਂ ਪਹਿਲਾਂ ਸਤਨਾਮ ਸਿੰਘ ਸਾਹਨੀ ਅਤੇ ਹੋਰਨਾ ਨੇ ਕੇਂਦਰ ਸਰਕਾਰ ਦੀ ਤਾਨਾਸ਼ਾਹੀ ਖਿਲਾਫ ਅਵਾਜ ਬੁਲੰਦ ਕਰਦਿਆਂ ਜੋ ਬੋਲੇ ਸੋ ਨਿਹਾਲ ਦੇ ਜੈਕਾਰਿਆਂ ਦੌਰਾਨ ਕਿਹਾ ਕਿ ਅੱਜ ਦਾ ਇਹ ਵਿਸ਼ਾਲ ਟਰੈਕਟਰ ਮਾਰਚ 26 ਜਨਵਰੀ ਨੂੰ ਦਿੱਲੀ ਵਿਖੇ ਹੋਣ ਵਾਲੀ ਟਰੈਕਟਰ ਪਰੇਡ ਦੀ ਇਕ ਛੋਟੀ ਜਿਹੀ ਝਲਕ ਹੈ।





ਉਹਨਾਂ ਕਿਹਾ ਕਿ ਜੇਕਰ ਮੋਦੀ ਸਰਕਾਰ ਨੇ ਖੇਤੀ ਕਾਨੂੰਨ ਰੱਦ ਨਾ ਕੀਤੇ ਤਾਂ ਲੱਖਾਂ ਦੀ ਗਿਣਤੀ ਵਿਚ ਕਿਸਾਨ ਟਰੈਕਟਰਾਂ ਸਮੇਤ ਦਿੱਲੀ ਵਿਚ ਪਰੇਡ ਕਰਨਗੇ। ਟਰੈਕਟਰ ਮਾਰਚ ਦੀ ਰਵਾਨਗੀ ਮੌਕੇ 'ਕਿਸਾਨ ਮਜਦੂਰ ਏਕਤਾ ਜਿੰਦਾਬਾਦ' ਅਤੇ ਮੋਦੀ ਸਰਕਾਰ ਖਿਲਾਫ ਜੋਰਦਾਰ ਨਾਰੇਬਾਜੀ ਵੀ ਕੀਤੀ ਗਈ। ਟਰੈਕਟਰ ਸਵਾਰ ਕਿਸਾਨਾ ਦੇ ਭਾਰੀ ਇਕੱਠ ਨੂੰ ਦੇਖਦੇ ਹੋਏ ਐਸ.ਪੀ. ਫਗਵਾੜਾ ਮਨਵਿੰਦਰ ਸਿੰਘ ਦੀ ਅਗਵਾਈ ਹੇਠ ਪੁਲਿਸ ਵਲੋਂ ਸੁਰੱਖਿਆ ਦੇ ਪੁਖਤਾ ਪ੍ਰਬੰਧ ਕੀਤੇ ਗਏ ਸਨ।

ਇਸ ਮੌਕੇ ਸੰਦੀਪ ਸਿੰਘ, ਅਰਵਿੰਦਰ ਸਿੰਘ ਬਾਜਵਾ, ਲਵਪਰੀਤ ਸਿੰਘ ਘੁੰਮਣ, ਸਤਪਾਲ ਸਿੰਘ ਸਰਪੰਚ ਵਾਹਦ, ਗੁਲਜਾਰ ਸਿੰਘ ਸਰਪੰਚ ਅਕਾਲਗੜ੍ਹ, ਜਸਕਰਨ ਸਿੰਘ ਨੰਬਰਦਾਰ, ਸੁਰਿੰਦਰ ਸਿੰਘ, ਹਰਦੀਪ ਸਿੰਘ, ਬਲਜਿੰਦਰ ਸਿੰਘ, ਜਸਵੀਰ ਸਿੰਘ, ਜਸਵਿੰਦਰ ਸਿੰਘ, ਸਤਵਿੰਦਰ ਸਿੰਘ, ਕੁਲਦੀਪ ਸਿੰਘ, ਜੋਗਾ ਸਿੰਘ ਢੱਡਾ, ਰਵੇਲ ਸਿੰਘ ਮਲਕਪੁਰ, ਬਲਵੀਰ ਸਿੰਘ, ਬਲਦੇਵ ਸਿੰਘ, ਜਤਿੰਦਰ ਸਿੰਘ ਜੱਸੀ, ਲਹਿੰਬਰ ਸਿੰਘ, ਮਹਿੰਦਰ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿਚ ਕਿਸਾਨਾ ਨੇ ਸ਼ਮੂਲੀਅਤ ਕੀਤੀ।

# ਸੇਵਾ ਸਿੰਘ ਬਿਨਿੰਗ ਕਨੇਡਾ ਦੇ ਵਿਛੋੜੇ 'ਤੇ ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ ਦੁੱਖ ਦਾ ਪ੍ਰਗਟਾਵਾ

**ਜਲੰਧਰ–** ਸੇਵਾ ਸਿੰਘ ਬਿਨਿੰਗ ਕਨੇਡਾ ਦੇ ਸ਼ਹਿਰ ਸਰੀ ਵਿੱਚ ਸਦੀਵੀ ਵਿਛੋੜਾ ਦੇ ਗਏ। ਉਹ ਸੱਤਰਵਿਆਂ ਵਿੱਚ ਕਨੇਡਾ ਗਏ ਤੇ ਸਾਥੀਆਂ ਨਾਲ ਈਸਟ ਇੰਡੀਅਨ ਡਿਫੈਂਸ ਕਮੇਟੀ ਵੈਨਕੋਵਰ ਦਾ ਗਠਨ ਕਰਕੇ ਉਨ੍ਹਾਂ ਨੇ ਨਸਲੀ ਵਿਤਕਰੇ ਅਤੇ ਮਾਨਵੀ ਅਧਿਕਾਰਾਂ ਲਈ ਜ਼ਿੰਦਗੀ ਭਰ ਸੰਘਰਸ਼ ਕੀਤਾ।

ਉਹ ਹਰਮਨ ਪਿਆਰੇ, ਸ਼ਾਂਤ ਸੁਭਾਅ ਦੇ ਜਿੰਦਾ-ਦਿਲ ਇਨਸਾਨ ਸਨ। ਈਸਟ ਇੰਡੀਆ ਡਿਫੈਂਸ ਕਮੇਟੀ ਬੀ.ਸੀ. ਦੇ ਉਹ ਰੂਹ-ਏ-ਰਵਾਂ ਸਨ। ਬੀਤੀ ਅੱਧੀ ਸਦੀ ਦਾ ਇਤਿਹਾਸ ਗਵਾਹ ਹੈ ਕਿ ਵੈਨਕੋਵਰ ਵਿੱਚ ਲੋਕ ਹੱਕਾਂ ਲਈ ਹੋਈਆਂ ਸਰਗਰਮੀਆਂ ਅਤੇ ਸਮਾਗਮ ਵਿੱਚ ਉਹਨਾਂ ਦੀ ਆਗੂ ਭੂਮਿਕਾ ਰਹੀ ਹੈ।



ਉਨ੍ਹਾਂ ਦਾ ਜਨਮ ਪਿੰਡ ਜੰਡਿਆਲੀ ਨੇੜੇ ਫਗਵਾੜਾ ਵਿਖੇ ਹੋਇਆ ਅਤੇ ਵਿਦਿਆਰਥੀ ਜੀਵਨ 'ਚ ਉਹ ਅਗਾਂਹ-ਵਧੂ ਸਰਗਰਮੀਆਂ ਵਿੱਚ ਹਿੱਸਾ ਲੈਂਦੇ ਰਹੇ। ਉਹ ਆਪਣੇ ਪਿੱਛੇ ਪਤਨੀ, ਦੋ ਬੇਟੀਆਂ ਤੇ ਲੜਕਾ ਛੱਡ ਗਏ ਹਨ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਸਹਾਇਕ ਸਕੱਤਰ ਡਾ. ਪਰਮਿੰਦਰ, ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਇਤਿਹਾਸ ਕਮੇਟੀ ਦੇ ਕਨਵੀਨਰ ਚਰੰਜੀ ਲਾਲ ਕੰਗਣੀਵਾਲ, ਲਾਇਬ੍ਰੇਰੀ ਕਮੇਟੀ ਦੇ ਕਨਵੀਨਰ ਸੁਰਿੰਦਰ ਕੁਮਾਰੀ ਕੋਛੜ ਨੇ ਸੇਵਾ ਸਿੰਘ ਬਿਨਿੰਗ ਦੇ ਪਰਿਵਾਰ, ਈਸਟ ਇੰਡੀਆ ਡਿਫੈਂਸ ਕਮੇਟੀ ਅਤੇ ਸਾਕ-ਸਬੰਧੀਆਂ ਨਾਲ ਗਹਿਰੇ ਦੁੱਖ ਦਾ ਇਜ਼ਹਾਰ ਕੀਤਾ ਹੈ।

# ਖੇਤੀ ਕਾਨੂੰਨਾਂ ਖਿਲਾਫ਼ ਵਿਚਾਰ-ਚਰਚਾ 24 ਨੂੰ

**ਜਲੰਧਰ–** ਕੇਂਦਰੀ ਭਾਜਪਾ ਹਕੂਮਤ ਵੱਲੋਂ ਲਿਆਂਦੇ ਕਾਲ਼ੇ ਖੇਤੀ ਕਾਨੂੰਨਾਂ ਨੂੰ ਰੱਦ ਕਰਾਉਣ ਲਈ ਜਨ ਅੰਦੋਲਨ ਦਾ ਰੂਪ ਧਾਰ ਰਹੇ ਦਿੱਲੀ ਅਤੇ ਪੰਜਾਬ ਅੰਦਰ ਫੈਲੇ ਕਿਸਾਨ ਘੋਲ ਦੀਆਂ ਹੱਕੀ ਮੰਗਾਂ ਤੁਰੰਤ ਪ੍ਰਵਾਨ ਕਰਨ ਲਈ ਆਵਾਜ਼ ਬੁਲੰਦ ਕਰਨ ਵਾਸਤੇ 24 ਜਨਵਰੀ ਦਿਨੇ 11 ਵਜੇ ਸਥਾਨਕ ਦੇਸ਼ ਭਗਤ ਯਾਦਗਾਰ ਹਾਲ ਵਿਖੇ ਸੈਮੀਨਾਰ ਕੀਤਾ ਜਾਏਗਾ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ ਦੀ ਪ੍ਰਧਾਨਗੀ 'ਚ ਅੱਜ ਹੋਈ ਬੋਰਡ ਆਫ਼ ਟਰੱਸਟ ਦੀ ਮੀਟਿੰਗ 'ਚ ਲਏ ਫੈਸਲੇ ਬਾਰੇ ਪ੍ਰੈਸ ਨਾਲ ਜਾਣਕਾਰੀ ਸਾਂਝੀ ਕਰਦਿਆਂ ਕਮੇਟੀ ਦੇ ਸਹਾਇਕ ਸਕੱਤਰ ਡਾ. ਪਰਮਿੰਦਰ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ ਕਾਲ਼ੇ ਖੇਤੀ ਕਾਨੂੰਨਾਂ ਦੇ ਖੇਤੀ, ਕਿਸਾਨੀ, ਮਜ਼ਦੂਰਾਂ ਅਤੇ ਸਮੂਹ ਮਿਹਨਤਕਸ਼ ਲੋਕਾਂ, ਛੋਟੇ ਕਾਰੋਬਾਰੀਆਂ ਉਪਰ ਵਿਆਪਕ ਪੱਧਰ 'ਤੇ ਪੈਣ ਵਾਲੇ ਮਾਰੂ ਅਸਰਾਂ, ਘੋਲ ਦੀ ਇਤਿਹਾਸਕ ਮਹੱਤਤਾ ਅਤੇ ਸਮਾਜਕ ਸਭਿਆਚਾਰਕ ਜ਼ਿੰਦਗੀ ਉਪਰ ਲੱਗ ਰਹੀ ਅਮਿੱਟ ਮੋਹਰ ਬਾਰੇ ਚਰਚਾ ਕੀਤੀ ਜਾਏਗੀ।

ਕਮੇਟੀ ਵੱਲੋਂ ਕੀਤੇ ਜਾ ਰਹੇ ਸੈਮੀਨਾਰ ਨੂੰ ਰਾਜਿੰਦਰ ਸਿੰਘ ਚੀਮਾ, ਸੀਨੀਅਰ ਐਡਵੋਕੇਟ, ਪੰਜਾਬ ਐਂਡ ਹਰਿਆਣਾ ਹਾਈਕੋਰਟ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਡਾ. ਸੁਖਪਾਲ ਸੰਬੋਧਨ ਕਰਨਗੇ। ਅੱਜ ਦੀ ਮੀਟਿੰਗ ਦਾ ਆਗਾਜ਼ ਖੇਤੀ ਕਾਲ਼ੇ ਕਾਨੂੰਨਾਂ ਖਿਲਾਫ਼ ਸੰਘਰਸ਼ ਦੌਰਾਨ ਅਨਮੋਲ ਜਿੰਦੜੀਆਂ ਵਾਰ ਗਏ ਕਿਸਾਨਾਂ, ਮਜ਼ਦੂਰਾਂ ਨੂੰ ਖੜ੍ਹੇ ਹੋ ਕੇ ਸ਼ਰਧਾਂਜ਼ਲੀ ਭੇਂਟ ਕਰਨ ਨਾਲ ਹੋਇਆ।

ਮੀਟਿੰਗ 'ਚ ਪਾਸ ਮਤੇ ਰਾਹੀਂ ਜ਼ੋਰਦਾਰ ਮੰਗ ਕੀਤੀ ਗਈ ਕਿ ਮੋਦੀ ਹਕੂਮਤ ਭਰਮ ਪਾਲਣ ਅਤੇ ਨਿੱਤ ਨਵੇਂ ਪੱਤੇ ਖੇਡਣ ਦੀ ਬਜਾਏ ਲੋਕ-ਆਵਾਜ਼ ਵੱਲ ਕੰਨ ਕਰਦਿਆਂ, ਅਜੇ ਵੀ ਵੇਲਾ ਹੈ ਕਿ ਤੁਰੰਤ ਖੇਤੀ ਕਾਨੂੰਨਾਂ ਉਪਰ ਕਾਟਾ ਮਾਰੇ।

ਦੇਸ਼ ਭਗਤ ਯਾਦਗਾਰ ਕਮੇਟੀ ਨੇ ਜਾਬਤਾਬੱਧ, ਸੂਝ-ਬੂਝ ਅਤੇ ਇਕਮੁੱਠਤਾ ਨਾਲ ਲੜੇ ਜਾ ਰਹੇ ਕਿਸਾਨ ਘੋਲ ਤੇ ਤਸੱਲੀ ਪ੍ਰਗਟ ਕਰਦਿਆਂ ਗ਼ਦਰੀ ਬਾਬਿਆਂ ਦੇ ਇਤਿਹਾਸਕ ਵਿਰਸੇ ਨੂੰ ਬੁਲੰਦ ਰੱਖਣ ਅਤੇ ਅੱਗੇ ਤੋਰਨ ਤੇ ਸੰਘਰਸ਼ਸ਼ੀਲ ਸਮੂਹ ਲੋਕ-ਹਿੱਸਿਆਂ ਨੂੰ ਵਧਾਈ ਦਿੱਤੀ। ਮੀਟਿੰਗ 'ਚ ਦੇਸ਼ ਭਗਤ ਯਾਦਗਾਰ ਹਾਲ ਅੰਦਰ ਬਣੇ ਮਿਊਜ਼ੀਅਮ ਰਾਹੀਂ ਇਤਿਹਾਸ ਨੂੰ ਸੰਭਾਲਣ ਅਤੇ ਅੱਗੇ ਤੋਰਨ ਲਈ ਇਸਨੂੰ ਤਸਵੀਰਾਂ, ਦੁਰਲੱਭ ਦਸਤਾਵੇਜ਼ਾਂ, ਲਾਈਟ ਸਾਊਂਡ ਆਦਿ ਪੱਖੋਂ ਨਵਾਂ ਮੁਹਾਂਦਰਾਂ ਦੇਣ ਦੇ ਖ਼ਾਕੇ ਉਪਰ ਵੀ ਗੰਭੀਰ ਵਿਚਾਰ-ਚਰਚਾ ਕੀਤੀ ਗਈ ਅਤੇ ਨਿਕਟ ਭਵਿੱਖ ਵਿੱਚ ਇਸ ਪ੍ਰੋਜੈਕਟ ਨੂੰ ਨੇਪਰੇ ਚਾੜ੍ਹਨ ਲਈ ਵਿਸ਼ੇਸ਼ ਉੱਦਮ ਜੁਟਾਉਣ ਦਾ ਫੈਸਲਾ ਕੀਤਾ ਗਿਆ।

# ਸਿੰਗਲ ਟਰੈਕ ਮਨੂੰ ਸਮਿਰਤੀ ਤੇ ਸੰਵਿਧਾਨ ਨਾਲ ਚਰਚਾ ਚ ਰਕੇਸ਼ ਮਹਿਤੋਂ

**ਲਸਾੜਾ/ਉੜਾਪੜ, ਬੱਗਾ ਸੇਲਕੀਆਣਾ–** ਰਹਿਬਰਾਂ ਦੇ ਮਿਸ਼ਨ ਨੂੰ ਬਹੁਤੇ ਕਲਾਕਾਰ ਤਾਂ ਕਮਿਸ਼ਨ ਹੀ ਬਣਾਕੇ ਬੈਠ ਗਏ ਨੇ ਪਰ ਕੁਝ ਇਸ ਤਰਾਂ ਦੇ ਗਾਇਕ ਹਨ ਜੋ ਆਪਣੇ ਰਹਿਬਰਾਂ ਦੇ ਇਤਿਹਾਸ ਨੂੰ ਘਰ ਘਰ ਪਹੁੰਚਾਉਣ ਲਈ ਦਿਨ ਰਾਤ ਲੱਗੇ ਰਹਿੰਦੇ ਹਨ ਤੇ ਇਨਾਂ ਰਹਿਬਰਾਂ ਦੇ ਇਤਿਹਾਸ ਬਾਰੇ ਆਪਣੇ ਸਮਾਜ ਦੇ ਲੋਕਾਂ ਨੂੰ ਜਾਗਰੁਕ ਕਰਨਾ ਸਾਡਾ ਫਰਜ ਵੀ ਬਣਦਾ ਹੈ ਤਾਂ ਹੀ ਸਾਡੇ ਸਮਾਜ ਦੇ ਕੁਝ ਲੋਕ ਆਪਣੇ ਮਹਾਨ ਰਹਿਬਰਾਂ ਤੋਂ ਕਿਨਾਰਾ ਕਰਕੇ ਬਾਬਿਆ ਤੇ ਚੇਲਿਆਂ ਮਗਰ ਤੁਰੇ ਹਨ ਪਰ ਜੋ ਸਾਡੇ ਮਹਾਨ ਰੁਹਿਬਰਾਂ ਨੇ ਆਪਣੇ ਜਿੰਦਗੀ ਦੇ ਕੀਮਤੀ ਪਲਾਂ ਦੀ ਪ੍ਰਵਾਹ ਕੀਤੇ ਬਿਨਾਂ ਸਾਂਨੂੰ ਉਹ ਹੱਕ ਲੈਕੇ ਦਿਤੇ ਜੋ ਅਸੀ ਕਿਸੇ ਵੀ ਕੀਮਤ ਤੇ ਨਹੀਂ ਲ਼ੈ ਸਕਦੇ ਸੀ ਇਨਾਂ ਵਿਚਾਰਾਂ ਦਾ ਪ੍ਰਗਟਾਵਾ ਨਾਮਵਰ ਗੀਤਕਾਰ ਰਕੇਸ਼ ਮਹਿਤੋਂ ਯੂਕੇ ਸਲੇਮਪੁਰ ਮਸੰਦਾਂ ਨੇ ਪਿਛਲੇ ਦਿਨੀ ਸੁਰੀ਼ਲੇ ਗਾਇਕ ਮਨਜੀਤ ਸੋਨੂੰ ਦੀ ਅਵਾਜ ਚ ਆਇਆ ਸਿੰਗਲ ਟਰੈਕ, ਮਨੂੰ ਸਮਿਰਤੀ ਤੇ ਸੰਵਿਧਾਨ, ਦੇ ਸਬੰਧ ਚ ਚਰਚਾ ਆਏ ਗੀਤ ਬਾਰੇ ਗੱਲਬਾਤ ਕਰਦਿਆ ਕੀਤਾ ਉਨਾਂ ਕਿਹਾ ਕਿ ਰਹਿਬਰਾਂ ਦੇ ਮਿਸ਼ਨ ਨੂੰ ਪਿਆਰ ਕਰਨ ਵਾਲੇ ਸਰੋਤੇ ਬੜਾ ਪਿਆਰ ਸਤਿਕਾਰ ਦੇ ਰਹੇ ਹਨ ਤੇ ਹੁਣੇ ਜਿਹੇ ਨਾਮਵਰ ਕੰਪਨੀ ਹੋਨਰ ਰਿਕਾਰਡ ਵਲੋਂ ਟਰੈਕ, ਦਿਲੀ ਬਹੁਤੀ ਵੀ ਨਾਂ ਦੂਰ,,ਜਿਸ ਨੂੰ ਭਰਵਾਂ ਹੁੰਗਾਰਾ ਮਿਲ ਰਿਹਾ ਹੈ ਇਸ ਟਰੈਕ ਚ ਗਾਇਕ ਬਲਵਿੰਦਰ ਬਿੱਟੂ, ਐਮ.ਜੇ.ਸ਼ਮਾ ਸਿੰਘ,ਬਬਲੀ ਵਿਰਦੀ ਨੇ ਅਵਾਜਾਂ ਦਿਤੀਆਂ ਸਨ ਤੇ ਇਸ ਦਾ ਸੰਗੀਤ ਦੀਪ ਬ੍ਰਦਰਜ ਵਲੋਂ ਤਿਆਰ ਕੀਤਾ ਸੀ ਬਹੁਤ ਧੰਨਵਾਦ ਏ ਸਾਰੇ ਸਰੋਤਿਆਂ ਦੇ ਜੋ ਕਲਮ ਨੂੰ ਇੰਨਾਂ ਪਿਆਰ ਸਤਿਕਾਰ ਦੇ ਰਹੇ ਹਨ ਤੇ ਮੇਰਾ ਵੀ ਇਹੋ ਮਕਸਦ ਹੈ ਕਿ ਮੈਂ ਆਪਣੀ ਕਲਮ ਨਾਲ ਮਹਾਨ ਰਹਿਬਰਾਂ ਦੇ ਇਤਿਹਾਸ ਬਾਰੇ ਸਮਾਜ ਦੇ ਲੋਕਾਂ ਨੂੰ ਜਾਗਰੁਕ ਕਰਦਾ ਰਹਾਂ ਤੇ ਅਉਣ ਵਾਲੇ ਸਮੇਂ ਚ ਸਤਿਗੁਰ ਰਵਿਦਾਸ ਜੀ, ਡਾ.ਭੀਮ ਰਾਓ ਜੀ,ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਦੇ ਇਤਿਹਾਸ ਬਾਰੇ ਗੀਤਾਂ ਚ ਵਡਿਆਈ ਕਰਕੇ ਤੁਹਾਡੇ ਤੱਕ ਪਹੂੰਚਾਉਦਾ ਰਹਾਂਗਾ।



# ਖੇਤੀ ਕਾਨੂੰਨਾਂ ਖਿਲਾਫ਼ ਵਿਚਾਰ-ਚਰਚਾ ਨੂੰ ਲੋਕ-ਪੱਖੀ ਸੰਸਥਾਵਾਂ ਵੱਲੋਂ ਭਰਵਾਂ ਹੁੰਗਾਰਾ

**ਜਲੰਧਰ–** ਕੇਂਦਰੀ ਭਾਜਪਾ ਹਕੂਮਤ ਵੱਲੋਂ ਲਿਆਂਦੇ ਕਾਲ਼ੇ ਖੇਤੀ ਕਾਨੂੰਨਾਂ ਨੂੰ ਰੱਦ ਕਰਾਉਣ ਲਈ ਜਨ ਅੰਦੋਲਨ ਦਾ ਰੂਪ ਧਾਰ ਰਹੇ ਦਿੱਲੀ ਅਤੇ ਪੰਜਾਬ ਅੰਦਰ ਫੈਲੇ ਕਿਸਾਨ ਘੋਲ ਦੀਆਂ ਹੱਕੀ ਮੰਗਾਂ ਤੁਰੰਤ ਪ੍ਰਵਾਨ ਕਰਨ ਲਈ ਆਵਾਜ਼ ਬੁਲੰਦ ਕਰਨ ਵਾਸਤੇ 24 ਜਨਵਰੀ ਦਿਨੇ 11 ਵਜੇ ਸਥਾਨਕ ਦੇਸ਼ ਭਗਤ ਯਾਦਗਾਰ ਹਾਲ ਵਿਖੇ ਹੋ ਰਹੇ ਸੈਮੀਨਾਰ ਨੂੰ ਦਰਜਨਾਂ ਲੋਕ-ਪੱਖੀ ਸੰਸਥਾਵਾਂ ਵੱਲੋਂ ਭਰਵਾਂ ਹੁੰਗਾਰਾ ਮਿਲ ਰਿਹਾ ਹੈ।

ਦੇਸ਼ ਭਗਤ ਯਾਦਗਾਰ ਕਮੇਟੀ ਦੇ ਪ੍ਰਧਾਨ ਅਜਮੇਰ ਸਿੰਘ, ਸਹਾਇਕ ਸਕੱਤਰ ਡਾ. ਪਰਮਿੰਦਰ ਅਤੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਦੱਸਿਆ ਕਿ ਕਾਲ਼ੇ ਖੇਤੀ ਕਾਨੂੰਨਾਂ ਦੇ ਖੇਤੀ, ਕਿਸਾਨੀ, ਮਜ਼ਦੂਰਾਂ ਅਤੇ ਸਮੂਹ ਮਿਹਨਤਕਸ਼ ਲੋਕਾਂ, ਛੋਟੇ ਕਾਰੋਬਾਰੀਆਂ ਉਪਰ ਵਿਆਪਕ ਪੱਧਰ 'ਤੇ ਪੈਣ ਵਾਲੇ ਮਾਰੂ ਅਸਰਾਂ, ਘੋਲ ਦੀ ਇਤਿਹਾਸਕ ਮਹੱਤਤਾ ਸਬੰਧੀ ਹੋ ਰਹੀ ਵਿਚਾਰ-ਚਰਚਾ ਦੀ ਸਫ਼ਲਤਾ ਲਈ ਪ੍ਰਗਤੀਸ਼ੀਲ ਲੇਖਕ ਸੰਘ, ਕੇਂਦਰੀ ਪੰਜਾਬੀ ਲੇਖਕ ਸਭਾ, ਜਮਹੂਰੀ ਅਧਿਕਾਰ ਸਭਾ, ਡੈਮੋਕਰੈਟਿਕ ਲਾਇਅਰਜ਼ ਐਸੋਸੀਏਸ਼ਨ ਪੰਜਾਬ, ਪੰਜਾਬ ਲੋਕ ਸਭਿਆਚਾਰਕ ਮੰਚ, ਤਰਕਸ਼ੀਲ ਸੁਸਾਇਟੀ ਪੰਜਾਬ, ਇਪਟਾ, ਸਾਹਿਤਕ/ਸਭਿਆਚਾਰਕ ਸੰਸਥਾ ਫੁਲਕਾਰੀ, ਮਾਨਵਵਾਦੀ ਵਿਚਾਰ ਮੰਚ ਆਦਿ ਨੇ ਭਰਪੂਰ ਹੁੰਗਾਰਾ ਭਰਿਆ ਹੈ।

ਜ਼ਿਕਰਯੋਗ ਹੈ ਕਿ ਸੈਮੀਨਾਰ ਨੂੰ ਰਾਜਿੰਦਰ ਸਿੰਘ ਚੀਮਾ, ਸੀਨੀਅਰ ਐਡਵੋਕੇਟ, ਪੰਜਾਬ ਐਂਡ ਹਰਿਆਣਾ ਹਾਈਕੋਰਟ ਅਤੇ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ ਦੇ ਡਾ.ਸੁਖਪਾਲ ਸੰਬੋਧਨ ਕਰਨਗੇ।

'ਦੇਸ਼ ਦੁਆਬਾ'
'ਅੰਬੇਦਕਰ ਟਾਈਮਜ਼'
ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:
www.deshdoaba.com
www.ambedkartimes.com

# ਦੁਆਬੇ ਤੋਂ ਦਿੱਲੀ ਤੱਕ ਗੂੰਜੀਆਂ ਕਿਸਾਨ ਅੰਦੋਲਨ ਦੀਆਂ ਕਵਿਤਾਵਾਂ



**ਬੰਗਾ (ਸੁਰਜੀਤ ਮਜਾਰੀ)** 'ਸਾਡੇ ਸੀਨਿਆਂ 'ਚ ਅੱਗ ਉੱਤੋਂ ਪੋਹ ਦਾ ਮਹੀਨਾ, ਤੇਰੇ ਜ਼ੁਲਮਾਂ ਦੇ ਅੱਗੇ ਅਸੀਂ ਤਾਣ ਲਿਆ ਸੀਨਾ' (ਗੁਰਦਿਆਲ ਰੌਸ਼ਨ), 'ਸੁਪਨਿਆਂ ਦੀ ਮੌਤ ਦਾ, ਮਾਤਮ ਜਦੋਂ ਤੱਕ ਸਹਿਣਗੇ, ਮੁਕਟ ਤੇਰੇ ਨਾਲ ਮੇਰੇ ਬੋਲ ਖਹਿੰਦੇ ਰਹਿਣਗੇ' (ਕੁਲਵਿੰਦਰ ਕੁੱਲਾ), 'ਮੰਨਿਆਂ ਕਿ ਸਰਕਾਰਾਂ ਡਾਢੀਆਂ ਹੋਣਗੀਆਂ, ਪਰ ਕਿੰਝ ਜਮੀਨਾਂ ਆ ਕੇ ਸਾਡੀਆਂ ਖੋਹਣਗੀਆਂ' (ਜਸਵੰਤ ਖਟਕੜ) 'ਦੇਸ਼ ਦੇ ਲੋਕਾਂ ਦਾ ਹੁਣ ਜੀਅ ਕਰਦਾ ਚੌਕ 'ਚ ਲੀਰਾਂ ਕਰਨਾ ਕੁਰਤਾ ਖੱਦਰ ਦਾ' (ਰੇਸ਼ਮ ਕਰਨਾਣਵੀ) ਅਜਿਹੇ ਕਾਵਿਕ ਮਾਹੌਲ 'ਚ ਕਿਸਾਨ ਅੰਦੋਲਨ ਦਾ ਸਮਰਥਨ ਕਰਦਿਆਂ ਕਵੀ ਵਰਗ ਵਲੋਂ ਕੇਂਦਰ ਸਰਕਾਰ 'ਤੇ ਬਾਖੂਬੀ ਤਨਜ਼ ਕੱਸਿਆ ਗਿਆ ਹੈ। ਦਿੱਲੀ ਦੀਆਂ ਸਿੰਘੂ ਤੇ ਟਿਕਰੀ ਹੱਦਾਂ 'ਤੇ ਲੱਗੇ ਮੋਰਚਿਆਂ 'ਚ ਦੁਆਬੇ ਦੀਆਂ ਸਾਹਿਤ ਸਭਾਵਾਂ ਦੇ ਕਾਫ਼ਲੇ ਵਾਰੋ ਵਾਰੀ ਸ਼ਾਮਲ ਹੋ ਰਹੇ ਹਨ।

ਦੋਆਬਾ ਸਾਹਿਤ ਸਭਾ ਗੜ੍ਹਸ਼ੰਕਰ ਦੇ ਸੰਸਥਾਪਕ ਪ੍ਰੋ. ਸੰਧੂ ਵਰਿਆਣਵੀ ਨੇ ਸਿੰਘੂ ਹੱਦ 'ਤੇ ਮੰਚ ਤੋਂ ਸੰਬੋਧਨ ਕਰਦਿਆਂ ਕਿਹਾ ਕਿ ਸਮੇਂ ਦੇ ਹਾਕਮਾਂ ਦੀਆਂ ਵਧੀਕੀਆਂ ਖਿਲਾਫ਼ ਕਲਮਾਂ ਰਾਹੀਂ ਡਟੇ ਹੋਏ ਕਵੀ ਲੇਖਕ ਹੱਥਿਆਰਾਂ ਤੋਂ ਵੀ ਵੱਧ ਅਸਰ ਪਾ ਰਹੇ ਹਨ। ਪੰਜਾਬੀ ਸਾਹਿਤ ਸਭਾ ਖਟਕੜ ਕਲਾਂ ਦੇ ਬੈਨਰ ਹੇਠ ਵੀ ਕਵੀਆਂ ਦਾ ਜੱਥਾ ਦਿੱਲੀ ਪੁੱਜ ਕੇ ਸੰਘਰਸ਼ ਦਾ ਹਿੱਸਾ ਬਣਿਆ ਹੈ। ਇਸ ਜੱਥੇ 'ਚ ਸ਼ਾਮਲ ਕਵੀ ਹਰਬੰਸ ਹੀਉਂ, ਦੀਪ ਕਲੇਰ ਨੇ ਦੱਸਿਆ ਕਿ ਲੇਖਕ ਸਦਾ ਹੀ ਨਾਬਰੀ ਲਹਿਰਾਂ ਦੇ ਅੰਗ ਸੰਗ ਰਹਿੰਦੇ ਹਨ। ਨਵਜੋਤ ਸਾਹਿਤ ਸਭਾ ਔੜ, ਪ੍ਰਕਾਸ਼ ਸਾਹਿਤ ਸੱਥ ਮੁਕੰਦਪੁਰ ਅਤੇ ਦੋਆਬਾ ਸਾਹਿਤ ਸਭਾ ਨਵਾਂ ਸ਼ਹਿਰ ਦੇ ਬੈਨਰ ਹੇਠ ਵੀ ਦਿੱਲੀ ਅੰਦੋਲਨ ਨਾਲ ਸਬੰਧਤ ਕਵੀ ਦਰਬਾਰ ਕਰਵਾਏ ਜਾ ਚੁੱਕੇ ਹਨ। ਦੋਆਬੇ ਦੇ ਪ੍ਰਵਾਸੀ ਸ਼ਾਇਰ ਗਿਰਧ-ਾਰੀ ਮਲਕਪੁਰੀ ਨੇ ਜਾਣਕਾਰੀ ਦਿੱਤੀ ਕਿ ਦੋਆਬੇ ਦੀਆਂ ਸਾਰੀਆਂ ਸਾ-ਹਤਕ ਸਭਾਵਾਂ ਦੇ ਸਹਿਯੋਗ ਨਾਲ ਦੋਆਬੇ ਦੇ ਸ਼ਾਇਰਾਂ ਦੀਆਂ ਕਿਸਾਨ ਅੰਦੋਲਨ ਨਾਲ ਸਬੰਧਤ ਲਿਖੀਆਂ ਕਾਵਿਕ ਰਚਨਾਵਾਂ ਦਾ ਸੰਗ੍ਰਹਿ ਛਾਪਣ ਦਾ ਉਪਰਾਲਾ ਕੀਤਾ ਜਾਵੇਗਾ।

ਇਵੇਂ ਦੋਆਬੇ ਦੇ ਸ਼ਹਿਰ ਕਪੂਰਥਲਾ, ਫ਼ਗਵਾੜਾ, ਜਲੰਧਰ, ਦਸੂਹਾ, ਬਲਾਚੌਰ, ਜਲੰਧਰ, ਨਕੋਦਰ, ਗੜ੍ਹਦੀਵਾਲਾ, ਫਿਲੌਰ, ਦਸੂਹਾ, ਹੁਸ਼ਿਆਰਪੁਰ, ਗੁਰਾਇਆ ਆਦਿ ਨਾਲ ਸਬੰਧਤ ਸ਼ਾਇਰ ਵੀ ਆਪਣੀ ਸ਼ਾਇਰੀ ਰਾਹੀਂ ਰਚਨਾਵਾਂ ਦਾ ਲਗਾਤਾਰ ਜੌਹਰ ਦਿਖਾ ਚੁੱਕੇ ਹਨ। ਪ੍ਰਗਤੀਸ਼ੀਲ ਲੇਖਕ ਸੰਘ ਦੇ ਸੂਬਾ ਜਨਰਲ ਸਕੱਤਰ ਪ੍ਰੋ. ਸੁਰਜੀਤ ਜੱਜ ਨੇ ਕਿਹਾ ਕਿ ਕਵੀ ਵਰਗ ਕਿਸਾਨਾਂ ਮਜ਼ਦੂਰ ਦੇ ਸ਼ੁਰੂ ਕੀਤੇ ਗਏ ਲੋਕ ਘੋਲ ਦੇ ਅੰਗ ਸੰਗ ਵਿਚਰ ਰਿਹਾ ਹੈ।

# ਸੂਬੇ 'ਚ ਸਭ ਤੋਂ ਪਹਿਲਾਂ ਕਰੋਨਾ ਦੀ ਮਾਰ 'ਚ ਆਏ ਪਿੰਡ ਪਠਲਾਵਾ ਵਾਸੀਆਂ ਨੇ ਕਿਸਾਨ ਅੰਦੋਲਨ 'ਚ ਨਿਭਾਏ ਸੇਵਾ ਕਾਰਜ



**ਬੰਗਾ (ਸੁਰਜੀਤ ਮਜਾਰੀ)** ਸੂਬੇ 'ਚ ਕਰੋਨਾ ਦਾ ਸਭ ਤੋਂ ਪਹਿਲਾਂ ਪੀੜਤ ਪਿੰਡ ਪਠਲਾਵਾ ਸਹਿਮ ਨੂੰ ਮਾਤ ਦਿੰਦਿਆਂ ਹੁਣ ਦਿੱਲੀ ਅੰ-ਦੋਲਨ 'ਚ ਸੇਵਾ ਕਾਰਜਾਂ ਰਾਹੀਂ ਹਿੰਮਤ ਦੀ ਪਛਾਣ ਬਣਿਆ ਹੋਇਆ ਹੈ। ਪਿੰਡ ਵਾਸੀਆਂ ਦੇ ਸੇਵਾ ਲਈ ਖੁੱਲ੍ਹੇ ਬੂਹਿਆਂ ਨੇ ਕਿਸੇ ਸਮੇਂ ਕਰੋਨਾ ਨਾਲ ਘਰਾਂ ਨੂੰ ਜ਼ਿੰਦੇ ਲੱਗਣ ਦੇ ਮਾਹੌਲ ਵਾਲੀ ਕੌੜੀ ਯਾਦ ਭੁਲਾ ਦਿੱਤੀ ਹੈ। ਪਿੰਡ ਦੇ ਗੁਰਦੁਆਰਾ ਸਾਹਿਬ ਦੇ ਮੁੱਖੀ ਸੰਤ ਗੁਰ-ਬਚਨ ਸਿੰਘ ਅਤੇ ਪਿੰਡ ਦੇ ਸਰਪੰਚ ਹਰਪਾਲ ਸਿੰਘ ਜੋ ਖੁਦ ਕਰੋਨਾ ਨਾਲ ਪੀੜਤ ਪਾਏ ਗਏ ਸਨ ਉਹ ਸਿੰਘੂ ਤੇ ਟਿੱਕਰੀ ਹੱਦਾਂ 'ਤੇ ਗਰਮ ਕੱਪੜੇ, ਲੰਗਰ, ਦਵਾਈਆਂ ਆਦਿ ਸੇਵਾਵਾਂ 'ਚ ਜੁਟੇ ਹੋਏ ਹਨ। ਪਿੰਡ ਵਾਸੀ ਮਿਸ਼ਲ ਸ਼ਹੀਦਾਂ ਤਰਨਾ ਦਲ ਦੇ ਮੁੱਖੀ ਜੱਥੇਦਾਰ ਸਵਰਨਜੀਤ ਸਿੰਘ ਪਠਲਾਵਾ ਵੀ ਸਿੰਘੂ ਹੱਦ 'ਤੇ 'ਦਸਤਾਰ ਸੇਵਾ' ਦੇ ਕਾਰਜ ਨਿਭਾ ਰਹੇ ਹਨ। ਉਹਨਾਂ ਦੱਸਿਆ ਕਿ ਇਸ ਕਾਰਜ 'ਚ ਦਸਤਾਰਾਂ ਪ੍ਰਦਾਨ ਕਰਨ ਦੀ ਸੇਵਾ ਕੀਤੀ ਜਾ ਰਹੀ ਹੈ ਅਤੇ ਬੰਨ੍ਹਣੀਆਂ ਵੀ ਸਿਖਾਇਆਂ ਜਾ ਰਹੀਆਂ ਹਨ। ਪਿੰਡ ਦੀ ਏਕ ਨੂਰ ਸਵੈ ਸੇਵੀ ਸੰਸਥਾ ਦੇ ਨੁਮਾਇੰਦੇ ਤਰਲੋਚਨ ਸਿੰਘ ਵਾਰੀਆ ਨੇ ਦੱਸਿਆ ਕਿ ਉਹਨਾਂ ਦੀ ਸੰਸਥਾ ਵਲੋਂ ਦਿੱਲੀ ਨੂੰ ਦਵਾਈਆਂ ਅਤੇ ਬਰਤਨ ਭੇਜੇ ਗਏ ਹਨ। ਯੂਥ ਕਲੱਬ ਦੇ ਸਕੱਤਰ ਹਰਪ੍ਰੀਤ ਸਿੰਘ ਪਠਲਾਵਾ ਦਾ ਕਹਿਣ ਸੀ ਕਿ ਕਿਸਾਨ ਅੰਦੋਲਨ ਦੀ ਸੇਵਾ 'ਚ ਹਰ ਉਮਰ ਵਰਗ ਦੇ ਵਾਸੀ ਪਹਿਲੇ ਦਿਨ ਤੋਂ ਡਟੇ ਹੋਏ ਹਨ, ਚਾਹੇ ਉਹ ਦਿੱਲੀ ਦੇ ਮੋਰਚਿਆਂ 'ਚ ਸਹਾਇਤਾ ਸਮੱਗਰੀ ਪੁੱਜਦਾ ਕਰਨਾ ਹੋਵੇ ਜਾਂ ਫਿਰ ਟੋਲ ਪਲਾਜ਼ਿਆਂ, ਕਾਰਪੋਰੇਟਾਂ ਦੇ ਕਾਰੋਬਾਰਾਂ ਅੱਗੇ ਧਰਨੇ ਮੁਜ਼ਾਹਰੇ ਹੋਣ। ਪਿੰਡ ਵਾਸੀਆਂ ਨੇ ਦੱਸਿਆ ਕਿ ਟਰੈਕਟਰ ਮਾਰਚ 'ਚ ਵੀ ਪਿੰਡ ਪਠਲਾਵਾ ਤੋਂ ਵੱਡੇ ਪੱਧਰ 'ਤੇ ਸ਼ਮੂਲੀਅਤ ਕੀਤੀ ਜਾਵੇਗੀ। ਦੱਸਣਯੋਗ ਹੈ ਕਿ ਕਰੋਨਾ ਦੇ ਪਹਿਲੇ ਹਮਲੇ 'ਚ ਇਸ ਪਿੰਡ ਦੇ ਵਾਸੀ ਗਿਆਨੀ ਬਲਦੇਵ ਸਿੰਘ ਦੀ ਸੂਬੇ 'ਚੋਂ ਪਹਿਲੀ ਮੌਤ ਹੋਈ ਸੀ ਜਿਸ ਨਾਲ ਇਹ ਪਿੰਡ ਸੁਰਖੀਆਂ 'ਚ ਆ ਗਿਆ ਸੀ ਤੇ ਇਸ ਪਿੰਡ ਦੇ 21ਵਾਸੀ ਕਰੋਨਾ ਪੀੜਤ ਪਾਏ ਗਏ ਸਨ ਜਿਸ ਨਾਲ ਪਠਲਾਵਾ ਤੇ ਇਸ ਦੇ ਦੁਆਲੇ ਦੇ 15 ਪਿੰਡ ਕਈ ਮਹੀਨੇ ਸੀਲ ਰਹੇ ਸਨ।


Golden State Truck Sales Inc.



ਟਰੱਕ-ਟਰੇਲਰ ਖਰੀਦਣ ਅਤੇ ਵੇਚਣ ਲਈ ਮਿਲੋ ਸਸਤੀਆਂ ਵਿਆਜ ਦਰਾਂ ਤੇ ਟਰੱਕ ਦਾ ਲੋਨ ਲੈਣ ਲਈ ਅਸੀਂ ਤੁਹਾਡੀ ਮਦਦ ਕਰਾਂਗੇ



Call : Dharminder Singh

Cell : 530-870-6600 Fax : (530) 870-1429

532, Houston St.

West Sacramento, CA 95691

Email: myfuturetruck@gmail.com

Dharminder Singh

ਨਿਊਜ਼ੀਲੈਂਡ ਖਬਰਨਾਮਾ / ਹਰਜਿੰਦਰ ਸਿੰਘ ਬਸਿਆਲਾ

# ਗੁਰਦੁਆਰਾ ਸਿੱਖ ਸੰਗਤ ਟੌਰੰਗਾ ਸਿਟੀ ਤੋਂ ਸਜਿਆ ਸ਼ਾਨਦਾਰ ਅੱਠਵਾਂ ਨਗਰ ਕੀਰਤਨ







**ਆਕਲੈਂਡ (ਹਰਜਿੰਦਰ ਸਿੰਘ ਬਸਿਆਲਾ)–** ਨਗਰ ਕੀਰਤਨ ਜਾਂ ਅੰਗਰੇਜੀ ਵਿਚ ਕਹਿ ਲਈ ਸਿੱਖ ਪ੍ਰੇਡ ਵਿਦੇਸ਼ਾਂ ਦੇ ਵਿਚ ਸਿੱਖੀ ਦੀ ਝਲਕ ਵਿਖਾਉਣ ਦਾ ਇਕ ਵਧੀਆ ਉਪਰਾਲਾ ਹੈ। ਇਥੋਂ ਲਗਪਗ 200 ਕਿਲੋਮੀਟਰ ਦੂਰ ਬੇਅ ਆਫ ਪਲੈਂਟੀ ਅੱਜ ਉਸ ਵੇਲੇ ਬੇਅ ਸਿੱਖਜ਼ ਆਫ ਪਲੈਂਟੀ ਬਣ ਗਿਆ ਜਦੋਂ ਅੱਜ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਨੂੰ ਸਮ-ਰਪਿਤ ਅੱਠਵੇਂ ਨਗਰ ਕੀਰਤਨ ਦੇ ਵਿਚ ਹਜ਼ਾਰਾਂ ਦੀ ਗਿਣਤੀ ਦੇ ਵਿਚ ਸਿੱਖ ਭਾਈਚਾਰੇ ਨੇ ਸ਼ਮੂਲੀਅਤ ਕੀਤੀ।

ਸ੍ਰੀ ਅਖੰਠ ਪਾਠ ਸਾਹਿਬ ਦੇ ਭੋਗ ਉਪਰੰਤ ਕੀਰਤਨ ਦੀਵਾਨ ਸਜਿਆ ਅਤੇ ਫਿਰ 11.30 ਵਜੇ ਨਗਰ ਕੀਰਤਨ ਦੀ ਆਰੰਭਤਾ ਕੀਤੀ ਗਈ। ਭਾਈ ਮਲਕੀਤ ਸਿੰਘ ਸੁੱਜੋਂ ਵਾਲਿਆਂ ਦੇ ਜੱਥੇ ਨੇ ਗੁਰਬਾਣੀ ਕੀਰਤਨ ਦੇ ਨਾਲ ਪਹਿਲਾਂ ਗੁਰਦੁਆਰਾ ਸਾਹਿਬ ਅਤੇ ਫਿਰ ਨਗਰ ਕੀਰਤਨ ਦੇ ਵਿਚ ਸੰਗਤ ਨੂੰ ਸ਼ਬਦ ਗੁਰਬਾਣੀ ਨਾਲ ਜੋੜਿਆ। ਔਕਲੈਂਡ ਤੋਂ ਸਾਬਕਾ ਮੈਂਬਰ ਪਾਰਲੀਮੈਂਟ ਸ. ਕੰਵਲਜੀਤ ਸਿੰਘ ਬਖਸ਼ੀ ਵੀ ਇਸ ਮੌਕੇ ਵਿਸ਼ੇਸ਼ ਤੌਰ 'ਤੇ ਪਹੁੰਚੇ। ਉਨ੍ਹਾਂ ਸਮੂਹ ਸਿੱਖ ਸੰਗਤ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਦੀ ਵਧਾਈ ਦਿੱਤੀ। ਉਨ੍ਹਾਂ ਵਿਰੋਧੀ ਧਿਰ ਦੀ ਨੇਤਾ ਜੂਠਿਤ ਕੌਲਿਨ ਦਾ ਵਧਾਈ ਸੰਦੇਸ਼ ਵੀ ਸੰਗਤ ਨੂੰ ਦਿੱਤਾ ਅਤੇ ਸਥਾਨਕ ਸਾਂਸਦ ਸ੍ਰੀ ਸਾਇਮਨ ਬ੍ਰਿਜਸ ਦੀ ਤਰਫ ਤੋਂ ਵੀ ਸੰਗਤ ਨੂੰ ਵਧਾਈ ਦਿੱਤੀ। ਲੇਬਰ ਪਾਰਟੀ ਤੋਂ ਮੰਤਰੀ ਜੈਨ ਟੇਨਿਟੀ, ਟੌਰੰਗਾ ਕੌਂਸਿਲ ਤੋਂ ਹੈਦੀ ਹੱਗਸ ਅਤੇ ਕੁਝ ਪੁਲਿਸ ਅਧਿਕਾਰੀ ਸਨ। ਭਾਰਤੀ ਹਾਈ ਕਮਿਸ਼ਨ ਤੋਂ ਸ੍ਰੀ ਪਰਮਜੀਤ ਸਿੰਘ ਵੀ ਇਸ ਸਮਾਗਮ ਦੇ ਵਿਚ ਸੰਗਤ ਨੂੰ ਵਧਾਈ ਦੇਣ ਵਾਸਤੇ ਪਹੁੰਚੇ। ਉਨ੍ਹਾਂ ਇਕ ਧਾਰਮਿਕ ਕਿਤਾਬ ਜੋ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550 ਸਾਲਾ ਦਿਵਸ ਉਤੇ ਪ੍ਰਕਾਸ਼ਿਤ ਹੋਈ ਸੀ, ਗੁਰਦੁਆਰਾ ਸਾਹਿਬ ਵਾਸਤੇ ਭੇਟ ਕੀਤੀ। ਇਸ ਮੌਕੇ ਗੁਰਦੁਆਰਾ ਸਾਹਿਬ ਦੀ ਮੈਨੇਜਮੈਂਟ ਤੋਂ ਸ. ਪੂਰਨ ਸਿੰਘ, ਸ. ਗੁਰਪਾਲ ਸਿੰਘ ਸ਼ੇਰਗਿਲ ਅਤੇ ਭਾਈ ਮਲਕੀਤ ਸਿੰਘ ਸੁੱਜੋਂ ਨੇ ਇਹ ਧਾਰਮਿਕ ਪੁਸਤਕ ਹਾਸਿਲ ਕੀਤੀ। ਨਗਰ ਕੀਰਤਨ ਲਈ ਸੰਗਤ ਵਿਚ ਭਾਰੀ ਉਤਸ਼ਾਹ ਵੇਖਿਆ ਗਿਆ। ਸੰਗਤਾਂ ਲਈ ਰਸਤੇ ਵਿਚ ਡਰਿੰਕਾਂ, ਫਲ ਫਰੂਟ ਦੀ ਸੇਵਾ (ਓਪੋਟਿਕੀ ਸੰਗਤ), ਛਬੀਲਾਂ, ਤੜਕੇ ਵਾਲੇ ਕਾਲੇ ਛੋਲੇ, ਆਈਸ ਕ੍ਰੀਮ, ਚੀਜ਼ ਚਿੱਲੀ ਅਤੇ ਹੋਰ ਬਹੁਤ ਕੁਝ ਹਾਜ਼ਿਰ ਸੀ।

ਸਿਰ 'ਤੇ ਬੰਨਣ ਵਾਲੇ ਪਟਕਿਆਂ ਦੀ ਸੇਵਾ (ਟ੍ਰੈਵਲ 360) ਤੋਂ ਸ੍ਰੀ ਅਸ਼ਵਨੀ ਸ਼ਰਮਾ ਹੋਰਾਂ ਕੀਤੀ। ਨਗਰ ਕੀਰਤਨ ਦੀ ਰਹਿਨੁਮਾਈ ਸ੍ਰੀ ਗੁਰੂ ਗ੍ਰੰਥ ਸਾਹਿਬ ਜਦ ਕਿ ਅਗਵਾਈ ਵਿਚ ਪੰਜ ਨਿਸ਼ਾਨਚੀਆਂ ਅਤੇ ਪੰਜ ਪਿਆਰਿਆਂ ਨੇ ਕੀਤੀ। ਅਕਾਲ ਖਾਲਸਾ ਸਿੱਖ ਮਾਰਸ਼ਲ ਆਟਰਸ ਤੋਂ ਗਤਕੇ ਵਾਲੇ ਸਿੰਘ ਗਤਕੇ ਦੇ ਜੌਹਰ ਵਿਖਾਉਣਗੇ।

# ਪਾੜ੍ਹਿਆਂ ਦਾ ਖਿਆਲ - ਨਾਲੇ ਸ਼ੁਰੂ ਵਿੱਤੀ ਸਾਲ

## ਨਿਊਜ਼ੀਲੈਂਡ ਸਰਕਾਰ ਅਪ੍ਰੈਲ ਤੋਂ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਪੜ੍ਹਾਈ ਪੂਰੀ ਕਰਨ ਦੀ ਆਗਿਆ ਦੇਵੇਗੀ

**ਆਕਲੈਂਡ (ਹਰਜਿੰਦਰ ਸਿੰਘ ਬਸਿਆਲਾ)** ਕਹਿੰਦੇ ਨੇ ਮਜਬੂਰੀਆਂ ਕਈ ਵਾਰ ਮਹਿੰਗੇ ਸਮਝੌਤੇ ਕਰਵਾ ਜਾਂਦੀਆਂ ਹਨ ਅਤੇ ਫਸੇ ਵਿਅਕਤੀ ਕੋਲ ਕੋਈ ਹੋਰ ਰਸਤਾ ਵੀ ਨਹੀਂ ਹੁੰਦਾ। ਵਿਦੇਸ਼ਾਂ ਦੇ ਵਿਚ ਪੜ੍ਹਨ ਜਾਣ ਵਾਲੇ ਜਾਂ ਜਿਨ੍ਹਾਂ ਦੀ ਕਿਸੇ ਕਾਰਨ ਵਿਚਾਲੇ ਹੀ ਫਸ ਕੇ ਰਹਿ ਗਈ ਦੇ ਨਾਲ ਅਜਿਹੀ ਮਜਬੂਰੀ ਬਹੁਤ ਕੁਝ ਕਰਵਾ ਰਹੀ ਹੈ। ਨਿਊਜ਼ੀਲੈਂਡ ਸਰਕਾਰ ਨੇ ਹੁਣ ਇਕ ਆਸ ਦੀ ਕਿਰਨ ਇਹ ਦਿੱਤੀ ਹੈ ਕਿ ਜਿਹੜੇ ਡਿਗਰੀ ਅਤੇ ਪੋਸਟ ਗ੍ਰੈਜੂਏਟ ਅੰਤਰਰਾਸ਼ਟਰੀ ਵਿਦਿਆਥੀਆਂ ਦੀ ਪੜ੍ਹਾਈ ਸੰਪੂਰਨ ਹੋਣ ਨੇੜੇ ਹੈ ਅਤੇ ਉਹ ਕਿਸੀ ਕਾਰਨ ਨਿਊਜ਼ੀਲੈਂਡ ਤੋਂ ਬਾਹਰ ਫਸੇ ਬੈਠੇ ਹਨ ਉਹ ਹੁਣ ਅਪ੍ਰੈਲ ਮਹੀਨੇ ਤੋਂ ਇਥੇ ਵਾਪਿਸ ਆਉਣ ਦੇ ਯੋਗ ਹੋ ਸਕਦੇ ਹਨ। ਸਿਖਿਆ ਵਿਭਾਗ ਇਸ ਦੇ ਲਈ ਪੂਰਾ ਤਿਆਰੀ ਕਰ ਰਿਹਾ ਹੈ। ਸਿਖਿਆ ਸੰਸਥਾਨ ਇਸਦੇ ਵਿਚ ਸਾਰੇ ਸ਼ਾਮਿਲ ਕੀਤੇ ਜਾ ਰਹੇ ਹਨ ਚਾਹੇ ਉਹ ਯੂਨੀਵਰਸਿਟੀ ਹੋਵੇ ਜਾਂ ਪੌਲੀਟੇਕਨਿਕਸ ਇਥੋਂ ਤੱਕ ਕਿ ਪ੍ਰਾਈਵੇਟ ਅਦਾਰੇ ਵੀ ਸ਼ਾਮਿਲ ਹੋਣਗੇ। ਜਿਹੜੇ ਵਿਦਿਆਰਥੀਆਂ ਨੇ ਇਥੇ ਆਪਣੀ ਕੁਝ ਪੜ੍ਹਾਈ ਤਾਂ ਪੂਰੀ ਕਰ ਲਈ ਹੈ ਪਰ ਹੁਣ ਉਹ ਆਪਣੇ ਦੇਸ਼ ਗਏ ਹੋਣ ਕਰਕੇ ਵਾਪਿਸ ਨਹੀਂ ਆ ਸਕਦੇ ਕਿਉਂਕਿ ਕਰੋਨਾ ਕਰਕੇ ਉਨ੍ਹਾਂ ਦੀ ਐਂਟਰੀ ਅਜੇ ਬੰਦ ਕੀਤੀ ਹੋਈ ਹੈ। ਵਿਦਿਆਰਥੀਆਂ ਨੂੰ ਨਵਾਂ ਵੀਜਾ ਦਿੱਤਾ ਜਾਵੇਗਾ। ਉਨ੍ਹਾਂ ਨੂੰ ਇਥੇ ਆ ਕੇ ਆਪਣੇ ਖਰਚੇ ਉਤੇ 14 ਦਿਨ ਆਈਸੋਲੇਸ਼ਨ ਦੇ ਵਿਚ ਰਹਿਣਾ ਹੋਵੇਗਾ। ਉਨ੍ਹਾਂ ਨੂੰ 20,000 ਡਾਲਰ ਜੇਬ ਖਰਚ ਪ੍ਰਤੀ ਸਾਲ ਵੀ ਇਥੇ ਲਿਆਉਣਾ ਹੋਵੇਗਾ। ਜੀਵਨ ਸਾਥੀ ਅਤੇ ਬੱਚੇ ਇਸ ਵੀਜੇ ਦਾ ਫਾਇਦਾ ਉਠਾ ਸਕਣਗੇ। ਸਰਕਾਰ ਨੇ 1000 ਵਿਦਿਆਰਥੀਆਂ ਦੇ ਲਈ ਇਹ ਸਕੀਮ ਲਿਆਂਦੀ ਹੈ।




ਅਪ੍ਰੈਲ ਮਹੀਨੇ ਤੋਂ ਨਵਾਂ ਵਿੱਤੀ ਸਾਲ ਸ਼ੁਰੂ ਹੋਣਾ ਹੈ ਅਤੇ ਸਰਕਾਰ ਨੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਜੇਬ ਖਰਚ ਨਾਲ ਇਸਦੀ ਸ਼ੁਰੂਆਤ ਕਰ ਜਾਣੀ ਹੈ।

# ਕੋਰੋਨਾ ਮਹਾਮਾਰੀ ਬਾਰੇ ਚੀਨ ਤੇ ਡਬਲਯੂਐੱਚਓ ਫਿਰ ਸਵਾਲਾਂ ਦੇ ਘੇਰੇ 'ਚ

**ਵਾਸ਼ਿੰਗਟਨ–** ਕੋਰੋਨਾ ਮਹਾਮਾਰੀ ਬਾਰੇ ਚੀਨ ਤੇ ਵਿਸ਼ਵ ਸਿਹਤ ਸੰਗਠਨ (ਡਬਲਯੂਐੱਚਓ) ਫਿਰ ਸਵਾਲਾਂ ਦੇ ਘੇਰੇ ਚ ਹਨ। ਇਹ ਸਵਾਲ ਡਬਲਯੂਐੱਚਓ ਵੱਲੋਂ ਗਠਿਤ ਇਕ ਆਜ਼ਾਦ ਕਮੇਟੀ ਨੇ ਹੀ ਉਠਾਏ ਹਨ। ਕਮੇਟੀ ਨੇ ਕਿਹਾ ਹੈ ਕਿ ਚੀਨ ਨੇ ਮੁੱਢਲੇ ਪੱਧਰ ੋਤੇ ਹੀ ਅਸਰਦਾਰ ਕਦਮ ਚੁੱਕ ਲਏ ਹੁੰਦੇ ਤਾਂ ਹਾਲਾਤ ਏਨੇ ਖ਼ਰਾਬ ਨਾ ਹੁੰਦੇ। ਕਮੇਟੀ ਨੇ ਇਹ ਵੀ ਕਿਹਾ ਕਿ ਡਬਲਯੂਐੱਚਓ ਨੇ ਐਮਰਜੈਂਸੀ ਸਥਿਤੀ ਕਰਨ ਚ ਦੇਰੀ ਕੀਤੀ। ਇਹ ਸੁਤੰਤਰ ਕਮੇਟੀ ਮਈ 2020 ਚ ਬਣਾਈ ਗਈ ਸੀ। ਇਸ ਦੇ ਮੁਖੀ ਨਿਊਜ਼ੀਲੈਂਡ ਦੇ ਸਾਬਕਾ ਪ੍ਰਧਾਨ ਮੰਤਰੀ ਏਲੇਨ ਕਲਾਰਕ ਤੇ ਲਾਈਬੇਰੀਆ ਦੇ ਰਾਸ਼ਟਰਪਤੀ ਏਲੇਨ ਜੌਨਸਨ ਹਨ। ਕਮੇਟੀ ਨੇ ਇਕ ਦਿਨ ਪਹਿਲਾਂ ਹੀ ਰਿਪੋਰਟ ਦਿੱਤੀ ਹੈ। ਕਮੇਟੀ ਨੇ ਇਹ ਵੀ ਕਿਹਾ ਹੈ ਕਿ ਮਹਾਮਾਰੀ ਨਾਲ ਲੜਨ ਦੀ ਤਿਆਰੀ ਆਲਮੀ ਪੱਧਰ ੋਤੇ ਵੀ ਕਮਜ਼ੋਰ ਰਹੀ।

ਏਧਰ ਅਮਰੀਕਾ ਚ ਕੋਰੋਨਾ ਮਹਾਮਾਰੀ ਨਾਲ ਇਨਫੈਕਟਿਡ ਮਰੀਜ਼ਾਂ ਦਾ ਅੰਕੜਾ ਦੋ ਕਰੋੜ ਚਾਲੀ ਲੱਖ ਤੋਂ ਪਾਰ ਹੋ ਗਿਆ ਹੈ। ਅਮਰੀਕੀ ਰਾਸ਼ਟਰਪਤੀ ਜੋ ਬਾਇਡਨ ਦੇ ਸਹੁੰ ਚੁੱਕਣ ਲੈਣ ਤੋਂ ਪਹਿਲਾਂ ਨਿਊਯਾਰਕ ਤੋਂ ਚੰਗੀ ਖ਼ਬਰ ਹੈ ਕਿ ਇੱਥੇ ਕੋਰੋਨਾ ਇਨਫੈਕਸ਼ਨ ਦੀ ਰਫ਼ਤਾਰ 8.29 ਫ਼ੀਸਦੀ ਦੀ ਗਿਰਾਵਟ ਦਰਜ ਕੀਤੀ ਗਈ ਹੈ। ਅਮਰੀਕਾ ਚ ਕੁਲ ਮਰੀਜ਼ਾਂ ਦੀ ਗਿਣਤੀ ਦੋ ਕਰੋੜ ਚਾਲੀ ਲੱਖ ਦੇ ਨਾਲ ਹੀ ਮੌਤ ਦਾ ਅੰਕੜਾ ਤਿੰਨ ਲੱਖ 98 ਹਜ਼ਾਰ ੋਤੇ ਪਹੁੰਚ ਗਿਆ ਹੈ। ਚੀਨ ਚ ਅਜੇ ਹਾਲਾਤ ਕਾਬੂ ਚ ਹਨ। ਇੱਥੇ ਮਹਾਮਾਰੀ ਦਾ ਅਸਰ ਮਾਰਚ ਤੋਂ ਵੱਧ ਬਣਿਆ ਹੋਇਆ ਹੈ। ਬੀਜਿੰਗ ਦੇ ਆਲੇ ਦੁਆਲੇ ਦੇ ਸ਼ਹਿਰਾਂ ਚ ਪਾਬੰਦੀ ਅਜੇ ਲੱਗੀ ਹੋਈ ਹੈ। ਬਰਤਾਨੀਆ ਚ ਇਨਫੈਕਸ਼ਨ ਦੀ ਰਫ਼ਤਾਰ ਥੋੜੀ ਘੱਟ ਹੋਣ ਤੋਂ ਬਾਅਦ ਹਾਲਤ ਗੰਭੀਰ ਬਣੀ ਹੋਈ ਹੈ। ਕੋਰੋਨਾ ਕਾਰਨ ਇੱਥੇ ਸਖ਼ਤੀ ਕਾਇਮ ਹੈ। ਪਾਕਿਸਤਾਨ ਚ ਕੋਰੋਨਾ ਨਾਲ ਮਰਨ ਵਾਲਿਆਂ ਦੀ ਗਿਣਤੀ 11 ਹਜ਼ਾਰ ਦੇ ਪਾਰ ਹੋ ਗਈ ਹੈ। ਪਾਕਿਸਤਾਨ ਨੇ ਚੀਨ ਦੀ ਸਿਨੋਫਾਰਮ ਵੈਕਸੀਨ ਨੂੰ ਐਮਰਜੈਂਸੀ ਇਸਤੇਮਾਲ ਦੀ ਇਜਾਜ਼ਤ ਦੇ ਦਿੱਤੀ ਹੈ।

### ਰੂਸ ਦਾ ਦੂਜੀ ਵੈਕਸੀਨ ਦੇ ਸੌ ਫ਼ੀਸਦੀ ਕਾਰਗਰ ਹੋਣ ਦਾ ਦਾਅਵਾ

ਰੂਸ ਨੇ ਦਾਅਵਾ ਕੀਤਾ ਹੈ ਕਿ ਉਸਦੀ ਕੋਵਿਡ-19 ਦੀ ਦੂਜੀ ਵੈਕਸੀਨ ਸੌ ਫ਼ੀਸਦੀ ਅਸਰਦਾਰ ਹੈ। ਐਪਵੈਕਕੋਰੋਨਾ ਨਾਂ ਦੀ ਇਹ ਵੈਕਸੀਨ ਸਾਇਬੇਰੀਆ ਦੇ ਵੈਕਟਰ ਇੰਸਟੀਚਿਊਟ ਨੇ ਤਿਆਰ ਕੀਤੀ ਹੈ। ਰੂਸ ਦੀ ਪਹਿਲੀ ਵੈਕਸੀਨ ਸਪੂਤਨਿਕ ਹੈ। ਇਸ ਨੂੰ ਉਸ ਨੇ 92 ਫ਼ੀਸਦੀ ਕਾਰਗਰ ਦੱਸਿਆ ਹੈ।

# ਪੰਜਾਬੀ ਲਿਖਾਰੀ ਸਭਾ ਸਿਆਟਲ ਵੱਲੋਂ ਸਾਥੀ ਲੁਧਿਆਣਵੀ ਦੀ ਯਾਦ ਵਿਚ ਜ਼ੂਮ ਕਵੀ ਦਰਬਾਰ



**ਸਿਆਟਲ (ਗੁਰਚਰਨ ਸਿੰਘ ਢਿੱਲੋਂ)–** ਪੰਜਾਬੀ ਲਿਖਾਰੀ ਸਭਾ ਸਿਆਟਲ ਵੱਲੋਂ ਡਾ. ਜੇ. ਬੀ. ਸਿੰਘ ਦੀ ਪ੍ਰਧਾਨਗੀ ਹੇਠ ਯੂ. ਕੇ. ਨਿਵਾਸੀ ਸਾਥੀ ਲੁਧਿਆਣਵੀ ਯਾਦਗਾਰੀ ਜ਼ੂਮ ਰਾਹੀਂ ਕਵੀ ਦਰਬਾਰ ਆਯੋਜਿਤ ਕੀਤਾ ਗਿਆ, ਜਿਸ ਵਿਚ ਸਾਥੀ ਲੁਧਿਆਣਵੀ ਨੂੰ ਦੇਸ਼ ਵਿਦੇਸ਼ ਦੇ ਲਿਖਾਰੀਆਂ ਤੇ ਕਵੀਆਂ ਨੇ ਸ਼ਰਧਾਂਜਲੀਆਂ ਭੇਂਟ ਕੀਤੀਆਂ ਤੇ ਪੰਜਾਬੀ ਸਾਹਿਤ ਤੇ ਸਭਿਆਚਾਰ 'ਚ ਪਾਏ ਯੋਗਦਾਨ ਦੀ ਸ਼ਲਾਘਾ ਕੀਤੀ ਗਈ। ਸਾਥੀ ਲੁਧਿਆਵੀ 40 ਸਾਲ ਤੋਂ ਵੱਧ ਸਮਾਂ ਇੰਗਲੈਂਡ ਵਿਚ ਰੇਡੀਓ, ਟੀ. ਵੀ. ਤੇ ਆਪਣੀਆਂ ਮਕਬੂਲ ਲਿਖਤਾਂ ਰਾਹੀਂ ਪੰਜਾਬੀਅਤ ਦੀ ਸੇਵਾ ਕਰਦੇ ਰਹੇ। ਇਸ ਮੌਕੇ ਇੰਗਲੈਂਡ ਤੋਂ ਵਿਸ਼ੇਸ਼ ਤੌਰ ਤੇ ਕੁਲਵੰਤ ਕੌਰ ਢਿੱਲੋਂ (ਪ੍ਰਧਾਨ, ਪੰਜਾਬੀ ਸਾਹਿਤ ਕਲਾ ਕੇਂਦਰ ਲੰਡਨ), ਮਨਜੀਤ ਕੌਰ ਪੱਡਾ, ਸੰਤੋਖ ਸਿੰਘ ਧਾਲੀਵਾਲ, ਅਵਤਾਰ ਸਿੰਘ ਆਮਪੁਰੀ, ਹਰਸਿੰਦਰ ਸਿੰਘ ਸੰਧੂ, ਸਿੰਦਰਪਾਲ ਸਿੰਘ ਔਜਲਾ, ਸਾਧੂ ਸਿੰਘ ਝੱਜ, ਡਾ. ਸੁਖਵੀਰ ਸਿੰਘ ਬੀਹਲਾ, ਹਰਦਿਆਲ ਸਿੰਘ ਚੀਮਾ, ਗਗਨ ਗੁਲਾਟੀ, ਮੋਹਨੇਸ ਆਸ਼ਵਿਨ, ਸਤਬੀਰ ਰਾਜਿਆਣਾ, ਰਾਹੁਲ ਉਪਾਧਿਆਏ, ਹਰਪਾਲ ਸਿੰਘ ਸਿੱਧੂ, ਸਵਿਟਜ਼ਰਲੈਂਡ ਤੋਂ ਨਿਕ, ਕਨੇਡਾ ਤੋਂ ਜਸਵੀਰ ਮੰਗੂਵਾਲ, ਤਰਨਜੀਤ ਗਿੱਲ ਜਰਗੜੀ ਆਦਿ ਲਿਖਾਰੀਆਂ ਨੇ ਸਾਥੀ ਲੁਧਿਆਣਵੀ ਨੂੰ ਯਾਦ ਕੀਤਾ।

# ਕੈਲੀਫੋਰਨੀਆਂ ਦੇ ਕੋਰੋਨਾਂ ਟੀਕਾਕਰਨ ਕੇਂਦਰ ਵਿੱਚ ਉਲਟ ਅਸਰ ਕਾਰਨ ਲੱਗੀ ਮੋਡਰਨਾ ਟੀਕਿਆਂ ਦੀ ਵਰਤੋਂ 'ਤੇ ਰੋਕ

**ਫਰਿਜ਼ਨੋ (ਕੈਲੀਫੋਰਨੀਆਂ) 19 ਜਨਵਰੀ 2021 (ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ)–** ਅਮਰੀਕਾ ਵਿੱਚ ਕੋਰੋਨਾਂ ਵਾਇਰਸ ਖ਼ਿਲਾਫ਼ ਸ਼ੁਰੂ ਕੀਤੀ ਟੀਕਾਕਰਨ ਮੁਹਿੰਮ ਵਿੱਚ ਫਾਈਜ਼ਰ ਦੇ ਨਾਲ ਮੋਡਰਨਾ ਕੰਪਨੀ ਦੇ ਟੀਕੇ ਵਰਤੇ ਜਾ ਰਹੇ ਹਨ।ਇਹ ਟੀਕੇ ਕਿਸੇ ਤਰਾਂ ਦੇ ਗੰਭੀਰ ਉਲਟ ਪ੍ਰਭਾਵਾਂ ਤੋਂ ਸੁਰੱਖਿਅਤ ਹਨ, ਪਰ ਕੈਲੀਫੋਰਨੀਆਂ ਦੇ ਇੱਕ ਟੀਕਾਕਰਨ ਕੇਂਦਰ ਵਿੱਚ ਐਲਰਜੀ ਦੀਆਂ ਪ੍ਰਤੀਕਿਰਿਆਵਾਂ ਦੀਆਂ ਰਿਪੋਰਟਾਂ ਤੋਂ ਬਾਅਦ ਕੁੱਝ ਮੋਡਰਨਾ ਟੀਕਿਆਂ ਦੀ ਵਰਤੋਂ ਰੋਕ ਦਿੱਤੀ ਗਈ ਹੈ।ਇਸ ਸੰਬੰਧੀ ਕੈਲੀਫੋਰਨੀਆਂ ਦਾ ਪਬਲਿਕ ਹੈਲਥ ਡਿਪਾਰਟਮੈਂਟ ਕੋਰੋਨਾਂ ਟੀਕੇ ਵੰਡਣ ਵਾਲਿਆਂ ਨੂੰ ਮੋਡਰਨਾ ਦੇ ਇੱਕ ਖਾਸ ਬੈਚ ਦੀ ਸਪਲਾਈ ਬੰਦ ਕਰਨ ਲਈ ਕਹਿ ਰਿਹਾ ਹੈ। ਸੀ.ਡੀ.ਪੀ.ਐਚ ਦੁਆਰਾ ਸੋਮਵਾਰ ਨੂੰ ਜਾਰੀ ਕੀਤੇ ਇੱਕ ਬਿਆਨ ਅਨੁਸਾਰ ਕੈਲੀਫੋਰਨੀਆਂ ਵਿੱਚ ਸੈਨ ਡਿਏਗੋ ਦੇ ਇੱਕ ਕਲੀਨਿਕ 'ਚ ਮੋਡਰਨਾ ਟੀਕਿਆਂ ਦੇ ਬੈਚ 41: 20' ਵਿਚੋਂ ਟੀਕਿਆਂ ਦੀ ਵਰਤੋਂ ਕਰਨ ਦੇ 24 ਘੰਟਿਆਂ ਦੇ ਅੰਦਰ 10 ਤੋਂ ਘੱਟ ਲੋਕਾਂ ਨੂੰ ਐਲਰਜੀ ਪ੍ਰਤੀਕਿਰਿਆਵਾਂ ਦਾ ਸਾਹਮਣਾ ਕਰਨ ਲਈ ਡਾਕਟਰੀ ਸਹਾਇਤਾ ਦੀ ਜ਼ਰੂਰਤ ਪਈ ਹੈ। 5 ਤੋਂ 12 ਜਨਵਰੀ ਦਰਮਿਆਨ ਸੂਬੇ ਦੀਆਂ 287 ਟੀਕਾਕਰਨ ਸਾਈਟਾਂ ਵਿੱਚ ਮੋਡਰਨਾ ਦੇ ਇਸ ਸਟਾਕ ਵਿੱਚੋਂ ਤਕਰੀਬਨ 330,000 ਤੋਂ ਵੱਧ ਖੁਰਾਕਾਂ ਵੰਡੀਆਂ ਗਈਆਂ ਹਨ, ਜਿਹਨਾਂ ਵਿੱਚ ਕੋਈ ਹੋਰ ਉਲਟ ਅਸਰ ਦੀ ਘਟਨਾ ਸਾਹਮਣੇ ਨਹੀਂ ਆਈ ਹੈ। ਕੈਲੀਫੋਰਨੀਆਂ ਦੇ ਇਸ ਟੀਕਾਕਰਨ ਕੇਂਦਰ ਵਿੱਚ ਇਸ ਸਮੱਸਿਆ ਸਾਹਮਣੇ ਆਉਣ ਤੋਂ ਬਾਅਦ ਮੋਡਰਨਾ ਟੀਕਿਆਂ ਦੇ ਹੋਰ ਬੈਚ ਵਿੱਚੋਂ ਟੀਕੇ ਬਦਲ ਕੇ ਜਾਰੀ ਕੀਤੇ ਗਏ ਹਨ।ਜਦਕਿ ਟੀਕਿਆਂ ਦੀ ਇਸ ਉਲਟ ਪ੍ਰਤੀਕਿਰਿਆ ਬਾਰੇ ਸੀ.ਡੀ.ਸੀ ਅਤੇ ਮੋਡਰਨਾ ਦੁਆਰਾ ਜਾਂਚ ਕਰਕੇ ਇਸ ਹਫਤੇ ਦੇ ਅੰਤ ਤੱਕ ਜਾਣਕਾਰੀ ਦਿੱਤੀ ਜਾਵੇਗੀ। ਬਲੂਮਬਰਗ ਦੁਆਰਾ ਜਾਰੀ ਕੀਤੇ ਅੰਕੜਿਆਂ ਅਨੁਸਾਰ ਕੈਲੀਫੋਰਨੀਆਂ ਵਿੱਚ ਐਤਵਾਰ ਤੱਕ ਤਕਰੀਬਨ 1.3 ਮਿਲੀਅਨ ਟੀਕੇ ਲਗਾਏ ਗਏ ਹਨ ਅਤੇ ਲੱਗਭਗ 204,000 ਲੋਕਾਂ ਨੂੰ ਟੀਕੇ ਦੀ ਦੂਜੀ ਖੁਰਾਕ ਵੀ ਦਿੱਤੀ ਗਈ ਹੈ।



# ਭਾਰਤ ਵਿਚੋਂ ਕੌਮਾਂਤਰੀ ਪਰਵਾਸ ਦੇ ਵੱਖ ਵੱਖ ਪਹਿਲੂ



ਡਾ. ਗਿਆਨ ਸਿੰਘ
ਸਾਬਕਾ ਪ੍ਰੋਫ਼ੈਸਰ, ਅਰਥ-ਵਿਗਿਆਨ ਵਿਭਾਗ,
ਪੰਜਾਬੀ ਯੂਨੀਵਰਸਿਟੀ, ਪਟਿਆਲਾ
91-99156-82196

15 ਜਨਵਰੀ 2021 ਨੂੰ ਸੰਯੁਕਤ ਰਾਸ਼ਟਰ ਦੇ ਆਰਥਿਕ ਅਤੇ ਸਮਾਜਿਕ ਅਮਲਿਆਂ ਬਾਰੇ ਵਿਭਾਗ (ਯੂ. ਐੱਨ.-ਡੀ. ਈ. ਐੱਸ. ਏ.) ਵੱਲੋਂ ਜਾਰੀ ਕੀਤੀ ਗਈ ਇਕ ਰਿਪੋਰਟ 'ਇੰਟਰਨੈਸ਼ਨਲ ਮਾਈਗ੍ਰੇਸ਼ਨ 2020' ਅਨੁਸਾਰ ਦੁਨੀਆ ਵਿਚ ਭਾਰਤ ਦੇ ਪਰਵਾਸੀਆਂ ਦੀ ਗਿਣਤੀ ਸਭ ਮੁਲਕਾਂ ਤੋਂ ਜ਼ਿਆਦਾ ਹੈ। 2020 ਵਿਚ ਭਾਰਤ ਦੇ 1 ਕਰੋੜ 80 ਲੱਖ ਲੋਕ ਬਾਹਰਲੇ ਮੁਲਕਾਂ ਵਿਚ ਰਹਿ ਰਹੇ ਸਨ। ਭਾਰਤ ਤੋਂ ਬਾਅਦ ਹੋਰ ਵੱਡੇ ਮੁਲਕਾਂ ਵਿਚ ਮੈਕਸੀਕੋ (1 ਕਰੋੜ 10 ਲੱਖ), ਰੂਸ (1 ਕਰੋੜ 10 ਲੱਖ), ਚੀਨ (1 ਕਰੋੜ) ਅਤੇ ਸੀਰੀਆ (80 ਲੱਖ) ਸ਼ਾਮਲ ਹਨ। 2000-2010 ਦੌਰਾਨ ਭਾਰਤ ਦੇ 1 ਕਰੋੜ ਲੋਕਾਂ ਨੇ ਕੌਮਾਂਤਰੀ ਪਰਵਾਸ ਕੀਤਾ।

ਮਨੁੱਖਾਂ ਦੀ ਹੋਂਦ ਦੀ ਸ਼ੁਰੂਆਤ ਦੇ ਨਾਲ ਹੀ ਉਨ੍ਹਾਂ ਦਾ ਪਰਵਾਸ ਸ਼ੁਰੂ ਹੋ ਗਿਆ ਸੀ। ਪਹਿਲਾਂ-ਪਹਿਲ ਮਨੁੱਖ ਆਪਣੇ ਜਿਊਣ ਲਈ ਖਾਧ ਪਦਾਰਥਾਂ ਦੀ ਭਾਲ ਵਿਚ ਇਕ ਤੋਂ ਦੂਜੀ ਥਾਂ ਪਰਵਾਸ ਕਰਦੇ ਸਨ। ਮਨੁੱਖਾਂ ਨੇ ਆਪਣੀ ਜ਼ਿੰਦਗੀ ਨੂੰ ਸੁਖਾਲਾ ਬਣਾਉਣ ਲਈ ਜਾਨਵਰ ਪਾਲਣੇ ਅਤੇ ਫ਼ਸਲਾਂ ਉਗਾਉਣੀਆਂ ਸ਼ੁਰੂ ਕੀਤੀਆਂ ਜਿਸ ਦੇ ਨਤੀਜੇ ਵਜੋਂ ਹੌਲੀ ਹੌਲੀ ਪਿੰਡ ਅਤੇ ਸ਼ਹਿਰ ਹੋਂਦ ਵਿਚ ਆਏ। ਮਨੁੱਖਾਂ ਨੇ ਆਪਣੀ ਰੋਜ਼ੀ-ਰੋਟੀ ਕਮਾਉਣ ਲਈ ਪਿੰਡਾਂ ਤੋਂ ਪਿੰਡਾਂ ਵੱਲ, ਪਿੰਡਾਂ ਤੋਂ ਸ਼ਹਿਰਾਂ ਵੱਲ, ਸ਼ਹਿਰਾਂ ਤੋਂ ਸ਼ਹਿਰਾਂ ਵੱਲ ਅਤੇ ਸ਼ਹਿਰਾਂ ਤੋਂ ਪਿੰਡਾਂ ਵੱਲ ਪਰਵਾਸ ਸ਼ੁਰੂ ਕੀਤਾ। ਜਨਸੰਖਿਆ ਵਧਣ ਅਤੇ ਵੱਖ ਵੱਖ ਮੁਲਕਾਂ ਦੇ ਆਰਥਿਕ ਵਿਕਾਸ ਦੇ ਵਖਰੇਵਿਆਂ ਕਾਰਨ ਕੌਮਾਂਤਰੀ ਪਰਵਾਸ ਹੋਂਦ ਵਿਚ ਆਇਆ। ਕੌਮਾਂਤਰੀ ਪਰਵਾਸ ਦੇ ਅਨੇਕਾਂ ਕਾਰਨ ਹੋ ਸਕਦੇ ਹਨ, ਜਿਵੇਂ ਬਿਹਤਰ ਜ਼ਿੰਦਗੀ ਜਿਊਣ ਦਾ ਸੁਪਨਾ, ਪਰਿਵਾਰ ਨਾਲ ਇਕੱਠੇ ਰਹਿਣਾ ਅਤੇ ਯੁੱਧਾਂ, ਲੜਾਈਆਂ-ਝਗੜਿਆਂ ਜਾਂ ਵਾਤਾਵਰਨ ਵਿਚ ਆਏ ਵਿਗਾੜਾਂ ਦੇ ਮਾਰੂ ਅਸਰਾਂ ਤੋਂ ਬਚਣਾ ਆਦਿ।

ਸੰਯੁਕਤ ਰਾਸ਼ਟਰ ਦੀ ਇਸ ਤਾਜ਼ਾ ਰਿਪੋਰਟ ਅਨੁਸਾਰ ਭਾਰਤੀ ਕੌਮਾਂਤਰੀ ਪਰਵਾਸੀਆਂ ਦੀ ਗਿਣਤੀ ਪਹਿਲੇ ਨੰਬਰ ਉੱਤੇ ਆਉਂਦੀ ਹੈ। ਭਾਰਤ ਵਿਚੋਂ ਕੌਮਾਂਤਰੀ ਪਰਵਾਸ ਦੋ ਤਰ੍ਹਾਂ ਦਾ ਹੋ ਰਿਹਾ ਹੈ : ਪਹਿਲਾ, ਉਹ ਕਾਮੇ ਜੋ ਗ਼ੈਰ-ਹੁਨਰਮੰਦ ਅਤੇ ਅਰਧ ਹੁਨਰਮੰਦ ਸ਼੍ਰੇਣੀਆਂ ਵਿਚ ਆਉਂਦੇ ਹਨ ਜੋ ਜ਼ਿਆਦਾਤਰ ਖਾੜੀ ਦੇ ਮੁਲਕਾਂ ਵਿਚ ਪਰਵਾਸ ਕਰਦੇ ਹਨ ਅਤੇ ਦੂਜਾ, ਅਰਧ-ਹੁਨਰਮੰਦ ਕਾਮੇ, ਪੇਸ਼ਾਵਰ ਲੋਕ ਅਤੇ ਵਿਦਿਆਰਥੀ ਜੋ ਜ਼ਿਆਦਾਤਰ ਦੁਨੀਆ ਦੇ ਉੱਨਤ ਸਰਮਾਏਦਾਰ ਮੁਲਕਾਂ ਵਿਚ ਪਰਵਾਸ ਕਰਦੇ ਹਨ।

ਭਾਰਤ ਵਿਚੋਂ ਕੌਮਾਂਤਰੀ ਪਰਵਾਸੀਆਂ ਨੇ ਜਿੱਥੇ ਆਪਣੇ ਅਤੇ ਮੁਲਕ ਲਈ ਕਮਾਇਆ ਹੈ, ਉੱਥੇ ਉਨ੍ਹਾਂ ਨੇ ਆਪਣੇ ਅਤੇ ਮੁਲਕ ਲਈ ਗੁਆਇਆ ਵੀ ਹੈ। ਆਜ਼ਾਦੀ ਦੇ ਸੰਘਰਸ਼ ਦੌਰਾਨ ਕੌਮਾਂਤਰੀ ਪਰਵਾਸੀਆਂ ਨੇ ਸਿਰਫ਼ ਵਿੱਤੀ ਮਦਦ ਹੀ ਨਹੀਂ ਕੀਤੀ ਸਗੋਂ ਗਦਰ ਲਹਿਰ ਨੂੰ ਵੀ ਜਨਮ ਦਿੱਤਾ। ਇਸ ਤਰ੍ਹਾਂ ਕੌਮਾਂਤਰੀ ਪਰਵਾਸੀਆਂ ਨੇ ਮੁਲਕ ਦੀ ਆਜ਼ਾਦੀ ਵਿਚ ਆਪਣਾ ਕੀਮਤੀ ਅਤੇ ਪ੍ਰਸ਼ੰਸਾਯੋਗ ਯੋਗਦਾਨ ਪਾਇਆ। ਖਾੜੀ ਦੇ ਮੁਲਕਾਂ ਵਿਚ ਪਰਵਾਸ ਕਰਨ ਵਾਲ਼ੇ ਜ਼ਿਆਦਾ ਕਿਰਤੀ ਆਪਣੇ ਪਰਿਵਾਰਾਂ ਨੂੰ ਲਗਾਤਾਰ ਪੈਸੇ ਭੇਜਦੇ ਹਨ। ਦੁਨੀਆ ਦੇ ਉੱਨਤ ਸਰਮਾਏਦਾਰ ਮੁਲਕਾਂ ਵਿਚੋਂ ਵੀ ਕੁਝ ਭਾਰਤੀ ਪਰਵਾਸੀ ਪਹਿਲੀ ਪੀੜ੍ਹੀ ਤੱਕ ਆਪਣੇ ਪਰਿਵਾਰਾਂ ਨੂੰ ਪੈਸੇ ਭੇਜਦੇ ਹਨ, ਪਰ ਹੁਣ ਇਹ ਰੁਝਾਨ ਤੇਜ਼ੀ ਨਾਲ਼ ਘਟ ਰਿਹਾ ਹੈ।

ਬਾਹਰਲ਼ੇ ਮੁਲਕਾਂ ਵਿਚੋਂ ਕਮਾ ਕੇ ਭੇਜੇ ਪੈਸਿਆਂ ਨਾਲ ਜਿੱਥੇ ਕੌਮਾਂਤਰੀ ਪਰਵਾਸੀਆਂ ਦੇ ਪਰਿਵਾਰਾਂ ਨੇ ਤਰੱਕੀ ਕੀਤੀ, ਉੱਥੇ ਉਨ੍ਹਾਂ ਨੇ ਆਪਣੇ ਸੂਬਿਆਂ ਅਤੇ ਮੁਲਕ ਦੀ ਤਰੱਕੀ ਵਿਚ ਯੋਗਦਾਨ ਪਾਇਆ। ਭਾਰਤ ਵਿਚੋਂ ਗਏ ਕੌਮਾਂਤਰੀ ਪਰਵਾ-ਸੀਆਂ ਨੇ ਦੁਨੀਆ ਦੇ ਵੱਖ ਵੱਖ ਮੁਲਕਾਂ ਵਿਚ ਹੋਈ ਆਰਥਿਕ ਤਰੱਕੀ, ਉਨ੍ਹਾਂ ਮੁਲਕਾਂ ਦੀਆਂ ਸਮਾਜਿਕ-ਸਭਿਆਚਾਰਕ ਅਤੇ ਰਾਜਸੀ ਕਦਰਾਂ-ਕੀਮਤਾਂ ਬਾਰੇ ਜੋ ਗਿਆਨ ਪ੍ਰਾਪਤ ਕੀਤਾ ਉਸ ਦਾ ਵੀ ਫ਼ਾਇਦਾ ਮੁਲਕ ਨੂੰ ਹੋਇਆ।

ਭਾਰਤ ਵਿਚੋਂ ਕੌਮਾਂਤਰੀ ਪਰਵਾਸੀਆਂ ਨੇ ਜੋ ਕਮਾਇਆ, ਉਸ ਨਾਲੋਂ ਜੋ ਗੁਆਇਆ ਹੈ ਅਤੇ ਗੁਆ ਰਹੇ ਹਨ, ਉਸ ਦੀ ਸੂਚੀ ਲੰਮੀ ਹੈ। ਡਾ. ਗੁਰਿੰਦਰ ਕੌਰ ਅਤੇ ਸਹਿਯੋਗੀਆਂ ਅਤੇ ਹੋਰ ਖੋਜਾਰਥੀਆਂ ਵੱਲੋਂ ਕੀਤੇ ਗਏ ਅਧਿਐਨਾਂ ਤੋਂ ਇਹ ਸਾਹਮਣੇ ਆਇਆ ਹੈ ਕਿ ਮੁਲਕ ਵਿਚ ਜਨਰਲ ਸ਼੍ਰੇਣੀ ਦੇ ਜ਼ਿਆਦਾ ਵਿਅਕਤੀਆਂ ਨੇ ਉੱਨਤ ਸਰਮਾਏਦਾਰ ਮੁਲਕਾਂ ਅਤੇ ਅਨੁਸੂਚਿਤ ਜਾਤਾਂ ਅਤੇ ਪਛੜੀ ਸ਼੍ਰੇਣੀ ਦੇ ਜ਼ਿਆਦਾ ਵਿਅਕਤੀਆਂ ਨੇ ਮੁਕਾਬਲਤਨ ਘੱਟ ਮੁਲਕਾਂ ਵਿਚ ਪਰਵਾਸ ਕੀਤਾ ਹੈ। ਕੌਮਾਂਤਰੀ ਪਰਵਾਸ ਦੇ ਮਹਿੰਗਾ ਅਤੇ ਅਨੁਸੂਚਿਤ ਅਤੇ ਪਛੜੀ ਸ਼੍ਰੇਣੀ ਦੇ ਜ਼ਿਆਦਾ ਪਰਿਵਾਰਾਂ ਦੇ ਜ਼ਮੀਨ/ਸਾਧਨ ਵਿਹੂਣੇ ਹੋਣ ਦੇ ਨਤੀਜੇ ਵਜੋਂ ਇਨ੍ਹਾਂ ਪਰਿਵਾਰਾਂ ਦੀ ਕੌਮਾਂਤਰੀ ਪਰਵਾਸ ਵਿਚ ਭਾਗੀਦਾਰੀ ਮੁਕਾਬਲਤਨ ਬਹੁਤ ਘੱਟ ਹੈ। ਕੌਮਾਂਤਰੀ ਪਰਵਾਸ ਦੇ ਖ਼ਰਚਿਆਂ ਨੂੰ ਪੂਰਾ ਕਰਨ ਲਈ ਪਰਵਾਸ ਕਰਨ ਵਾਲ਼ਿਆਂ ਵਿਅਕਤੀਆਂ ਦੇ ਪਰਿਵਾਰਾਂ ਨੂੰ ਸੰਸਥਾਈ ਅਤੇ ਗ਼ੈਰ-ਸੰਸਥਾਈ ਸ੍ਰੋਤਾਂ ਤੋਂ ਕਰਜ਼ਾ ਲੈਣਾ ਪਿਆ ਅਤੇ ਜ਼ਮੀਨ, ਪਲਾਟ, ਘਰ, ਗੱਡੀ, ਖੇਤੀ ਮਸ਼ੀਨਰੀ, ਗਹਿਣੇ, ਪਸ਼ੂ ਅਤੇ ਹੋਰ ਕਈ ਕੁਝ ਵੇਚਣਾ ਪਿਆ। ਇਸ ਤੋਂ ਬਿਨਾਂ ਇਸ ਮਕਸਦ ਲਈ ਘਰਾਂ ਦੀਆਂ ਬੱਚਤਾਂ ਵਰਤਣੀਆਂ ਪਈਆਂ ਅਤੇ ਰਿਸ਼ਤੇਦਾਰਾਂ ਅਤੇ ਦੋਸਤਾਂ ਤੋਂ ਮਦਦ ਅਤੇ ਰੁਜ਼ਗਾਰ ਦੇਣ ਵਾਲ਼ਿਆਂ ਤੋਂ ਮਦਦ/ਐਡਵਾਂਸ ਪੈਸੇ ਵੀ ਲੈਣੇ ਪਏ।

ਕੌਮਾਂਤਰੀ ਪਰਵਾਸ ਕਰਨ ਵਾਲ਼ਿਆਂ ਵਿਅਕਤੀਆਂ ਦੁਆਰਾ ਪਰਵਾਸ ਕਰਨ ਲਈ ਕੀਤੇ ਗਏ ਖ਼ਰਚਿਆਂ ਅਤੇ ਉਨ੍ਹਾਂ ਦੁਆਰਾ ਭੇਜੇ ਗਏ ਪੈਸਿਆਂ ਵਿਚ ਖੱਪਾ ਸਾਹਮਣੇ ਆਇਆ ਹੈ ਜੋ ਸਿੱਧੇ ਤੌਰ ਉੱਤੇ ਮੁਲਕ ਵਿਚੋਂ ਪੂੰਜੀ ਦੇ ਹੂੰਝੇ ਨੂੰ ਸਾਹਮਣੇ ਲਿਆਉਂਦਾ ਹੈ। ਆਉਣ ਵਾਲ਼ੇ ਸਮੇਂ ਦੌਰਾਨ ਇਸ ਹੂੰਝੇ ਦੇ ਹੋਰ ਵਧਣ ਦੇ ਆਸਾਰ ਦਿਖਾਈ ਦਿੰਦੇ ਹਨ। ਇਸ ਹੂੰਝੇ ਕਾਰਨ ਕੌਮਾਂਤਰੀਆਂ ਪਰਵਾਸੀਆਂ ਦੇ ਪਰਿਵਾਰ ਕਰਜ਼ੇ ਥੱਲੇ ਹਨ।

ਕੌਮਾਂਤਰੀ ਪਰਵਾਸ ਕਰਨ ਵਾਲ਼ੇ ਵਿਅਕਤੀਆਂ ਵਿਚ ਪੜ੍ਹੇ-ਲਿਖਿਆਂ ਦੀ ਗਿਣਤੀ ਵੱਧ ਹੈ ਅਤੇ ਇਹ ਗਿਣਤੀ ਲਗਾਤਾਰ ਵਧ ਰਹੀ ਹੈ। ਇਨ੍ਹਾਂ ਵਿਅਕਤੀਆਂ ਵਿਚ +2, ਗਰੈਜੂਏਟ, ਪੋਸਟ-ਗਰੈਜੂਏਟ, ਐੱਮ.ਫਿਲ., ਪੀਐੱਚ.ਡੀ. ਡਿ-ਗਰੀਆਂ ਪ੍ਰਾਪਤ ਹਨ। ਇਨ੍ਹਾਂ ਪੜ੍ਹੇ-ਲਿਖਿਆਂ ਵਿਅਕਤੀਆਂ ਦਾ ਕੌਮਾਂਤਰੀ ਪਰਵਾਸ ਮੁਲਕ ਵਿਚੋਂ ਬੌਧਿਕ ਹੂੰਝੇ ਨੂੰ ਸਾਹਮਣੇ ਲਿਆਉਂਦਾ ਹੈ। ਇਨ੍ਹਾਂ ਵਿਅਕਤੀਆਂ ਦੇ ਪਾਲਣ-ਪੋਸ਼ਣ ਅਤੇ ਇਨ੍ਹਾਂ ਨੂੰ ਵਿੱਦਿਆ ਦੇਣ ਉੱਪਰ ਸਮਾਜ ਦੀ ਅਥਾਹ ਸ਼ਕਤੀ ਅਤੇ ਸਾਧਨ ਵਰਤੇ ਗਏ ਹਨ, ਪਰ ਇਸ ਦਾ ਫ਼ਾਇਦਾ ਬਗਾਨਿਆਂ ਮੁਲਕਾਂ ਨੂੰ ਹੋ ਰਿਹਾ ਹੈ। ਇਨ੍ਹਾਂ ਕੌਮਾਂਤਰੀ ਪਰਵਾਸੀਆਂ ਵਿਚੋਂ ਜਿਹੜੇ ਬੱਚੇ ਵਿਦਿਆਰਥੀ ਵੀਜੇ ਉੱਪਰ ਜਾਂਦੇ ਹਨ, ਉਨ੍ਹਾਂ ਵਿਚੋਂ ਬਹੁਤ ਜ਼ਿਆਦਾ ਬੱਚਿਆਂ ਦਾ ਬਾਹਰਲੇ ਮੁਲਕਾਂ ਵਿਚੋਂ ਪ੍ਰਾਪਤ ਕੀਤੀ ਵਿੱਦਿਆ ਦਾ ਪੱਧਰ ਇਤਨਾ ਨੀਵਾਂ ਹੈ ਕਿ ਉਨ੍ਹਾਂ ਵਿਚੋਂ ਬਹੁਤ ਵੱਡੀ ਗਿਣਤੀ ਵਿਚ ਜਿਸਮਾਨੀ ਕੰਮ ਹੀ ਕਰਦੇ ਹਨ ਜੋ ਆਪਣੇ ਮੁਲਕ ਵਿਚ ਉਹ ਕਦੇ ਵੀ ਕਰਨ ਲਈ ਤਿਆਰ ਨਹੀਂ ਸਨ। ਭਾਵੇਂ ਬਾਹਰਲੇ ਮੁਲਕਾਂ ਵਿਚ ਕੁਝ ਧਾਰਮਿਕ ਅਦਾਰੇ ਅਤੇ ਨੇਕ ਵਿਅਕਤੀ ਮੁਲਕ ਵਿਚੋਂ ਗਏ ਵਿਅਕਤੀਆਂ ਦੀ ਮਦਦ ਕਰਦੇ ਹਨ, ਪਰ ਜ਼ਿਆਦਾਤਰ ਐੱਨ.ਆਰ.ਆਈ. ਕਾਰੋਬਾਰੀ ਉਨ੍ਹਾਂ ਦੀ ਜ਼ਿੰਦਗੀ ਨੂੰ ਅਮਰਬੇਲ ਵੇਲ ਵਾਂਗ ਚੂਸਦੇ ਭੋਰਾ ਵੀ ਰਹਿਮ ਨਹੀਂ ਕਰਦੇ।

ਭਾਰਤ ਵਿਚੋਂ ਕੌਮਾਂਤਰੀ ਪਰਵਾਸ ਦਾ ਇਕ ਹੋਰ ਮਾੜਾ ਪੱਖ ਜਿਹੜਾ ਸਾਹਮਣੇ ਆਇਆ ਹੈ ਉਹ ਪਰਵਾਸ ਕਰਨ ਵਾਲੇ ਵਿਅਕਤੀਆਂ ਦੀ ਉਮਰ ਸੰਬੰਧੀ ਹੈ। ਕੌਮਾਂਤਰੀ ਪਰਵਾਸ ਕਰਨ ਵਾਲੇ ਵਿਅਕਤੀਆਂ ਵਿਚੋਂ ਬਹੁਤ ਵੱਡੀ ਗਿਣਤੀ 15 ਤੋਂ 45 ਸਾਲ ਦੇ ਉਮਰ ਵਰਗ ਨਾਲ ਸੰਬੰਧਿਤ ਹੈ। ਇਹ ਉਹ ਉਮਰ ਹੈ ਜਿਸ ਵਿਚ ਕੰਮ ਕਰਨ ਦੀ ਸ਼ਕਤੀ/ਊਰਜਾ ਜ਼ਿਆਦਾ ਹੁੰਦੀ ਹੈ। ਇਸ ਉਮਰ ਵਰਗ ਨੂੰ ਕਿਸੇ ਵੀ ਮੁਲਕ ਦਾ ਜਨਸੰਖਿਅਕ ਲਾਭ-ਅੰਸ਼/ਸਾਰਥਿਕ ਪੱਖ ਮੰਨਿਆ ਜਾਦਾ ਹੈ। ਜੇਕਰ ਇਸ ਉਮਰ ਵਾਲ਼ੇ ਵਿਅਕਤੀਆਂ ਬਾਹਰਲੇ ਮੁਲਕਾਂ ਵਿਚ ਵੱਸ ਜਾਣਗੇ ਤਾਂ ਬਾਕੀ ਵਿਅਕਤੀਆਂ ਦੀ ਕਾਰਜ-ਕੁਸ਼ਲਤਾ ਘੱਟ ਹੋਣ ਕਾਰਨ ਜਿੱਥੇ ਮੁਲਕ ਦੀ ਤਰੱਕੀ ਰੁਕੇਗੀ, ਉੱਥੇ ਉਨ੍ਹਾਂ ਦੇ ਪਰਿਵਾਰਾਂ ਦੀ ਵੱਖ ਵੱਖ ਸੰਸਥਾਵਾਂ ਵਿਚ ਭਾਗੀਦਾਰੀ ਦੇ ਘੱਟ ਹੋਣ ਕਾਰਨ ਉਨ੍ਹਾਂ ਸੰਸਥਾਵਾਂ ਦਾ ਨਿਵਾਣ ਵੱਲ ਨੂੰ ਆਉਣਾ ਤੈਅ ਹੋ ਜਾਂਦਾ ਹੈ ਜਿਹੜਾ ਹੋ ਰਿਹਾ ਸਾਫ਼ ਦਿਖਾਈ ਦਿੰਦਾ ਹੈ।

ਭਾਰਤ ਵਿਚੋਂ ਕੌਮਾਂਤਰੀ ਪਰਵਾਸ ਦੇ ਵੱਖ ਵੱਖ ਕਾਰਨਾਂ ਵਿਚੋਂ ਸਭ ਤੋਂ ਪ੍ਰਮੁੱਖ ਰੁਜ਼ਗਾਰ ਦੇ ਮੌਕਿਆ ਦੀ ਘਾਟ ਅਤੇ ਮਿਲਣ ਵਾਲ਼ੇ ਰੁਜ਼ਗਾਰ ਦੇ ਪੱਧਰ ਦਾ ਬਹੁਤ ਹੀ ਨੀਵਾਂ ਹੋਣਾ ਹੈ। ਮੁਲਕ ਦੇ ਆਜ਼ਾਦ ਹੋਣ ਤੋਂ ਬਾਅਦ ਯੋਜਨਾਬੰਦੀ ਦੇ ਸਮੇਂ (1951-80) ਦੌਰਾਨ ਜਨਤਕ ਖੇਤਰ ਦੇ ਅਦਾਰਿਆਂ ਦੀ ਸਥਾਪਤੀ, ਵਿਸਥਾਰ ਅਤੇ ਵਿਕਾਸ ਹੋਇਆ ਜਿਸ ਸਦਕਾ ਬਹੁਤ ਕਿਰਤੀਆਂ ਨੂੰ ਚੰਗੇ ਮਿਆਰ ਵਾਲ਼ਾ ਰੁਜ਼ਗਾਰ ਮਿਲਿਆ ਅਤੇ ਮੁਲਕ ਵਿਚ ਆਰਥਿਕ ਅਸਮਾਨਤਾਵਾਂ ਘਟੀਆਂ। 1980 ਤੋਂ ਬਾਅਦ ਯੋਜਨਾਬੰਦੀ ਨੂੰ ਪੁੱਠੇ ਗੇਅਰ ਵਿਚ ਪਾ ਦਿੱਤਾ ਗਿਆ ਅਤੇ ਐੱਨ.ਡੀ.ਏ. ਦੀ ਹਕੂਮਤ ਨੇ ਇਸ ਦਾ ਭੋਗ ਪਾ ਕੇ ਨੀਤੀ ਆਯੋਗ ਬਣਾ ਦਿੱਤਾ। 1991 ਤੋਂ ਮੁਲਕ ਵਿਚ ਅਪਣਾਈਆਂ ਗਈਆਂ ਉਦਾਰੀਕਰਨ, ਨਿੱਜੀਕਰਨ ਅਤੇ ਸੰਸਾਰੀਕਰਨ ਦੀਆਂ 'ਨਵੀਆਂ ਆਰਥਿਕ ਨੀਤੀਆਂ' ਦੇ ਕਾਰਨ ਅੱਤ ਦੇ ਅਮੀਰ 1 ਫ਼ੀਸਦ ਅਤੇ ਬਾਕੀ ਦੇ 99 ਫ਼ੀਸਦ ਲੋਕਾਂ ਵਿਚਕਾਰ ਆਰਥਿਕ ਅਸਮਾਨਤਾਵਾਂ ਵਧੀਆਂ, ਆਮ ਕਿਰਤੀਆਂ ਲਈ ਰੁਜ਼ਗਾਰ ਦੇ ਸਿਰਫ਼ ਮੌਕੇ ਹੀ ਨਹੀਂ ਘਟੇ, ਸਗੋਂ ਰੁਜ਼ਗਾਰ ਦਾ ਮਿਆਰ ਵੀ ਜ਼ਿਆਦਾ ਨਿਵਾਣ ਵੱਲ ਆਇਆ ਅਤੇ ਲਗਾਤਾਰ ਆ ਰਿਹਾ ਹੈ।

ਦੁਨੀਆ ਦੇ ਬਹੁਤੇ ਮੁਲਕਾਂ ਦੀਆਂ ਸਰਕਾਰਾਂ ਅਤੇ ਕਾਰਪੋਰੇਟ ਜਗਤ ਸਾਰੀਆਂ ਆਰਥਿਕ ਸਮੱਸਿਆਵਾਂ ਨੂੰ ਦੂਰ ਕਰਨ ਲਈ ਮੰਡੀ ਨੂੰ ਸੰਜੀਵਨੀ ਬੂਟੀ ਵਜੋਂ ਪਰਚਾਰ ਰਹੇ ਹਨ। 1930ਵਿਆਂ ਦੀ ਮਹਾਮੰਦੀ ਅਤੇ ਉਸ ਤੋਂ ਬਾਅਦ ਵੱਖ ਵੱਖ ਸਮਿਆਂ ਉੱਤੇ ਵਾਪਰੀਆਂ ਘਟਨਾਵਾਂ ਇਹ ਸਿੱਧ ਕਰਦੀਆਂ ਹਨ ਕਿ ਬੇਰੋਕ ਅਤੇ ਬੇਲਗਾਮ ਮੰਡੀ ਪ੍ਰਬੰਧ ਹੀ ਬਹੁਤੀਆਂ ਆਰਥਿਕ ਸਮੱਸਿਆਵਾਂ ਪੈਦਾ ਕਰ ਰਿਹਾ ਹੈ। ਭਾਰਤ ਵਿਚ 50 ਫ਼ੀਸਦ ਦੇ ਕਰੀਬ ਆਬਾਦੀ ਆਪਣੀ ਰੋਜ਼ੀ-ਰੋਟੀ ਲਈ ਖੇਤੀਬਾੜੀ ਖੇਤਰ ਉੱਪਰ ਨਿਰਭਰ ਹੈ ਜਿਸ ਨੂੰ ਰਾਸ਼ਟਰੀ ਆਮਦਨ ਵਿਚੋਂ 16 ਫ਼ੀਸਦ ਦੇ ਕਰੀਬ ਹਿੱਸਾ ਦਿੱਤਾ ਜਾ ਰਿਹਾ ਹੈ। ਸਰਕਾਰ ਦੀਆਂ ਖੇਤੀਬਾੜੀ ਨੀਤੀਆਂ ਕਾਰਨ ਤਕਰੀਬਨ ਸਾਰੇ ਨਿਮਨ ਕਿਸਾਨ, ਖੇਤ ਮਜ਼ਦੂਰ ਅਤੇ ਪੇਂਡੂ ਛੋਟੇ ਕਾਰੀਗਰ ਕਰਜ਼ੇ ਦੇ ਅਸਿਹ ਬੋਝ ਅਤੇ ਘੋਰ ਗ਼ਰੀਬੀ ਕਾਰਨ ਜਾਂ ਤੰਗੀਆਂ-ਤੁਰਸੀਆਂ ਵਾਲ਼ੀ ਮੌਤ ਮਰ ਰਹੇ ਹਨ ਜਾਂ ਜਦੋਂ ਉਨ੍ਹਾਂ ਦੀਆਂ ਜ਼ਿੰਦਗੀ ਪ੍ਰਤਿ ਸਾਰੀਆਂ ਆਸਾਂ ਮੁਕਾ ਦਿੱਤੀਆਂ ਜਾਂਦੀਆਂ ਹਨ ਤਾਂ ਉਹ ਖ਼ੁਦਕੁਸ਼ੀਆਂ ਵੀ ਕਰ ਰਹੇ ਹਨ। ਇਨ੍ਹਾਂ ਕਾਰਨਾਂ ਕਰਕੇ ਹੀ ਕਿਸਾਨਾਂ ਦੇ ਬੱਚੇ ਵੱਡੀ ਗਿਣਤੀ ਵਿਚ ਬਾਹਰਲੇ ਮੁਲਕਾਂ ਨੂੰ ਪਰਵਾਸ ਕਰ ਰਹੇ ਹਨ। ਕੇਂਦਰ ਸਰਕਾਰ ਵੱਲੋਂ ਖੇਤੀਬਾੜੀ ਨਾਲ਼ ਸੰਬੰਧਿਤ ਪਾਸ ਕੀਤੇ ਗਏ ਤਿੰਨ ਕਾਨੂੰਨ ਖੇਤੀਬਾੜੀ ਖੇਤਰ ਉੱਪਰ ਨਿਰਭਰ ਪਰਿਵਾਰਾਂ ਵਿਚੋਂ ਕੌਮਾਂਤਰੀ ਪਰਵਾਸ ਨੂੰ ਹੋਰ ਵਧਾਉਣਗੇ।

ਉਦਯੋਗਿਕ ਖੇਤਰ ਵਿਚ ਰੁਜ਼ਗਾਰ ਦੇ ਮੌਕੇ ਲਗਾਤਾਰ ਘਟ ਰਹੇ ਹਨ। ਇਸ ਖੇਤਰ ਵਿਚ ਰੁਜ਼ਗਾਰ ਦੇ ਮੌਕਿਆ ਦੇ ਘਟਣ ਪਿੱਛੇ ਮਸ਼ੀਨੀਕਰਨ ਅਤੇ ਸਵੈ-ਚਾਲਤ ਮਸ਼ੀਨਰੀ ਦੀ ਵਧਦੀ ਵਰਤੋਂ ਵੱਡੇ ਕਾਰਨ ਹਨ। ਸੇਵਾਵਾਂ ਖੇਤਰ ਵਿਚ ਰੁਜ਼ਗਾਰ ਦੇ ਕੁਝ ਕੁ ਮੌਕੇ ਹਨ, ਪਰ ਇਸ ਖੇਤਰ ਵਿਚ ਬਹੁਤੇ ਕਿਰਤੀਆਂ ਲਈ ਰੁਜ਼ਗਾਰ ਦਾ ਮਿਆਰ ਬਹੁਤ ਹੀ ਨੀਵਾਂ ਹੈ।

ਭਾਰਤ ਵਿਚੋਂ ਕੌਮਾਂਤਰੀ ਪਰਵਾਸ ਦੇ ਸੰਬੰਧ ਵਿਚ ਬੌਧਿਕ ਹੂੰਝੇ (Brain Drain), ਪੂੰਜੀ ਹੂੰਝੇ (Capital Drain), ਜਨਸੰਖਿਅਕ ਲਾਭ-ਅੰਸ਼ (Loss of Demographic Dividend) ਅਤੇ ਹੋਰ ਨੁਕਸਾਨਾਂ ਨੂੰ ਦੇਖਦੇ ਹੋਏ ਸਮੇਂ ਦੀ ਲੋੜ ਹੈ ਕਿ ਮੁਲਕ ਵਿਚ ਅਪਣਾਏ ਗਏ ਕਾਰਪੋਰੇਟ ਆਰਥਿਕ ਵਿਕਾਸ ਮਾਡਲ ਦੀ ਜਗ੍ਹਾਂ ਲੋਕ ਅਤੇ ਕੁਦਰਤ-ਪੱਖੀ ਆਰਥਿਕ ਵਿਕਾਸ ਅਪਣਾਇਆ ਜਾਵੇ। ਇਸ ਤਰ੍ਹਾਂ ਕਰਨ ਲਈ ਜ਼ਰੂਰੀ ਹੈ ਕਿ ਅੱਤ ਦੇ 1 ਫ਼ੀਸਦ ਅਮੀਰਾਂ ਉੱਪਰ ਕਰ ਵਧਾਏ ਜਾਣ ਅਤੇ ਉਨ੍ਹਾਂ ਨੂੰ ਉਗਰਾਹੁਣਾ ਯਕੀਨੀ ਬਣਾਕੇ ਪ੍ਰਾਪਤ ਆਮਦਨ ਨੂੰ ਲੋਕਾਂ ਦੀ ਭਲਾਈ ਵਰਤਿਆ ਜਾਵੇ। ਲੋਕ-ਪੱਖੀ ਆਰਥਿਕ ਵਿਕਾਸ ਮਾਡਲ ਨੂੰ ਅਪਣਾਉਣ ਲਈ ਜ਼ਰੂਰੀ ਹੈ ਕਿ ਜਨਤਕ ਖੇਤਰ ਦਾ ਪਰਸਾਰ ਅਤੇ ਵਿਕਾਸ ਕੀਤਾ ਜਾਵੇ ਅਤੇ ਨਿੱਜੀ ਖੇਤਰ ਦੇ ਕੰਮਕਾਜ ਦੀ ਨਿਗਰਾਨੀ ਅਤੇ ਨਿਯੰਤਰਨ ਯਕੀਨੀ ਬਣਾਇਆ ਜਾਵੇ। ਮੁਲਕ ਵਿਚ ਹਰ ਤਰ੍ਹਾਂ ਦੇ ਰੁਜ਼ਗਾਰ ਅਤੇ ਉਸ ਦਾ ਮਿਆਰ ਵਧਾਇਆ ਜਾਵੇ ਅਤੇ ਇਸ ਸੰਬੰਧ ਵਿਚ ਚੰਗੀ ਕਾਰਗੁਜ਼ਾਰੀ ਦਿਖਾਉਣ ਵਾਲ਼ੀਆਂ ਇਕਾਈਆਂ ਨੂੰ ਵੱਖ ਵੱਖ ਤਰੀਕਿਆਂ ਨਾਲ਼ ਉਤਸ਼ਾਹਤ ਕੀਤਾ ਜਾਣਾ ਜ਼ਰੂਰੀ ਹੈ। ਜਨਸੰਖਿਅਕ ਲਾਭ-ਅੰਸ਼ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਜ਼ਰੂਰੀ ਹੈ ਕਿ ਵਿੱਦਿਅਕ ਅਤੇ ਸਿਹਤ ਸੇਵਾਵਾਂ ਵਿਚ ਵੱਡੇ ਸੁਧਾਰ ਲਿਆਂਦੇ ਜਾਣ। ਅਜਿਹਾ ਕਰਨ ਲਈ ਸਾਰੇ ਨਾਗਰਿਕਾਂ ਨੂੰ ਮਿਆਰੀ ਵਿੱਦਿਅਕ ਅਤੇ ਸਿਹਤ ਸੇਵਾਵਾਂ ਸਰਕਾਰ ਦੁਆਰਾ ਮੁਫ਼ਤ ਦੇਣੀਆਂ ਬਣਦੀਆਂ ਹਨ। ਸਰਕਾਰ ਦਾ ਬਣਦਾ ਹੈ ਕਿ ਸਮਾਜਿਕ ਸੁਰੱਖਿਆ ਦੇ ਉਪਾਵਾਂ ਦਾ ਦਾਇਰਾ ਵਧਾਉਂਦੇ ਹੋਏ ਇਹ ਯਕੀਨੀ ਬਣਾਵੇ ਕਿ ਮੁਲਕ ਦਾ ਹਰੇਕ ਨਾ-ਗਰਿਕ ਆਪਣੀ ਸਾਰੀ ਉਮਰ ਸੁਖੀ ਰਹਿ ਸਕੇ।

# "ਸਾਡੇ ਬਾਬੇ ਕਹਿੰਦੇ ਸੀ ਜੀਨੇ ਲਾਹੌਰ ਨਹੀਂ ਦੇਖਿਆ, ਉਹ ਜੰਮਿਆ ਨੀਂ"

## ਅਸੀਂ ਕਹਿਨੇ ਆਂ ਜੀਨੇ ਕਿਸਾਨ ਅੰਦੋਲਨ ਨਹੀਂ ਦੇਖਿਆ ਉਹ ਵੀ ਜੰਮਿਆ ਨੀ ਫੇਰ"



ਖੇਡ ਲੇਖਕ
ਜਗਰੂਪ ਸਿੰਘ ਜਰਖੜ
98143-00722

ਦੁਨੀਆਂ ਦੇ ਜ਼ਾਲਮ ਸਰਕਾਰਾਂ ਵਿਰੁੱਧ ਵਿੱਢੇ ਹਰ ਸੰਘਰਸ਼ ਨੇ ਇਤਿਹਾਸ ਸਿਰਜਿਆ ਹੈ ਪਰ ਕੁਝ ਸੰਘਰਸ਼ ਅਜਿਹੇ ਵੀ ਹੁੰਦੇ ਹਨ ਜੋ ਆਉਣ ਵਾਲੀਆਂ ਪੀੜ੍ਹੀਆਂ ਲਈ ਇਕ ਮੀਲ ਪੱਥਰ ਸਥਾਪਤ ਕਰਕੇ ਜਾਂਦੇ ਹਨ ਜਿਸ ਤਰ੍ਹਾਂ ਦਸਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੇ ਆਰੰਭੇ ਸੰਘਰਸ਼ ਸਦਕੇ ਹੀ ਦਿੱਤੀ ਮਹਾਨ ਅਦੁੱਤੀ ਕੁਰਬਾਨੀ ਨੇ ਨਾ ਸਿਰਫ਼ ਸਿੱਖ ਧਰਮ ਨੂੰ ਹੋਂਦ ਵਿੱਚ ਲਿਆਂਦਾ ਸਗੋਂ ਮੁਗ਼ਲ ਰਾਜ ਦੀ ਜ਼ਾਲਮ ਸਲਤਨਤ ਨੂੰ ਸਦਾ ਲਈ ਜੜ੍ਹੋਂ ਪੁੱਟਕੇ ਖ਼ਤਮ ਹੀ ਕਰ ਦਿੱਤਾ ਸੀ, ਦੁਨੀਆਂ ਦੇ ਇਤਿਹਾਸ ਵਿੱਚ ਇੱਕ ਸ਼ਹੀਦ ਬਾਪ ਦਾ ਪੁੱਤ, ਖ਼ੁਦ ਸ਼ਹੀਦਾਂ ਦਾ ਸਿਰਨਾਵਾਂ ਅਤੇ ਸ਼ਹੀਦ ਪੁੱਤਰਾਂ ਦਾ ਬਾਪ ਹੋਣਾ ਦੁਨੀਆਂ 'ਚ ਕਿਸੇ ਨੂੰ ਨਾ ਨਸੀਬ ਹੋਇਆ ਸੀ, ਨਾ ਹੋਇਆ, ਨਾ ਹੀ ਭਵਿੱਖ ਵਿੱਚ ਹੋਣ ਦੇ ਆਸਾਰ ਹਨ ਅਤੇ ਨਾ ਹੀ ਇਸ ਤਰ੍ਹਾਂ ਦੀ ਮਹਾਨ ਕੁਰਬਾਨੀ ਹੋਈ ਸੀ, ਨਾ ਹੀ ਹੋਈ ਹੈ, ਨਾ ਹੀ ਹੋਏਗੀ। ਇਹ ਤਾਂ ਸਾਡੇ ਸਿੱਖ ਇਤਿਹਾਸ ਦੀ ਅਜੇ ਸ਼ੁਰੂਆਤ ਸੀ ਉਸ ਤੋਂ ਬਾਅਦ ਕਦੇ ਅਸੀਂ ਮੁਗਲਾਂ ਨਾਲ, ਕਦੇ ਅੰਗਰੇਜ਼ਾਂ ਨਾਲ, ਕਦੇ ਸਿੱਖਾਂ ਦੀ ਨਸਲਕੁਸ਼ੀ ਕਰਨ ਵਾਲੇ ਨਹਿਰੂ ਖਾਨਦਾਨ ਨਾਲ ਲੜੇ, ਅੱਜ ਦੀ ਲੜਾਈ ਹਿੰਦੂਤਵ ਨੂੰ ਬੜਾਵਾ ਦੇਣ ਵਾਲੇ, ਹਿੰਦੂ ਰਾਸ਼ਟਰ ਬਣਾਉਣ ਦੀਆਂ ਗੱਲਾਂ ਕਰਨ ਵਾਲਿਆਂ ਨਾਲ ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਰਖਵਾਲਿਆਂ ਦੀ ਹੋ ਰਹੀ ਹੈ ਕਿਉਂਕਿ ਅੱਜ ਸਾਨੂੰ ਫਿਜੀਕਲ ਤੌਰ ਮਾਰਨ ਦੇ ਨਾਲ ਨਾਲ ਅੱਜ ਸਾਨੂੰ ਜੋ ਆਰਥਿਕ ਤੌਰ ਤੇ ਖ਼ਤਮ ਕਰਨ ਦੀਆਂ ਵਿਉਂਤਬੰਦੀਆਂ ਬਣ ਰਹੀਆਂ ਹਨ ਉਸ ਦੇ ਵਿਰੁੱਧ ਕਿਸਾਨ ਅੰਦੋਲਨ ਦੇ ਰੂਪ ਵਿੱਚ ਕੀ ਸਾਡੇ ਬਜੁਰਗ ਮਾਪੇ, ਕੀ ਬੁੱਢਾ ,ਕੀ ਬੱਚਾ ,ਕੀ ਸਾਡੀਆਂ ਮਾਵਾਂ, ਕੀ ਸਾਡੀਆਂ ਭੈਣਾਂ, ਕੀ ਸਾਡੇ ਬੱਚੇ ਬੱਚੀਆਂ, ਕੀ ਸਾਡੇ ਸਾਰੇ ਸੂਬਿਆਂ ਦੇ ਲੋਕ, ਵੱਖ ਵੱਖ ਧਰਮਾਂ ਦੇ ਲੋਕ, ਵੱਖ ਵੱਖ ਵਰਗਾਂ ਨਾਲ ਸਬੰਧਤ ਲੋਕ ਇਸ ਮੁਲਕ ਦੇ ਅੰਨ ਦਾਤੇ ਦੇ ਨਾਲ ਦਿਨ ਦਿ-ਹਾੜੇ ਹੋ ਰਹੀ ਉਸਦੀ ਆਰਥਿਕ ਲੁੱਟ ਦੇ ਵਿਰੁੱਧ ਮੁਲਕ ਦੀ ਰਾਜਧਾਨੀ ਦਿੱਲੀ ਦੇ ਵੱਖ ਵੱਖ ਬਾਰਡਰਾ ਨੂੰ ਘੇਰਿਆ ਹੋਇਆ ਹੈ। ਇਹ ਇਹ ਕਿਸਾਨੀ ਸੰਘਰਸ਼ ਆਪਣੇ ਆਪ ਵਿਚ ਇਕ ਬਾ ਕਮਾਲ ਹੈ। ਸਾਡੇ ਵੱਡੇ ਵਡੇਰੇ ਬ ਾ ਬ ੇ ਕਹਿੰਦੇ ਹੁੰਦੇ ਸੀ ਕਿ "ਜੀਨੇ ਲਾਹੌਰ ਨਹੀਂ ਦੇਖਿਆ ਉਹ ਜੰਮਿਆ ਨੀਂ " ਇਹ ਗੱਲ ਸੱਚ ਹੈ ਕਿ ਲਾਹੌਰ ਵੇਖਣਾ ਸਾਨੂੰ ਬਹੁਤਿਆਂ ਨੂੰ ਨਸੀਬ ਨਹੀਂ ਹੋਇਆ ਪਰ ਪਰ ਅੱਜ ਅਸੀਂ ਇਹ ਗੱਲ ਹਿੱਕ ਥਾਪੜ ਕੇ ਬੜੇ ਮਾਣ ਨਾਲ ਕਹਿ ਸਕਦੇ ਹਾਂ ਕਿ "ਜੋ ਕਿਸਾਨੀ ਅੰਦੋਲਨ ਤੇ ਗਿਆ ਹੀ ਨਹੀਂ ਸਮਝੋ ਉਹ ਜੰਮਿਆ ਹੀ ਨਹੀਂ " ਜੇਕਰ ਕਿਸੇ ਨੇ ਸਹੀ ਅਰਥਾਂ ਵਿੱਚ ਪੰਜਾਬੀਆਂ ਦਾ ਖ਼ਾਸ ਕਰਕੇ ਸਿੱਖ ਕੌਮ ਦਾ ਪਿਛੋਕੜ ਅਤੇ ਇਖਲਾਕ ਦੇਖਣਾ ਹੋਵੇ, ਕਿਰਦਾਰ ਦੇਖਣਾ ਹੋਵੇ, ਅਨੁਸ਼ਾਸਨ ਦੇਖਣਾ ਹੋਵੇ ਕੁਰਬਾਨੀ ਦੀ ਭਾਵਨਾ ਦੇਖਣੀ ਹੋਵੇ, ਇਕਜੁਟਤਾ ਦੇਖਣੀ ਹੋਵੇ, ਸਮਰਪਿਤ ਭਾਵਨਾ ਦੇਖਣੀ ਹੋਵੇ, ਸੇਵਾ ਭਾਵਨਾ ਦੇਖਣੀ ਹੋਵੇ ਆਪਣਾ ਆਪ ਵਾਰਨਾ ਵੇਖਣਾ ਹੋਵੇ, ਨੌਜਵਾਨੀ ਦਾ ਜੋਸ਼ ਅਤੇ ਬਜ਼ੁਰਗਾਂ ਦਾ ਹੋਸ਼ ਵੇਖਣਾ ਹੋਵੇ, ਦਿਆਨ-ਤਦਾਰੀ ਅਤੇ ਸਿਆਣਪ ਦੇਖਣੀ ਹੋਵੇ ਤਾਂ ਕਿਸਾਨ ਅੰਦੋਲਨ ਦੇ ਵਿੱਚ ਤੁਹਾਨੂੰ ਪਹਿਲੀ ਝੱਟ ਹੀ ਇਹ ਝਲਕ ਵੇਖਣ ਨੂੰ ਮਿਲੇਗੀ ਉਹ ਵੱਖਰੀ ਗੱਲ ਕਿ ਗੋਦੀ ਮੀਡੀਆ, ਚਾਪਲੂਸ ਮੀਡੀਆ, ਲਾਲਸੀ ਅਤੇ ਵਿਕਾਊ ਰਾਜਨੀਤਕ ਆਗੂ ਇਸ ਅੰਦੋਲਨ ਨੂੰ ਫੇਲ੍ਹ ਕਰਨ ਲਈ ਹਰ ਤਰ੍ਹਾਂ ਦਾ ਹੱਥਕੰਡਾ ਵਰਤ ਰਹੇ ਹਨ ਇਖ਼ਲਾਕ ਅਤੇ ਸੱਚ ਦੇ ਤੌਰ ਤੇ ਕਿਸਾਨ ਅੰਦੋਲਨ ਦੀ ਜਿੱਤ ਹੋ ਚੁੱਕੀ ਹੈ ਪਰ ਟੇਬਲ ਟਾਕ ਦੇ ਉੱਤੇ ਜਿੱਤ ਹੋਣੀ ਬਾਕੀ ਹੈ, ਕਿਸਾਨ ਅੰਦੋਲਨ ਹੁਣ ਕਿਸਾਨਾਂ ਦੀਆਂ ਕੁਝ ਮੰਗਾਂ ਦਾ ਅੰਦੋਲਨ ਨਹੀਂ ਰਿਹਾ, ਇਹ ਤਾਂ ਇੱਕ ਕੁਦਰਤੀ ਵਰਤਾਰਾ ਹੈ ਜਿਸ ਦੀ ਦੁਨੀਆਂ ਦੇ ਹਰ ਮੁਲਕ ਵਿੱਚ, ਹਰ ਕੋਨੇ ਕੋਨੇ ਵਿਚ ਚਰਚਾ ਹੋ ਰਹੀ ਹੈ, ਬਸ ਕੁਦਰਤ ਹੀ ਰਹਿਮਤ ਰੱਖੇ ਅਤੇ ਸਾਡੀਆਂ ਕਿਸਾਨ ਜਥੇਬੰਦੀਆਂ ਦੇ ਆਗੂਆਂ ਨੂੰ ਸੁਮੱਤ ਬਖ਼ਸ਼ੇ ਕਿ ਉਹ ਸੱਚ ਅਤੇ ਇਨਸਾਫ਼ ਵਾਲੇ ਸਟੈਂਡ ਤੇ ਡਟੇ ਰਹਿਣ, ਦਿੱਲੀ ਤੋਂ ਕਿਸਾਨਾਂ ਦੀ ਵਾਪਸੀ, ਕਿਸਾਨ ਅੰਦੋਲਨ ਦੀ ਫਤਿਹ ਨਸੀਬ ਹੋਣ ਤੋਂ ਬਾਅਦ ਹੀ ਹੋਵੇ, ਫਿਰ ਅਸੀਂ ਵੀ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਲਾਹੌਰ ਵੇਖਣ ਵਾਲੀ ਗੱਲ ਵਾਂਗ ਕਿਸਾਨ ਅੰਦੋਲਨ ਦੇ ਇਤਿਹਾਸ ਦੀ ਬਾਤ ਪਾਇਆ ਕਰਾਂਗੇ। ਹਿੰਮਤੀ ਕਿਸਾਨ ਆਗੂਆ ਕੇਂਦਰ ਸਰਕਾਰ ਨਾਲ ਚੱਲ ਰਹੀ ਕਿਸਾਨੀ ਇਨਸਾਫ ਦੀ ਜੰਗ ਪ੍ਰਤੀ ਹਿੰਮਤ ਦੇਖ ਕੇ ਅੰਤ ਇਹੀ ਲਿਖਾਂਗਾ ਕਿ':

"ਹਾਸ਼ਮ ਫਤਹਿ ਨਸੀਬ ਉਨ੍ਹਾਂ ਨੂੰ, ਜਿਨ੍ਹਾਂ ਹਿੰਮਤ ਯਾਰ ਬਣਾਈ"

ਡਟੇ ਰਹੋ ਕਿਸਾਨ ਵੀਰੋ ਭਲਿਆ ਦਾ ਰੱਬ ਹੀ ਰਾਖਾ !



# ਜਗਰੂਪ ਸਿੰਘ ਸੁਲਹਾਣੀ ਵਿਅਕਤੀ ਨਹੀਂ ਇੱਕ ਸੰਸਥਾ ਸੀ- ਭਗਵਾਨ ਸਿੰਘ ਚੌਹਾਨ

**ਤਲਵੰਡੀ ਭਾਈ–** ਬਹੁਜਨ ਸਮਾਜ ਪਾਰਟੀ ਪੰਜਾਬ ਦੇ ਜਨਰਲ ਸਕੱਤਰ ਸ੍ਰ: ਲਾਲ ਸਿੰਘ ਸੁਲਹਾਣੀ ਦੇ ਛੋਟੇ ਭਰਾ ਸ੍ਰ: ਜਗਰੂਪ ਸਿੰਘ ਸੁਲਹਾਣੀ,ਜੋ ਕਿ ਪਿਛਲੇ ਦਿਨੀਂ ਅਕਾਲ ਚਲਾਣਾ ਕਰ ਗਏ ਸਨ, ਉਹਨਾਂ ਦੀ ਅੰਤਿਮ ਅਰਦਾਸ ਪਿੰਡ ਸੁਲਹਾਣੀ ਦੇ ਗੁਰਦੁਆਰਾ ਸਾਹਿਬ ਵਿਖੇ ਅੱਜ 15 ਜਨਵਰੀ ਨੂੰ ਕੀਤੀ ਗਈ। ਪਹਿਲਾਂ ਉਹਨਾਂ ਦੀ ਆਤਮਾ ਦੀ ਆਤਮਿਕ ਸ਼ਾਂਤੀ ਲਈ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸਹਿਜ ਪਾਠ ਦੇ ਭੋਗ ਪਾਏ ਗਏ ਅਤੇ ਬਾਅਦ ਵਿੱਚ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਨ ਲਈ ਸ਼ੋਕ ਸਮਾਗਮ ਦੌਰਾਨ ਉਨ੍ਹਾਂ ਦੇ ਰਿਸ਼ਤੇਦਾਰਾਂ, ਮਿੱਤਰਾਂ, ਸਨੇਹੀਆਂ, ਸਮਾਜਿਕ, ਧਾਰਮਿਕ ਅਤੇ ਸਿਆਸੀ ਆਗੂਆਂ ਤੇ ਹੋਰ ਬਹੁਤ ਵੱਡੀ ਗਿਣਤੀ ਵਿੱਚ ਹਾਜ਼ਰੀ ਭਰੀ। ਇਸ ਮੌਕੇ ਬਸਪਾ ਦੇ ਸੂਬਾ ਪ੍ਰਧਾਨ ਡਾਕਟਰ ਜਸਵੀਰ ਸਿੰਘ ਗੜ੍ਹੀ ਦੇ ਨਿਰਦੇਸ਼ ਮੁਤਾਬਿਕ ਸੂਬਾਈ ਜਨਰਲ ਸਕੱਤਰ ਸ੍ਰ ਭਗਵਾਨ ਸਿੰਘ ਚੌਹਾਨ ਵਿਸ਼ੇਸ਼ ਤੌਰ ਤੇ ਪੁੱਜੇ। ਉਹਨਾਂ ਇਸ ਮੌਕੇ ਸ਼ਰਧਾਂਜਲੀ ਭੇਂਟ ਕਰਦਿਆਂ ਕਿਹਾ ਕਿ ਜਗਰੂਪ ਸਿੰਘ ਸੁਲਹਾਣੀ ਇੱਕ ਮੁਲਾਜ਼ਮ ਹੋਣ ਦੇ ਬਾਵਜੂਦ ਵੀ ਬਾਬਾ ਸਾਹਿਬ ਡਾਕਟਰ ਅੰਬੇਡਕਰ ਜੀ ਦੀ ਵਿਚਾਰਧਾਰਾ ਤੋਂ ਪ੍ਰਭਾਵਿਤ ਹੋ ਕੇ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਵੱਲੋਂ ਆਰੰਭੇ ਸਮਾਜਕ ਪਰਿਵਰਤਨ ਤੇ ਆਰਥਕ ਮੁਕਤੀ ਅੰਦੋਲਨ ਤੇ ਬਹੁਜਨ ਸਮਾਜ ਦੀ ਸਵੈਮਾਣ ਲਈ ਲਹਿਰ ਵਿੱਚ ਸਰਗਰਮ ਹੋਏ ਅਤੇ ਉਨ੍ਹਾਂ ਬਹੁਤ ਹੀ ਸ਼ਿੱਦਤ ਨਾਲ ਲੋਕਾਂ ਨੂੰ ਜਾਗਰੂਕ ਕਰਨ ਦਾ ਯਤਨ ਕੀਤਾ। ਉਹ ਇਕ ਦਲੇਰ ਨਿਡਰ ਆਗੂ ਤੇ ਬੇਬਾਕ ਬੁਲਾਰੇ ਸਨ। ਇਸ ਕਰਕੇ ਉਨ੍ਹਾਂ ਦਾ ਨਾਮ ਪੂਰੇ ਪੰਜਾਬ ਜਾਣਿਆਂ ਜਾਂਦਾ ਸੀ। ਉਹਨਾਂ ਦਾ ਸੁਭਾਅ ਬਹੁਤ ਵਧੀਆ ਸੀ ਅਤੇ ਉਹ ਜਿਸ ਨੂੰ ਵੀ ਮਿਲਦੇ ਸੀ, ਉਹੀ ਉਹਨਾਂ ਦਾ ਬਣ ਜਾਂਦਾ। ਉਹ ਬਹੁਜਨ ਸਮਾਜ ਅਤੇ ਗਰੀਬਾਂ ਦੇ ਮਸੀਹਾ ਸਨ। ਬਸਪਾ ਪੰਜਾਬ ਦੇ ਜਨਰਲ ਸਕੱਤਰ ਸ੍ਰ: ਲਾਲ ਸਿੰਘ ਸੁਲਹਾਣੀ ਨੂੰ ਬਹੁਜਨ ਸਮਾਜ ਪਾਰਟੀ ਵਿੱਚ ਅੱਗੇ ਵਧਣ ਲਈ ਉਹਨਾਂ ਨੇ ਪੂਰਨ ਸਹਿਯੋਗ ਦਿੱਤਾ। ਉਹਨਾਂ ਆਪਣੇ ਸਰਕਾਰੀ ਮਹਿਕਮੇ ਵਿਚ ਨੌਕਰੀ ਕਰਦਿਆਂ ਆਪਣੇ ਮੁਲਾਜ਼ਮਾਂ ਲਈ ਕਰਮਚਾਰੀ ਦਲ ਦੇ ਆਗੂ ਵਜੋਂ ਬਹੁਤ ਕੰਮ ਕੀਤਾ। ਜਗਰੂਪ ਸਿੰਘ ਸੁਲਹਾਣੀ ਇੱਕ ਵਿਅਕਤੀ ਨਹੀਂ, ਸਗੋਂ ਇੱਕ ਸੰਸਥਾ ਸੀ। ਉਹਨਾਂ ਪਾਰਟੀ ਦੇ ਕੌਮੀ ਪ੍ਰਧਾਨ ਭੈਣ ਕੁਮਾਰੀ ਮਾਇਆਵਤੀ ਜੀ ਵੱਲੋਂ ਅਤੇ ਸੂਬਾ ਪ੍ਰਧਾਨ ਡਾਕਟਰ ਜਸਵੀਰ ਸਿੰਘ ਗੜ੍ਹੀ ਵਲੋਂ ਵੀ ਸ਼ਰਧਾਂਜਲੀ ਭੇਂਟ ਕੀਤੀ। ਹੋਰਨਾਂ ਤੋਂ ਇਲਾਵਾ ਇਸ ਮੌਕੇ ਸ਼ਰਧਾਂਜਲੀਆਂ ਭੇਂਟ ਕਰਨ ਲਈ ਯੂਨਾਈਟਿਡ ਅਕਾਲੀ ਦਲ ਦੇ ਪ੍ਰਧਾਨ ਸ੍ਰ: ਗੁਰਦੀਪ ਸਿੰਘ ਬਠਿੰਡਾ, ਮਾਸਟਰ ਬੂਟਾ ਰਾਮ ਸਾਬਕਾ ਬੀ ਪੀ ਈ ਓ, ਮੰਦਰ ਸਿੰਘ ਮਿਰਜੇ ਕੇ, ਜੋਗਿੰਦਰ ਸਿੰਘ ਜਿੰਦੂ ਸਾਬਕਾ ਵਿਧਾਇਕ ਸਤਪਾਲ ਸਿੰਘ ਮੈਂਬਰ ਸ਼੍ਰੋਮਣੀ ਕਮੇਟੀ ਬਲਵਿੰਦਰ ਸਿੰਘ ਭੰਬਾਲੰਡਾ ਮੈਂਬਰ ਸ਼੍ਰੋਮਣੀ ਕਮੇਟੀ, ਕਿਰਨਜੀਤ ਸਿੰਘ ਗਹਿਰੀ ਪਰਧਾਨ ਲੋਕ ਜਨ ਸ਼ਕਤੀ ਪਾਰਟੀ ਪੰਜਾਬ, ਕੁਲਤਾਰ ਸਿੰਘ ਸੰਧਵਾਂ ਵਿਧਾਇਕ ਕੋਟ ਕਪੂਰਾ, ਕੁਲਵੰਤ ਸਿੰਘ ਪੰਡੋਰੀ ਵਿਧਾਇਕ ਮਹਿਲ ਕਲਾਂ, ਮਨਜੀਤ ਸਿੰਘ ਬਿਲਾਸਪੁਰ ਵਿਧਾਇਕ ਨਿਹਾਲ ਸਿੰਘ ਵਾਲਾ, ਜਗਤਾਰ ਸਿੰਘ ਜੱਗਾ ਵਿਧਾਇਕ ਰਾਏ ਕੋਟ, ਐਡਵੋਕੇਟ ਕੰਵਲਜੀਤ ਸਿੰਘ ਸੰਧੂ ਰੱਤਾ ਖੇੜਾ, ਰਛਪਾਲ ਸਿੰਘ ਸੰਧੂ, ਜਨਮੇਜਾ ਸਿੰਘ ਸੇਖੋਂ ਸਾਬਕਾ ਮੰਤਰੀ, ਐਡਵੋਕੇਟ ਅਵਤਾਰ ਕ੍ਰਿਸ਼ਨ ਮੁੱਖ ਜੋਨ ਇੰਚਾਰਜ ਬੀ ਐਸ ਪੀ, ਜਗਜੀਤ ਸਿੰਘ ਭੰਗਾਲੀ ਰਾਜੂ ਭੰਗਾਲੀ ਮੈਂਬਰ ਬਲਾਕ ਸੰਮਤੀ, ਜਗਜੀਤ ਸਿੰਘ ਭੰਗਾਲੀ ਮੈਂਬਰ ਜਿਲ੍ਹਾ ਪ੍ਰੀਸ਼ਦ ਸੁਖਵਿੰਦਰ ਸਿੰਘ ਗਿੱਲ ਐਮ ਡੀ ਕੋਆਪਰੇਟਿਵ ਬੈਂਕ, ਮੰਦਰ ਸਿੰਘ ਸਰਾਏ ਨਾਗਾ ਜਿਲ੍ਹਾ ਪਰਧਾਨ ਬਸਪਾ ਸ੍ਰੀ ਮੁਕਤਸਰ ਸਾਹਿਬ, ਭਗਵੰਤ ਸਿੰਘ ਹਜੂਰੀ ਰਾਗੀ ਦਰਬਾਰ ਸਾਹਿਬ ਅੰਮ੍ਰਿਤਸਰ, ਸੰਤ ਰਾਮ ਮੱਲੀ ਸਕੱਤਰ ਬਸਪਾ ਪੰਜਾਬ, ਰਣਬੀਰ ਸਿੰਘ ਭੁੱਲਰ ਸਾਬਕਾ ਪਰਧਾਨ ਆਮ ਆਦਮੀ ਪਾਰਟੀ ਫਿਰੋਜ਼ਪੁਰ, ਮੋਹਰ ਸਿੰਘ ਗਿੱਲ ਪੱਤਰਕਾਰ, ਐਡਵੋਕੇਟ ਰਜਨੀਸ਼ ਦਾਹੀਆ, ਤਰਸੇਮ ਸਿੰਘ ਮੱਲ੍ਹਾ ਪਰਧਾਨ ਨਗਰ ਕੌਂਸਲ ਤਲਵੰਡੀ ਭਾਈ, ਭਜਨ ਸਿੰਘ ਸਿਆਣ, ਹਰਦੇਵ ਸਿੰਘ ਤਖਾਣਵੱਧ ਜ਼ਿਲ੍ਹਾ ਪ੍ਰਧਾਨ ਬੀ ਐਸ ਪੀ ਮੋਗਾ, ਬੀਬੀ ਸੁਨੀਤਾ ਰਾਣੀ ਇੰਚਾਰਜ ਮਹਿਲਾ ਸੰਗਠਨ ਬੀ ਐਸ ਪੀ ਜ਼ਿਲ੍ਹਾ ਮੋਗਾ, ਜਗਤਾਰ ਸਿੰਘ ਚੜਿੱਕ, ਜਗਤਾਰ ਸਿੰਘ ਲੌਂਗੀਵੰਡ, ਜਥੇਦਾਰ ਗੁਰਮੀਤ ਸਿੰਘ ਪਰਧਾਨ ਆਲ ਇੰਡੀਆ ਦਸ਼ਮੇਸ਼ ਖਾਲਸਾ ਦਲ, ਕੈਪਟਨ ਸਵਰਨ ਸਿੰਘ ਸ਼ਾਹਵਾਲਾ, ਗੁਰਪ੍ਰੀਤ ਸਿੰਘ ਪਤਲੀ, ਬਚਿੱਤਰ ਸਿੰਘ ਕੈਂਥ ਫਤਹਿਗੜ੍ਹ ਸਾਹਿਬ, ਮਲਕੀਤ ਸਿੰਘ ਕੋਟ ਕਪੂਰਾ, ਬਖਸ਼ਿਸ਼ ਸਿੰਘ ਪਰਧਾਨ ਸੈਕਟਰੀ ਯੂਨੀਅਨ, ਬਾਬਾ ਹਰੀ ਸਿੰਘ ਟੌਹੜਾ ਚੇਅਰਮੈਨ ਲੇਬਰ ਕਮਿਸ਼ਨ ਪੰਜਾਬ, ਸੁਖਮਿੰਦਰ ਸਿੰਘ ਗੱਜਣਵਾਲਾ, ਆਰ ਐਸ ਰਿਆੜ ਮੋਗਾ, ਸੁਖਦੇਵ ਸਿੰਘ ਲੱਖੇਵਾਲੀ, ਪਰਮਜੀਤ ਸਿੰਘ ਪੰਮਾ ਭਦੌੜ, ਨਿਰਮਲ ਸਿੰਘ ਰਾਜੇਆਣਾ, ਗੁਰਚਰਨ ਸਿੰਘ ਬਜੀਦਪੁਰ, ਤਾਰਾ ਸਿੰਘ ਮਾਰਸ਼ਲ, ਬਲਵੀਰ ਸਿੰਘ, ਕਿਰਨ ਪਰਕਾਸ਼ ਮਹਿਤਾ ਫਰੀਦਕੋਟ ਤੋਂ ਇਲਾਵਾ ਕਰਮਚਾਰੀ ਦਲ ਪੰਜਾਬ ਤੇ ਬਸਪਾ ਦੇ ਵਖ ਵਖ ਜ਼ਿਲਿਆਂ ਦੇ ਆਗੂ ਤੇ ਕਾਰਕੁੰਨ, ਪੰਚ, ਸਰਪੰਚ, ਮੁਲਾਜਮ ਆਗੂ, ਸਮਾਜਕ ਤੇ ਧਾਰਮਿਕ ਹਸਤੀਆਂ ਨੇ ਵੱਡੀ ਗਿਣਤੀ ਵਿਚ ਸ਼ਮੂਲੀਅਤ ਕੀਤੀ।



ਭਾਈ ਗੁਰਬੀਰ ਸਿੰਘ ਖਾਲਸਾ ਦੇ ਰਾਗੀ ਜਥੇ ਨੇ ਵੈਰਾਗ ਮਈ ਕੀਰਤਨ ਤੇ ਗਿਆਨੀ ਗੁਰਸੇਵਕ ਸਿੰਘ ਨੇ ਕਥਾ ਕਰਕੇ ਸੰਗਤਾਂ ਨੂੰ ਨਿਹਾਲ ਕੀਤਾ। ਸਟੇਜ ਸਕੱਤਰ ਦੀ ਜਿੰਮੇਵਾਰੀ ਉਘੇ ਲਿਖਾਰੀ ਗੁਰਮੀਤ ਕੜਿਆਲਵੀ ਨੇ ਬਾਖੂਬੀ ਨਿਭਾਈ। ਅੰਤ ਵਿਚ ਲਾਲ ਸਿੰਘ ਸੁਲਹਾਣੀ ਜਰਨਲ ਸਕੱਤਰ ਬਸਪਾ ਪੰਜਾਬ ਤੇ ਗੁਰਿੰਦਰਪਾਲ ਸਿੰਘ ਸੁਲਹਾਣੀ ਨੇ ਸਮੂਹ ਸੰਗਤਾਂ ਦਾ ਧੰਨਵਾਦ ਕੀਤਾ।





















## ਯੂ ਐਸ ਏ, ਖਬਰਨਾਮਾ (ਹੁਸਨ ਲੜੋਆ ਬੰਗਾ)

# ਸਿੱਖ ਟੈਂਪਲ ਕਨੋਗਾ ਪਾਰਕ, ਕੈਲੀਫੋਰਨੀਆਂ 'ਚ ਕਿਸਾਨੀ ਸੰਘਰਸ਼ ਦੇ ਸ਼ਹੀਦਾਂ ਪ੍ਰਤੀ ਸ਼ਰਧਾਂਜਲੀ ਸਮਾਗਮ

**ਸੈਕਰਾਮੈਂਟੋ, ਕੈਲੀਫੋਰਨੀਆ –** ਸਿੱਖ ਟੈਂਪਲਕਨੋਗਾ ਪਾਰਕ (ਕੈਲੇਫੋਰਨੀਆ) ਵਿਖੇ, ਦਿੱਲੀ ਚਲ ਰਹੇ ਕਿਸਾਨੀ ਸੰਘਰਸ਼ ਦੌਰਾਨ ਹੋਏ ਸ਼ਹੀਦਾਂ ਦੀ ਯਾਦ ਵਿੱਚ ਰੱਖੇ ਗਏ, ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਪਾਏ ਗਏ। ਇਹ ਅਖੰਡ ਪਾਠ ਗਲੋਬਲ ਪੰਜਾਬੀ ਫੋਰਮ ਅਮਰੀਕਾ ਦੇ ਸਮੂਹ ਮੈਂਬਰਾਂ ਵੱਲੋਂ ਕਰਵਾਇਆਂ ਗਿਆ । ਭੋਗ ਤੋਂ ਉਪਰੰਤ ਇਲਾਹੀ ਬਾਣੀ ਦੇ ਕੀਰਤਨ ਦਾ ਪ੍ਰਵਾਹ ਚਲਿਆ। ਸ਼ਰਧਾਂਜਲੀ ਸਮਾਰੋਹ ਦੀ ਸ਼ੁਰੂਆਤ ਕਰਦਿਆਂ। ਸ: ਨਾਨਕ ਸਿੰਘ ਐਲ ਏ (ਸੈਕਟਰੀ ਗਲੋਬਲ ਪੰਜਾਬੀ ਫੋਰਮ) ਨੇ ਕਿਸਾਨੀ ਘੋਲ ਦੇ ਪਿਛੋਕੜ ਬਾਰੇ ਚਾਨਣਾ ਪਾਇਆ ਤੇ ਕਿਸਾਨ ਜਥੇਬੰਦੀਆਂ ਦੇ ਆਗੂਆਂ ਦੀ ਸਿਆਣਪ ਅਤੇ ਦਿਨ ਰਾਤ ਦੀ ਮਿਹਨਤ ਦੀ ਸਾਲਾਹੁਤਾ ਕੀਤੀ । ਉਨ੍ਹਾਂ ਦੀ ਦ੍ਰਿੜਤਾ ਤੇ ਚੜਦੀ ਕਲਾ ਦੀ ਦਾਦ ਦਿੱਤੀ । ਦ੍ਰਿੜਤਾ ਤੇ ਚੜ੍ਹਦੀ ਕਲਾ, ਦੀ ਸਰਾਹਨਾ ਕੀਤੀ ਗਈ। ਭਾਰਤੀ ਸਰਕਾਰ ਨੂੰ ਅਪੀਲ ਕੀਤੀ ਗਈ ਕਿ ਇਹ ਤਿੰਨੇ ਕਨੂੰਨ , ਜੋ ਕਿ ਕਿਸਾਨ ਮਾਰੂ ਹਨ , ਜਲਦੀ ਤੋਂ ਜਲਦੀ ਵਾਪਸ ਲਏ ਜਾਣ । ਸੰਘਰਸ਼ ਵਿੱਚ ਹੋਏ ਸ਼ਹੀਦਾਂ ਨੂੰ ਭਾਵਪੂਰਨ ਸ਼ਬਦਾਂ ਵਿੱਚ ਸ਼ਰਧਾਂਜਲੀ ਪੇਸ਼ ਕੀਤੀ ਗਈ । ਇਸ ਤੋਂ ਬਾਦ ਜੀਪੀਐਫ ਦੇ ਪ੍ਰਧਾਨ ਸ: ਜਸਪਾਲ ਸਿੰਘ ਸੈਣੀ ਨੇ ਕਿਸਾਨੀ ਸੰਘਰਸ਼ ਦੇ ਘੋਲ ਦੀ ਚਰਚਾ ਕਰਦਿਆਂ ਕਿਹਾ ਕਿ ਇਹ ਕਨੂੰਨ ਕਿਸਾਨ ਮਾਰੂ ਤਾਂ ਹਨ ਹੀ , ਇਹ ਸਮਾਜ ਦੇ ਸਾਰੇ ਵਰਗਾ ਦੇ ਹਿਤਾਂ ਖਿਲਾਫ ਭੁਗਤਣ ਵਾਲੇ ਹਨ । ਇਹ ਸਿੱਧੇ ਤੌਰ ਤੇ ਕਾਰਪੋਰੇਟ ਘਰਾਣਿਆਂ ਦਾ ਹਿਤ ਪੂਰਦੇ ਹਨ । ਹਰ ਹਾਲਤ ਵਿੱਚ ਵਾਪਸ ਹੋਣੇ ਚਾਹੀਦੇ ਹਨ। ਸੰਘਰਸ਼ ਵਿੱਚ ਹੋਏ ਸ਼ਹੀਦਾਂ ਨੂੰ ਯਾਦ ਕੀਤਾ ਤੇ ਸ਼ਰਧਾਂਜਲੀ ਪੇਸ਼ ਕੀਤੀ। ਡਾ: ਅਮਰਜੀਤ ਸਿੰਘ ਜੀ ਮਾਰਵਾਹ, ਜੋ ਕਿ ਸਿੱਖ ਕਮਿਊਨਿਟੀ ਦੇ ਸਤਿਕਾਰਤ ਆਗੂ ਹਨ ਨੇ ਕਿਸਾਨੀ ਘੋਲ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਪੇਸ਼ ਕੀਤੀ।



ਵਰਣਨਯੋਗ ਹੈ ਕਿ ਡਾ: ਮਾਰਵਾਹ ਜੀ ਅਮਰੀਕਾ ਵਿੱਚ ਤੇ ਭਾਰਤ ਚ ਵੀ ਸਮਾਜ ਸੇਵੀ ਸੰਸਥਾਵਾਂ ਦੇ ਮੋਢੀਆਂ ਵਿੱਚੋਂ ਇਕ ਹਨ, ਤੇ ਇੰਨਾਂ ਕਾਰਜਾਂ ਵਿੱਚ ਵੱਧ ਚੜ ਕੇ ਆਪਣਾ ਵਡਮੁੱਲਾ ਯੋਗਦਾਨ ਪਾ ਰਹੇ ਹਨ ਤੇ ਡਾ: ਅਮਰਜੀਤ ਸਿੰਘ ਜੀ ਮਾਰਵਾਹ ਗਲੋਬਲ ਪੰਜਾਬੀ ਫੋਰਮ ਅਮਰੀਕਾਦੀ ਸੰਸਥਾ ਦੇ ਸਰਪ੍ਰਸਤ ਹਨ। ਸਟੇਜ ਦੀ ਕਾਰਵਾਈ ਸ: ਨਾਨਕ ਸਿੰਘ ਐਲ ਏਨੇ ਨਿਭਾਈ। ਕਿਸਾਨ ਸੰਘਰਸ਼ ਦੀ ਸਫਲਤਾ ਲਈ ਸਮੂਹ ਸੰਗਤ ਨੇ ਇਸ ਮੌਕੇ ਅਰਦਾਸ ਕੀਤੀ।

# ਵਾਸ਼ਿੰਗਟਨ ਵਿਚ ਬੇਮਿਸਾਲ ਸੁਰੱਖਿਆ ਪ੍ਰਬੰਧ, ਰਾਜਧਾਨੀ ਨੂੰ ਨੈਸ਼ਨਲ ਗਾਰਡ ਦੇ ਕੀਤਾ ਹਵਾਲੇ

**ਸੈਕਰਾਮੈਂਟੋ, ਕੈਲੀਫੋਰਨੀਆ –**20 ਜਨਵਰੀ ਨੂੰ ਹੋਣ ਵਾਲੇ ਰਾਸ਼ਟਰਪਤੀ ਦੀ ਚੋਣ ਜਿੱਤੇ ਜੋਅ ਬਾਇਡੇਨ ਦੇ ਸਹੁੰ ਚੁੱਕ ਸਮਾਗਮ ਤੋਂ ਪਹਿਲਾਂ ਸੰਭਾਵੀ ਹਿੰਸਾ ਕਾਰਨ ਵਾਸ਼ਿੰਗਟਨ ਵਿਚ ਬੇਮਿਸਾਲ ਸੁਰੱਖਿਆ ਪ੍ਰਬੰਧ ਕੀਤੇ ਗਏ ਹਨ ਤੇ ਵਾਸ਼ਿੰਗਟਨ ਨੂੰ ਇਕ ਤਰਾਂ ਸੀਲ ਕਰ ਦਿੱਤਾ ਗਿਆ ਹੈ।

ਰਾਜਧਾਨੀ ਨੂੰ ਨੈਸ਼ਨਲ ਗਾਰਡ ਦੇ ਹਵਾਲੇ ਕਰ ਦਿੱਤਾ ਗਿਆ ਹੈ ਤੇ ਉਹ 24 ਘੰਟੇ ਸਥਿਤੀ ਉਪਰ ਨਜਰ ਰਖ ਰਹੇ ਹਨ। ਪੈਂਟਾਗਨ ਨੇ ਸਹੁੰ ਚੁੱਕ ਸਮਾਗਮ ਦੀ ਸੁਰੱਖਿਆ ਲਈ 25000 ਨੈਸ਼ਨਲ ਗਾਰਡ ਤਾਇਨਾਤ ਕਰਨ ਦਾ ਆਦੇਸ਼ ਦਿੱਤਾ ਹੈ। ਲੰਘੇ ਦਿਨ ਰਾਜਧਾਨੀ ਦੀਆਂ ਜ਼ਿਆਦਾਤਰ ਸੜਕਾਂ ਸੁੰਨੀਆਂ ਰਹੀਆਂ। ਕਾਰਜਕਾਰੀ ਹੋਮਲੈਂਡ ਸਕਿਉਰਿਟੀ ਡਿਪਟੀ ਸਕੱਤਰ ਕੇਨ ਕੂਸੀਨੇਲੀ ਨੇ ਕਿਹਾ ਹੈ ਕਿ ਸਹੁੰ ਚੁੱਕ ਸਮਾਗਮ ਸਬੰਧੀ ਰਿਹਰਸਲ ਸਖਤ ਸੁਰੱਖਿਆ ਪ੍ਰਬੰਧ ਤਹਿਤ ਸੋਮਵਾਰ ਨੂੰ ਹੋਵੇਗੀ। ਪਹਿਲਾਂ ਇਹ ਰਿਹਰਸਲ ਐਤਵਾਰ ਹੋਣੀ ਸੀ। ਲਾਅ ਇਨਫੋਰਸਮੈਂਟ ਅਧਿਕਾਰੀਆਂ ਨੇ ਚਿਤਾਵਨੀ ਦਿੱਤੀ ਹੈ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਸਮਰਥਕ ਵਾਸ਼ਿੰਗਟਨ ਸਮੇਤ ਰਾਜਾਂ ਦੀਆਂ ਰਾਜਧਾਨੀਆਂ ਵਿਚ ਹਿੰਸਕ ਪ੍ਰਦਰਸ਼ਨ ਕਰ ਸਕਦੇ ਹਨ। ਪੈਦਾ ਹੋਏ ਹਾਲਾਤ ਨੂੰ ਵੇਖਦਿਆਂ ਰਾਜਾਂ ਦੀਆਂ ਰਾਜਧਾਨੀਆਂ ਵਿਚ ਵੀ ਸੁਰੱਖਿਆ ਦੇ ਪੈਰਬੰਧਾਂ ਦਾ ਨਵੇਂ ਸਿਰੇ ਤੋਂ ਜਾਇਜ਼ਾ ਲਿਆ ਗਿਆ ਹੈ। ਮਿਸ਼ੀਗਨ ਵਿਚ ਪ੍ਰਦਰਸ਼ਨ ਲਾਂਸਿੰਗ, ਮਿਸ਼ੀਗਨ ਵਿਚ ਟਰੰਪ ਸਮਰਥਕਾਂ ਤੇ ਵਿਰੋਧੀਆਂ ਵੱਲੋਂ ਪ੍ਰਦਰਸ਼ਨ ਕੀਤਾ ਗਿਆ। ਪੁਲਿਸ ਮੁੱਖੀ ਅਨੁਸਾਰ 100 ਦੇ ਕਰੀਬ ਟਰੰਪ ਸਮਰਥਕ ਪ੍ਰਦਰਸ਼ਨਕਾਰੀਆਂ ਨੇ ਪ੍ਰਦਰਸ਼ਨ ਕੀਤਾ ਜਦ ਕਿ 50 ਦੇ ਕਰੀਬ ਟਰੰਪ ਵਿਰੋਧੀ ਵੀ ਉਥੇ ਪਹੁੰਚ ਗਏ। ਪਰੰਤੂ ਦੋਨਾਂ ਧੜਿਆਂ ਵਿਚਾਲੇ ਕਿਸੇ ਕਿਸਮ ਦਾ ਟਕਰਾਅ ਹੋਣ ਤੋਂ ਬਚਾਅ ਹੋ ਗਿਆ।

**ਨਿਊਮੈਕਸੀਕੋ ਦਾ ਕਮਿਸ਼ਨਰ ਗ੍ਰਿਫਤਾਰ–** ਨਿਊਮੈਕਸੀਕੋ ਕਾਊਂਟੀ ਦੇ ਕਮਿਸ਼ਨਰ ਕੌਇਗਰਾਫਿਨ ਨੂੰ 6 ਜਨਵਰੀ ਨੂੰ ਕੈਪੀਟਲ ਹਿੱਲ ਵਿਚ ਵਾਪਰੀ ਹਿੰਸਾ ਦੇ ਮਾਮਲੇ ਵਿਚ ਗ੍ਰਿਫਤਾਰ ਕੀਤਾ ਗਿਆ ਹੈ। ਗਰਾਫਿਨ ਨੇ ਬਾਇਡੇਨ ਦੇ ਸਹੁੰ ਚੁੱਕ ਸਮਾਗਮ ਵਿਚ ਗੰਨ ਸਮੇਤ ਸ਼ਾਮਿਲ ਹੋਣ ਦੀ ਸ਼ੇਖੀ ਮਾਰੀ ਸੀ। 47 ਸਾਲਾ ਗਰਾਫਿਨ ਵਿਰੁੱਧ ਹੋਰ ਦੋਸ਼ਾਂ ਤੋਂ ਇਲਾਵਾ ਮਨਾਹੀ ਵਾਲੇ ਖੇਤਰ ਵਿਚ ਦਾਖਲ ਹੋਣ ਦੇ ਦੋਸ਼ ਲਾਏ ਗਏ ਹਨ। ਦੂਸਰੇ ਪਾਸੇ ਕਮਿਸ਼ਨਰ ਦਾ ਕਹਿਣਾ ਹੈ ਕਿ ਉਸ ਨੇ ਕੋਈ ਕਾਨੂੰਨ ਨਹੀਂ ਤੋੜਿਆ ਤੇ ਨਾ ਹੀ ਉਸ ਨੇ ਕਿਸੇ ਉਪਰ ਹਮਲਾ ਕੀਤਾ ਹੈ।

# ਵਿਰਜੀਨੀਆ ਦੀ ਰਾਜਧਾਨੀ ਵਿਚ ਹਥਿਆਰਬੰਦ ਲੋਕਾਂ ਵੱਲੋਂ ਪ੍ਰਦਰਸ਼ਨ

**ਸੈਕਰਾਮੈਂਟੋ, ਕੈਲੀਫੋਰਨੀਆ–** ਜੋਅ ਬਾਇਡੇਨ ਦੇ ਰਾਸ਼ਟਰਪਤੀ ਵਜੋਂ ਸਹੁੰ ਚੁੱਕਣ ਤੋਂ ਦੋ ਦਿਨ ਪਹਿਲਾਂ ਵਰਜੀਨੀਆ ਦੀ ਰਾਜਧਾਨੀ ਰਿਚਮੰਡ ਵਿਚ ਹਥਿਆਰਬੰਦ ਲੋਕਾਂ ਨੇ ਪ੍ਰਦਰਸ਼ਨ ਕੀਤਾ ਜਦ ਕਿ ਸੁਰੱਖਿਆ ਦਸਤਿਆਂ ਨੇ ਪ੍ਰਦਰਸ਼ਨਕਾਰੀਆਂ ਨੂੰ ਵਿਧਾਨ ਸਭਾ ਦੇ ਨੇੜੇ ਨਹੀਂ ਢੁੱਕਣ ਦਿੱਤਾ। ਪਰਾਊਡ ਬੁਆਇਜ , ਬੂਗਾਲੋ ਤੇ ਪੈਥਰਜ ਗਰੁੱਪਾਂ ਨਾਲ ਸਬੰਧਤ ਅਨੇਕਾਂ ਪ੍ਰਦਰਸ਼ਨਕਾਰੀ ਰਿਚਮੰਡ ਵਿਚ ਇਕੱਠੇ ਹੋਏ। ਇਹ ਪ੍ਰਦਰਸ਼ਨ ਅਧਿਕਾਰਾਂ ਸਬੰਧੀ ਦੂਸਰੀ ਸੋਧ ਦੇ ਸਮਰਥਨ ਵਿਚ ਵਿਰਜੀਨੀਆ ਸਿਟੀਜ਼ਨ ਡੀਫੈਂਸ ਲੀਗ ਦੀ ਮੇਜਬਾਨੀ ਵਿਚ ਆਯੋਜਿਤ ਕੀਤਾ ਗਿਆ। ਇਸ ਤੋਂ ਇਲਾਵਾ ਵਿਰਜੀਨੀਆ ਵਿਚ ਇਕ



ਕਾਰ ਰੈਲੀ ਵੀ ਕੱਢੀ ਗਈ। ਇਸ ਵਾਰ ਸਿਟੀਜ਼ਨ ਡਿਫੈਂਸ ਲੀਗ ਨੂੰ ਡਾਊਨ ਟਾਊਨ ਰਿਚਮੰਡ ਵਿਚ ਸਾਲਾਨਾ ਰੈਲੀ ਕੱਢਣ ਦੀ ਇਜਾਜ਼ਤ ਨਾ ਮਿਲਣ ਕਾਰਨ ਲੀਗ ਨੇ ਸਮੁੱਚੇ ਵਿਰਜੀਨੀਆ ਵਿਚ ਕਾਰ ਰੈਲੀ ਕੱਢੀ। ਪੁਲਿਸ ਵਿਭਾਗ ਨੇ ਟਵੀਟ ਦੁਆਰਾ ਪ੍ਰਦਰਸ਼ਨਕਾਰੀਆਂ ਨੂੰ ਹਥਿਆਰ ਲੈ ਕੇ ਆਉਣ 'ਤੇ ਪਾਬੰਦੀ ਬਾਰੇ ਸੂਚਿਤ ਕੀਤਾ ਹੈ ਤੇ ਕਿਹਾ ਹੈ ਕਿ 11 ਤੋਂ ਵਧ ਲੋਕਾਂ ਦਾ ਇਕੱਠ ਨਹੀਂ ਹੋ ਸਕਦਾ। ਇਥੇ ਜਿਕਰਯੋਗ ਹੈ ਕਿ ਰਿਚਮੰਡ ਵਿਚ ਹੰਗਾਮੀ ਸਥਿਤੀ ਐਲਾਨਣ ਦੇ ਬਾਵਜੂਦ ਇਹ ਇਕੱਠ ਕੀਤਾ ਗਿਆ। ਗਵਰਨਰ ਰਾਲਫ ਨਾਰਥਮ ਦੇ ਆਦੇਸ਼ 'ਤੇ ਰਾਜਧਾਨੀ ਵਿਚ ਨੈਸ਼ਨਲ ਗਾਰਡ ਤਾਇਨਾਤ ਕਰ ਦਿੱਤੇ ਗਏ ਹਨ।

## ਯਾਤਰਾ ਅਨੰਦਪੁਰ ਸਾਹਿਬ ਅਤੇ ਮਾਫੀਨਾਮਾ

ਮੈਨੂੰ ਮਾਫ ਕਰਿਉ ਦਸ਼ਮੇਸ਼ ਪਿਤਾ ਜੀਉ
ਕਿ ਮੈਂ ਮੁੜਦਾ ਰਿਹਾਂ ਅਨੰਦਪੁਰੀ ਤੋਂ
ਸਿਰਫ਼ ਅਤੇ ਸਿਰਫ਼ ਮੱਥਾ ਟੇਕ ਕੇ

ਜਾਂ ਵੱਧ ਤੋਂ ਵੱਧ ਨਿਸ਼ਾਨ ਸਾਹਿਬ 'ਤੇ
ਉਂਗਲਾਂ ਘਸਾ ਪਰਿਕਰਮਾ ਕਰਕੇ

ਹੰਢਾਅ ਜਾਂ ਗਵਾ ਲਏ ਉਮਰ ਦੇ
ਪੂਰੇ ਪੈਂਤੀ ਵਰ੍ਹੇ ਬਿਨਾਂ ਜਾਣਿਆਂ
ਕਿਲਾ ਅਨੰਦਗੜ੍ਹ, ਹੋਲਗੜ੍ਹ
ਫਤਿਹਗੜ੍ਹ, ਤਾਰਾਗੜ੍ਹ ਅਤੇ
ਲੋਹਗੜ੍ਹ ਦਾ ਇਤਿਹਾਸ

ਕਿ ਕਿਵੇਂ ਕਰੀਦੀ ਹੈ ਵਿਉਂਤਬੰਦੀ
ਦੂਰ ਅੰਦੇਸ਼ੀ ਨਾਲ ਆਤਮ ਰੱਖਿਆ ਲਈ

ਨਾ ਹੀ ਕਦੇ ਕਿਤਿਉਂ
ਪੁੱਛਿਆ ਹੈ ਬਿਰਤਾਂਤ
ਮਾਖੋਵਾਲ ਤੋਂ ਚੱਕ ਨਾਨਕੀ
'ਤੇ ਫਿਰ ਅਨੰਦਪੁਰ ਬਣਨ ਬਾਰੇ

ਕਾਸ਼...! ਕਿਤੇ ਮਾਪੇ, ਪਾਠੀ, ਪ੍ਰਚਾਰਕ
ਬੰਨ੍ਹ ਦਿੰਦੇ ਪ੍ਰਚਾਰ-ਰੂਪੀ ਰੱਸੀ
ਕੱਚੀ ਟਾਹਣੀ ਵਰਗੀ ਉਮਰੇ

ਤੇ ਮੈਂ ਵੀ ਵਧਣ ਫੁੱਲਣ ਦੇ ਨਾਲ ਨਾਲ
ਛੂਹੀ ਜਾਂਦਾ ਅਧਿਆਤਮਿਕ ਉਚਾਈਆਂ
ਸਿੱਖੀ ਦੇ ਮੁਨਾਰਿਆਂ ਵੱਲ

ਪਰ ਹੁਣ ਵੇਖ-ਵੇਖ, ਸੁਣ ਸੁਣ&;
ਰੱਟ-ਰੱਟਾਈਆਂ, ਕਬਜ਼ੇ, ਲੜਾਈਆਂ&;
ਬਣ ਚੁੱਕਿਆਂ ਹਾਂ ਪੱਕਾ ਟਾਹਣ

ਤੇ ਟਾਹਣਾਂ ਦੀ ਸੌਖਿਆਂ ਕਿਤੇ
ਦਿਸ਼ਾ ਨਹੀਂ ਬਦਲਦੀ
ਜੇ ਬਦਲਦੀ ਹੈ ਤਾਂ ਬੱਸ ਦਸ਼ਾ
ਸੁੱਕ ਕੇ, ਟੁੱਟ ਕੇ ਜਾਂ ਵਢ ਕੇ

ਪਰ ਤੁਹਾਡੇ ਦੱਸੇ ਰਾਹਾਂ 'ਤੇ
ਕੁਝ ਕੁ ਪ੍ਰਤੀਸ਼ਤ ਹੀ
ਚੱਲਣ ਦਾ ਕਮਾਲ ਹੈ

ਕਿ ਅਜੇ ਤੱਕ ਨਹੀਂ ਆਈ ਨੌਬਤ
ਸੁੱਕਣ ਜਾਂ ਟੁੱਟਣ ਦੀ
ਹਾਂ... ਵੱਢਣ ਵਾਲੇ ਬਥੇਰੇ
ਤੁਰੇ ਫਿਰਦੇ ਨੇ

ਸੋ ਹੁਣ ਨਹੀਂ ਕਰਾਂਗਾ ਗ਼ਲਤੀ
ਤੇ ਗਹੁ ਨਾਲ ਪੜ੍ਹਾਗਾਂ
ਦਾਸਤਾਂ-ਏ-ਚਮਕੌਰ

ਤਾਂ ਕਿ ਸਮਾਂ ਰਹਿੰਦਿਆਂ ਹੀ
ਸਿੱਖ ਜਾਵਾਂ ਹੁਨਰ
ਕੱਚੀ ਗੜ੍ਹੀਆਂ ਨੂੰ
ਜੰਗੀ ਕਿਲਿਆਂ ਵਿੱਚ
ਤਬਦੀਲ ਕਰਨ ਦਾ

**– ਰੋਮੀ ਘੜਾਮੇਂ ਵਾਲਾ**
**91-98552-81105**



## ਕੌਣ ਚੁਕਵਾਉਂਦਾ ਹੈ ਸਹੁੰ ਤੇ ਕਦੋਂ ਤੋਂ ਸ਼ੁਰੂ ਹੋਈ ਇਸ ਦੌਰਾਨ ਬਾਈਬਲ ਰੱਖਣ ਦੀ ਪ੍ਰਥਾ

ਜੋਅ ਬਾਈਡਨ ਅਮਰੀਕਾ ਦੇ 46 ਰਾਸ਼ਟਰਪਤੀ ਦੇ ਤੌਰ 'ਤੇ ਸਹੁੰ ਚੁੱਕਣ ਦਾ ਸਮਾਂ ਆ ਗਿਆ ਹੈ। ਅਮਰੀਕੀ ਰਾਸ਼ਟਰਪਤੀ ਨੂੰ ਦੇਸ਼ ਦੇ ਚੀਫ਼ ਜਸਟਿਸ ਸਹੁੰ ਚੁਕਾਉਂਦੇ ਹਨ। ਇਸ ਦੌਰਾਨ ਆਪਣੇ ਹੱਥਾਂ 'ਚ ਬਾਈਬਲ ਰੱਖਣ ਦੀ ਪ੍ਰਥਾ ਦੇਸ਼ ਦੀ ਪਹਿਲੀ ਮਹਿਲਾ ਲੇਡੀ ਬਰਡ ਜਾਨਸਨ ਤੋਂ ਸ਼ੁਰੂ ਹੋਈ ਸੀ। ਉਨ੍ਹਾਂ ਨੇ ਜਾਨਸਨ ਵੱਲੋਂ ਸਹੁੰ ਲੈਂਦੇ ਸਮੇਂ ਬਾਈਬਲ ਹੱਥ 'ਚ ਚੁੱਕੀ ਸੀ। ਇਸ ਤੋਂ ਬਾਅਦ ਹੀ ਇਹ ਪਰੰਪਰਾ ਸ਼ੁਰੂ ਹੋ ਗਈ। ਡੋਨਾਲਡ ਟਰੰਪ ਦੇ ਸਹੁੰ ਚੁੱਕਦੇ ਸਮੇਂ ਇਸ ਭੂਮਿਕਾ 'ਚ ਮਲੇਨੀਆ ਟਰੰਪ ਦਿ-ਖਾਈ ਦਿੱਤੀ ਸੀ। ਹਾਲਾਂਕਿ ਇਸ ਨੂੰ ਕੋਈ ਵੀ ਕਾਨੂੰਨੀ ਮਾਨਤਾ ਨਹੀਂ ਮਿਲੀ ਹੈ। ਅਮਰੀਕੀ ਰਾਸ਼ਟਰਪਤੀ ਨੂੰ ਦੇਸ਼ ਦੇ ਸੁਪਰੀਮ ਕੋਰਟ ਚੀਫ਼ ਜਸਟਿਸ ਸਹੁੰ ਦਿਵਾਉਂਦੇ ਹਨ। ਸਹੁੰ ਦੇ ਅੰਤ 'ਚ ਕਿਹਾ ਜਾਂਦਾ ਹੈ ਕਿ ਭਗਵਾਨ ਇਸ ਜ਼ਿੰਮੇਵਾਰੀ ਨੂੰ ਨਿਭਾਉਣ 'ਚ ਉਨ੍ਹਾਂ ਦੀ ਮਦਦ ਕਰੋ।



ਤੁਹਾਨੂੰ ਇੱਥੇ ਅਮਰੀਕੀ ਰਾਸ਼ਟਰਪਤੀ ਦੇ ਸਹੁੰ ਚੁੱਕ ਸਮਾਗਮ ਨਾਲ ਜੁੜੇ ਕੁਝ ਦਿਲਚਸਪ ਪਹਿਲੂਆਂ ਬਾਰੇ ਵੀ ਇੱਥੇ ਦੱਸਣਾ ਜ਼ਰੂਰੀ ਹੋ ਜਾਂਦਾ ਹੈ। ਕਿਉਂਕਿ ਅਮਰੀਕੀ ਸੰਵਿਧਾਨ 'ਚ ਰਾਸ਼ਟਰਪਤੀ ਦੇ ਸਹੁੰ ਚੁੱਕ ਸਮਾਗਮ ਦੀ ਮਿਤੀ ਸਪੱਸ਼ਟ ਕੀਤੀ ਗਈ ਪਰ ਇਸ ਤੋਂ ਬਾਅਦ ਵੀ ਕਈ ਵਾਰ ਵੱਖ-ਵੱਖ ਤਾਰੀਕਾਂ 'ਤੇ ਇਹ ਸਮਾਗਮ ਕਰਵਾਇਆ ਜਾਂਦਾ ਹੈ। ਜਿਵੇਂ-1937 ਤੋਂ ਪਹਿਲਾਂ ਤਕ ਇਹ ਸਹੁੰ ਚੁੱਕ ਸਮਾਗਮ 5 ਮਾਰਚ ਨੂੰ ਕਰਵਾਇਆ ਜਾਂਦਾ ਸੀ। ਉਧਰ ਜਾਰਜ ਵਾਸ਼ਿੰਗਟਨ ਨੇ 30 ਅਪ੍ਰੈਲ 1789 ਨੂੰ ਇਸ ਅਹੁਦੇ ਦੀ ਸਹੁੰ ਲਈ ਸੀ। ਉਧਰ ਦੂਜੇ ਪਾਸੇ ਜਦੋਂ ਉਹ ਰਾਸ਼ਟਰਪਤੀ ਬਣੇ ਤਾਂ ਉਨ੍ਹਾਂ ਨੇ 4 ਮਾਰਚ 1793 ਨੂੰ ਅਹੁਦੇ ਤੋਂ ਗੋਪਨੀਅਤਾ ਦੀ ਸਹੁੰ ਚੁੱਕੀ ਸੀ। ਜੇਮਸ ਮੋਨਰੋ ਨੇ ਵੀ 5 ਮਾਰਚ ਨੂੰ ਹੀ ਸਹੁੰ ਚੁੱਕੀ ਸੀ। ਸੰਵਿਧਾਨ ਦੇ 20ਵੇਂ ਸੋਧ ਤੋਂ ਬਾਅਦ ਰਾਸ਼ਟਰਪਤੀ ਦੇ ਸਹੁੰ ਲੈਣ ਦੀ ਤਾਰੀਕ ਨੂੰ 20 ਜਨਵਰੀ ਤੈਅ ਕਰ ਦਿੱਤੀ ਗਈ ਸੀ। ਇਸ ਤਹਿਤ ਸਭ ਤੋਂ ਪਹਿਲਾਂ 1937 'ਚ ਫ੍ਰੇਂਕਲੀਨ ਰੂਜ਼ਵੇਲਟ ਨੇ ਸਹੁੰ ਚੁੱਕੀ ਸੀ।

ਜ਼ਿਕਰਯੋਗ ਹੈ ਕਿ ਅਮਰੀਕਾ 'ਚ ਰਾਸ਼ਟਰਪਤੀ ਦਾ ਅਹੁਦਾ ਕਿਸੇ ਵੀ ਸੂਰਤ 'ਚ ਖਾਲੀ ਹੋਣ 'ਤੇ ਹੋਰ ਕਈ ਦੇਸ਼ਾਂ ਦੀ ਤਰ੍ਹਾਂ ਕਾਰਜਕਾਲ ਖ਼ਤਮ ਹੋਣ ਤੋਂ ਪਹਿਲਾਂ ਚੋਣਾਂ ਨਹੀਂ ਕਰਵਾਈਆਂ ਜਾਂਦੀਆਂ। ਇੱਥੇ ਅਹੁਦਾ ਖਾਲੀ ਹੁੰਦੇ ਹੀ ਸੱਤਾ ਦੀ ਬਾਗਡੋਰ ਉਪਰਾਸ਼ਟਰਪਤੀ ਦੇ ਹੱਥਾਂ 'ਚ ਆ ਜਾਂਦੀ ਹੈ ਤੇ ਉਹ ਦੇਸ਼ ਦੇ ਨਵੇਂ ਉਪਰਾਸ਼ਟਰਪਤੀ ਦੇ ਤੌਰ 'ਤੇ ਸਹੁੰ ਲੈਂਦਾ ਹੈ। ਇੱਥੋ ਤਕ ਸਹੁੰ ਤੋਂ ਬਾਅਦ ਸਭ ਤੋਂ ਲੰਬੀ ਸਪੀਚ ਦੇਣ ਦੀ ਗੱਲ ਹੈ ਇਹ ਕਾਰਨਾਮਾ ਵਿਲੀਅਮ ਹੈਨਰੀ ਹੈਰੀਸਨ ਦੇ ਨਾਂ ਹੈ। ਉਨ੍ਹਾਂ ਨੇ ਲਗਪਗ ਪੌਣੇ ਦੋ ਘੰਟਿਆਂ ਦੀ ਸਪੀਚ ਦਿੱਤੀ ਸੀ ਜਦੋਂਕਿ ਸਭ ਤੋਂ ਛੋਟੀ ਸਪੀਚ ਦੇਣ ਦਾ ਸਿਹਰਾ ਜਾਰਜ ਵਾਸ਼ਿੰਗਟਨ ਨੂੰ ਜਾਂਦਾ ਹੈ। ਅੱਜ ਸਹੁੰ ਚੁੱਕ ਸਮਾਗਮ ਤੋਂ ਬਾਅਦ ਜੋ ਬਾਇਡਨ ਦੇ ਆਧਿਕਾਰਤ ਰਿਹਾਇਸ਼ ਦਾ ਵੀ ਪਤਾ ਬਦਲ ਕੇ ਵ੍ਹਾਈਟ ਹਾਊਸ ਹੋ ਜਾਵੇਗਾ।

# ਕੈਨੇਡਾ ਦੇ ਇਸ ਸਿੱਖ ਮੰਤਰੀ ਨੇ ਕੈਬਨਿਟ ਛੱਡਣ ਦਾ ਕੀਤਾ ਫ਼ੈਸਲਾ


ਓਟਾਵਾ- ਕੈਨੇਡਾ ਦੇ ਪੰਜਾਬੀ ਮੂਲ ਦੇ ਸਿੱਖ ਮੰਤਰੀ ਨਵਦੀਪ ਬੈਂਸ ਨੇ ਟਰੂਡੋ ਕੈਬਨਿਟ ਤੋਂ ਅਸਤੀਫ਼ਾ ਦੇਣ ਦਾ ਫ਼ੈਸਲਾ ਕੀਤਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਉਹ ਅਗਲੀ ਚੋਣ ਵੀ ਨਹੀਂ ਲੜਨਗੇ। ਪ੍ਰਧਾਨ ਮੰਤਰੀ ਟਰੂਡੋ ਵੱਲੋਂ ਆਪਣੀ ਕੈਬਨਿਟ 'ਚ ਰੱਦੋ-ਬਦਲ ਕੀਤੀ ਜਾ ਰਹੀ ਹੈ। ਦੀ ਰਿਪੋਰਟ ਅਨੁਸਾਰ ਟਰੂਡੋ ਕੋਵਿਡ-19 ਕਾਰਨ ਮੰਗਲਵਾਰ ਦੁਪਹਿਰੋਂ ਬਾਅਦ ਵਰਚੂਅਲ ਕੈਬਨਿਟ ਮੀਟਿੰਗ ਦੌਰਾਨ ਫੇਰ-ਬਦਲ ਕਰਨਗੇ।



ਸੂਤਰਾਂ ਅਨੁਸਾਰ ਵਿਦੇਸ਼ ਮੰਤਰੀ ਫਿਲੀਪ ਬੈਂਸ ਨੂੰ ਰਿਪਲੇਸ ਕਰਨਗੇ ਤੇ ਟਰਾਂਸਪੋਰਟ ਮੰਤਰੀ ਮਾਰਕ ਗ੍ਰੈਨਿਊ ਨੂੰ ਵਿਦੇਸ਼ ਮੰਤਰੀ ਬਣਾਇਆ ਜਾਵੇਗਾ। ਓਮਰ ਅਲਗਾਬਰਾ ਨੂੰ ਤਰੱਕੀ ਦੇ ਕੇ ਟਰਾਂਸਪੋਰਟ ਮੰਤਰੀ ਦਾ ਅਹੁਦਾ ਨਵਾਜਿਆ ਜਾਵੇਗਾ।

ਤੁਹਾਨੂੰ ਦੱਸ ਦੇਈਏ ਕਿ ਟਰੂਡੋ ਨੇ ਇਸ ਤੋਂ ਪਹਿਲਾਂ ਅਗਸਤ ਮਹੀਨੇ ਸਾਬਕਾ ਫਾਇਨਾਂਸ ਮਿਨਿਸਟਰ ਬਿਲ ਮੋਰੇਨਿਊ ਦੀ ਵਿਦਾਇਗੀ ਤੋਂ ਬਾਅਦ ਕੈਬਨਿਟ 'ਚ ਫੇਰ-ਬਦਲ ਕੀਤੀ ਸੀ।

# ਕਿਵੇਂ ਬਣਾਇਆ ਜਾਵੇ ਬੱਚਿਆਂ ਨੂੰ ਜਿੰਮੇਵਾਰ



ਹਰਕੀਰਤ ਕੌਰ ਸਭਰਾ
9779118066

ਪ੍ਰਮਾਤਮਾ ਨੇ ਇਸ ਸੰਸਾਰ ਦੀ ਬਣਤਰ ਹੀ ਕੁਝ ਇਸ ਤਰ੍ਹਾਂ ਦੀ ਬਣਾਈ ਹੈ ਕਿ ਹਰ ਵਿਅਕਤੀ ਇਸ ਜੀਵਨ ਦੇ ਤਾਣੇ ਬਾਣੇ ਵਿੱਚ ਬਹੁਤ ਬੁਰੀ ਤਰ੍ਹਾਂ ਉਲਝ ਜਾਂਦਾ ਹੈ। ਹਰ ਮਾਂ ਪਿਓ ਦੀ ਕੋਸ਼ਿਸ਼ ਹੁੰਦੀ ਹੈ ਕਿ ਉਹ ਆਪਣੇ ਬੱਚੇ ਨੂੰ ਖੂਬ ਪਿਆਰ ਅਤੇ ਸੁਖਦ ਜੀਵਨ ਦੇਵੇ, ਇਸੇ ਕੋਸ਼ਿਸ਼ ਦੇ ਚੱਲਦਿਆਂ ਮਾਂ ਪਿਓ ਬੱਚੇ ਵੱਲੋਂ ਰੱਖੀ ਹਰ ਇੱਛਾ ਨੂੰ ਪੂਰਿਆਂ ਕਰਦੇ ਹਨ। ਹੋਲੀ ਹੋਲੀ ਬੱਚਾ ਵੱਡਾ ਹੋ ਜਾਂਦਾ ਹੈ ਪਰ ਮਾਪਿਆਂ ਦੀ ਲਾਪਰਵਾਹੀ ਕਾਰਣ ਉਸਦੀ ਇਛਾਵਾਂ ਰੱਖਣ ਦੀ ਰੁਚੀ ਵਿੱਚ ਵੀ ਵਾਧਾ ਹੁੰਦਾ ਜਾਂਦਾ ਹੈ। ਉਹ ਵੱਡੇ ਹੋਣ ਦੇ ਨਾਲ ਆਪਣੀ ਜਿੰਮੇਵਾਰੀ ਨੂੰ ਸਮਝਣ ਦੀ ਬਜਾਇ ਆਪਣੇ ਮਾਪਿਆਂ ਅੱਗੇ ਵੱਡੀਆਂ ਮੰਗਾਂ ਰੱਖਦਾ ਹੈ, ਜਿਵੇਂ ਕਿ ਫੋਨ, ਮੋਟਰਸਾਇਕਲ ਜਾਂ ਹੋਰ ਕਈ ਚੀਜ਼ਾਂ। ਮਾਪੇ ਬੱਚੇ ਨੂੰ ਉਸਦੀ ਜਿੰਮੇਵਾਰੀ ਦਾ ਅਹਿਸਾਸ ਕਰਵਾਉਣ ਦੀ ਬਜਾਇ ਆਪ ਤੰਗ ਹੋਕੇ ਬੱਚੇ ਦੀ ਮੰਗ ਨੂੰ ਪੂਰਿਆਂ ਕਰਦੇ ਹਨ। ਕਿਉਂਕਿ ਸਾਡੇ ਸਮਾਜ ਦੀ ਬਣਤਰ ਹੀ ਅਜਿਹੀ ਹੈ, ਜਿੱਥੇ ਵੀਹ ਸਾਲ ਦੇ ਬੱਚੇ ਨੂੰ ਵੀ ਪੰਜ ਸਾਲ ਦੇ ਬੱਚਿਆਂ ਵਾਂਗ ਪਲੋਸਿਆ ਜਾਂਦਾ ਹੈ। ਮੇਰੇ ਕਹਿਣ ਤੋਂ ਭਾਵ ਬਿਲਕੁਲ ਨਹੀਂ ਕਿ ਬੱਚਿਆਂ ਨੂੰ ਪਿਆਰ ਨਾ ਕੀਤਾ ਜਾਵੇ, ਪਰ ਉਨ੍ਹਾਂ ਨੂੰ ਵਿਹਲਿਆਂ ਬਿਠਾ ਕੇ ਗੈਰ ਜਿੰਮੇਵਾਰ ਬਣਾਉਣਾ ਮੈਨੂੰ ਨਹੀਂ ਲੱਗਦਾ ਕਿ ਪਿਆਰ ਅਖਵਾਉਂਦਾ ਹੈ।

ਹੁਣ ਇਥੇ ਇੱਕ ਹੋਰ ਗੱਲ ਜਰੂਰ ਰੱਖਣਾਂ ਚਾਹਾਂਗੀ ਕਿ ਅਸੀਂ ਸਭ ਜਾਣਦੇ ਹਾਂ ਕਿ ਵਿਦੇਸ਼ਾਂ ਵਿੱਚ ਲੋਕ ਇੱਕ ਬਹੁਤ ਹੀ ਵਧੀਆ ਅਤੇ ਸੁਖਦ ਜੀਵਨ ਜਿਊਦੇਂ ਹਨ। ਸਾਡਾ ਸਾਰਿਆਂ ਦਾ ਵੀ ਸੁਪਨਾ ਵਿਦੇਸ਼ਾਂ ਵਰਗੇ ਸਮਾਜ ਦਾ ਹੀ ਹੈ ਪਰੰਤੂ ਅਸੀਂ ਇਹ ਨਹੀਂ ਦੇਖਦੇ ਕਿ ਵਿਦੇਸ਼ਾਂ ਵਿੱਚ ਪੰਦਰ੍ਹਾਂ ਸਾਲ ਦਾ &;ਬੱਚਾ ਵੀ ਆਪਣੀ ਜਿੰਮੇਵਾਰੀ ਸਮਝਦੇ ਹੋਏ ਕੰਮ ਕਰ ਰਿਹਾ ਹੈ ਅਤੇ ਅਠਾਰਾਂ ਸਾਲ ਦਾ ਬੱਚਾ ਨਾ ਕੇਵਲ ਆਪਣਾ ਬਲਕਿ ਪਰਿਵਾਰ ਦਾ ਵੀ ਧਿਆਨ ਰੱਖ ਰਿਹਾ ਹੈ।

ਅਸਲ ਵਿੱਚ ਅਸੀਂ ਪਰਿਵਰਤਨ ਤਾਂ ਚਾਹੁੰਦੇ ਹਾਂ ਪਰ ਹੱਥੀਂ ਕੁਝ ਕਰਨਾ ਨਹੀਂ ਚਾਹੁੰਦੇ। ਜੇਕਰ ਸੱਤ ਤੋਂ ਦਸ ਸਾਲ ਦੇ ਬੱਚੇ ਨੂੰ ਆਪਣੇ ਕੱਪੜੇ ਖੁਦ ਅਲਮਾਰੀ ਵਿੱਚ ਰੱਖਣ, ਕਿਤਾਬਾਂ ਜਾਂ ਬੈਗ ਸਾਭਣ, ਆਪਣੇ ਜੁੱਤੇ ਸਾਫ ਕਰਨ, ਆਪਣੇ ਜੂਠੇ ਭਾਂਡੇ ਰਸੋਈ ਵਿੱਚ ਰੱਖਣ ਅਤੇ ਸਾਫ ਕਰਨ, ਮਾਤਾ ਨਾਲ ਛੋਟੇ ਮੋਟੇ ਕੰਮਾਂ ਵਿੱਚ ਹੱਥ ਵਟਾਉਣ ਲਈ ਕਿਹਾ ਜਾਵੇ ਤਾਂ ਬੱਚੇ ਨੂੰ ਇਹਨਾਂ ਕੰਮਾਂ ਦੀ ਆਦਤ ਹੋ ਜਾਵੇਗੀ। ਜਿਸ ਦੇ ਕਈ ਫਾਇਦੇ ਹੋਣਗੇ ਇੱਕ ਤਾਂ ਬੱਚੇ ਨੂੰ ਘਰ ਦੇ ਕੰਮ ਕਰਨ ਵਿੱਚ ਰੁਚੀ ਪੈਦਾ ਹੋਵੇਗੀ ਦੂਸਰਾ ਉਸ ਨੂੰ ਜਿੰਮੇਵਾਰੀ ਦਾ ਅਹਿਸਾਸ ਹੋਵੇਗਾ ਨਾਲ ਦੀ ਨਾਲ ਜਿਹੜੇ ਬੱਚੇ ਜਿਆਦਾ ਫੋਨ ਉੱਪਰ ਸਮਾਂ ਬਤੀਤ ਕਰਦੇ ਹਨ ਉਸ ਸਮੱਸਿਆ ਦਾ ਵੀ ਹੱਲ ਨਿਕਲ ਜਾਵੇਂਗਾ। ਪਰ ਜਿਸ ਸਮਾਜ ਦੇ ਅਸੀਂ ਲੋਕ ਵਸਨੀਕ ਹਾਂ ਉੱਥੇ ਬੱਚਿਆਂ ਨੂੰ ਪਿਆਰ ਦੇ ਨਾਮ ਗੈਰ ਜਿੰਮੇਵਾਰ ਅਤੇ ਆਲਸੀ ਬਣਾਇਆ ਜਾਂਦਾ ਹੈ। ਵਰਤਮਾਨ ਸਮੇਂ ਵਿੱਚ ਬਹੁਤਾਤ ਬੱਚਿਆਂ ਦਾ ਜੀਵਨ ਮੋਬਾਈਲ ਫੋਨਾਂ ਉੱਤੇ ਬੀਤ ਰਿਹਾ , ਇਹ ਇੱਕ ਘਰ ਦੀ ਕਹਾਣੀ ਨਹੀਂ ਬਲਕਿ ਹਰ ਘਰ ਦੀ ਕਹਾਣੀ ਹੈ। ਪਰ ਸੋਚਣ ਵਾਲੀ ਗੱਲ ਇਹ ਹੈ ਕਿ ਬੱਚਿਆਂ ਨੂੰ ਮੋਬਾਇਲ ਫੋਨਾਂ ਦਾ ਆਦੀ ਕਿਸਨੇ ਬਣਾਇਆ, ਜਿਸ ਦਾ ਸਿੱਧਾ ਤੇ ਸਰਲ ਜਵਾਬ ਹੈ ਮਾਪਿਆਂ ਨੇ, ਮੈਂ ਬਹੁਤ ਸਾਰੇ ਮਾਪਿਆਂ ਨੂੰ ਬਹੁਤ ਹੁੱਭ ਕ੍ਰੋਧ ਕਹਿੰਦੇ ਸੁਣਿਆ ਕਿ "ਸਾਡੇ ਬੱਚੇ ਨੂੰ ਸਾਡੇ ਤੋਂ ਜਿਆਦਾ ਜਾਣਕ-ਾਰੀ ਹਾਸਿਲ ਮੋਬਾਈਲ ਫੋਨਾਂ ਦੀ"। ਪਰ ਮੈਂ ਸੋਚਦੀ ਹਾਂ ਕਿ ਬੱਚਿਆਂ ਨੂੰ ਬਚਪਨ ਤੋਂ ਮੋਬਾਈਲ ਫੋਨਾਂ ਦੀ ਲਤ ਲੱਗਣਾ ਕੋਈ ਵਧੀਆ ਗੱਲ ਨਹੀਂ ਹੈ। ਬਚਪਨ ਵਿੱਚ ਲਾਡ ਪਿਆਰ ਤੋਂ ਸ਼ੁਰੂ ਹੋਈਆਂ ਗੱਲਾਂ ਗੈਰਜਿੰਮੇਦਾਰਾ ਆਦਤਾਂ ਕਦੋਂ ਬਣ ਜਾਂਦੀਆਂ ਹਨ ਮਾਪਿਆਂ ਨੂੰ ਖੁਦ ਪਤਾ ਨਹੀਂ ਲੱਗਦਾ।

ਸੋ ਬੱਚਿਆਂ ਨੂੰ ਇੱਕ ਜਿੰਮੇਵਾਰ ਨਾਗਰਿਕ ਬਣਾਉਣ ਲਈ ਜਰੂਰੀ ਹੈ ਕਿ ਬੱਚਿਆਂ ਨੂੰ ਬਚਪਨ ਤੋਂ ਹੀ ਜਿੰਮੇਵਾਰੀਆਂ ਦਾ ਅਹਿਸਾਸ ਕਰਵਾਇਆ ਜਾਵੇ, ਖਾਲੀ ਸਮੇਂ ਵਿੱਚ ਉਹਨਾਂ ਨੂੰ ਫੋਨ ਨਾ ਦੇਕੇ ਉਹਨਾਂ ਨਾਲ ਸਮਾਂ ਬਤਾਇਆ ਜਾਵੇ ਤਾਂ ਜੋ ਉਹਨਾਂ ਨੂੰ ਰਿਸ਼ਤਿਆਂ ਦੀ ਅਹਿਮੀਅਤ ਅਤੇ ਜਿੰਮੇਵਾਰੀ ਦਾ ਅਹਿਸਾਸ ਹੋ ਸਕੇ।

# ਦੇਸ਼ ਦੀ ਕਮਜ਼ੋਰ ਵਿੱਤੀ ਹਾਲਤ ਨੂੰ ਸੁਧਾਰਨ ਦੀ ਵੱਡੀ ਲੋੜ

ਕਿਸੇ ਵੀ ਸਰਕਾਰ ਦੇ ਵਿਕਾਸ ਅਤੇ ਲੋਕ ਕਲਿਆਣ ਕਾਰਜ, ਉਸ ਦੀ ਆਮਦਨ 'ਤੇ ਨਿਰਭਰ ਕਰਦੇ ਹਨ। ਟੈਕਸ ਹਰ ਸਰਕਾਰ ਦੀ ਆਮਦਨ ਦਾ ਵੱਡਾ ਸਾਧਨ ਹੈ ਪਰ ਇਸ ਦੇ ਨਾਲ ਸਰਕਾਰ ਵਲੋਂ ਚਲ ਰਹੇ ਵਪਾਰਕ ਕੰਮਾਂ ਤੋਂ ਮਿਲਣ ਵਾਲੇ ਲਾਭ ਸਰਕਾਰ ਦੀ ਗੈਰ ਟੈਕਸ ਆਮਦਨ ਹੈ।

ਸਾਡਾ ਦੇਸ਼ ਇਸ ਸਮੇਂ ਇੱਕ ਵੱਡੇ ਵਿੱਤੀ ਸੰਕਟ ਵਿਚੋਂ ਗੁਜ਼ਰ ਰਿਹਾ ਹੈ। ਬੀਤੇ ਸਾਲ ਪਈ ਕਰੋਨਾ ਮਹਾਮਾਰੀ ਦੀ ਮਾਰ ਨੇ ਦੇਸ਼ ਨੂੰ ਹੋਰ ਨਿਰਾਸ਼ਤਾ ਵੱਲ ਧਕੇਲਿਆ। ਬਾਕੀ ਰਹਿੰਦੀ ਖੂੰਹਦੀ ਕਸਰ ਸਰਕਾਰ ਨੇ ਨਵੇਂ ਖੇਤੀ ਬਿੱਲ ਪਾਸ ਕਰਕੇ ਕਿਸਾਨਾਂ ਨੂੰ ਖੇਤਾਂ ਦੀਆਂ ਵੱਟਾ ਤੋਂ ਕੱਡ ਦਿੱਲੀ ਦੀਆਂ ਸੜਕਾਂ ਉੱਤੇ ਬੈਠਣ ਨੂੰ ਮਜ਼ਬੂਰ ਕਰ ਦਿੱਤਾ। ਹੈਰਾਨਗੀ ਵਾਲੀ ਗੱਲ ਇਹ ਹੈ ਸਾਡੇ ਦੇਸ਼ ਦੇ ਸ਼ਾਸਕ ਚੰਗੀ ਤਰ੍ਹਾਂ ਜਾਣਦੇ ਹਨ ਦੇਸ਼ ਦੀ 67% ਜਨਸੰਖਿਆ ਖੇਤੀਬਾੜੀ ਦੇ ਧੰਦੇ ਉੱਪਰ ਨਿਰਭਰ ਹੈ। ਜਿਸਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ ਦੇਸ਼ ਦੀ ਆਮਦਨ ਵਿੱਚ ਸਭ ਤੋਂ ਵੱਡਾ ਹਿੱਸਾ ਕਿਸਾਨਾਂ ਦਾ ਹੈ। ਪਰ ਜੋ ਮੌਜੂਦਾ ਹਾਲਾਤ ਹਨ ਪੰਜਾਬ, ਹਰਿਆਣਾ, ਯੂ ਪੀ, ਬਿਹਾਰ ਦੇ ਬਹੁਤਾਤ ਕਿਸਾਨ ਦਿੱਲੀ ਵਿੱਚ ਚੱਲ ਰਹੇ ਅੰਦੋਲਨ ਵਿੱਚ ਸ਼ਾਮਿਲ ਹਨ, ਭਾਵੇ ਉਹਨਾਂ ਪਿੱਛੇ ਖੇਤੀਬਾੜੀ ਦੀ ਜਿੰਮੇਵਾਰੀ ਵੀ ਘਰ ਦੀਆਂ ਔਰਤਾਂ ਨੇ ਸਾਂਭੀ ਹੈ ਪਰ ਅਸੀਂ ਇਸ ਗੱਲ ਨੂੰ ਅਣਗੋਲਿਆ ਨਹੀਂ ਕਰ ਸਕਦੇ ਕਿ ਫਿਰ ਵੀ ਖੇਤੀ ਅਤੇ ਫਸਲਾਂ ਦੇ ਝਾੜ ਉੱਪਰ ਬਹੁਤ ਗਹਿਰਾ ਅਸਰ ਪਵੇਗਾ। ਜਿਸ ਨਾਲ ਕਿਸਾਨ ਵੀਰਾਂ ਨੂੰ ਤਾਂ ਘਾਟਾ ਹੋਵੇਗਾ ਹੀ ਪਰ ਜੋ ਦੇਸ਼ ਦੀ ਅਰਥ ਵਿਵਸਥਾ ਨੂੰ ਝਟਕਾ ਲੱਗੇਗਾ ਉਸ ਨਾਲ ਪੂਰੇ ਦੇਸ਼ ਦਾ ਲੱਕ ਟੁੱਟ ਜਾਵੇਗਾ। ਜੇਕਰ ਸਾਡੀ ਸਰਕਾਰ ਉਸਾਰੂ ਸੋਚ ਦੀ ਮਾਲਿਕ ਹੋਵੇ ਤਾਂ ਉਸਨੂੰ ਸੋਚਣਾ ਚਾਹੀਦਾ ਹੈ ਕਿ ਜਿਹੜੇ ਖੇਤਰਾਂ ਜਾਂ ਕਿੱਤਿਆਂ ਵਿੱਚ ਬਹੁਤਾਤ ਲੋਕ ਸ਼ਾਮਿਲ ਹਨ ਉਹਨਾਂ ਨੂੰ ਪ੍ਰਫੁਲਿਤ ਕਰਨ ਲਈ ਨਵੀਆਂ ਯੋਜਨਾਵਾਂ ਬਣਾਈਆਂ ਜਾਣ। ਪਰ ਰਾਜਨੀਤੀ ਦੇ ਨਾਮ ਉੱਤੇ ਦੇਸ਼ ਦੇ ਲੋਟੂ ਬਣੇ ਨੇਤਾ ਦੇਸ਼ ਨੂੰ ਪੂਰੀ ਤਰ੍ਹਾਂ ਕੰਗਾਲ ਕਰਨ ਉੱਤੇ ਤੁਲੇ ਹੋਏ ਹਨ। ਇਹ ਤਾਂ ਗੱਲ ਹੋਈ ਕਿਸਾਨੀ ਮੋਰਚੇ ਅਤੇ ਦੇਸ਼ ਦੇ ਸਭ ਦੀ ਆਮਦਨ ਦੇ ਸਭ ਤੋਂ ਵੱਡੇ ਸਾਧਨ ਦੀ। ਜੇਕਰ ਇਕੱਲੇ ਪੰਜਾਬ ਦੀ ਅਰਥ ਵਿਵਸਥਾ ਦੀ ਗੱਲ ਕਰੀਏ ਤਾਂ ਪੰਜਾਬ ਸਰਕਾਰ ਨੂੰ ਮੁਲਾਜਮਾ ਨੂੰ ਤਨਖਾਹਾਂ ਦੇਣੀਆਂ ਵੀ ਮੁਸ਼ਕਿਲ ਹੋਈਆਂ ਹਨ। ਅਸਲ ਵਿੱਚ ਇਸ ਦਾ ਮੁੱਖ ਕਾਰਨ ਇਹ ਹੈ ਕਿ ਸਰਕਾਰ ਦੀ ਆਮਦਨ ਘਟੀ ਹੈ ਅਤੇ ਖਰਚ ਵਧੇ ਹਨ। ਪੰਜਾਬ ਸਰਕਾਰ ਦੇ 3.5 ਲੱਖ ਕਰਮਚਾਰੀ ਹਨ ਜਦੋਂ ਕਿ 1.5 ਉਹ ਲੋਕ ਹਨ ਜਿੰਨਾ ਨੂੰ ਪੈਨਸ਼ਨ ਮਿਲਦੀ ਹੈ। ਇਸ ਲਈ ਹਰ ਮਹੀਨੇ 1950 ਕਰੋੜ ਰੁਪਏ ਦੀਆਂ ਤਨਖਾਹਾਂ ਅਤੇ 950 ਕਰੋੜ ਰੁਪਏ ਪੈਨਸ਼ਨ ਤੇ ਖਰਚ ਕਰਨੇ ਪੈਂਦੇ ਹਨ ਪਰ ਇਹਨਾਂ ਦੋਨਾਂ ਖਰਚਿਆਂ ਤੋਂ ਵੀ ਵੱਡਾ ਬੋਝ ਹੈ ਪੰਜਾਬ ਸਰਕਾਰ ਸਿਰ ਲੰਮੇ ਸਮੇਂ ਦਾ ਕਰਜ਼ਾ ਜਿਸ ਨਾਲ ਹਰ ਸਾਲ ਬਹੁਤ ਵੱਡੀ ਰਕਮ ਵਿਆਜ ਵਜੋਂ ਅਦਾ ਕਰਨੀ ਪੈਂਦੀ ਹੈ।




ਸਾਲ 2016-17 ਦੇ ਸਾਲ ਵਿੱਚ 30,547 ਕਰੋੜ ਰੁਪਏ ਵਿਆਜ ਦਿੱਤੇ ਗਏ ਸਨ 2017-18 ਵਿੱਚ ਵਧ ਕੇ 39,526 ਕਰੋੜ ਰੁਪਏ ਹੋ ਗਿਆ ਅਤੇ ਅਗਲੇਰੇ ਸਾਲਾਂ ਵਿੱਚ ਹੋਰ ਵੱਧਦਾ ਗਿਆ ਜੋ ਕਿ ਤਨਖਾਹਾਂ ਤੋਂ ਵੀ ਜਿਆਦਾ ਅਤੇ ਅਣਉਪਯਾਊ ਹੈ। ਇਹ ਮਸਲਾ ਬਹੁਤ ਹੀ ਸੰਜੀਦਗੀ ਨਾਲ ਵਿਚਾਰਨ ਵਾਲਾ ਅਤੇ ਧਿਆਨ ਹੇਠਾਂ ਲਿਆਉਣ ਵਾਲਾ ਵਿਸ਼ਾ ਹੈ। ਸਾਡਾ ਦੇਸ਼ ਨਾਮ ਨੂੰ ਵਿਕਾਸਸ਼ੀਲ ਦੇਸ਼ਾਂ ਦੀ ਸੂਚੀ ਵਿੱਚ ਸ਼ਾਮਿਲ ਹੈ ਪਰ ਮੈਨੂੰ ਲੱਗਦਾ ਹੈ ਕਿ ਜੇਕਰ ਸਾਡੇ ਦੇਸ਼ ਦੀ ਵਾਗਡੋਰ ਅਜਿਹੇ ਲੋਟੂ ਨੇਤਾਵਾਂ ਦੇ ਹੱਥ ਰਹੀ ਤਾਂ ਸਾਡੇ ਦੇਸ਼ ਦੇ ਵਿਕਾਸਸ਼ੀਲ ਤੋਂ ਅਵਿਕਸਤ ਦੇਸ਼ ਵਿੱਚ ਤਬਦੀਲ ਹੁੰਦਿਆਂ ਦੇਰ ਨਹੀਂ ਲੱਗੇਗੀ।



# ਕਿਸਾਨੀ ਸੰਘਰਸ਼ ਨੂੰ ਸਮਰਪਿਤ ਬੰਗਾ ਵਿਖੇ ਮਨਾਇਆ ਗਿਆ ਬਾਬੂ ਮੰਗੂ ਰਾਮ ਮੁਗੋਵਾਲੀਆ ਦਾ ਜਨਮ ਦਿਵਸ








**ਬੰਗਾ–**ਬੀ.ਡੀ.ਓ ਦਫਤਰ ਬੰਗਾ ਦੇ ਸੰਮਤੀ ਹਾਲ ਵਿੱਚ ਬੇਗਮਪੁਰਾ ਫਾਊਂਡੇਸ਼ਨ ਪੰਜਾਬ ਵੱਲੋਂ ਦੇਸ਼ ਦੁਆਬਾ ਅਤੇ ਅੰਬੇਡਕਰ ਟਾਈਮਜ਼ ਵੱਲੋਂ ਸਾਂਝੇ ਤੌਰ ਤੇ ਦੇਸ਼ ਭਗਤ ਗਦਰੀ ਬਾਬਾ ਮੰਗੂ ਰਾਮ ਮੂਗੋਵਾਲੀਆ ਬਾਨੀ ਆਦਿ ਧਰਮ ਮੰਡਲ ਦਾ 135 ਵਾਂ ਜਨਮ ਦਿਵਸ ਬੜੀ ਸ਼ਰਧਾ ਤੇ ਸਤਿਕਾਰ ਨਾਲ ਯਾਦ ਕਰਕੇ ਮਨਾਇਆ ਗਿਆ।

ਇਸ ਸਮਾਗਮ ਵਿੱਚ ਮੁੱਖ ਬੁਲਾਰੇ ਵਜੋਂ ਉੱਘੇ ਲੇਖਕ ਅਤੇ ਸਮਾਜ ਸੇਵਕ ਕੁਲਦੀਪ ਚੰਦ ਨੰਗਲ ਸ਼ਾਮਲ ਹੋਏ। ਜਿਨ੍ਹਾਂ ਨੇ ਭਾਰੀ ਗਿਣਤੀ ਵਿਚ ਹਾਜ਼ਰ ਲੋਕਾਂ ਨੂੰ ਬਾਬੂ ਮੰਗੂ ਰਾਮ ਜੀ ਦੇ ਜੀਵਨ ਅਤੇ ਮਿਸ਼ਨ ਬਾਰੇ ਜਾਗਰੂਕ ਕੀਤਾ ਉਨ੍ਹਾਂ ਆਪਣੇ ਸੰਬੋਧਨ ਵਿਚ ਕਿਹਾ ਕਿ ਬਾਬੂ ਜੀ ਨੇ ਜਾਤੀਆਂ ਵਿੱਚ ਵੰਡੇ ਹੋਏ ਸਮਾਜ ਨੂੰ ਆਦਿ ਧਰਮ ਨਾਲ ਜੋੜ ਕੇ ਇਕ ਮਾਲਾ ਵਿਚ ਪਰੋਣ ਦਾ ਯਤਨ ਕੀਤਾ।

ਉਨ੍ਹਾਂ ਨੇ ਕਿਹਾ ਕਿ ਬਾਬੂ ਜੀ ਨੇ ਬਾਬਾ ਸਾਹਿਬ ਡਾ . ਅੰਬੇਡਕਰ ਦੀਆਂ ਹੱਕ ਵਿੱਚ ਇੰਗਲੈਂਡ ਦੀਆਂ ਸਰਕਾਰਾਂ ਨੂੰ ਸਮੱਰਥਨ ਦੀਆਂ ਤਾਰਾਂ ਭੇਜ ਕੇ ਇੰਗਲੈਂਡ ਦੀ ਸਰਕਾਰ ਨੂੰ ਬਾਬਾ ਸਾਹਿਬ ਨੂੰ ਅਛੂਤਾਂ ਦਾ ਲੀਡਰ ਮੰਨਣਾ ਪਿਆ। ਜਿਸ ਕਾਰਨ ਬਾਬਾ ਸਾਹਿਬ ਦੀ ਬਦੌਲਤ ਅਤੇ ਉਨ੍ਹਾਂ ਦੇ ਸੰਘਰਸ਼ ਕਾਰਨ ਵੱਖ-ਵੱਖ ਪ੍ਰਕਾਰ ਦੇ ਲੋਕ ਲਾਭ ਲੈਣ ਲੱਗੇ। ਪ੍ਰਸਿੱਧ ਅੰਬੇਡਕਰੀ ਅਤੇ ਬਹੁਜਨ ਆਗੂ ਸ੍ਰੀ ਪ੍ਰਵੀਨ ਬੰਗਾ ਨੇ ਬਾਬੂ ਜੀ ਨੂੰ ਪੰਜਾਬ ਦਾ ਡਾ. ਅੰਬੇਡਕਰ ਕਹਿ ਕੇ ਸਤਿਕਾਰ ਕੀਤਾ।

ਇਸ ਸਮਾਗਮ ਵਿੱਚ ਉੱਘੇ ਗਾਇਕ ਕੁਲਦੀਪ ਚੁੰਬਰ ਅਤੇ ਧਰਮਿੰਦਰ ਮਸਾਣੀ ਨੇ ਆਪਣੇ ਗੀਤਾਂ ਰਾਹੀਂ ਬਾਬੂ ਮੰਗੂ ਰਾਮ ਮੂਗੋਵਾਲੀਆ ਜੀ ਨੂੰ ਯਾਦ ਕੀਤਾ।

ਸਮਾਗਮ ਦੇ ਅੰਤ ਵਿੱਚ ਬੇਗਮਪੁਰਾ ਫਾਊਂਡੇਸ਼ਨ ਦੇ ਪ੍ਰਧਾਨ ਸ੍ਰੀ ਸੰਤੋਖ ਸਿੰਘ ਜੱਸੀ ਨੇ ਪੰਚਾਂ, ਸਰਪੰਚਾਂ, ਇਲਾਕਾ, ਪੰਜਾਬ ਅਤੇ ਉੱਤਰੀ ਭਾਰਤ ਦੇ ਕਈ ਸੂਬਿਆਂ ਤੋਂ ਪਹੁੰਚੇ ਆਗੂਆਂ ਦਾ ਧੰਨਵਾਦ ਕੀਤਾ ਅਤੇ ਬਾਬੂ ਮੰਗੂ ਰਾਮ ਮੂਗੋਵਾਲੀਆ ਜੀ ਦੇ ਜੀਵਨ ਤੋਂ ਪ੍ਰੇਰਨਾ ਲੈ ਕੇ ਲੋਕ ਹਿੱਤ ਲਈ ਸੰਘਰਸ਼ ਕਰਨ ਦਾ ਸੰਕਲਪ ਕੀਤਾ।

ਸਟੇਜ ਸਕੱਤਰ ਦੀ ਭੂਮਿਕਾ ਬੇਗਮਪੁਰਾ ਫਾਊਂਡੇਸ਼ਨ ਦੇ ਜਨਰਲ ਸਕੱਤਰ ਸੰਜੀਵ ਕੁਮਾਰ ਐਮਾਂ ਜੱਟਾਂ ਨੇ ਬਾਖੂਬੀ ਨਿਭਾਈ।

ਇਸ ਮੌਕੇ ਬੀ. ਡੀ. ਪੀ. ਓ ਹੇਮਰਾਜ, ਡਾ. ਕਸ਼ਮੀਰ ਚੰਦ, ਪ੍ਰਵੀਨ ਬੰਗਾ, ਜੈ ਪਾਲ ਸੁੰਡਾ, ਨੀਲਮ ਸਹਿਜਲ, ਡਾ. ਹਰੀ ਕਿਸ਼ਨ, ਡਾ ਬਲਵੀਰ ਬੱਲ, ਸੇਵਾ ਦਾਸ, ਮੱਖਣ ਸਿੰਘ ਤਾਹਰਪੁਰੀ, ਅਰੁਣ ਘਈ, ਲਾਲੀ ਬੰਗਾ, ਪਰਮਜੀਤ ਦੁਸਾਂਝ, ਪ੍ਰਿੰਸੀਪਲ ਰਾਮ ਸਿੰਘ ਸ਼ੁਕਲਾ, ਅਮਰਜੀਤ ਗੁਰੂ ਯੂ. ਕੇ, ਤਰਸੇਮ ਸਹੋਤਾ, ਰਾਮ ਜੀ, ਜੇ .ਈ, ਲਖਵਿੰਦਰ ਸਿੰਘ ਸੁਪਰਡੈਂਟ, ਪਰਮਿੰਦਰ ਕੌਰ ਸਰਪੰਚ, ਰਾਜਵਿੰਦਰ ਕੌਰ, ਮਿਨਾਕਸ਼ੀ, ਚਰਨਜੀਤ ਸੱਲ੍ਹਾਂ, ਰਮੇਸ਼ ਚੱਕ ਕਲਾਲਵੀ, ਰੇਸ਼ਮ ਕਰਨਾਣਵੀ ਤੋਂ ਇਲਾਵਾ ਭਾਰੀ ਗਿਣਤੀ ਵਿੱਚ ਲੋਕਾਂ ਨੇ ਹਿੱਸਾ ਪਾਇਆ। ਇਸ ਮੌਕੇ ਜਸਬੀਰ ਬੇਗਮਪੁਰੀ ਵੱਲੋਂ ਵੱਖ ਵੱਖ ਕਿਤਾਬਾਂ ਦਾ ਸਟਾਲ ਵੀ ਲਗਾਏ ਗਏ।

# ਬਸਪਾ ਮੁਖੀ ਮਾਇਆਵਤੀ ਦਾ ਜਨਮ ਦਿਨ ਬਸਪਾ ਮੋਗਾ ਵਲੋਂ ਘੱਲ ਕਲਾਂ ਵਿਖੇ ਮਨਾਇਆ


## ਭੈਣ ਕੁਮਾਰੀ ਮਾਇਆਵਤੀ ਦੇਸ਼ ਵਿੱਚ ਸਮਾਜਿਕ ਭਾਈਚਾਰਾ ਅਤੇ ਤਰੱਕੀ ਦੇ ਰਸਤੇ ਤੇ ਲਿਜਾਣ ਦੇ ਸਮਰੱਥ- ਸੁਲਹਾਣੀ

**ਮੋਗਾ–** ਦੇਸ਼ ਦੀਆਂ ਰਵਾਇਤੀ ਪਾਰਟੀਆਂ ਕਾਂਗਰਸ ਤੇ ਭਾਜਪਾ ਜਿਨਾਂ ਨੇ ਭਾਰਤ ਉੱਤੇ ਰਾਜ ਕੀਤਾ ਹੈ, ਦੇਸ਼ ਵਿੱਚ ਸਮਾਜਿਕ ਭਾਈਚਾਰਾ ਬਣਾਉਣ ਅਤੇ ਦੇਸ਼ ਨੂੰ ਤਰੱਕੀ ਦੀਆਂ ਲੀਹਾਂ ਤੇ ਲਿਜਾਣ ਵਿੱਚ ਫ਼ੇਲ੍ਹ ਹੋਈਆਂ ਹਨ। ਇਹ ਪਾਰਟੀਆਂ ਦੇਸ਼ ਦੀ ਜਨਤਾ ਦੀਆਂ ਇੱਛਾਵਾਂ ਤੇ ਖਰੀਆਂ ਨਹੀਂ ਉੱਤਰੀਆਂ। ਬਹੁਜਨ ਸਮਾਜ ਪਾਰਟੀ ਦੇ ਕੌਮੀ ਪ੍ਰਧਾਨ ਭੈਣ ਕੁਮਾਰੀ ਮਾਇਆਵਤੀ ਜੀ ਦੇਸ਼ ਵਿੱਚ ਸਮਾਜਿਕ ਭਾਈਚਾਰਾ ਬਣਾਉਣ ਅਤੇ ਦੇਸ਼ ਨੂੰ ਤਰੱਕੀ ਦੀਆਂ ਲੀਹਾਂ ਵੱਲ ਲਿਜਾਣ ਲਈ ਪੂਰਨ ਤੌਰ ਤੇ ਸਮਰੱਥ ਹਨ। ਇਹ ਗੱਲ ਇਥੇ ਮੋਗਾ ਤੋਂ ਥੋੜ੍ਹੀ ਦੂਰ ਪਿੰਡ ਘੱਲ ਕਲਾਂ ਵਿਖੇ ਬਸਪਾ ਜ਼ਿਲਾ ਮੋਗਾ ਵਲੋਂ ਭੈਣ ਕੁਮਾਰੀ ਮਾਇਆਵਤੀ ਦੇ ਜਨਮ ਦਿਨ ਨੂੰ ਮਨਾਉਣ ਲਈ ਕਰਵਾਏ ਗਏ ਇੱਕ ਸਮਾਗਮ ਨੂੰ ਸੰਬੋਧਨ ਕਰਦਿਆਂ ਬਸਪਾ ਪੰਜਾਬ ਦੇ ਜਨਰਲ ਸਕੱਤਰ ਸ੍ਰੀ ਲਾਲ ਸਿੰਘ ਸੁਲਹਾਣੀ ਨੇ ਆਖੀ। ਉਹਨਾਂ ਕਿਹਾ ਕਿ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਵੱਲੋਂ ਬਣਾਈ ਗਈ ਬਹੁਜਨ ਸਮਾਜ ਪਾਰਟੀ ਹੀ ਇੱਕ ਅਜਿਹੀ ਪਾਰਟੀ ਹੈ, ਜਿਸ ਦਾ ਮੈਨੀਫੈਸਟੋ ਸ੍ਰੀ ਗੁਰੂ ਗੈਰੰਥ ਸਾਹਿਬ ਹੈ ਅਤੇ ਸ੍ਰੀ ਗੁਰੂ ਗੈਰੰਥ ਸਾਹਿਬ ਜੀ ਦੀ ਵਿਚਾਰਧਾਰਾ ਸਭੇ ਸਾਂਝੀਵਾਲ ਸਦਾਇਣ ਕੋਇ ਨਾ ਦਿਸੈ ਬਾਹਰਾ ਜੀਉ ਤੇ ਆਧਾਰਿਤ ਹੈ, ਜਦੋਂ ਕਿ ਦੂਸਰੀਆਂ ਪਾਰਟੀਆਂ ਦੀ ਸੋਚ ਇਸ ਦੇ ਉਲਟ ਹੈ। ਉਹਨਾਂ ਕਿਹਾ ਕਿ ਭੈਣ ਕੁਮਾਰੀ ਮਾਇਆਵਤੀ ਜੀ ਨੇ ਜ਼ਿੰਦਗੀ ਦੀਆਂ ਸੁੱਖ-ਸਹੂਲਤਾਂ ਪ੍ਰਾਪਤ ਕਰਨ ਦੀ ਬਜਾਏ ਸਮਾਜ ਦੀ ਸੇਵਾ ਕਰਨ ਦਾ ਤਹੱਈਆ ਕੀਤਾ ਅਤੇ 21 ਸਾਲ ਦੀ ਉਮਰ ਵਿਚ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਦੇ ਨਾਲ ਬਹੁਜਨ ਸਮਾਜ ਨੂੰ ਹੁਕਮਰਾਨ ਬਣਾਉਣ ਲਈ ਮੈਦਾਨ ਵਿੱਚ ਨਿੱਤਰੇ। ਸਖ਼ਤ ਮਿਹਨਤ ਅਤੇ ਲਗਨ ਨਾਲ ਉਹ ਦੇਸ਼ ਦੇ ਸਭ ਤੋਂ ਵੱਡੇ ਸੂਬੇ ਉੱਤਰ ਪ੍ਰਦੇਸ਼ ਦੀ ਮੁਖ ਮੰਤਰੀ ਬਣੀ ਅਤੇ ਪ੍ਰਦੇਸ਼ ਵਿੱਚ ਜਿੱਥੇ ਅਮਨ ਕਾਨੂੰਨ ਦਾ ਰਾਜ ਕਾਇਮ ਕੀਤਾ ਉਥੇ ਸਰਵ ਸਮਾਜ ਲਈ ਨਿਆਂ ਤੇ ਤਰੱਕੀ ਦੇ ਬਹੁਤ ਸਾਰੇ ਕੰਮ ਕਰਕੇ ਤਖਤ ਤੇ ਬਹਿਣ ਦੇ ਲਾਇਕ ਹੋਣ ਦਾ ਸਬੂਤ ਦਿੱਤਾ। ਭਾਰਤ ਲਈ ਇਹੋ ਜਿਹੇ ਪ੍ਰਧਾਨ ਮੰਤਰੀ ਦੀ ਜ਼ਰੂਰਤ ਹੈ ਜੋ ਬਿਨਾਂ ਭੇਦ-ਭਾਵ ਜਨਤਾ ਨੂੰ ਸਹੂਲਤਾਂ ਦੇ ਸਕੇ। ਇਸ ਸਮਾਗਮ ਦੀ ਪ੍ਰਧਾਨਗੀ ਜਿਲ੍ਹਾ ਪ੍ਰਧਾਨ ਹਰਦੇਵ ਸਿੰਘ ਤਖਾਣਵੱਧ ਨੇ ਕੀਤੀ ਅਤੇ ਸ੍ਰੀ ਸੰਤ ਰਾਮ ਮੱਲੀ ਸੂਬਾ ਸਕੱਤਰ ਬਸਪਾ ਇਸ ਮੌਕੇ ਵਿਸ਼ੇਸ਼ ਮਹਿਮਾਨ ਵਜੋਂ ਪੁੱਜੇ। ਹੋਰਨਾਂ ਤੋਂ ਇਲਾਵਾ ਇਸ ਮੌਕੇ ਲੋਕ ਸਭਾ ਜੋਨ ਇੰਚਾਰਜ ਕੇਵਲ ਸਿੰਘ ਸੈਦੋਕੇ, ਜ਼ਿਲਾ ਇੰਚਾਰਜ ਜਗਤਾਰ ਸਿੰਘ ਲੌਂਗੀਵਿੰਡ ,ਜਿਲ੍ਹਾ ਜਨਰਲ ਸਕੱਤਰ ਗੁਰਪ੍ਰੀਤ ਸਿੰਘ ਗੋਪੀ, ਜਿਲ੍ਹਾ ਮੀਤ ਪ੍ਰਧਾਨ ਵਾਰਿਸ ਮਸੀਹ ਡਰੋਲੀ ਭਾਈ, ਜ਼ਿਲ੍ਹਾ ਮੀਤ ਪ੍ਰਧਾਨ ਕੁਲਵੰਤ ਸਿੰਘ ਰਾਮਗੜੀਆ, ਜ਼ਿਲ੍ਹਾ ਵਿੱਤ ਸਕੱਤਰ ਜਸਵੰਤ ਸਿੰਘ ਘਾਲੀ, ਜ਼ਿਲ੍ਹਾ ਸਕੱਤਰ ਨਾਇਬ ਸਿੰਘ ਗਿੱਲ, ਜ਼ਿਲ੍ਹਾ ਸਕੱਤਰ ਸ੍ਰੀ ਅਜੇ ਕੁਮਾਰ, ਜ਼ਿਲ੍ਹਾ ਸਕੱਤਰ ਇੰਦਰਜੀਤ ਸਿੰਘ ਸੇਖਾ, ਜਿਲ੍ਹਾ ਪ੍ਰਧਾਨ ਮਹਿਲਾ ਸੰਗਠਨ ਬੀਬੀ ਸੁਨੀਤਾ ਰਾਣੀ, ਹਲਕਾ ਪ੍ਰਧਾਨ ਮਹਿਲਾ ਸੰਗਠਨ ਧਰਮਕੋਟ ਬੀਬੀ ਕੁਲਵਿੰਦਰ ਕੌਰ ਚੀਮਾ, ਹਲਕਾ ਇੰਚਾਰਜ ਮੋਗਾ ਜਗਤਾਰ ਸਿੰਘ ਚੜਿੱਕ, ਹਲਕਾ ਪ੍ਰਧਾਨ ਮੋਗਾ ਡਾਕਟਰ ਬਲਜੀਤ ਸਿੰਘ ਮੋਗਾ, ਹਲਕਾ ਪ੍ਰਧਾਨ ਧਰਮਕੋਟ ਹਰਨੇਕ ਸਿੰਘ ਬੱਡੂਵਾਲ, ਹਲਕਾ ਇੰਚਾਰਜ ਬਾਘਾਪੁਰਾਣਾ ਬਲਵਿੰਦਰ ਸਿੰਘ ਬਾਘਾਪੁਰਾਣਾ, ਹਲਕਾ ਜਨਰਲ ਸਕੱਤਰ ਕਰਨੈਲ ਸਿੰਘ ਕਾਲੇਕੇ, ਹਲਕਾ ਪ੍ਰਧਾਨ ਨਿਹਾਲ ਸਿੰਘ ਵਾਲਾ ਬਿੱਕਰ ਸਿੰਘ ਬੱਧਨੀ ਕਲਾਂ, ਸੁਖਵਿੰਦਰ ਸਿੰਘ ਧਰਮਕੋਟ, ਵਿਜੇ ਸਿੰਘ ਤਖਾਣਵੱਧ, ਲਖਵੀਰ ਸਿੰਘ ਚੜਿੱਕ, ਜਗਸੀਰ ਸਿੰਘ ਸੀਰਾ, ਲਖਵੀਰ ਸਿੰਘ ਲੱਖੀ, ਬਲਰਾਜ ਸਿੰਘ ਮੋਗਾ, ਦੇਵ ਸਿੰਘ ਘੱਲ ਕਲਾਂ,ਤੇਜਾ ਸਿੰਘ ਰੀਟਾਇਰਡ ਬੀ ਪੀ ਓ, ਜ਼ੈਲੈਹਾ ਬੀ ਵੀ ਐੱਫ ਦੇ ਆਗੂ ਅਤੇ ਜਗਸੀਰ ਸਿੰਘ ਸੈਕਟਰ ਇੰਚਾਰਜ ਸਮੇਤ ਵੱਡੀ ਗਿਣਤੀ ਵਿਚ ਪਾਰਟੀ ਵਰਕਰ ਹਾਜ਼ਰ ਸਨ।





**– ਲਾਲ ਸਿੰਘ ਸੁਲਹਾਣੀ**

## ਪੰਜਾਬੀ ਫ਼ਿਲਮ ਸਮਾਚਾਰ - ਅੰਮ੍ਰਿਤ ਪਵਾਰ







### ਪਰਵੀਨ ਅਖ਼ਤਰ ਦਾ ਨਵਾਂ ਸਾਲ

ਪੰਜਾਬੀ ਫ਼ਿਲਮ 'ਦੂਰਬੀਨ' ਤੇ ਹੋਰ ਫਿਲਮਾਂ ਨਾਲ ਪਰਵੀਨ ਕੌਰ ਅਖ਼ਤਰ ਦੀ ਪਛਾਣ ਬਣ ਚੁੱਕੀ ਹੈ। ਫ਼ਿਲਮ ਸਟਾਰ ਯੋਗਰਾਜ ਸਿੰਘ ਦੇ ਸਾਰੇ ਫ਼ਿਲਮੀ ਕੰਮ-ਕਾਰ ਸੰਭਾਲ ਰਹੀ ਪਰਵੀਨ ਨਵੇਂ ਸਾਲ 'ਚ ਚਾਹੁੰਦੀ ਹੈ ਕਿ ਗੁਰਪ੍ਰੀਤ ਭੰਗੂ, ਰੁਪਿੰਦਰ ਰੂਪੀ, ਨਿਰਮਲ ਰਿਸ਼ੀ ਦੀ ਤਰਾਂ ਉਸਦਾ ਨਾਂਅ ਬਣ ਜਾਵੇ। ਪਰਵੀਨ ਅਖ਼ਤਰ ਇਸ ਸਮੇਂ ਕਿਸਾਨ ਅੰਦੋਲਨ ਲਈ ਆਪਣਾ ਯੋਗਦਾਨ ਦੇ ਰਹੀ ਹੈ।

### ਸੋਨਮ ਕੌਰ ਦੇ ਤਿਉਹਾਰ

'ਰੰਗ ਬਰੰਗੀ' ਪੰਜਾਬੀ ਸੀਰੀਜ਼ ਨੇ ਸੋਨਮ ਕੌਰ ਨੂੰ ਸਟਾਰ ਬਣਾ ਦੇਣਾ ਹੈ।

ਦੁਸਹਿਰਾ, ਦਿਵਾਲੀ ਉਸਨੇ ਇਸ ਸੀਰੀਜ ਦੀ ਸੂਟਿੰਗ ਤੇ ਮਨਾਏ ਤੇ ਲੋਹੜੀ-ਮਾਘੀ ਇਸਦੀ ਡਬਿੰਗ ਤੇ ਮਨਾਈ। ਸੋਨਮ ਕੌਰ ਅਨੁਸਾਰ ਅਸਲੀ ਤਿਉਹਾਰ ਉਹ 'ਰੰਗ ਬਰੰਗੀ' ਮੁਕੰਮਲ ਹੋਣ ਤੇ ਇਸਦੀ ਰਿਲਜ਼ਿ ਸਮੇਂ ਪੂਰੇ ਚਾਅ ਨਾਲ ਮਨਾਏਗੀ। ਸੰਦੀਪ ਸਿੰਘ ਉਸ ਨਾਲ 'ਰੰਗ ਬਰੰਗੀ' 'ਚ ਹੀਰੋ ਹੈ ਤੇ ਦੂਜਾ ਹੀਰੋ ਪ੍ਰੀਤ ਸਿੱਧੂ ਹੈ। ਸਾਬਾਸ਼ ਸੋਨਮ ਕੌਰ।

### ਰਵਿੰਦਰ ਰਵੀ ਤੇ ਗੁੱਗੂ ਗਿੱਲ ਇਕੱਠੇ

ਸਦਾਬਹਾਰ ਗੁੱਗੂ ਗਿੱਲ ਨੇ ਆਪਣੇ ਜਨਮ ਦਿਨ ਨੂੰ 'ਕਿਸਾਨੀ-ਮਜ਼ਦੂਰੀ ਘੋਲ' ਲਈ ਸਮਰਪਿਤ ਕੀਤਾ। ਸਟਾਰ ਡਾਇਰੈਕਟਰ ਰਵਿੰਦਰ ਰਵੀ ਨੇ ਇਸ ਦੌਰਾਨ ਮਾਹੜੀ ਖੇੜੇ ਜਾ ਕੇ ਗੁੱਗੂ ਗਿੱਲ ਨਾਲ ਰਸਮੀ ਤੌਰ ਤੇ ਜਨਮ ਦਿਨ ਮਨਾਇਆ। ਰਵਿੰਦਰ ਰਵੀ ਜਲਦੀ ਹੀ ਗੁੱਗੂ ਗਿੱਲ ਨਾ ਇੱਕ ਫਿਲਮ ਤੇ ਇੱਕ ਸੀਰੀਜ਼ ਕਰਨ ਜਾ ਰਿਹਾ ਹੈ।

### ਦਇਆਵਾਨ ਅਨੂਜੋਤ ਕੌਰ

ਸੂਫੀ ਗਾਇਕਾ ਅਨੂਜੋਤ ਕੌਰ ਜਲਦੀ ਹੀ 'ਨੂਰਾਂ ਸਿਸਟਰਜ਼' ਦੀ ਤਰ੍ਹਾਂ ਲੋਕਪ੍ਰਿਯ ਹੋਣ ਵਾਲੀ ਹੈ। ਹਰ ਗੀਤ ਅਨੂ ਦਾ ਸਫ਼ਲ ਹੋ ਰਿਹਾ ਹੈ । ਅਨੂਜੋਤ ਕੌਰ ਸੁਰੀਲੀ ਗੁਲੂਕਾਰਾ ਹੋਣ ਦੇ ਨਾਲ-ਨਾਲ ਦਇਆਵਾਨ-ਕੁੜੀ ਵੀ ਹੈ। ਜਰੂਰਤ ਮੰਦ ਦੀ ਸਹਾਇਤਾ ਕਰ ਅਨੂਜੋਤ ਕਈਆਂ ਦੀ ਅਸੀਸ ਪ੍ਰਾਪਤ ਕਰਦੀ ਹੈ ।

### ਸੁਖੀ ਧੀਮਾਨ ਦੀ ਸੁਣੋ

ਲੋਕ ਕੰਮ ਤੋਂ ਪਛਾਣ ਕਰਨ, ਰੋਪੜ ਦੇ ਸੁੱਖੀ ਧੀਮਾਨ ਦੀ ਸੋਚ ਹੈ। ਕਈ ਵੀਡੀਉਜ ਤੇ ਸਾਰਟ ਫਿਲਮਾਂ ਕਰ ਚੁੱਕੇ ਸੁੱਖੀ ਧੀਮਾਨ ਨੇ ਹੁਣ 'ਰੰਗ ਬਰੰਗੀ' ਸੀਰੀਜ਼ 'ਚ ਰਮਨ ਮੁਟਿਆਰ ਨਾਲ ਕੰਮ ਕੀਤਾ ਹੈ। ਲੱਗੇ ਰਹੋ ਕਾਮਯਾਬ ਹੋਵੋਗੇ ।

### ਨਿਸ਼ਾਨਾ

ਗੁੱਗੂ ਗਿੱਲ ਤੇ ਤਨਰੋਜ਼ ਸਿੰਘ ਦੀ ਨਵੀਂ ਫ਼ਿਲਮ 'ਨਿਸ਼ਾਨਾ' ਜਲਦੀ ਮੁਕੰਮਲ ਹੋਏਗੀ। ਸਨਵੀ ਧੀਮਾਨ ਤੇ ਕੁਲਵਿੰਦਰ ਬਿੱਲਾ ਇਸ ਦੇ ਦੂਜੇ ਮੁੱਖ ਸਿਤਾਰੇ ਹਨ । ਸੁਖਮਿੰਦਰ ਧੰਜਲ ਨਿਰਦੇਸ਼ਕ ਹੈ।

# ਹੈਂਕੜਬਾਜ , ਭਾਜਪਾ ਸਰਕਾਰ ਦੇ ਸਾਰੇ ਹੱਥਕੰਡੇ ਫੇਲ੍ਹ, ਕਿਸਾਨਾਂ ਦੀ ਜਿੱਤ ਨਿਸਚਿਤ!

ਪਿਛਲੇ ਲਗ ਭਗ ਛੇ ਮਹੀਨਿਆਂ ਤੋਂ ਚਲ ਰਹੇ ਕਿਸਾਨ ਅੰਦੋਲਨ ਦਾ ਸਰਕਾਰ ਕੋਲ ਯੋਗ ਹੱਲ ਹੁੰਦਿਆਂ ਹੋਇਆਂ ਵੀ ਉਸ ਨੂੰ ਕਰਨ ਦੀ ਥਾਂ ਤੇ ਘੇਸਲ ਮਾਰ ਕੇ ਕਈ ਤਰਾਂ ਦੇ ਪੁੱਠੇ ਸਿੱਧੇ ਪੈਂਤੜ੍ਹੇ ਵਰਤ ਕੇ ਲਮਕਾਈ ਜਾ ਰਹੀ ਹੈ। ਪਰ ਕਿਸਾਨਾਂ ਅਗੇ ਉਸ ਦੀ ਹਾਲੇ ਤਕ ਕੋਈ ਪੇਸ਼ ਨਹੀਂ ਚੱਲ ਰਹੀ । ਉਸ ਨੇ ਹੁਣ ਤਕ ਕਿਸਾਨਾਂ ਨਾਲ ਭਾਵੇਂ ਨੌਵੇਂ ਗੇੜ੍ਹ ਤਕ ਦੀਆਂ ਅਸਫਲ ਮੀਟਿੰਗਾਂ ਵੀ ਕਰ ਲਈਆਂ ਹਨ । ਹਰ ਵਾਰ ਉਹੋ ਘੱਸੀ ਪਿਟੀ ਗੱਲ ਕਰਕੇ ਹੁਣ ਦਸਵੇਂ ਗੇੜ੍ਹ ਦੀ ਅਗਲੀ ਮੀਟਿੰਗ 19 ਜਨਵਰੀ ਨੂੰ ਰੱਖ ਲਈ ਗਈ ਹੈ। ਕਿਸਾਨਾਂ ਨੇ ਇਸ ਵਾਰ ਫਿਰ ਸਰਕਾਰ ਨੂੰ ਸਪਸ਼ਟ ਕਿਹਾ ਹੈ ਕਿ ਜੇ ਕਰ ਉਸ ਨੇ ਤਿੰਨ ਬਿੱਲ ਰਦ ਕਰਨੇ ਹਨ ਤਾਂ ਹੀ ਉਨਾਂ ਨੂੰ ਮੀਟਿੰਗ ਤੇ ਬੁਲਾਇਆ ਜਾਵੇ। ਸਰਕਾਰ ਦਾ ਮਨਸ਼ਾ ਇਹ ਹੈ ਕਿ ਕਿਸਾਨਾਂ ਨਾਲ ਮੀਟਿੰਗਾਂ ਕਰਕੇ ਉਨਾਂ ਨੂੰ ਇਨਾ ਨਿਰਾਸ਼ ਕਰ ਦਿੱਤਾ ਜਾਵੇ ਕਿ ਇਨਾਂ ਦੀਆਂ ਜਥੇਬੰਦੀਆਂ ਵਿੱਚ ਟੁੱਟ ਭੱਜ ਹੋ ਜਾਵੇ ਤੇ ਇਹ ਖਾਲੀ ਹੱਥ ਆਪਣੇ ਘਰੋਂ ਘਰੀਂ ਪਰਤ ਜਾਣ। ਪਰ ਸਰਕਾਰ ਨੂੰ ਇਸ ਚਾਲ ਵਿੱਚ ਵੀ ਮੂੰਹ ਦੀ ਖਾਣੀ ਪਵੇਗੀ ।ਕਿਸਾਨਾਂ ਨੇ ਜਦੋਂ ਤੋਂ ਆਪਣਾ ਸੰਘਰਸ਼ ਸ਼ੁਰੂ ਕੀਤਾ ਸੀ। ਉਹ ਉਦੋਂ ਤੋਂ ਇਕੋ ਇਕ ਗੱਲ ਕਹਿੰਦੇ ਆ ਰਹੇ ਹਨ ਕਿ ਕੇਂਦਰ ਦੀ ਸਰਕਾਰ ਨੇ ਇਹ ਜਿਹੜੇ ਕਾਨੂੰਨ ਬਣਾਏ ਹਨ।ਇਹ ਉਸ ਦੇ ਅਧਿਕਾਰ ਖੇਤਰ ਵਿੱਚਲੇ ਨਹੀਂ ਹਨ , ਇਹ ਸੂਬਿਆਂ ਦੇ ਅਧਿਕਾਰ ਖੇਤਰ ਵਾਲੇ ਹਨ। ਇਸ ਵਿਸ਼ੇ ਤੇ ਸਿਰਫ ਸੂਬਾ ਸਰਕਾਰ ਹੀ ਕਾਨੂੰਨ ਬਣਾ ਸਕਦੀ ਹੈ।ਪਰ ਕੇਂਦਰ ਦੀ ਸਰਕਾਰ ਗੈਰਵਿਧਾਨਿਕ ਅਜਿਹੇ ਕਾਨੂੰਨ ਬਣਾ ਕੇ ਇਕ ਤੀਰ ਨਾਲ ਦੋ ਨਿਸ਼ਾਨੇ ਫੂੰਡਣਾ ਚਾਹੁੰਦੀ ਹੈ। ਉਸ ਦੀ ਇਕ ਮਨਸ਼ਾ ਤਾਂ ਇਹ ਹੈ ਕਿ ਸੂਬਿਆਂ ਤੋਂ ਇਕ ਇਕ ਕਰਕੇ ਅਧਿਕਾਰ ਖੋਹ ਲਏ ਜਾਣ ਤੇ ਦੇਸ਼ ਵਿੱਚ ਤਾਨਾਸ਼ਾਹ ਰਾਜ ਦੀ ਸਥਾਪਤੀ ਕੀਤੀ ਜਾਵੇ।ਦੂਸਰਾ ਮਨਸ਼ਾ ਜਿਹੜਾ ਉਹ ਕੰਮ ਕਰ ਰਿਹਾ ਹੈ ਕਿ ਉਖੇਤੀ''ਇਕੋ ਇਕ ਲਾਹੇਵੰਦਾ ਧੰਦਾ ਹੈ ਜਿਸ ਉਤੇ ਕਦੀ ਵੀ ਨੁਕਸਾਨ ਨਹੀਂ ਹੁੰਦਾ। ਇਸ ਧੰਦੇ ਨੂੰ 'ਮੋਦੀ ਸਾਹਿਬ' ਆਪਣੇ ਗੁਜਰਾਤੀ ਭਾਈਚਾਰੇ ਦੇ ਅਜਾਰੇਦਾਰ ਮਿੱਤਰਾਂ ਅੰਬਾਨੀਆਂ ,ਅਡਾਨੀਆਂ ਦੇ ਹਵਾਲੇ ਕਰਨਾ ਚਾਹੁੰਦੀ ਹੈ । ਦੇਸ਼ ਦਾ ਕਿਸਾਨ ਇਸ ਨੀਤੀ ਨੂੰ ਬੜੀ ਚੰਗੀ ਤਰਾਂ ਸਮਝ ਚੁੱਕਾ ਹੈ। ਉਹ ਇਸ ਸੋਚ ਦੇ ਧਾਰਨੀ ਬਣ ਗਏ ਹਨ ਕਿ ਉਹ ਮਰ ਤਾਂ ਜਾਣਗੇ ਪਰ ਅਜਾਰੇਦਾਰਾਂ ਨੂੰ ਆਪਣੀਆਂ ਜਮੀਨਾਂ ਸੌਂਪ ਕੇ, ਉਨਾਂ ਦੇ ਸੀਰੀ ਤੇ ਦਿਹਾੜ੍ਹੀਦਾਰ ਕਦੇ ਨਹੀਂ ਬਨਣਗੇ।ਦੇਸ਼ ਦੇ ਕਿਸਾਨਾਂ ਦੀਆਂ 500 ਤੋਂ ਵਧੇਰੇ ਜਥੇਬੰਦੀਆਂ ਹਨ। ਉਨਾਂ ਨੇ ਆਪਣਾ ਦੇਸ਼ ਪੱਧਰੀ ਕਿਸਾਨ ਮੋਰਚਾ ਬਣਾ ਕੇ ਸਰਕਾਰ ਨਾਲ ਸੰਘਰਸ਼ ਕਰਦੀਆਂ ਆ ਰਹੀਆਂ ਹਨ। ਦੇਸ਼ ਦੇ ਕਿਸਾਨਾਂ ਨੇ 26 ਨਵੰਬਰ ਤੋਂ ਦਿੱਲੀ ਨੂੰ ਚਾਰੇ ਪਾਸੇ ਤੋਂ ਘੇਰ ਕੇ ਪੱਕਾ ਮੋਰਚਾ ਲਗਾ ਰਖਿਆ ਹੈ।ਕਿਸਾਨ ਜਥੇਬੰਦੀਆਂ ਹਰ ਵਾਰ ਸਰਕਾਰ ਨੂੰ ਮੀਟਿੰਗ ਦੌਰਾਨ ਸਪਸ਼ਟ ਕਰ ਚੁੱਕੀਆਂ ਹਨ ਕਿ ਤਿੰਨ ਕਿਸਾਨ ਵਿਰੋਧੀ ਬਿੱਲ ਰੱਦ ਕੀਤੇ ਜਾਣ, ਐਮ.ਐਸ.ਪੀ ਬਾਰੇ ਪੱਕਾ ਕਾਨੂੰਨ ਬਣਾਇਆ ਜਾਵੇ ਜਿਨਾ ਚਿਰ ਸਰਕਾਰ ਉਨਾਂ ਦੀਆਂ ਸਾਰੀਆਂ ਮੰਗਾਂ ਪ੍ਰਵਾਨ ਨਹੀਂ ਕਰ ਲੈਂਦੀ ਉਹ ਆਪਣਾ ਸੰਘਰਸ਼ ਜਾਰੀ ਰੱਖਣਗੇ। ਸਰਕਾਰ ਕਿਸਾਨ ਸੰਘਰਸ਼ ਨੂੰ ਫੇਲ੍ਹ ਕਰਨ ਲਈ ਨਿੱਤ ਦਿਨ ਨਵੇਂ ਪੈਂਤੜ੍ਹੇ ਵਰਤਦੀ ਆ ਰਹੀ ਹੈ ਪਰ ਉਸ ਦੇ ਸਾਰੇ ਪੈਂਤੜੈ ਹੁਣ ਤਕ ਬੁਰੀ ਤਰਾਂ ਫੇਲ੍ਹ ਹੁੰਦੇ ਆ ਰਹੇ ਹਨ। ਹੁਣ ਉਸ ਦਾ ਅਖੀਰਲਾ ਪੈਂਤੜ੍ਹਾ ਸੁਪਰੀਮ ਕੋਰਟ ਜਿਸ ਨੂੰ ਵਰਤ ਕੇ ਸਫ਼ਲਤਾ ਦੀ ਪੌੜ੍ਹੀ ਚੜ੍ਹਣਾ ਚਾਹੁੰਦੀ ਸੀ। ਉਹ ਵੀ ਬੁਰੀ ਤਰਾਂ ਫੇਲ੍ਹ ਹੋ ਗਿਆ ਹੈ। ਕਿਸਾਨ ਆਗੂਆਂ ਨੇ ਮੰਤਰੀਆਂ ਨੂੰ ਸਪਸ਼ਟ ਕੀਤਾ ਹੋਇਆ ਹੈ ਕਿ ਇਹ ਗਲਤ ਕਾਨੂੰਨ ਸਰਕਾਰ ਨੇ ਬਣਾਏ ਹਨ ਇਸ ਲਈ ਉਹ ਇਨਾਂ ਕਾਨੂੰਨਾਂ ਨੂੰ ਸਰਕਾਰ ਕੋਲੋਂ ਹੀ ਰੱਦ ਕਰਾਉਣਗੇ।ਇਸ ਕਰਕੇ ਨਾ ਤਾਂ ਉਹ ਕਿਸੇ ਵੀ ਕੋਰਟ ਵਿੱਚ ਜਾਣਗੇ ਤੇ ਨਾ ਹੀ ਉਸ ਵਲੋਂ ਬਣਾਈ ਕਿਸੇ ਵੀ ਕਮੇਟੀ ਵਿੱਚ ਸ਼ਾਮਲ ਹੋਣਗੇ। ਇਕ ਪਾਸੇ ਸਰਕਾਰ ਕਿਸਾਨਾਂ ਨਾਲ ਬੇਸਿੱਟਾ ਮੀਟਿੰਗਾਂ ਤੇ ਮੀਟਿੰਗਾਂ ਕਰੀ ਜਾ ਰਹੀ ਹੈ। ਦੂਸਰੇ ਪਾਸੇ ਕਿਸਾਨਾਂ ਦੀ ਭਾਵਨਾ ਦੇ ਉਲਟ ਸਰਕਾਰ ਨੇ ਸੁਪਰੀਮ ਕੋਰਟ ਵਲੋਂ 12 ਜਨਵਰੀ ਨੂੰ ਇਸ ਮਸਲੇ ਦਾ ਹੱਲ ਕਰਨ ਲਈ ਇਕ ਚਾਰ ਮੈਂਬਰੀ ਕਮੇਟੀ ਬਣਵਾ ਦਿੱਤੀ ਸੀ ।ਇਨਾਂ ਬਿੱਲਾਂ ਨੂੰ ਵਕਤੀ ਤੌਰਤੇ ਹੋਲਡ ਰੱਖਵਾ ਦਿੱਤਾ ਸੀ। ਕਿਸਾਨਾਂ ਨੂੰ ਇਹ ਵੀ ਕਿਹਾ ਗਿਆ ਸੀ ਕਿ ਉਹ ਬਣਾਈ ਇਸ ਕਮੇਟੀ ਅੱਗੇ ਆਪਣੇ ਪੱਖ ਨੂੰ ਰੱਖਣ।ਪਰ ਕਿਸਾਨ ਜਥੇਬੰਦੀਆਂ ਨੇ ਆਪਣੀ ਸਰਬ ਸਾਂਝੀ ਮੀਟਿੰਗ ਕਰਕੇ ਲਿਖਤ ਰੂਪ ਵਿੱਚ ਕੋਰਟ ਵਲੋਂ ਫੈਸਲਾ ਦੇਣ ਤੋਂ ਪਹਿਲਾਂ ਅਖਬਾਰਾਂ ਵਿੱਚ ਬਿਆਨ ਦੇ ਕੇ ਸਪਸ਼ਟ ਕਰ ਦਿੱਤਾ ਸੀ ਕਿ ਉਹ ਕਿਸੇ ਕਮੇਟੀ ਵਿੱਚ ਸ਼ਾਮਲ ਨਹੀਂ ਹੋਣਗੇ।ਕਿਸਾਨ ਜਥੇਬੰਦੀਆਂ ਤੇ ਉਚ ਕੋਰਟ ਦੇ ਵਕੀਲਾਂ ਨੇ ਇਹ ਵੀ ਸ਼ੰਕਾ ਪ੍ਰਗਟਾਇਆ ਸੀ ਕਿ ਸਰਕਾਰ ਕੋਰਟ ਨੂੰ ਆਪਣੀ ਮਰਜੀ ਨਾਲ ਵਰਤ ਕੇ ਕਿਸਾਨ ਅੰਦੋਲਨ ਨੂੰ ਖਤਮ ਕਰਾਉਣਾ ਚਾਹੁੰਦੀ ਹੈ।ਕਿਸਾਨਾਂ ਦਾ ਇਹ ਵੀ ਕਹਿਣਾ ਹੈ ਕਿ ਜੇ ਕਰ ਸੁਪਰੀਮ ਕੋਰਟ ਕਿਸਾਨਾਂ ਪ੍ਰਤੀ ਸੁਹਿਰਦ ਹੁੰਦੀ ਤਾਂ ਉਹ ਜਦੋਂ ਕਿਸਾਨਾਂ ਦਾ ਸੰਘਰਸ਼ ਚਲਿਆ ਸੀ ਉਹ 'ਸੂ ਮੋਟੋ' ਲੈ ਕੇ ਸਰਕਾਰ ਵਲੋਂ ਪਾਸ ਕੀਤੇ ਬਿੱਲ ਇਹ ਕਹਿ ਕੇ ਰੱਦ ਕਰ ਸਕਦੀ ਸੀ ਕਿ ਇਹ ਬਿੱਲ ਗੈਰ ਸੰਵਿਧਾਨਕ ਤੌਰਤੇ ਬਣਾ ਕੇ ਪਾਸ ਕਰਵਾਏ ਹਨ।ਪਰ ਦੇਸ਼ ਦੀ ਉੱਚ ਅਦਾਲਤ ਵਲੋਂ ਪਿਛਲੇ ਪੰਜ ਛੇ ਮਹੀਨਿਆਂ ਤੋਂ ਚੁੱਪ ਰਹਿਣਾ ਤੇ ਕੋਈ ਕਾਰਵਾਈ ਨਾ ਕਰਨਾ ਇਹ ਸਾਬਤ ਕਰ ਰਿਹਾ ਹੈ ਕਿ ਦਾਲ ਸਾਰੀ ਹੀ ਕਾਲੀ ਕੀਤੀ ਹੋਈ ਹੈ। ਸੁਪਰੀਮ ਕੋਰਟ ਨੇ ਇਕ ਚਾਰ ਮੈਂਬਰੀ ਕਮੇਟੀ ਬਣਾਈ ਸੀ। ਜਿਸ ਦੇ ਮੈਂਬਰ ਸ੍ਰ ਭੁਪਿੰਦਰ ਸਿੰਘ ਮਾਨ, ਡਾ ਪਰਮੋਦ ਕੁਮਾਰ ਜੋਸ਼ੀ, ਸ੍ਰੀ ਅਸ਼ੋਕ ਗੁਲਾਟੀ ਅਤੇ ਅਨਿਲ ਘਣਵੰਤ ਲਏ ਸਨ। ਇਨਾਂ ਮੈਂਬਰਾਂ ਬਾਰੇ ਕਿਸਾਨ ਜਥੇਬੰਦੀਆਂ ਵਲੋਂ ਕਿਹਾ ਜਾ ਰਿਹਾ ਹੈ ਕਿ ਇਹ ਮੈਂਬਰ ਜਾਂ ਤਾਂ ਕਾਰਪੋਰੇਟ ਘਰਾਣਿਆਂ ਦੇ ਹਮਾਇਤੀ ਹਨ ਜਾਂ ਸਰਕਾਰ ਵਲੋਂ ਬਣਾਏ ਬਿੱਲਾਂ ਸਬੰਧੀ ਲੇਖ ਲਿਖ ਕੇ ਉਨਾਂ ਦੀ ਹਮਾਇਤ ਕਰ ਚੁੱਕੇ ਹਨ। ਇਸ ਕਮੇਟੀ ਦੀ ਹਾਲਤ ਬਣਦਿਆਂ ਹੀ ਇਹ ਬਣ ਗਈ ਹੈ ਜੇ ਕਰ ਇਹ ਆਖ ਲਿਆ ਜਾਵੇ ਕਿ ਸਰਕਾਰ ਨਾਲ ਇੰਝ ਹੋਇਆ ਹੈ ਕਿ ਜਿਵੇਂ ''ਸਿਰ ਮੁਡਾਂਤੇ ਔਲੇ ਪੜੇ'' ਇਸ ਚਾਰ ਮੈਂਬਰੀ ਕਮੇਟੀ ਦਾ ਇਕ ਮੈਂਬਰ ਸ੍ਰ ਭੁਪਿੰਦਰ ਸਿੰਘ ਮਾਨ ਇਸ ਕਮੇਟੀ ਤੋਂ ਇਹ ਕਹਿ ਕੇ ਅਸਤੀਫਾ ਦੇ ਕੇ ਲਾਂਭੇ ਹੋ ਗਿਆ ਕਿ ਮੈਂ ਕਿਸਾਨਾਂ ਦਾ ਹਮਾਇਤੀ ਹਾਂ। ਜਿਉਂ ਜਿਉਂ ਕਿਸਾਨ ਅੰਦੋਲਨ ਨੂੰ ਮੋਦੀ ਸਰਕਾਰ ਸੁਲਝਾਉਣ ਤੋਂ ਆਨਾ ਕਾਨੀ ਕਰਦੀ ਆ ਰਹੀ ਹੈ । ਵਿਸ਼ਵ ਭਰ ਵਿੱਚ ਮੋਦੀ ਸਾਹਿਬ ਦਾ ਆਪਣਾ, ਭਾਜਪਾ ਸਰਕਾਰ ਤੇ ਭਾਰਤੀ ਜੰਨਤਾ ਪਾਰਟੀ ਦੀ ਸ਼ਾਖ ਦੇਸ਼ ਵਿਦੇਸ਼ ਵਿੱਚ ਸਿਖਰਾਂ ਦੀ ਖਰਾਬ ਹੋ ਰਹੀ ਹੈ। ਸੰਸਾਰ ਦੇ ਲੋਕ ਭ਼ਲੀ ਭਾਂਤ ਜਾਣਦੇ ਹਨ ਕਿ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਵਿੱਚ ਆਪਸੀ ਗਹਿਰੀ ਮਿੱਤਰਤਾ ਰਹੀ ਹੈ। ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਆਪਣੇ ਚਾਰ ਸਾਲ ਦੇ ਰਾਜ ਕਾਲ ਵਿੱਚ ਆਪ ਹੁੱਦਰੀਆਂ ਕਰਕੇ ਦੋ ਵਾਰ ਆਪਣੇ ਉੱਤੇ ਮਹਾਂਦੋਸ ਦੇ ਦੋਸ਼ ਲਗਵਾ ਲਏ ਹਨ ਤੇ ਐਨ ਅਹੁੱਦਾ ਛੱਡਣ ਤੋਂ ਕੁਝ ਦਿਨ ਪਹਿਲਾਂ ਆਪਣੇ ਸਮਰੱਥਕਾਂ ਕੋਲੋਂ ਵਾਈਟ ਹਾਊਸ ਤੇ ਹਮਲਾ ਕਰਾ ਕੇ ਸੰਸਾਰ ਦੇ ਸਭ ਤੋਂ ਉੱਤਮ ਜਾਣੇ ਜਾਂਦੇ ''ਲੋਕਤੰਤਰ'' ਦਾ ਦਿਵਾਲਾ ਕੱਢ ਕੇ ਰੱਖ ਦਿੱਤਾ ਹੈ । ਅੱਜ ਸੰਸਾਰ ਵਿੱਚ ਜੋ ਜੋ ਸੁਣਾਵਤਾਂ ਡੋਨ-ਾਲਡ ਟਰੰਪ ਨੂੰ ਸੁਣਨੀਆਂ ਪੈ ਰਹੀਆਂ ਹਨ। ਉਸ ਨੇ ਅਮਰੀਕੀ ਲੋਕਤੰਤਰ ਤੇ ਵੀ ਵੱਡੀਆਂ ਉੂਂਝਾਂ ਲਗਵਾ ਕੇ ਵਿਕਸਤ ਦੇਸ਼ ਅਮਰੀਕਾ ਦੀ ਸਾਰੇ ਸੰਸਾਰ ਵਿੱਚ ਖਿੱਲੀ ਉੱਡਾ ਦਿੱਤੀ ਹੈ। ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਵੀ ਬਿਲਕੁਲ ਉਸੇ ਰਾਹੇ ਪੈ ਕੇ ਦੇਸ਼ ਵਿੱਚ ਪੁੱਠੇ ਕੰਮ ਕਰਦੇ ਆ ਰਹੇ ਹਨ ।ਕਿਸਾਨਾਂ ਦੀਆਂ ਹੱਕੀ ਮੰਗਾਂ ਜਿਸ ਨੂੰ ਸਾਰੇ ਸੰਸਾਰ ਦੇ ਲੋਕਾਂ ਵਲੋਂ ਸਮ-ਰੱਥਨ ਮਿਲ ਰਿਹਾ ਹੈ ਪਰ ਮੋਦੀ ਸਾਹਿਬ ਇਕੋ "ਮੈਂ ਨਾ ਮਾਨੂੰ" ਦੀ ਅੜ੍ਹੀ ਫੜ੍ਹ ਕੇ ਭਾਰਤੀ ਲੋਕ ਤੰਤਰ ਦਾ ਮਜਾਕ ਉਡਵਾ ਰਹੇ ਹਨ।ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਮੋਦੀ ਦੀ ਹਾਲਤ ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਤੋਂ ਵੀ ਕਿਤੇ ਵਧੇਰੇ ਥੂ ਥੂ ਕਰਨ ਵਾਲੀ ਨਾ ਬਣ ਜਾਵੇ ਹੁਣ ਤਾਂ ਸੁਪਰੀਮ ਕੋਰਟ ਦੀ ਵੀ ਇਕ ਤਰਾਂ ਨਾਲ ਕਿਰ ਕਰੀ ਜਿਹੀ ਹੋ ਗਈ ਹੈ। ਉਸ ਵਲੋਂ ਚਾਰ ਮੈਂਬਰੀ ਕਮੇਟੀ ਦਾ ਨਿਰਮਾਣ ਕਰਨਾ, ਬਿੱਲਾਂ ਦਾ ਹੋਲਡ ਰੱਖਣਾ,10 ਦਿਨਾਂ ਵਿੱਚ ਪਲੇਠੀ ਮੀਟਿੰਗ ਕਰਨਾ ਤੇ ਦੋ ਮਹੀਨੇ ਵਿੱਚ ਕਮੇਟੀ ਵਲੋਂ ਰੀਪੋਰਟ ਦੇਣਾ ਸਭ ਕੁਝ ਖੂਹ ਖਾਤੇ ਪੈਣ ਨਾਲ ਸੁਪਰੀਮ ਕੋਰਟ ਦੀ ਸਥਿੱਤੀ ਵੀ ਹਾਸੋਹੀਣੀ ਬਣ ਗਈ ਹੈ। ਕਿੰਨਾ ਚੰਗਾ ਹੁੰਦਾ ਜੇ ਕਰ ਸੁਪਰੀਮ ਕੋਰਟ ਜਦੋਂ ਕਿਸਾਨਾਂ ਨੇ ਇਨਾਂ ਬਿੱਲਾਂ ਵਿਰੁਧ ਸੰਘਰਸ਼ ਸ਼ੁਰੂ ਕੀਤਾ ਸੀ ਉਦੋਂ ਹੀ ਉ ਸੂ ਮੋਟੋ'' ਲੈ ਕੇ ਇਨਾਂ ਬਿੱਲਾਂ ਨੂੰ ਰੱਦ ਕਰ ਦੇਂਦੀ ਤਾਂ ਨਾ ਕੇਂਦਰ ਸਰਕਾਰ ਦੀ ਤੇ ਨਾ ਹੀ ਸੁਪਰੀਮ ਕੋਰਟ ਖੁੱਦ ਦੀ ਹਾਲਤ ਪਾਣੀ ਤੋਂ ਪਤੱਲੀ ਹੋਣੀ ਸੀ। ਭਾਰਤੀ ਜੰਨਤਾ ਪਾਰਟੀ ਦੇ ਆਗੂਆਂ ਸਬੰਧੀ ਵਾਇਰਲ ਹੋ ਰਹੀ ਵੀ ਡੀ ਓ ਵਿੱਚ ਪੰਜਾਬ ਸਰਕਾਰ ਵਿੱਚ ਰਹਿ ਚੁੱਕੀ ਭਾਰਤੀ ਜਨਤਾ ਪਾਰਟੀ ਦੀ ਕੈਬਨਿਟ ਮੰਤਰੀ ਸ੍ਰੀ ਮਤੀ ਲਕਸ਼ਮੀ ਕਾਂਤ ਚਾਵਲਾ ਨੇ ਵੀ ਕਿਸਾਨ ਬਿੱਲਾਂ ਦਾ ਵਿਰੋਧ ਕਰਕੇ, ਉਹ ਵੀ ਕਿਸਾਨਾਂ ਦੇ ਹਿੱਤ ਵਿੱਚ ਆ ਖੜ੍ਹੀ ਹੋਈ ਹੈ। ਸਰਕਾਰ ਦੀਆਂ ਗਲਤ ਤੇ ਗੰਦੀਆਂ ਨੀਤੀਆਂ ਕਾਰਨ ਜਿਸ ਤਰਾਂ ਲੋਕਾਂ ਦਾ ਪਹਿਲਾਂ 'ਕਾਰਜ ਪਾਲਕਾ' ਵਿੱਚੋਂ ਵਿਸ਼ਵਾਸ਼ ਉੱਠ ਚੁੱਕਾ ਹੈ ਤੇ ਲਗਦਾ ਹੈ ਹੁਣ ਜੋ ਕਾਰਗੁਜਾਰੀਆਂ ਨਿਆਂਪਾਲਕਾ ਦੇ ਖੇਤਰ ਵਿੱਚ ਕਰਵਾਈਆਂ ਜਾ ਰਹੀਆਂ ਹਨ। ਉਸ ਨਾਲ ਲੋਕਾਂ ਦਾ ਰਹਿੰਦਾ ਖੂੰਹਦਾ ਵਿਸ਼ਵਾਸ਼ 'ਨਿਆਂ ਪਾਲਕਾ' ਤੋਂ ਵੀ ਉੱਠ ਜਾਵੇਗਾ। ਇਹ ਸਾਰੀਆਂ ਕਾਰਵਾਈਆਂ ਲੋਕਤੰਤਰ ਦਾ ਖਾਤਮਾ ਕਰਨ ਦੇ ਨਾਲ ਦੇਸ਼ ਨੂੰ ਤਾਨਾਸ਼ਾਹੀ ਰਾਜ ਵੱਲ ਤੇਜੀ ਨਾਲ ਧੱਕਣ ਦੇ ਸੰਕੇਤ ਹਨ। ਸਰਕਾਰ ਦੇਸ਼ ਵਿੱਚ ' ਖੇਹ ਕਰੇ, ਸੁਆਹ ਕਰੇ' ਲੋਕਾਂ ਨੂੰ ਚੰਗਾ ਲਗੇ ਜਾ ਨਾ, ਉਨਾਂ ਨੂੰ ਚੂੰ ਨਹੀਂ ਕਰਨ ਦਿੱਤੀ ਜਾਵੇਗੀ। ਦੇਸ਼ ਵਿੱਚ ਉਹੋ ਕੁਝ ਹੋਵੇਗਾ।ਜਿਸ ਨੂੰ ਭਾਜਪਾ ਤੇ ਰ ਸ ਸ ਚਾਹੁੰਦੀ ਹੈ। ਦੂਸਰੇ ਪਾਸੇ ਕਿਸਾਨਾਂ ਨੇ ਵੀ ਆਪਣੇ ਅੱਟਲ ਫੈਸਲੇ ਕਰ ਲਏ ਹਨ ਕਿ ਉਹ ਵੀ ਆਪਣੇ ਸੰਘਰਸ਼ ਨੂੰ ਉਨਾ ਚਿਰ ਜਾਰੀ ਰੱਖਣਗੇ ਜਿਨਾ ਚਿਰ ਉਨਾਂ ਨੂੰ ਜਿੱਤ ਪ੍ਰਾਪਤ ਨਹੀਂ ਹੋ ਜਾਂਦੀ।ਕਿਸਾਨ ਜਥੇਬੰਦੀਆਂ ਨੇ ਸਮੂਹ ਕਿਸਾਨਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਉਹ ਖੁਦਕਸ਼ੀਆਂ ਨਾ ਕਰਨ, ਉਨਾਂ ਦੀਆਂ ਜਾਨਾਂ ਬੜੀਆਂ ਕੀਮਤੀ ਹਨ। ਉਹ ਕਦੇ ਵੀ ''ਖੁਦਕਸ਼ੀ''ਕਰਨ ਵਾਲਾ ਕਦਮ ਨਾ ਚੁੱਕਣ, ਹਰ ਸੱਮਸਿਆ ਦਾ ਟਾਕਰਾ ਬਹਾਦਰੀ ਤੇ ਦਲੇਰੀ ਨਾਲ ਕੀਤਾ ਜਾਵੇ। ਇਹੋ ਸਿਖਿਆ ਉਨਾਂ ਦੇ ਗੁਰੂ ਸਾਹਿਬਾਨਾਂ ਤੇ ਹੋਰ ਧਰਮਾਂ ਦੇ ਰਹਿਬਰਾਂ ਨੇ ਦਿੱਤੀ ਹੈ।ਉਹ ਲਗਾਤਾਰ ਕਿਸਾਨਾਂ ਨੂੰ ਅਪੀਲ ਕਰਦੇ ਕਹਿੰਦੇ ਆ ਰਹੇ ਹਨ ਕਿ ਸਾਡਾ ਅੰਦੋਲਨ ਨਿਰੋਲ ਸ਼ਾਂਤਮਈ ਹੈ ਤੇ ਅੰਤ ਤਕ ਸ਼ਾਂਤਮਈ ਹੀ ਰਹੇਗਾ। ਉਹਨਾਂ ਨੇ ਕਿਹਾ ਕਿ ਬਹੁਤ ਸਾਰੀਆਂ ਸਰਕਾਰੀ ਏਜੰਸੀਆਂ ਇਸ ਅੰਦੋਲਨ ਨੂੰ ਅਸਫਲ ਕਰਨ ਲਈ ਪੱਬਾਂ ਭਾਰ ਹੋਈਆਂ ਹੋਈਆਂ ਹਨ। ਉਹ ਬੜੀਆਂ ਹੀ ਅਜੀਬ ਤਰਾਂ ਦੀਆਂ ਭੜਕਾਊ ਗੱਲਾਂ ਕਰਦੀਆਂ ਆ ਰਹੀਆਂ ਹਨ। ਉਹ ਉਨਾਂ ਦੇ ਕਿਸੇ ਤਰਾਂ ਦੇ ਬਹਿਕਾਵੇ ਵਿੱਚ ਨਾ ਆਉਣ, ਸਿਰਫ ਕਿਸਾਨ ਜਥੇਬੰਦੀਆਂ ਵਲੋਂ ਕੀਤੇ ਐਲਾਨਾਂ ਤੇ ਹੀ ਅਮਲ ਕਰਨ। ਉਨਾਂ ਆਗੂਆਂ ਦਾ ਕਹਿਣਾ ਹੈ ਜਿਸ ਤਰਾਂ ਦਾ ਕਿਸਾਨਾਂ ਵਲੋਂ ਹੁਣ ਤਕ ਸ਼ਾਂਤਮਈ ਅੰਦੋਲਨ ਕੀਤਾ ਹੋਇਆ ਹੈ। ਉਸ ਨੇ ਕੇਂਦਰ ਦੀ ਸਰਕਾਰ ਦਾ ਨੱਕ ਵਿੱਚ ਦੱਮ ਕੀਤਾ ਹੋਇਆ ਹੈ। ਅੱਜ ਸੰਸਾਰ ਦੀ ਮਹਾਨ ਜਥੇਬੰਦੀ ਯੂ. ਐਨ. ਓ . ਤਕ ਨੂੰ ਵੀ ਕਿਸਾਨ ਮੰਗਾਂ ਦੇ ਹੱਕ ਵਿੱਚ ਭਾਰਤ ਦੀ ਸਰਕਾਰ ਨੂੰ ਲਿਖਣਾ ਪਿਆ ਹੈ। ਇਥੋਂ ਤਕ ਕਿ ਇੰਗਲੈਂਡ ਦੇ ਪ੍ਰਧਾਨ ਮੰਤਰੀ ਬੌਰਿਸ ਜੌਹਨਸਨ ਨੇ ਵੀ ਭਾਰਤ ਦੇ ਗਣ ਤੰਤਰ ਦਿਵਸ ਦੇ ਮੌਕੇ 26 ਜਨਵਰੀ 2021 ਮੌਕੇ ਵਿਸ਼ੇਸ਼ ਮਹਿਮਾਨ ਨਾ ਬਣ ਕੇ ਦੱਸ ਦਿੱਤਾ ਹੈ ਕਿ ਮੋਦੀ ਸਰਕਾਰ ਦੇਸ਼ ਦੇ ਕਿਸਾਨਾਂ ਨਾਲ ਧੱਕਾ ਕਰ ਰਹੀ ਹੈ। ਜਿਸ ਨੂੰ ਉਸ ਦੇ ਦੇਸ਼ ਦੇ ਲੋਕ ਚੰਗਾ ਨਹੀਂ ਸਮਝਦੇ। ਇਸ ਘਟਨਾ ਨੇ ਭਾਰਤ ਦੇਸ਼ ਦਾ ਸ਼ਰਮ ਨਾਲ ਸਿਰ ਹੋਰ ਨੀਂਵਾਂ ਕਰਾ ਕੇ ਰੱਖ ਦਿੱਤਾ ਹੈ। ਕਿਸਾਨ ਜਿੱਤ ਦੀਆਂ ਵੱਡੀਆਂ ਵੱਡੀਆਂ ਪੁਲਾਂਘਾ ਪੁੱਟਦੇ ਹੋਏ ਜਿੱਤ ਵੱਲ ਨਿਰੰਤਰ ਵੱਧ ਰਹੇ ਹਨ। ਹੁਣ ਦਸਵੇਂ ਗੇੜ੍ਹ ਦੀ ਜਿਹੜੀ ਮੀਟਿੰਗ 19 ਜਨਵਰੀ ਨੂੰ ਹੋ ਰਹੀ ਹੈ ਇਸ ਵਿੱਚੋ ਵੀ ਕੁਝ ਚੰਗਾ ਨਿਕਲਣ ਦੀ ਆਸ ਨਹੀਂ।

ਕਿਸਾਨ ਸੰਸਾਰ ਵਿੱਚ ਇਹ ਪ੍ਰਭਾਵ ਨਹੀਂ ਦੇਣਾ ਚਾਹੁੰਦੇ ਕਿ ਉਹ ਸਰਕਾਰ ਨਾਲ ਮੀਟਿੰਗਾਂ ਕਰਨ ਤੋਂ ਭੱਜਦੇ ਹਨ। ਕਿਸਾਨਾਂ ਨਾਲ ਲਗਾਤਾਰ ਬੇਸਿੱਟਾ ਮੀਟਿੰਗਾਂ ਕਰਕੇ ਇਸ ਨਾਲ ਭਾਰਤ ਸਰਕਾਰ ਦੀ ਹੀ ਖਿੱਲੀ ਜਰੂਰ ਉੱਡ ਰਹੀ ਹੈ ਕਿ ਸਰਕਾਰ ਕਿਸਾਨਾਂ ਨਾਲ ਮੀਟਿੰਗਾਂ ਤੇ ਮੀਟਿੰਗਾਂ ਤਾਂ ਕਰਦੀ ਹੈ ਪਰ ਉਹ ਜਾਨ ਬੁਝ ਕੇ ਕਿਸਾਨਾਂ ਦਾ ਮੱਸਲਾ ਹੱਲ ਨਹੀਂ ਕਰ ਰਹੀ। ਇਸ ਨਾਲ ਵਿਸ਼ਵ ਵਿੱਚ ਇਹ ਪ੍ਰਭਾਵ ਵੀ ਜਾ ਰਿਹਾ ਹੈ ਕਿ ਭਾਰਤ ਦੀ ਸਰਕਾਰ ਕਿਹੋ ਜਿਹੀ ਨਿਕੰਮੀ ਹੈ,ਜੋ ਕਿਸਾਨਾਂ ਦਾ ਮਸੱਲਾ ਹੱਲ ਕਰਨ ਦੇ ਕਾਬਿਲ ਹੀ ਨਹੀਂ। ਇਸ ਨਾਲ ਸਰਕਾਰ ਦਾ ਆਪਣਾ ਸਵੈਮਾਨ ਵੀ ਸੰਸਾਰ ਵਿੱਚ ਖਰਾਬ ਹੋ ਰਿਹਾ ਹੈ। ਸਰਕਾਰ ਨੂੰ ਇਸ ਗੱਲ ਦਾ ਹੰਕਾਰ ਹੋ ਗਿਆ ਹੈ ਕਿ ਪਾਰਲੀਮੈਂਟ ਵਿੱਚ ਉਸ ਕੋਲ ਬਹੁਮੱਤ ਹੈ। ਦੇਸ਼ ਦੇ ਲੋਕ ਬੜੀ ਚੰਗੀ ਤਰਾਂ ਸਮਝ ਚੁੱਕੇ ਹਨ ਕਿ ਭਾਰਤੀ ਜੰਨਤਾ ਪਾਰਟੀ ਕੋਲ ਲੋਕ ਸਭਾ ਵਿੱਚ ਬਹੁਮੱਤ ਸਿਰਫ ਈ .ਵੀ. ਐਮ. ਵਿੱਚ ਹੇਰਾ ਫੇਰੀ ਕਰਕੇ ਹੀ ਪ੍ਰਾਪਤ ਹੋਇਆ ਹੈ। ਸਰਕਾਰ ਹੰਕਾਰੀ ਹੋਈ ਸਮਝਦੀ ਹੈ ਕਿ ਉਸ ਦੇ ਅਧੀਨ ਚੋਣ ਕਮਿਸ਼ਨ ਤੇ ਹੋਰ ਸਾਰੇ ਸਬੰਧਤ ਅਦਾਰੇ ਵੱਸ ਵਿੱਚ ਹਨ। ਇਸ ਲਈ ਉਹ ਅਗਲੀਆਂ ਚੋਣਾਂ ਵੀ ਈ. ਵੀ. ਐਮ. ਦੀ ਬਦੌਲਤ ਜਿੱਤ ਲਵੇਗੀ। ਦੇਸ਼ ਵਿੱਚ ਈ. ਵੀ. ਐਮ. ਦੀ ਥਾਂ ਤੇ ਬੈਲਿਟ ਪੇਪਰਾਂ ਰਾਹੀਂ ਚੋਣ ਕਰਾਉਣ ਦੀ ਮੰਗ ਦਿਨੋ ਦਿਨ ਜੋਰ ਫੜ੍ਹਦੀ ਜਾ ਰਹੀ ਹੈ। ਇਸ ਹੰਕਾਰ ਵਿੱਚ ਜਿਸ ਤਰਾਂ ਦਾ ਜਬਰ ਉਹ ਲੋਕਾਂ ਨਾਲ ਪੜਾਅ ਪੜਾਅ ਤੇ ਕਰਦੀ ਆ ਰਹੀ ਹੈ।



ਜੀਗ ਸਿੰਘ
91-94170-95965

ਉਹ ਭਾਜਪਾ ਨੂੰ ਅਗਲੀਆਂ ਚੋਣਾਂ ਕਦੇ ਵੀ ਈ.ਵੀ.ਐਮ.ਰਾਹੀਂ ਨਹੀਂ ਹੋਣ ਦੇਵੇਗੀ।ਇਸ ਨੂੰ ਦੇਸ਼ ਦੇ ਲੋਕ ਸਮੇਤ ਕਿਸਾਨ ਜਥੇਬੰਦੀਆਂ ਵੀ ਭਲੀਭਾਂਤ ਸਮਝ ਚੁੱਕੀਆਂ ਹਨ।ਜਿਸ ਵਿਰੁੱਧ ਦੇਸ਼ ਦੇ ਲੋਕ ਪੂਰੀ ਤਰਾਂ ਤਿਆਰ ਹੋ ਰਹੇ ਹਨ। ਕਿਸਾਨ ਜਥੇਬੰਦੀਆਂ ਨੇ ਹੁਣ ਜਿਹੜੀ 26 ਜਨਵਰੀ ਨੂੰ ਗਣਤੰਤਰ ਦਿਵੱਸ ਮੌਕੇ ''ਕਿਸਾਨ ਪਰੇਡ'' ਕੀਤੇ ਜਾਣ ਦੀ ਕਾਲ ਦਿੱਤੀ ਹੈ। ਕਿਸਾਨ ਇਹ ਪਰੇਡ ਕਿਸ ਤਰਾਂ ਕਰਨ ਗੇ ?ਕਿਸਾਨ ਜਥੇਬੰਦੀਆਂ ਨੇ ਇਸ ਭੇਦ ਨੂੰ ਹਾਲੇ ਤਕ ਗੁੱਝਾ ਰਖਿਆ ਹੋਇਆ ਹੈ। ਜਿਸ ਨੇ ਕੇਂਦਰ ਸਰਕਾਰ ਦੇ ਸਾਹ ਨੂੰ ਸੁਕਾਇਆ ਹੋਇਆ ਹੈ। ਕਿਸਾਨ ਅੰਦੋਲਨ ਵਿੱਚ ਹੁਣ ਤਕ ਸੌ ਤੋਂ ਵਧੇਰੇ ਕਿਸਾਨਾਂ ਦੀਆਂ ਸ਼ਹੀਦੀਆਂ ਹੋ ਚੁੱਕੀਆਂ ਹਨ।


ਇਹ ਸ਼ਹੀਦੀਆਂ ਜਰੂਰ ਰੰਗ ਲਿਆਉਣਗੀਆਂ ਤੇ ਭਾਜਪਾ ਸਰਕਾਰ ਦੇ ਤੇਜੀ ਨਾਲ ਉੱਸਰ ਰਹੇ ਤਾਬੂਤ ਵਿੱਚ ਆਖਰੀ ਕਿੱਲ ਸਾਬਿਤ ਹੋਣਗੀਆਂ। ਸਰਕਾਰ ਦੀ ਹਾਲੇ ਵੀ ਬਿਹਤੱਰੀ ਇਸ ਵਿੱਚ ਹੈ ਕਿ ਉਹ ਕਿਸਾਨਾਂ ਦੇ ਹੋਰ ਹੌਂਸਲੇ ਨੂੰ ਪਰਖਣ ਦੀ ਬਜਾਏ ਬਿਨਾ ਕਿਸੇ ਦੇਰੀ ਦੇ ਉਨਾਂ ਦੇ ਮਸਲੇ ਹੱਲ ਕਰੇ। ਕਿਉਂ ਕਿ ਕਿਸਾਨ ਆਪਣੇ ਮੱਸਲੇ ਹੱਲ ਕਰਾਏ ਬਿਨਾ ਘਰ ਪਰਤਣ ਵਾਲੇ ਨਹੀ।

ਸਰਕਾਰ ਨੂੰ ਇਹ ਬਿੱਲ ਹਰ ਹਾਲਤ ਵਿੱਚ ਰੱਦ ਕਰਨੇ ਹੀ ਪੈਣੇ ਹਨ। ਇਸ ਲਈ ਕਿਸਾਨਾਂ ਨੂੰ ਚਾਹੀਦਾ ਹੈ ਕਿ ਉਹ ਸ਼ਾਤਮਈ ਢੰਗ ਨਾਲ ਸੰਘਰਸ਼ ਕਰਨ ਦਾ ਪੱਲਾ ਫੜ੍ਹੀ ਰੱਖਣ। ਇਸ ਵਿੱਚ ਕਿਸਾਨਾਂ ਤੇ ਦੇਸ਼ ਦੇ ਲੋਕਾਂ ਦੀ ਜਿੱਤ ਸਮਾਈ ਹੋਈ ਹੈ।

ਹੁਣ ਫਿਰ ਸਰਕਾਰ ਤਾਨਾਸ਼ਾਹ ਬਣ ਕੇ ਕਿਸਾਨ ਅੰਦੋਲਨ ਜਿਹੜਾ ਕਿ ਸੰਸਾਰ ਪੱਧਰ ਦਾ ਬਣਨ ਦੇ ਨਾਲ ਪੂਰਨ ਰੂਪ ਵਿੱਚ ਸ਼ਾਂਤਮਈ ਹੋਣ ਦੇ ਨਾਲ ਹੱਕੀ ਹੈ ।ਉਨਾਂ ਵਲੋਂ 26 ਜਨਵਰੀ ਨੂੰ ਗਣ ਤੰਤਰ ਦਿਵਸ ਦੇ ਮੌਕੇ ਕੀਤੀ ਜਾਣ ਵਾਲੀ 'ਕਿਸਾਨ ਪਰੇਡ' ਨੂੰ ਖਤਮ ਕਰਾਉਣ ਲਈ ਪੁਲੀਸ ਵਲੋਂ ਇਕ ਅਰਜੀ ਦਿਵਾ ਦਿੱਤੀ ਹੈ ਜਿਸ ਵਿੱਚ ਲੋਕ ਤੰਤਰੀ ਢੰਗ ਨਾਲ ਕੀਤੇ ਜਾਣ ਵਾਲੇ ਰੋਸ ਦਾ ਵੀ ਉਹ ਗਲਾ ਘੁੱਟਣਾ ਚਾਹੁੰਦੀ ਹੈ।

# ਡਾ. ਭੀਮਰਾਓ ਰਾਮ ਜੀ ਅੰਬੇਡਕਰ ਦੇ ਦੋ ਯਾਦਗਾਰੀ ਭਾਸ਼ਨ

**ਰੀਵਿਊਕਾਰ: ਬਲਜਿੰਦਰ ਮਾਨ**
**98150-18947**
**ਅਨੁਵਾਦਕ: ਬਲਦੇਵ ਸਿੰਘ 'ਬੱਦਨ'**
**ਪ੍ਰਕਾਸ਼ਕ: ਲਕਸ਼ਯ ਪਬਲੀਕੇਸ਼ਨਜ਼ ਦਿੱਲੀ,**
**ਪੰਨੇ:183, ਮੁੱਲ:400/-**




ਭਾਰਤੀ ਜਨ ਜੀਵਨ ਨੂੰ ਜਾਤ ਪਾਤ ਨੇ ਐਨੀ ਬੁਰੀ ਤਰ੍ਹਾਂ ਕੁਚਲਿਆ ਹੈ ਜਿਸ ਬਾਰੇ ਅਨੇਕਾਂ ਗਰੰਥ ਲਿਖੇ ਜਾ ਸਕਦੇ ਹਨ। ਜੇਕਰ ਭਾਰਤ ਵਿਚ ਇਨਸਾਨੀਅਤ ਦਾ ਪਾਠ ਪੜ੍ਹਾਇਆ ਹੁੰਦਾ ਤਾਂ ਅਜ ਭਾਰਤ ਅਮਰੀਕਾ ਕੈਨੇਡਾ ਤੋਂ ਕਿਤੇ ਅੱਗੇ ਹੋਣਾ ਸੀ। ਭਾਰਤੀ ਆਮ ਲੋਕਾਂ ਨਾਲ ਜਾਨਵਰਾਂ ਵਾਲਾ ਵਰਤਾਰਾ ਸਦੀਆਂ ਤਕ ਚਲਦਾ ਰਿਹਾ। ਜਿਸਨੂੰ ਧਰਮ ਦੇ ਨਾਂ ਤੇ ਮਾਨਤਾ ਦਿੱਤੀ ਜਾਂਦੀ ਰਹੀ। ਜੇਕਰ ਡਾ.ਭੀਮ ਰਾਉ ਅੰਬੇਦਕਰ ਜੀ ਦੁਆਰਾ ਭਾਰਤ ਦਾ ਸੰਵਿਧਾਨ ਨਾ ਰਚਿਆ ਜਾਂਦਾ ਤਾਂ ਮਨੂੰਵਾਦੀਆਂ ਨੇ ਅਜ ਤਕ ਵੀ ਇਹੀ ਰੀਤ ਚਲਾਈ ਰੱਖਣੀ ਸੀ। ਧਨ ਹਨ ਡਾ. ਅੰਬੇਦਕਾਰ ਜੀ ਜਿਨ੍ਹਾਂ ਐਨੇ ਮਾੜੇ ਹਲਾਤਾਂ ਨਾਲ ਟੱਕਰ ਲੈਂਦਿਆਂ ਦੁਨੀਆਂ ਦੇ ਗਿਆਨਵਾਨ ਵਿਅਕਤੀਆਂ ਵਿਚ ਆਪਣੀ ਵਿਸ਼ੇਸ਼ ਥਾਂ ਬਣਾਈ। ਜਿਹੜੇ ਦੋ ਭਾਸ਼ਨ ਇਥੇ ਦਰਜ ਕੀਤੇ ਗਏ ਹਨ ਉਹ ਵੀ ਮਨੂਵਾਦੀਆਂ ਦੀ ਦਲਿਤ ਵਿਰੋਧੀ ਨੀਤੀਆਂ ਨੂੰ ਪੇਸ਼ ਕਰਦੇ ਹਨ। ਪੁਸਤਕ ਵਿਚ ਦਰਜ ਭਾਸ਼ਨ ਜਾਤ ਪਾਤ ਤੋੜਕ ਮੰਡ ਲਾਹੌਰ ਦੇ 1936 ਈਸਵੀ ਦੇ ਸਲਾਨਾ ਸੰਮੇਲਨ ਲਈ ਤਿਆਰ ਕੀਤਾ ਗਿਆ ਸੀ। ਪਰ ਇਹ ਪੜ੍ਹਿਆ ਨਹੀਂ ਗਿਆ ਕਿਉਂਕਿ ਪ੍ਰਬੰਧਕਾਂ ਨੂੰ ਇਹ ਸੱਚੇ ਸੁੱਚੇ ਵਿਚਾਰ ਮੰਜ਼ੂਰ ਨਹੀਂ ਸਨ। ਜਿਸ ਕਰਕੇ ਸੰਮੇਲਨ ਹੀ ਰੱਦ ਕਰ ਦਿੱਤਾ ਗਿਆ। ਇਸ ਬਾਰੇ ਡਾ. ਅੰਬੇਦਕਰ ਜੀ ਨੇ ਲਿਖਿਆ ਸੀ 'ਮੇਰਾ ਵਿਸ਼ਵਾਸ ਹੈ ਕਿ ਇਹ ਪ੍ਰਧਾਨ ਦੀ ਨਿਯੁਕਤੀ ਇਸ ਲਈ ਹੱਦ ਕਰ ਦਿੱਤੀ ਗਈ ਹੈ ਕਿ ਕਮੇਟੀ ਪ੍ਰਧਾਨ ਦੇ ਨਜ਼ਰੀਏ ਨਾਲ ਸਹਿਮਤ ਨਹੀਂ ।

ਪਰ ਭਾਵੇਂ ਅਜਿਹਾ ਹੈ ਤਾਂ ਨਹੀਂ ਇਹ ਯਕੀਨੀ ਤੌਰ ਤੇ ਮੇਰੇ ਜੀਵਨ ਵਿਚ ਪਹਿਲਾ ਮੌਕਾ ਹੈ ਜਦੋਂ ਸਵਰਨ ਹਿੰਦੂਆਂ ਦੇ ਸੰਮੇਲਨ ਦੀ ਪ੍ਰਧਾਨਗੀ ਦਾ ਸੱਦਾ ਪੱਤਰ ਦਿੱਤਾ ਗਿਆ ਸੀ।ਇਸ ਤਰ੍ਹਾਂ ਇਸ ਭਾਸ਼ਨ ਦੀ ਭਾਰਤੀ ਜੀਵਨ ਦਰਸ਼ਨ ਨੂੰ ਸੁਧਾਰਨ ਵਿਚ ਡਾ.ਅੰਬੇਦਕਰ ਦੇ ਵਿਚਾਰਾਂ ਦੀ ਅਹਿਮ ਭੂਮਿਕਾ ਹੈ।

ਪੁਸਤਕ ਵਿਚ ਦਰਜ ਦੂਸਰਾ ਭਾਸ਼ਨ ਜਸਟਿਸ ਮਹਾਦੇਵ ਗੋਬਿੰਦ ਰਾਨਾਡੇ ਮਹਾਤਮਾ ਗਾਂਧੀ ਅਤੇ ਮੁਹੰਮਦ ਅਲੀ ਜਿਨਾਹ ਬਾਰੇ ਹੈ। ਭਾਸ਼ਨ ਅਨੁਸਾਰ ਅਗਲੀਆਂ ਪੀੜੀਆਂ ਦੀ ਦਿਲਚਸਪੀ ਹਮੇਸ਼ਾ ਹੀ ਮਹਾਨ ਵਿਅਕਤੀਆਂ ਦੇ ਆਖਰੀ ਕਥਨ ਅਤੇ ਪ੍ਰਗਟ ਕੀਤੇ ਗਏ ਆਖਰੀ ਪਛਤਾਵੇ ਤੇ ਹੁੰਦੀ ਹੈ। ਉਹਨਾਂ ਦੇ ਤਜਰਬਿਆਂ ਅਤੇ ਭਵਿੱਖੀ ਵਿਸ਼ਵ ਸੰਬੰਧੀ ਉਹਨਾਂ ਦੀ ਕਲਪਨਾਵਾਂ ਦੇ ਲਈ ਹਮੇਸ਼ਾ ਮਹੱਤਵਪੂਰਨ ਸਿੱਧ ਨਹੀਂ ਹੁੰਦੇ। ਡਾ.ਬਲਦੇਵ ਸਿੰਘ ਬੱਦਨ ਨੇ ਇਸ ਕੀਮਤੀ ਪੁਸਤਕ ਦਾ ਪੰਜਾਬੀ ਵਿਚ ਅਨੁਵਾਦ ਕਰਕੇ ਇਕ ਹੋਰ ਇਤਿਹਾਸ ਪਹਿਲੂ ਤੇ ਝਾਤੀ ਮਾਰਨ ਦਾ ਮੌਕਾ ਪ੍ਰਦਾਨ ਕੀਤਾ ਹੈ। ਉਹਨਾਂ ਕੋਲ ਹਰ ਤਰ੍ਹਾਂ ਦੀ ਗੱਲ ਆਖਣ ਦਾ ਗਹਿਰਾ ਤਜਰਬਾ ਹੈ। ਉਹਨਾਂ ਆਪਣੀ ਅਨੁਵਾਦ ਕਲਾ ਨਾਲ ਇਸ ਪੁਸਤਕ ਨੂੰ ਮੂਲ ਭਾਵਨਾ ਨਾਲ ਜੋੜੀ ਰੱਖਣ ਵਿਚ ਸਫ਼ਲਤਾ ਪ੍ਰਾਪਤ ਕੀਤੀ ਹੈ। ਇਸੇ ਕਰਕੇ ਹਥਲੀ ਪੁਸਤਕ ਵੀ ਸਾਹਿਤ ਦੀਆਂ ਕੀਮਤੀ ਪੁਸਤਕਾਂ ਵਿਚ ਸ਼ਾਮਲ ਕਰਨੀ ਬਣਦੀ ਹੈ।

# ਸਕੂਲੀ ਬੱਚਿਆਂ ਲਈ ਨੈਤਿਕ ਕਦਰਾਂ ਕੀਮਤਾਂ 'ਤੇ ਸਿੱਖਿਆ ਲਾਜ਼ਮੀ ਹੈ



ਵਿਜੈ ਗਰਗ (ਪੀ.ਈ.ਐਸ.)
ਸਾਬਕਾ ਪ੍ਰਿੰਸੀਪਲ

ਨੈਤਿਕ ਕਦਰਾਂ ਕੀਮਤਾਂ ਹੋਣਾ ਅਤੇ ਸਿੱਖਣਾ ਸਿਰਫ ਇਕ ਮਜ਼ਬੂਤ ਜੜ੍ਹਾਂ ਦਾ ਨਿਰਮਾਣ ਕਰਨਾ ਹੈ; ਸਰੀਰ ਲਈ, ਤੰਦਰੁਸਤ ਜੜ ਹੋਣ ਨਾਲ ਸਿਹਤਮੰਦ ਪੱਤੇ ਅਤੇ ਟਹਿਣੀਆਂ ਹੋਣ ਵਿੱਚ ਸਹਾਇਤਾ ਮਿਲੇਗੀ। ਇਕ ਮਸ਼ਹੂਰ ਹਵਾਲਾ ਕਹਿੰਦਾ ਹੈ ਕਿ ਜੇ ਧਨ ਗੁੰਮ ਜਾਂਦਾ ਹੈ ਤਾਂ ਕੁਝ ਵੀ ਗੁਆਚ ਨਹੀਂ ਜਾਂਦਾ, ਜੇ ਸਿਹਤ ਗੁੰਮ ਜਾਂਦੀ ਹੈ ਤਾਂ ਕੁਝ ਗੁਆਚ ਜਾਂਦਾ ਹੈ; ਜਦੋਂ ਕਿਰਦਾਰ ਗੁੰਮ ਜਾਂਦਾ ਹੈ ਸਭ ਖਤਮ ਹੋ ਜਾਂਦਾ ਹੈ। ਇਹੀ ਕਾਰਨ ਹੈ ਕਿ ਸਕੂਲਾਂ ਨੇ ਇੱਕ ਵਿਸ਼ੇ ਨੂੰ ਨੈਤਿਕ ਵਿਗਿਆਨ ਕਿਹਾ ਹੈ ਤਾਂ ਜੋ ਨੈਤਿਕ ਸਿੱਖਿਆਵਾਂ ਨੂੰ ਅੱਜ ਦੇ ਆਧੁਨਿਕ ਬੱਚਿਆਂ ਵਿੱਚ ਫੈਲਾਇਆ ਜਾ ਸਕੇ। ਦਿਨ ਪ੍ਰਤੀ ਦਿਨ ਇੱਕ ਸਖਤ ਨੈਤਿਕ ਅਧਾਰ ਪੈਦਾ ਕਰਨਾ ਇੱਕ ਔਖੀ ਚੁਣੌਤੀ ਬਣਦਾ ਜਾ ਰਿਹਾ ਹੈ।

ਵਿਦਿਆਰਥੀ ਅੱਜ ਅਧਿਐਨ ਅਤੇ ਖੇਡਾਂ ਵਿੱਚ ਇੰਨੇ ਜ਼ਿਆਦਾ ਹਨ ਪਰ ਕਿਤੇ ਕਿਤੇ ਨੈਤਿਕ ਸਿੱਖਿਆਵਾਂ ਲਾਜ਼ਮੀ ਹੋ ਜਾਂਦੀਆਂ ਹਨ ਕਿਉਂਕਿ ਇਹ ਉਹਨਾਂ ਨੂੰ ਇੱਕ ਢੁਕਵੀਂ ਸ਼ਕਲ ਅਤੇ ਦਿਸ਼ਾ ਦਿੰਦੀ ਹੈ ਕਿ ਕਿਵੇਂ ਵੱਖੋ ਵੱਖਰੀਆਂ ਮੁਸ਼ਕਲ ਸਥਿਤੀਆਂ ਦੌਰਾਨ ਕੰਮ ਕਰਨਾ ਜਾਂ ਪ੍ਰਤੀਕਰਮ ਕਰਨਾ ਹੈ। ਸਾਰੇ ਉਮਰ ਸਮੂਹਾਂ ਵਿਚ ਖ਼ਾਸਕਰ ਛੋਟੇ ਬੱਚਿਆਂ ਵਿਚ ਨੈਤਿਕ ਕਦਰਾਂ ਕੀਮਤਾਂ ਨੂੰ ਉਕਸਾਉਣ ਦੀ ਜ਼ਰੂਰਤ ਹੁੰਦੀ ਹੈ ਕਿਉਂਕਿ ਇਹ ਕਿਹਾ ਜਾਂਦਾ ਹੈ ਕਿ ਨੌਜਵਾਨ ਦਿਮਾਗ ਇਕ ਸਾਧਾਰਣ ਚਿੱਟੀ ਚਾਦਰ ਵਾਂਗ ਖਾਲੀ ਹਨ, ਇਸ ਲਈ ਜੋ ਵੀ ਨਿਸ਼ਾਨ ਅਸੀਂ ਛੱਡਦੇ ਹਾਂ ਉਹ ਸਾਲਾਂ ਤਕ ਰਹਿੰਦਾ ਹੈ। ਜਦੋਂ ਕਿਸੇ ਅਧਿਆਪਕ ਦੀ ਆਪਣੇ ਵਿਦਿਆਰਥੀਆਂ ਵਿਚ ਨੈਤਿਕ ਅਧਾਰ ਪੈਦਾ ਕਰਨ ਦੀ ਗੱਲ ਆਉਂਦੀ ਹੈ ਤਾਂ ਇਹ ਬਹੁਤ ਜ਼ਿਆਦਾ ਲੈਂਦਾ ਹੈ ਕਿਉਂਕਿ ਅਧਿਆਪਕ ਉਹ ਹੁੰਦੇ ਹਨ ਜੋ ਸਾਡੇ ਵਿਚਾਰਾਂ ਅਤੇ ਦਿਮਾਗ ਨੂੰ ਬਹੁਤ ਹੱਦ ਤਕ ਆਕਾਰ ਦਿੰਦੇ ਹਨ।

ਨੈਤਿਕ ਸਿੱਖਿਆ ਦਾ ਅਰਥ ਨੈਤਿਕ ਸਿੱਖਿਆ ਹੈ ਜੋ ਜੀਵਨ ਵਿਚ ਸਹੀ ਮਾਰਗ ਚੁਣਨ ਵਿਚ ਸਹਾਇਤਾ ਕਰਦੀ ਹੈ। ਇਸ ਵਿਚ ਕੁਝ ਬੁਨਿਆਦੀ ਸਿਧਾਂਤ ਸ਼ਾਮਲ ਹਨ ਜਿਵੇਂ ਕਿ ਸੱਚਾਈ, ਇਮਾਨਦਾਰੀ, ਦਾਨ, ਪਰਾਹੁਣਚਾਰੀ, ਸਹਿਣਸ਼ੀਲਤਾ, ਪਿਆਰ, ਦਿਆਲਗੀ ਅਤੇ ਹਮਦਰਦੀ। ਨੈਤਿਕ ਸਿੱਖਿਆ ਇੱਕ ਸੰਪੂਰਨ ਬਣਾਉਂਦੀ ਹੈ। ਸਿੱਖਿਆ ਦਾ ਉਦੇਸ਼ ਸਿਰਫ ਇੱਕ ਡਿਗਰੀ ਪ੍ਰਾਪਤ ਕਰਨਾ ਨਹੀਂ ਹੈ, ਇਸ ਵਿੱਚ ਮਹੱਤਵਪੂਰਣ ਮੁੱਲ ਅਧਾਰਤ ਸਿੱਖਿਆਵਾਂ ਸ਼ਾਮਲ ਹੁੰਦੀਆਂ ਹਨ ਜਿਸ ਦੇ ਨਤੀਜੇ ਵਜੋਂ ਚਰਿੱਤਰ ਨਿਰਮਾਣ ਅਤੇ ਸਮਾਜਿਕ ਸੁਧਾਰ ਵੀ ਹੁੰਦਾ ਹੈ।

ਇਹ ਸਮੇਂ ਦੀ ਲੋੜ ਹੈ ਕਿ ਅੱਜ ਸਕੂਲਾਂ ਵਿੱਚ ਲੁਕਵੇਂ-ਪਾਠਕ੍ਰਮ ਦੀ ਧਾਰਨਾ ਸ਼ਾਮਲ ਕੀਤੀ ਜਾਣੀ ਚਾਹੀਦੀ ਹੈ ਜੋ ਕਿ ਕਲਾਸਰੂਮ ਅਤੇ ਸਮਾਜਕ ਵਾਤਾਵਰਣ ਵਿੱਚ ਦੱਸੇ ਮਾਪਦੰਡਾਂ, ਕਦਰਾਂ ਕੀਮਤਾਂ, ਅਤੇ ਵਿਸ਼ਵਾਸਾਂ ਦੇ ਸੰਚਾਰਣ ਦਾ ਸੰਕੇਤ ਕਰਦਾ ਹੈ।

ਇਹ ਰਸਮੀ ਪਾਠਕ੍ਰਮ ਦੇ ਪਾਠ ਨੂੰ ਹੋਰ ਮਜ਼ਬੂਤ ਕਰਨ ਵਿੱਚ ਸਹਾਇਤਾ ਕਰਦਾ ਹੈ ਪਰ ਬਹੁਤ ਸਾਰੇ ਸਕੂਲ ਇਸ ਨੂੰ ਅਣਗੌਲਿਆ ਕਰਦੇ ਹਨ। ਉਹ ਭਾਸ਼ਾ, ਵਿਸ਼ਿਆਂ ਅਤੇ ਨਿਸ਼ਾਨੀਆਂ ਉੱਤੇ ਵਧੇਰੇ ਧਿਆਨ ਦਿੰਦੇ ਹਨ। ਉਦਾਹਰਣ ਦੇ ਲਈ, ਇੱਕ ਪਾਸੇ ਇੱਕ ਸਕੂਲ ਜਨਤਕ ਤੌਰ ਤੇ ਦਾਅਵਾ ਕਰ ਸਕਦਾ ਹੈ ਅਤੇ ਇਹ ਸੁਨਿਸ਼ਚਿਤ ਕਰ ਸਕਦਾ ਹੈ ਕਿ ਇਸਦੀ ਸਿੱਖਿਆ ਨੀਤੀ ਅਤੇ ਅਮਲਾਂ ਨੂੰ ਇਸ ਢੰਗ ਨਾਲ ਬਣਾਇਆ ਗਿਆ ਹੈ ਕਿ ਸਾਰੇ ਵਿਦਿਆਰਥੀ ਅਕਾਦਮਿਕ ਤੌਰ ਤੇ ਸਫਲ ਹੋਣ।

ਉਸੇ ਸਮੇਂ, ਇਹ ਦੇਖਿਆ ਜਾ ਸਕਦਾ ਹੈ ਕਿ ਵਿਸ਼ੇਸ਼ ਸਕੂਲ ਦੇ ਵਿਦਿਆਰਥੀ ਅਣਚਾਹੇ ਵਿਵਹਾਰ ਵਿਚ ਯੋਗਦਾਨ ਪਾ ਰਹੇ ਹਨ ਭਾਵੇਂ ਇਹ ਧੱਕੇਸ਼ਾਹੀ ਹੈ ਜਾਂ ਪ੍ਰੀਖਿਆਵਾਂ ਵਿਚ ਧੋਖਾ ਹੈ। ਇਸ ਕਿਸਮ ਦੀ ਸਿੱਖਿਆ ਕਿਸੇ ਬੱਚੇ ਨੂੰ ਜ਼ਿੰਦਗੀ ਦੀਆਂ ਸਥਿਤੀਆਂ ਜਿਵੇਂ ਕਿ ਰਾਏ ਬਣਾਉਣ, ਫੈਸਲਾ ਲੈਣ ਅਤੇ ਕੰਮ ਕਰਨ ਦੇ ਸਹੀ ਤਰੀਕੇ ਦਾ ਸਾਹਮਣਾ ਕਰਨ ਵਿੱਚ ਮੁਸ਼ਕਿਲ ਨਾਲ ਸਹਾਇਤਾ ਕਰੇਗੀ। ਇਸ ਸਮੱਸਿਆ ਨੂੰ ਠੱਲ ਪਾਉਣ ਲਈ, ਸਕੂਲਾਂ ਨੂੰ ਵਿਸ਼ੇਸ਼ ਕਲਾਸਾਂ, ਸੈਮੀਨਾਰਾਂ ਅਤੇ ਵਰਕਸ਼ਾਪਾਂ ਨੂੰ ਇੱਕ ਮਾਹਿਰ ਸਲਾਹਕਾਰ ਨਾਲ ਪੇਸ਼ ਕਰਨਾ ਚਾਹੀਦਾ ਹੈ ਜੋ ਸਿਖਿਅਕਾਂ ਦੀ ਅਗਵਾਈ ਵਿੱਚ ਪਾਠਕ੍ਰਮ ਵਿੱਚ 'ਕਦਰਾਂ ਕੀਮਤਾਂ' ਨੂੰ ਸ਼ਾਮਲ ਕਰਨ ਵਿੱਚ ਸਹਾਇਤਾ ਕਰ ਸਕਦੇ ਹਨ ਤਾਂ ਜੋ ਬੱਚਿਆਂ ਵਿੱਚ ਚੰਗੇ-ਪੱਖੀ ਸ਼ਖਸੀਅਤ ਦੇ ਵਿਕਾਸ ਨੂੰ ਉਤਸ਼ਾਹਤ ਕੀਤਾ ਜਾ ਸਕੇ।

ਅੱਜ ਸਾਡਾ ਸਮਾਜ ਪਹਿਲਾਂ ਨਾਲੋਂ ਕਿਤੇ ਉੱਨਤ ਹੈ, ਪਹਿਲਾਂ ਨਾਲੋਂ ਕਿਤੇ ਬਿਹਤਰ ਹੈ ਪਰ ਉਦੋਂ ਕੀ ਜੇ ਕਿਸੇ ਸਮਾਜ ਦੇ ਲੋਕ ਚੰਗੀ ਤਰ੍ਹਾਂ ਵਿਵਹਾਰ ਨਹੀਂ ਕਰਦੇ? ਤੇਜ਼ੀ ਨਾਲ ਸ਼ਹਿਰੀਕਰਨ ਅਤੇ ਆਧੁਨਿਕੀਕਰਨ ਦੇ ਨਾਲ, ਲੋਕਾਂ ਦੀਆਂ ਨੈਤਿਕ ਕਦਰਾਂ-ਕੀਮਤਾਂ ਦਿਨੋਂ-ਦਿਨ ਨਿਘਰ ਰਹੀਆਂ ਹਨ। ਇਕ ਵਿਅਕਤੀ ਕਿਸੇ 'ਤੇ ਭਰੋਸਾ ਕਰਨ ਦੇ ਯੋਗ ਨਹੀਂ ਹੁੰਦਾ ਭਾਵੇਂ ਇਹ ਉਸਦੇ ਰਿਸ਼ਤੇਦਾਰ ਜਾਂ ਦੋਸਤ ਹੋਣ। ਵਿਸ਼ਵਾਸ, ਅਖੰਡਤਾ, ਪਿਆਰ ਅਤੇ ਭਾਈਚਾਰੇ ਸਮੇਂ ਨਾਲ ਉਨ੍ਹਾਂ ਦੀਆਂ ਸਾਰੀਆਂ ਭਾਵਨਾਵਾਂ ਅਲੋਪ ਹੋ ਰਹੀਆਂ ਹਨ। ਇਹ ਨੈਤਿਕ ਕਦਰਾਂ ਕੀਮਤਾਂ ਹਨ ਜੋ ਸਾਨੂੰ ਸਕੂਲ ਵਿਚ ਨਵੇਂ ਦੋਸਤ ਸਾਂਝੇ ਕਰਨਾ ਅਤੇ ਬਣਾਉਣਾ ਸਿਖਾਉਂਦੀਆਂ ਹਨ ਪਰ ਅੱਜ, ਬੱਚਿਆਂ ਨੂੰ ਸਿਖਾਇਆ ਜਾਂਦਾ ਹੈ ਕਿ ਉਹ ਕਿਸੇ 'ਤੇ ਭਰੋਸਾ ਨਹੀਂ ਕਰਦੇ ਅਤੇ ਦੋਸਤਾਂ ਨੂੰ ਘੱਟ ਨਹੀਂ ਬਣਾਉਂਦੇ।

ਇੱਥੇ ਗਲਾ ਕੱਟਣਾ ਹਰ ਜਗ੍ਹਾ ਹੁੰਦਾ ਹੈ ਭਾਵੇਂ ਸਕੂਲ, ਕਾਲਜ, ਦਫਤਰ ਜਾਂ ਕੋਈ ਪ੍ਰਤਿਭਾ ਮੁਕਾਬਲਾ ਹੋਵੇ। ਅੱਜ ਦੇ ਪਦਾਰਥਵਾਦੀ ਸੰਸਾਰ ਵਿੱਚ, ਲੋਕ ਇੱਕ ਦੂਜੇ ਦੀ ਤਰੱਕੀ ਪ੍ਰਤੀ ਈਰਖਾ ਕਰਦੇ ਹਨ ਪਰ ਸ਼ੱਕੀ ਅਤੇ ਈਰਖਾ ਹੋਣ ਦੀ ਬਜਾਏ ਇੱਕ ਦੂਜੇ ਦਾ ਸਮਰਥਨ ਕਰਨਾ ਚਾਹੀਦਾ ਹੈ ਅਤੇ ਸਹਿਯੋਗ ਕਰਨਾ ਚਾਹੀਦਾ ਹੈ ਅਤੇ ਸਾਂਝੇ ਭਲਾਈ ਲਈ ਏਕਤਾ ਨਾਲ ਕੰਮ ਕਰਨਾ ਚਾਹੀਦਾ ਹੈ।

ਇਸ ਉਦਯੋਗਿਕ ਯੁੱਗ ਵਿਚ, ਬਹੁਤ ਸਾਰੇ ਮਾਪੇ ਕੰਮ ਕਰ ਰਹੇ ਹਨ ਜਿਸ ਕਾਰਨ ਉਹ ਆਪਣੇ ਬੱਚਿਆਂ ਨਾਲ ਘੱਟ ਸਮਾਂ ਬਿਤਾਉਂਦੇ ਹਨ ਜਿਸ ਕਾਰਨ ਉਨ੍ਹਾਂ ਕੋਲ ਨੈਤਿਕ ਕਦਰਾਂ ਕੀਮਤਾਂ ਦੀ ਘਾਟ ਹੈ ਅਤੇ ਉਹ ਗਲਤ ਅਤੇ ਸਹੀ ਵਿਚਕਾਰ ਫਰਕ ਕਰਨ ਦੇ ਯੋਗ ਨਹੀਂ ਹਨ।

# ਬੱਚਿਆਂ ਵਿੱਚ ਜ਼ਿੰਮੇਵਾਰੀ ਦਾ ਵਿਕਾਸ ਕਰਨਾ

ਜ਼ਿੰਮੇਵਾਰੀ ਉਹ ਚੀਜ਼ ਹੈ ਜੋ ਸਾਰੇ ਬੱਚਿਆਂ ਨੂੰ ਸਿੱਖਣ ਦੀ ਲੋੜ ਹੁੰਦੀ ਹੈ। ਆਪਣੇ ਬੱਚੇ ਨੂੰ ਜ਼ਿੰਮੇਵਾਰੀ ਵਿਕਸਤ ਕਰਨ ਵਿੱਚ ਸਹਾਇਤਾ ਕਰਕੇ, ਤੁਸੀਂ ਉਸਦੀ ਪੂਰੀ ਸਮਰੱਥਾ ਤੱਕ ਪਹੁੰਚਣ ਵਿੱਚ ਸਹਾਇਤਾ ਕਰ ਰਹੇ ਹੋ। ਜ਼ਿੰਮੇਵਾਰੀ ਵਿਚ ਫ਼ੈਸਲੇ ਲੈਣਾ, ਭਰੋਸੇਯੋਗ ਹੋਣਾ, ਅਤੇ ਕਿਸੇ ਦੇ ਕੰਮਾਂ ਦਾ ਸਿਹਰਾ ਲੈਣਾ ਸਿੱਖਣਾ ਸ਼ਾਮਲ ਹੈ - ਚਾਹੇ ਚੰਗਾ ਜਾਂ ਮਾੜਾ। ਜ਼ਿੰਮੇਵਾਰੀ ਲੈਣਾ ਸਿਰਫ਼ ਇਸ ਬਾਰੇ ਨਹੀਂ ਹੈ ਕਿ ਤੁਹਾਡਾ ਬੱਚਾ ਕਿਸ ਤਰ੍ਹਾਂ ਦੀਆਂ ਚੋਣਾਂ ਕਰਦਾ ਹੈ, ਉਸ ਨੂੰ ਕਿਵੇਂ ਪ੍ਰਭਾਵਤ ਕਰਦਾ ਹੈ, ਬਲਕਿ ਇਹ ਵੀ ਕਿ ਉਸ ਦੀਆਂ ਚੋਣਾਂ ਅਤੇ ਕੰਮ ਦੂਜਿਆਂ ਨੂੰ ਕਿਵੇਂ ਪ੍ਰਭਾਵਤ ਕਰਦੇ ਹਨ।

ਜ਼ਿੰਮੇਵਾਰੀ ਹੋਣਾ ਤੁਹਾਡੇ ਬੱਚੇ ਨੂੰ ਮਹੱਤਵਪੂਰਣ ਮਹਿਸੂਸ ਕਰਨ ਵਿੱਚ ਸਹਾਇਤਾ ਕਰ ਸਕਦਾ ਹੈ ਅਤੇ ਜਿਵੇਂ ਉਹ ਪਰਿਵਾਰ ਅਤੇ ਕਮਿਊਨਿਟੀ ਦੋਵਾਂ ਵਿੱਚ ਯੋਗਦਾਨ ਪਾ ਰਹੀ ਹੈ। ਆਪਣੇ ਬੱਚੇ ਨੂੰ ਜ਼ਿੰਮੇਵਾਰੀ ਬਾਰੇ ਸਿਖਾਉਣ ਦਾ ਇਕ ਉੱਤਮ ਢੰਗ ਹੈ ਉਸ ਲਈ ਵਿਵਹਾਰ ਦਾ ਨਮੂਨਾ। ਦੋਸਤਾਂ ਅਤੇ ਗੁਆਂਢੀਆਂ ਦੀ ਭਾਲ ਕਰੋ, ਆਪਣੀ ਕਮਿਊਨਿਟੀ ਵਿੱਚ ਸਵੈ-ਸੇਵਕ ਬਣੋ, ਅਤੇ ਭਰੋਸੇਮੰਦ ਬਣੋ। ਸਮੇਂ ਸਿਰ ਇਕੱਠਾਂ ਤੇ ਪਹੁੰਚੋ, ਸਵੀਕਾਰ ਕਰੋ ਜਦੋਂ ਤੁਸੀਂ ਗਲਤ ਹੋ, ਅਤੇ ਗਲਤੀਆਂ ਲਈ ਮੁਆਫੀ ਮੰਗੋ। ਜੇ ਤੁਹਾਡਾ ਬੱਚਾ ਤੁਹਾਨੂੰ ਇਹ ਗੱਲਾਂ ਕਰਦੇ ਹੋਏ ਵੇਖਦਾ ਹੈ, ਤਾਂ ਉਹ ਇਸ ਤਰ੍ਹਾਂ ਕਰਨ ਦੀ ਬਹੁਤ ਜ਼ਿਆਦਾ ਸੰਭਾਵਨਾ ਹੈ।

ਤੁਹਾਡੇ ਬੱਚੇ ਨੂੰ ਜ਼ਿੰਮੇਵਾਰੀ ਬਾਰੇ ਸਿਖਾਉਣ ਲਈ ਘਰ ਵਿੱਚ ਕੰਮ ਸੌਂਪਣਾ ਇੱਕ ਵਧੀਆ ਢੰਗ ਹੈ। ਇਸ ਉਮਰ ਵਿੱਚ, ਉਹ ਕੱਪੜੇ ਧੋਣ ਵਿੱਚ, ਕੂੜੇਦਾਨ ਨੂੰ ਬਾਹਰ ਕਢਣ, ਟੇਬਲ ਸੈਟ ਕਰਨ ਅਤੇ ਸਾਫ ਕਰਨ ਵਿੱਚ ਸਹਾਇਤਾ ਕਰ ਸਕਦੀ ਹੈ, ਅਤੇ ਖਾਣ ਪੀਣ ਦੀਆਂ ਵਸਤਾਂ ਨੂੰ ਧੋਣ ਅਤੇ ਸਲਾਦ ਤਿਆਰ ਕਰਨ ਵਿੱਚ ਵੀ ਸਹਾਇਤਾ ਕਰ ਸਕਦੀ ਹੈ। ਉਸ ਨੂੰ ਖਾਸ ਤੌਰ ਤੇ ਦੱਸੋ ਕਿ ਉਸ ਤੋਂ ਕੀ ਉਮੀਦ ਕੀਤੀ ਜਾਂਦੀ ਹੈ ਅਤੇ ਉਸ ਨੂੰ ਇਸ ਬਾਰੇ ਇਮਾਨਦਾਰ ਪ੍ਰਤੀਕ੍ਰਿਆ ਦਿਓ ਕਿ ਉਸਨੇ ਬਾਅਦ ਵਿੱਚ ਕਿੰਨਾ ਵਧੀਆ ਪ੍ਰਦਰਸ਼ਨ ਕੀਤਾ। ਸੁਨਿਸ਼ਚਿਤ ਕਰੋ ਕਿ ਉਸਨੂੰ ਅਹਿਸਾਸ ਹੋਇਆ ਕਿ ਇਹ ਕਾਰਜ ਘਰ ਵਿੱਚ ਸੱਚੇ ਯੋਗਦਾਨ ਹਨ, ਅਤੇ ਦੂਜਿਆਂ ਨੂੰ ਹੋਰ ਜ਼ਰੂਰੀ ਕੰਮ ਕਰਨ ਦੀ ਆਗਿਆ ਦਿੰਦੇ ਹਨ। ਫਰਿੱਜ ਜਾਂ ਕੰਧ ਤੇ ਟੰਗੇ ਚਾਰਟ ਬੱਚਿਆਂ ਨੂੰ ਯਾਦ ਕਰਾਉਣ ਵਿੱਚ ਸਹਾਇਤਾ ਕਰ ਸਕਦੇ ਹਨ ਕਿ ਉਨ੍ਹਾਂ ਤੋਂ ਕੀ ਉਮੀਦ ਕੀਤੀ ਜਾਂਦੀ ਹੈ। ਆਪਣੇ ਬੱਚੇ ਨੂੰ ਇਹ ਚਾਰਟ ਬਣਾਉਣ ਅਤੇ ਇਹ ਫੈਸਲਾ ਕਰਨ ਵਿੱਚ ਸ਼ਾਮਲ ਕਰੋ ਕਿ ਉਸਦੀ ਜ਼ਿੰਮੇਵਾਰੀ ਕਿਹੜੀ ਜ਼ਿੰਮੇਵਾਰੀ ਹੋਵੇਗੀ।

ਇਹ ਉਸਨੂੰ ਪ੍ਰਕਿਰਿਆ ਵਿਚ ਵਧੇਰੇ ਸ਼ਾਮਲ ਹੋਣ ਅਤੇ ਵਧੇਰੇ ਨਿਵੇਸ਼ ਕਰਨ ਦੀ ਮਹਿਸੂਸ ਕਰੇਗੀ। ਇੱਕ ਦੇ ਕੰਮ ਨੂੰ ਪੂਰਾ ਕਰਨ ਅਤੇ ਪੂਰਾ ਨਾ ਕਰਨ ਦੇ ਨਤੀਜਿਆਂ ਬਾਰੇ ਗੱਲ ਕਰੋ। ਕੰਮ ਦੀ ਪੂਰਤੀ ਲਈ ਪ੍ਰਸ਼ੰਸਾ ਜਾਂ ਇਨਾਮ ਅਧੂਰੀ ਕਾਰਜਾਂ ਦੀ ਸਜ਼ਾ ਨਾਲੋਂ ਇਸ ਉਮਰ ਵਿੱਚ ਵਧੇਰੇ ਪ੍ਰਭਾਵਸ਼ਾਲੀ ਹੋ ਸਕਦੇ ਹਨ।

ਆਪਣੇ ਬੱਚੇ ਨਾਲ ਪੈਸਿਆਂ ਬਾਰੇ ਗੱਲ ਕਰਨੀ ਸ਼ੁਰੂ ਕਰੋ। ਤੁਸੀਂ ਆਪਣੇ ਬੱਚੇ ਨੂੰ ਇਕ ਹਫਤਾਵਾਰੀ ਭੱਤਾ ਵੀ ਦੇ ਸਕਦੇ ਹੋ ਜੋ ਉਸ ਦੇ ਘਰ ਦੀਆਂ ਜ਼ਿੰਮੇਵਾਰੀਆਂ ਨਾਲ ਨਹੀਂ ਜੁੜਿਆ ਹੋਇਆ ਹੈ। ਲੇਖਕ ਅਤੇ ਸਲਾਹਕਾਰ ਫਾਈ ਡੀ ਮੁਯਸ਼ੋਂਟ ਕਹਿੰਦਾ ਹੈ ਕਿ ਤੁਹਾਡੇ ਬੱਚੇ ਨੂੰ ਸਿਖਾਉਣ ਦਾ ਇਕ ਮਹੱਤਵਪੂਰਣ ਸਬਕ ਇਹ ਹੈ ਕਿ ਉਸ ਦੇ ਭੱਤੇ ਦਾ ਇਕ ਤਿਹ-ਾਈ ਹਿੱਸਾ ਬਚਾਇਆ ਜਾਵੇ, ਇਕ ਤਿਹਾਈ ਖਰਚ ਕੀਤਾ ਜਾਵੇ ਅਤੇ ਇਕ ਤਿਹਾਈ ਦਾਨ ਕੀਤਾ ਜਾਵੇ।

ਇਹ ਸੁਨਿਸ਼ਚਿਤ ਕਰਨਾ ਕਿ ਇਸ ਉਮਰ ਦੇ ਬੱਚੇ ਸੁਤੰਤਰ ਤੌਰ 'ਤੇ ਗੱਲਬਾਤ ਕਰਨਾ ਸ਼ੁਰੂ ਕਰਦੇ ਹਨ ਉਨ੍ਹਾਂ ਦਾ ਆਤਮ-ਵਿਸ਼ਵਾਸ ਵਧਾਉਣ ਦਾ ਇਕ ਵਧੀਆ ਢੰਗਗ ਹੈ। ਤੁਸੀਂ ਆਪਣੇ ਬੱਚੇ ਦੀ ਆਜ਼ਾਦੀ ਦਾ ਪਾਲਣ ਪੋਸ਼ਣ ਕਰਨ ਵਿੱਚ ਉਸਦੀ ਸਿਖਲਾਈ ਦੇ ਸਕਦੇ ਹੋ ਕਿ ਕਿਵੇਂ ਪੈਕ ਕਰਨਾ ਹੈ ਜਾਂ ਸਕੂਲ ਅਤੇ ਗਤੀਵਿਧੀਆਂ ਵਿੱਚ ਸਮੇਂ ਸਿਰ ਕਿਵੇਂ ਹੋਣਾ ਹੈ। ਇਹ ਇਕ ਸਾਰਥਕ ਸਬਕ ਹੈ ਬੱਚਿਆਂ ਨੂੰ ਕਿਸੇ ਦਿਨ ਸੁਤੰਤਰ ਹੋਣ ਲਈ ਸੰਦ ਪ੍ਰਦਾਨ ਕਰਨਾ।

## ਸਲਾਹਾਂ ਤੇ ਮਸ਼ਵਰੇ?

ਕਾਮਿਆਂ ਕਿਸਾਨਾਂ ਦੀਆਂ ਜਥੇਬੰਦੀਆਂ
ਸਾਰੀਆਂ ਜੁਝਾਰੂ ਰੰਗ ਵਿਚ ਰੰਗੀਆਂ।

ਹਿੱਕਾਂ ਤਾਣ ਖੜ੍ਹਦੇ 'ਮੈਦਾਨੇ ਜੰਗ' ਜੋ
ਜਾਣਦੇ ਮੁਹਾਜ ਦੀਆਂ ਉਹੀ ਤੰਗੀਆਂ।

ਨੀਤੀ-ਗਤ ਫੈਸਲੇ ਉਹ ਹੁੰਦੇ ਹੋਣਗੇ
ਕਰਕੇ ਸਲਾਹਾਂ ਨਾਲ਼ ਸਾਥੀ ਸੰਗੀਆਂ।

ਮੱਤ-ਭੇਦ ਗੁਪਤੀ ਮਿਟਾਉਣੇ ਚਾਹੀਦੇ
ਅੰਦਰੂਨੀ ਗੱਲਾਂ ਕਾਹਤੋਂ ਹੋਣ ਨੰਗੀਆਂ।

ਫੁੱਟ ਪਾਉਣ ਵਾਲ਼ੇ ਰਹਿੰਦੇ ਮੌਕਾ ਤਾੜਦੇ
ਸ਼ਰਮਾਂ ਜਿਨ੍ਹਾਂ ਨੇ ਹੋਣ ਛਿੱਕੇ ਟੰਗੀਆਂ।

'ਲੱਤਾਂ ਖਿੱਚਣੇ' ਦੀ ਭੈੜੀ ਵਾਦੀ ਛੱਡੀਏ
ਦੇਈਏ ਨਾ ਸਲਾਹਾਂ ਯਾਰੋ ਬਿਨ ਮੰਗੀਆਂ !

-ਤਰਲੋਚਨ ਸਿੰਘ 'ਦੁਪਾਲ ਪੁਰ'
001-408-915-1268



## ਚਮਚੇ

ਗੱਲ ਸੁਣੋ ਸੁਣੋ ਸੁਣਾਵਾਂ ਚਮਚਿਆਂ ਦੀ,
ਖ਼ਾਸ ਧਾਤਾਂ ਤੋਂ ਹੋਣ ਤਿਆਰ ਚਮਚੇ।

ਫੇਰ ਮੇਕਅੱਪ ਜਿਵੇਂ ਵਿਸ਼ੇਸ਼ ਹੋਵੇ,
ਦੂਰੋਂ ਮਾਰਦੇ ਨੇ ਲਿਸ਼ਕਾਰ ਚਮਚੇ।

ਸੋਹਣੀ ਡੱਬੀਆਂ ਦੇ ਵਿੱਚ ਪੈਕ ਹੋ ਕੇ,
ਵਿੱਚ ਵਿਕਣੇ ਆਉਣ ਬਾਜ਼ਾਰ ਚਮਚੇ।

ਬਾਕੀ ਭਾਂਡਿਆਂ ਦੇ ਨਾਲ਼ ਆਮ ਇਹ ਵੀ,
ਰਸੋਈ-ਘਰਾਂ ਦਾ ਬਣਨ ਸ਼ਿੰਗਾਰ ਚਮਚੇ।

ਲੱਖ ਸਖ਼ਤ ਤੇ ਸੋਹਣੇ ਹੋਣ ਭਾਵੇਂ,
ਪਰ ਅਹਿਮੀਅਤ ਸਕਦੇ ਪਾ ਨਾਹੀਂ।

ਘੜਾਮੇਂ ਵਾਲ਼ਿਆ ਟੁੱਟ ਜਾਂ ਗੁੰਮ ਜਾਵਣ,
ਹੁੰਦੀ ਕਿਸੇ ਨੂੰ ਕੋਈ ਪਰਵਾਹ ਨਾਹੀਂ।
ਹੁੰਦੀ ਕਿਸੇ ਨੂੰ ਕੋਈ ਪਰਵਾਹ ਨਾਹੀਂ।

ਰੋਮੀ ਘੜਾਮੇਂ ਵਾਲ਼ਾ।
91-98552-81105



## ਕਲਮਾਂ

ਜੇ ਕਲਮਾਂ ਹੀ ਚੁੱਪ ਰਹਿਣਗੀਆਂ।
ਕੋਰੇ ਕਾਗਜ਼ ਕਿੰਜ ਬੋਲਣਗੇ,

ਨਾਗਾਂ ਦੀ ਬਿਰਮੀ ਵਿੱਚ ਵੜ ਕੇ।
ਕਿੰਝ ਬਿੱਜੜੇ ਭੇਦ ਫਰੋਲਣਗੇ,

ਜਦੋਂ ਚੰਨ ਹੀ ਗੋਡੀ ਮਾਰ ਗਿਆ।
ਜੁਗਨੂੰ ਕਿੰਝ ਰਸਤੇ ਟੋਲਣਗੇ,

ਕਾਲੇ ਕਾਵਾਂ ਦੇ ਬੱਗ ਵਹਿਸ਼ੀ।
ਘੁੱਗੀਆਂ ਦੇ ਬੋਟ ਮਧੋਲਣਗੇ ,

ਧਰਮਾਂ ਦੀਆਂ ਜੂਨਾਂ ਵਿੱਚ ਵੰਡ ਕੇ।
ਬੰਦੇ ਹੀ ਰੱਬ ਨੂੰ ਰੋਲਣਗੇ ,

ਇਨਸਾਨ ਹੀ ਮਿਟੀ ਜੇ ਬਣ ਗਏ।
ਕਿੰਝ ਭੇਦ ਦਿਲਾਂ ਦੇ ਖੋਲ੍ਹਣਗੇ,

ਕਾਨੂੰਨ ਦੀ ਤੱਕੜੀ ਵਿੱਚ ਬਿੰਦਰਾ।
ਇਨਸਾਫ ਕਿਵੇਂ ਫੇਰ ਤੋਲਣਗੇ

ਜੇ ਕਲਮਾਂ ਹੀ ਚੁੱਪ ਰਹਿਣਗੀਆਂ।
ਕੋਰੇ ਕਾਗਜ਼ ਕਿੰਜ ਬੋਲਣਗੇ,

- ਬਿੰਦਰ ਜਾਨ ਏ ਸਾਹਿਤ ਇਟਲੀ
00393278159218



## ਚੰਡੀਗੜ੍ਹ ਯੂਨੀਵਰਸਿਟੀ ਘੜੂੰਆਂ 'ਨੈਸ਼ਨਲ ਐਮਪਲੋਇਬਲਿਟੀ ਐਵਾਰਡ' ਨਾਲ ਸਨਮਾਨਿਤ

ਚੰਡੀਗੜ੍ਹ ਯੂਨੀਵਰਸਿਟੀ ਘੜੂੰਆਂ ਨੂੰ ਰੁਜ਼ਗਾਰ ਯੋਗਤਾ ਸਬੰਧੀ ਦੇਸ਼ ਦੀ ਪ੍ਰਸਿੱਧ ਮੁਲਾਂਕਣ ਅਤੇ ਸਰਟੀਫ਼ਿਕੇਸ਼ਨ ਅਦਾਰੇ ਐਸਪਾਇਰਿੰਗ ਮਾਈਂਡਜ਼ ਨੇ ਦੇਸ਼ ਦੀਆਂ ਬਿਹਤਰੀਨ ਰੁਜ਼ਗਾਰ ਯੋਗਤਾਵਾਂ ਵਾਲੀ ਸੰਸਥਾਵਾਂ 'ਚ ਸ਼ਮਾਰ ਕਰਦਿਆਂ ਦੇਸ਼ਵਿਆਪੀ ਪੱਧਰ 'ਤੇ ਕੌਮੀ ਪੁਰਸਕਾਰ ਨਾਲ ਨਿਵਾਜਿਆ ਹੈ। ਦੇਸ਼ ਦੇ ਸੱਭ ਤੋਂ ਵੱਡੇ ਇੰਪਲਾਇਬਿਲਟੀ ਟੈਸਟ 'ਐਮਕੈਟ' (ਏ.ਐਮ.ਸੀ.ਏ.ਟੀ) 'ਚ ਬੈਚ-



2021 ਦੇ ਵਿਦਿਆਰਥੀਆਂ ਦੀ ਸ਼ਾਨਦਾਰ ਕਾਰਗੁਜ਼ਾਰੀ ਦੇ ਆਧਾਰ 'ਤੇ ਚੰਡੀਗੜ੍ਹ ਯੂਨੀਵਰਸਿਟੀ ਨੂੰ ਰਾਸ਼ਟਰ ਪੱਧਰ 'ਤੇ ਚੋਟੀ ਦੇ 10 ਇੰਜੀਨੀਅਰਿੰਗ ਸੰਸਥਾਨਾਂ 'ਚ ਸ਼ਾਮਲ ਕੀਤਾ ਗਿਆ ਹੈ। ਜ਼ਿਕਰਯੋਗ ਹੈ ਕਿ ਐਸਪਾਇਰਿੰਗ ਮਾਈਂਡਜ਼ ਦੀ ਪਹਿਲੀ ਸੂਚੀ 'ਚ ਇਸ ਵਕਾਰੀ ਪੁਰਸਕਾਰ ਲਈ ਕੌਮੀ ਅਤੇ ਰਾਜ ਪੱਧਰ 'ਤੇ ਵੱਖ-ਵੱਖ ਸੰਸਥਾਵਾਂ ਦੇ ਰੋਜ਼ਗਾਰ ਯੋਗਤਾ ਸਬੰਧੀ ਪ੍ਰਦਰਸ਼ਨ ਦੇ ਆਧਾਰ 'ਤੇ 54 ਸਿੱਖਿਅਕ ਸੰਸਥਾਵਾਂ ਨੂੰ ਚੁਣਿਆ ਗਿਆ ਹੈ ਅਤੇ ਚੰਡੀਗੜ੍ਹ ਯੂਨੀਵਰਸਿਟੀ ਰਾਸ਼ਟਰੀ ਪੱਧਰ 'ਤੇ ਚੋਟੀ ਦੀਆਂ 10 ਸੰਸਥਾਵਾਂ 'ਚ ਸ਼ੁਮਾਰ ਹੋਈ ਹੈ। ਕੌਮਾਂਤਰੀ ਪੱਧਰ 'ਤੇ ਐਮਕੈਟ ਦੇ ਆਧਾਰ 'ਤੇ ਦੇਸ਼ ਅਤੇ ਰਾਜਾਂ ਦੀਆਂ ਵਿਦਿਅਕ ਸੰਸਥਾਵਾਂ ਨੂੰ ਬੈਚ-2021 ਦੇ 'ਨੈਸ਼ਨਲ ਰੁਜ਼ਗਾਰ ਯੋਗਤਾ ਐਵਾਰਡ' ਲਈ ਚੁਣਿਆ ਗਿਆ ਹੈ। ਇਸ ਸਬੰਧੀ ਐਸਪਾਇਰਿੰਗ ਮਾਈਂਡਜ਼ ਦੇ ਐਸੋਸੀਏਟ ਵਾਈਸ ਪ੍ਰੈਜ਼ੀਡੈਂਟ ਜਸਮੀਤ ਸਿੰਘ ਸੇਠੀ ਨੇ ਕਿਹਾ ਕਿ ਐਸਪਾਇਰਿੰਗ ਮਾਈਂਡਜ਼ ਵੱਲੋਂ ਦੇਸ਼ਵਿਆਪੀ ਪੱਧਰ 'ਤੇ ਭਾਰਤ ਦੀਆਂ ਵਿਦਿਅਕ ਸੰਸਥਾਵਾਂ ਦੇ ਰੁਜ਼ਗਾਰ ਪ੍ਰਬੰਧਾਂ ਬਾਰੇ ਕੀਤੇ ਵਿਸ਼ੇਸ਼ ਸਰਵੇਖਣ ਦੌਰਾਨ ਚੰਡੀਗੜ੍ਹ ਯੂਨੀਵਰਸਿਟੀ ਦਾ ਪ੍ਰਦਰਸ਼ਨ ਬੇਮਿਸਾਲ ਪਾਇਆ ਗਿਆ ਹੈ, ਜਿਸ ਸਦਕਾ 'ਵਰਸਿਟੀ ਨੂੰ ਬਿਹਤਰੀਨ ਰੁਜ਼ਗਾਰ ਪ੍ਰਬੰਧ ਸਿਰਜਣ ਲਈ ਬੈਚ-2021 ਦੇ ਕੌਮੀ ਪੁਰਸਕਾਰ ਨਾਲ ਨਿਵਾਜਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਇਹ ਵਕਾਰੀ ਪੁਰਸਕਾਰ ਐਸਪਾਇਰਿੰਗ ਮਾਈਂਡਜ਼ ਵੱਲੋਂ ਸਾਲ 2012 'ਚ ਸ਼ੁਰੂ ਕੀਤਾ ਗਿਆ ਸੀ।

# ਸਾਹਿਬ ਕਾਂਸ਼ੀ ਰਾਮ ਦੀ ਨਿਗ੍ਹਾ 'ਚ ਮਾਇਆਵਤੀ



ਸੰਤੋਖ ਜੱਸੀ (ਸਰਪੰਚ)
91-70876-19800

ਮਾਇਆਵਤੀ ਦਾ ਕਹਿਣਾ ਹੈ ਕਿ 'ਰਾਜਨੀਤਿਕ ਸੁਧਾਰ ਅਤੇ ਸਮਾਜਿਕ ਸੁਧਾਰ' ਇੱਕ ਹੀ ਗੱਡੀ ਦੇ ਦੋ ਪਹੀਏ ਹਨ ਅਤੇ ਜਿਸ ਵਿੱਚ ਇੱਕ ਦੇ ਬਿਨ੍ਹਾਂ ਦੂਜੇ ਪਹੀਏ, ਉੱਤੇ ਗੱਡੀ ਚੱਲ ਨਹੀਂ ਸਕਦੀ।ਇਹ ਦੋਨਾਂ ਦੀ ਇੱਕੋ ਜਿੰਨੀ ਜ਼ਰੂਰਤ ਹੈ।ਬੀਬੀ ਮਾਇਆਵਤੀ ਨੇ 6 ਦਸੰਬਰ 2020 ਨੂੰ ਇਹ ਪੁਸਤਕ 'ਬਹੁਜਨ ਸਮਾਜ ਅਤੇ ਉਸ ਦੀ ਰਾਜਨੀਤੀ' ਨਾਮ ਦੀ ਇੱਕ ਕਿਤਾਬ ਲਿਖੀ ਜੋ ਇਕ ਤਰ੍ਹਾਂ ਨਾਲ ਬੀ.ਐਸ.ਪੀ ਦਾ ਚੋਣ ਮੈਨੀਫੈਸਟੋ ਹੈ।ਇਸ ਕਿਤਾਬ ਦਾ ਮੁੱਖ ਬੰਦ ਬਹੁਜਨ ਸਮਾਜ ਦੇ ਮਸੀਹਾ ਸਾਹਿਬ ਕਾਂਸ਼ੀ ਰਾਮ ਨੇ ਲਿਖਿਆ ਹੈ।ਇਹ ਪੁਸਤਕ ਇਕ ਇਤਿਹਾਸਕ ਦਸਤਾਵੇਜ਼ ਹੈ। ਜਿਸ ਵਿੱਚ ਸਿੰਧੂ ਘਾਟੀ ਸੱਭਿਅਤਾ ਤੋਂ ਬੁੱਧ, ਨਾਨਕ, ਕਬੀਰ, ਰਵਿਦਾਸ, ਜੋਤੀਬਾ ਫੂਲੇ, ਰਾਮਾ ਸੁਆਮੀ ਆਦਿ ਦੇ ਵਿਚਾਰਾ ਵਾਰੇ ਸੰਕੇਤਕ ਰੂਪ ਵਿੱਚ ਜਾਣੂ ਕਰਾਉਣ ਦੇ ਉਪਰਾਲੇ ਕੀਤੇ ਗਏ ਹਨ।

ਮਾਇਆਵਤੀ ਇਸ ਪੁਸਤਕ ਵਿੱਚ ਬਾਬਾ ਸਾਹਿਬ ਡਾ. ਅੰਬੇਡਕਰ ਦਾ ਵਿਸ਼ੇਸ਼ ਹਵਾਲਾ ਦਿੰਦੇ ਹੋਏ ਲਿਖਦੇ ਹਨ ਕਿ ਜਿਸ ਸਮਾਜ ਨੂੰ ਖ਼ਤਮ ਕਰਨਾ ਹੋਵੇ, ਉਸਦਾ ਇਤਿਹਾਸ ਖ਼ਤਮ ਕਰ ਦਿਓ।ਉਹ ਸਮਾਜ ਆਪਣੇ ਆਪ ਖ਼ਤਮ ਹੋ ਜਾਵੇਗਾ। ਇਤਿਹਾਸ ਹਾਕਮਾਂ ਦਾ ਵੇਰਵਾਂ ਹੁੰਦਾ ਹੈ ਪਰ ਗੁਲਾਮਾਂ ਦਾ, ਦੱਬੇ-ਕੁਚਲੇ ਲੋਕਾਂ ਦਾ ਕੋਈ ਇਤਿਹਾਸ ਨਹੀਂ ਹੁੰਦਾ।ਬਾਬਾ ਸਾਹਿਬ ਨੇ ਕਿਹਾ ਕਿ ਇਤਿਹਾਸ ਵਿਅਕਤੀ ਨੂੰ ਬਦਲ ਸਕਦਾ ਹੈ, ਪਰ ਵਿਅਕਤੀ ਵੀ ਇਤਿਹਾਸ ਨੂੰ ਬਦਲ ਸਕਦਾ ਹੈ। ਸਾਡਾ ਇਤਿਹਾਸ ਗੋਰਵਮਈ ਰਿਹਾ ਹੈ। ਜਿਸ ਤੋਂ ਸਾਨੂੰ ਪ੍ਰੇਰਨਾ ਮਿਲਦੀ ਹੈ।

ਇਤਿਹਾਸਕ ਵਰਗੀ ਅਤੇ ਬਹੁਜਨ ਸਮਾਜ ਪਾਰਟੀ ਬਾਰੇ ਅਤੇ ਮਾਇਆਵਤੀ ਬਾਰੇ ਭਰਪੂਰ ਜਾਣਕਾਰੀ ਮਿਲਦੀ ਹੈ। ਇਸ ਕਿਤਾਬ ਦਾ ਮੁੱਖ ਬੰਦ ਬਹੁਜਨ ਸਮਾਜ ਦੇ ਮਸੀਹਾ ਸਾਹਿਬ ਕਾਂਸ਼ੀ ਰਾਮ ਨੇ ਖੁਦ ਲਿਖਿਆ ਹੈ।

ਮਾਇਆਵਤੀ ਦੀ ਪਹਿਲਾ ਮੁਲਾਕਾਂਤ ਸਾਹਿਬ ਕਾਂਸ਼ੀ ਰਾਮ ਨਾਲ 1978 ਨੂੰ ਉਹਨਾਂ ਦੇ ਘਰ ਵਿੱਚ ਹੋਈ।ਉਸ ਲੰਮੇ ਅਤੇ ਗੰਭੀਰ ਵਿਚਾਰ ਵਟਾਂਦਰੇ ਉਪਰੰਤ ਮਾਇਆਵਤੀ ਘਰ ਬਾਰ ਤਿਆਗ ਕੇ ਆਪਣੀ ਸਮੁੱਚੀ ਜ਼ਿੰਦਗੀ ਕੁਆਰੀ ਰਹਿ ਕੇ ਦੇਸ਼ ਵਿੱਚ ਆਪਣੀ ਪਸੰਦ ਦੀ ਸਰਕਾਰ ਬਣਾਉਣ ਵਿੱਚ ਡੱਟ ਗਈ। ਪਹਿਲੀ ਵਾਰ ਸਾਲ 1989 ਵਿੱਚ ਐਮ.ਪੀ ਬਣਨ ਉਪਰੰਤ ਕੁੱਝ ਸਾਥੀਆਂ ਨਾਲ ਫਗਵਾੜਾ ਰੈਲੀ ਵਿੱਚ ਪਹੁੰਚੀ ਤਾਂ ਮੂਰਲੇਧਾਰ ਮੀਂਹ ਪੈ ਰਿਹਾ ਸੀ।ਸਾਰੇ ਆਗੂਆ ਨੇ ਮੰਚ ਤੋਂ ਛੱਤਰੀਆਂ ਲੈ ਕੇ ਆਪਣੇ ਵਿਚਾਰਾ ਦਾ ਪ੍ਰਗਟਾਵਾ ਕੀਤਾ ਪਰ ਮਾਇਆਵਤੀ ਨੇ ਸਟੇਜ ਤੋਂ ਥੱਲੇ ਉੱਤਰ ਕੇ ਪੈਂਦੇ ਮੀਂਹ ਵਿੱਚ ਸੰਬੋਧਨ ਕੀਤਾ ਤੇ ਕਿਹਾ ਕਿ ਜਿੱਥੇ ਮੇਰਾ ਸਮਾਜ ਖੜ੍ਹਾ ਹੈ ਮੈਂ ਹਮੇਸ਼ਾ ਸਮਾਜ ਨਾਲ ਖੜਾਗੀ।

ਸਾਲ 2007 ਵਿੱਚ ਜਦੋਂ ਪਹਿਲੀ ਵਾਰ ਬਹੁਜਨ ਸਮਾਜ ਪਾਰਟੀ ਨੂੰ ਯੂ.ਪੀ ਵਿੱਚੋਂ ਪੂਰਨ ਬਹੁਮਤ ਮਿਲਿਆ ਤਾਂ ਮਾਇਆਵਤੀ ਨੇ ਕਿਹਾ ਕਿ ਉਹ ਹਮੇਸ਼ਾ ਸਮਾਜ ਨਾਲ ਖੜਾਗੀ। ਚੁਣੌਤੀਆਂ, ਕਠਨਾਈਆ ਦਾ ਡੱਟ ਕੇ ਸਾਹਮਣਾ ਕਰਨ ਦਾ ਸਾਹਸ ਰੱਖਦੀ ਹੈ। ਅੱਜ ਵੀ ਇੱਕ ਆਗੂ ਨੇ ਕਿਹਾ ਕਿ ਮਾਇਆਵਤੀ ਨੂੰ ਭਾਰਤ ਰਤਨ ਮਿਲਣਾ ਚਾਹੀਦਾ ਤਾਂ ਜਵਾਬ ਹੈ ਨਹੀਂ, ਸਾਨੂੰ ਤਾਂ ਸਾਡਾ ਰਾਜ ਭਾਗ ਚਾਹੀਦਾ।

## ਮੁੱਖ-ਬੰਦ
## ਮਾਇਆਵਤੀ ਨੇ ਆਪਣੀ ਸਮਰੱਥਾ ਸਿੱਧ ਕੀਤੀ ਆਦਰਸ਼ ਸਰਕਾਰ ਦਿੱਤੀ

ਮੈਨੂੰ ਉ ਦੀ ਆਈਰਨ ਲੇਡੀ-ਮਾਇਆਵਤੀ" ਨਾਮਕ ਕਿਤਾਬ ਦੇ ਲੇਖਕ ਸ਼੍ਰੀ ਮੁਹੰਮਦ ਜਮੀਲ ਅਖ਼ਤਰ ਦੇ ਨਾਲ ਕਿਤਾਬ ਦੇ ਪ੍ਰਸੰਗ ਵਿੱਚ ਗੱਲਬਾਤ ਕਰਨ ਦਾ ਮਾਣ ਪ੍ਰਾਪਤ ਹੋਇਆ ਹੈ। ਲੇਖਕ ਦਾ ਸੁਝਾਅ ਸੀ ਕਿ ਮਾਇਆਵਤੀ ਦੇ ਆਗੂ ਅਤੇ ਰਹਿਨੁਮਾ ਹੋਣ ਦੇ ਕਾਰਨ ਮੈਂ ਉਸਦੀ ਕਿਤਾਬ ਦਾ ਮੁੱਖ-ਬੰਦ ਲਿਖਣ ਲਈ ਸਭ ਤੋਂ ਵੱਧ ਯੋਗ ਵਿਅਕਤੀ ਹਾਂ।ਬਹੁਜਨ ਸਮਾਜ ਅੰਦੋਲਨ ਪ੍ਰਤੀ ਉਨ੍ਹਾਂ ਦੀ ਸੇਵਾ ਨੂੰ ਪ੍ਰਵਾਨ ਕਰਦਿਆਂ ਹੋਇਆਂ ਮੈਂ ਕਿਤਾਬ ਦਾ ਮੁੱਖ-ਬੰਦ ਲਿਖਣਾ ਪ੍ਰਵਾਨ ਕਰ ਲਿਆ। ਪਰ ਮਾਇਆਵਤੀ ਦੇ ਆਗੂ ਅਤੇ ਰਹਿਨੁਮਾ ਹੋਣ ਦੀ ਹੈਸੀਅਤ ਵਿੱਚ ਮੈਂ ਸ਼ਾਇਦ ਕਿਤਾਬ ਦੇ ਘੇਰੇ ਤੋਂ ਥੋੜਾ ਬਾਹਰ ਚਲਾ ਜਾਵਾਂ, ਜਿਸ ਲਈ ਲੇਖਕ ਫੌਰੀ ਮੰਨ ਗਿਆ।



ਲੇਖਕ ਜਮੀਲ ਅਖ਼ਤਰ ਇਕ ਪ੍ਰਸਿੱਧ ਪੱਤਰਕਾਰ ਹਨ। ਕਿਉਂਕਿ ਮਾਇਆਵਤੀ ਦੇ ਕੁਲ ਮਿਲਾ ਕੇ 11 ਮਹੀਨੇ ਦੇ ਮੁੱਖ ਮੰਤਰੀ ਕਾਲ ਦੌਰਾਨ ਉਹ ਉੱਤਰ ਪ੍ਰਦੇਸ਼ ਦੀ ਰਾਜਧਾਨੀ ਲਖਨਾਊ ਵਿੱਚ ਤਾਇਨਾਤ ਸਨ, ਇਸ ਲਈ ਉਨ੍ਹਾਂ ਨੂੰ ਸਾਰਾ ਕੁੱਝ ਨੇੜਿਉਂ ਵੇਖਣ ਦਾ ਮੌਕਾ ਮਿਲਿਆ।ਇਸਦੇ ਸਿੱਟੇ ਵਜੋਂ, ਅਜਿਹਾ ਲੱਗਦਾ ਹੈ ਕਿ ਇਹ ਕਿਤਾਬ ਆਇਰਨ ਲੇਡੀ ਦੇ 11 ਮਹੀਨੇ ਦੇ ਰਾਜਕਾਲ ਦੀ ਸਭ ਤੋਂ ਵਧੀਆਂ ਅਤੇ ਸਹੀ ਵਿਆਖਿਆ ਹੈ।

### ਮੁੱਢਲਾ ਵਿਰੋਧ

ਇਸ ਕਿਤਾਬ ਦਾ ਟਾਈਟਲ "ਆਈਰਨ ਲੇਡੀ" ਹੈ।ਅਜਿਹਾ ਲੱਗਦਾ ਹੈ ਕਿ ਨਾਮ ਉਸ ਸਖ਼ਤੀ 'ਤੇ ਅਧਾਰਿਤ ਹੈ ਜੋ, ਮਾਇਆਵਤੀ ਨੇ ਆਪਣੇ 11 ਮਹੀਨੇ ਦੇ ਕਾਰਜਕਾਲ ਦੌਰਾਨ ਦਿਖਾਈ। ਮਾਇਆਵਤੀ ਦਾ ਆਗੂ ਅਤੇ ਰਹਿਨੁਮਾ ਹੋਣ ਦੇ ਕਾਰਨ ਮੈਨੂੰ ਅਜਿਹਾ ਲੱਗਦਾ ਹੈ ਕਿ ਉਸਦਾ ਸਖਤ ਰਵੱਈਆ, ਉਸ ਮੁੱਢਲੇ ਵਿਰੋਧ ਦਾ ਸਿੱਟਾ ਹੈ, ਜੋ ਬਤੌਰ ਲੀਡਰ ਉਸਦੇ (ਬੀਬੀ ਮਾਇਆਵਤੀ) ਦੇ ਸਥਾਪਤ ਹੋਣ ਦੌਰਾਨ ਪੇਸ਼ ਆਇਆ। ਮੇਰੇ ਵਿਚਾਰ ਵਿੱਚ ਇਹ ਮੁੱਢਲਾ ਵਿਰੋਧ ਹੀ ਸੀ, ਜਿਸਨੇ ਮਾਇਆਵਤੀ ਨੂੰ ਬਾਅਦ ਦੇ ਜੀਵਨ ਵਿੱਚ ਆਉਣ ਵਾਲੀਆਂ ਮੁਸ਼ਿਕਲਾਂ ਨੂੰ ਝੱਲਣ ਦੇ ਲਈ ਮਜ਼ਬੂਤ ਬਣਾਇਆ।

ਆਰੰਭ ਵਿੱਚ ਮਾਇਆਵਤੀ ਦੇ ਪਿਤਾ ਨੇ ਬੀ.ਐਸ.ਪੀ ਅੰਦੋਲਨ ਵਿੱਚ ਉਸਦੇ ਸ਼ਾਮਲ ਹੋਣ ਦਾ ਵਿਰੋਧ ਕੀਤਾ।ਉਨ੍ਹਾਂ ਦਾ ਖਿਆਲ ਸੀ ਕਿ ਬੀ.ਐਸ.ਪੀ ਲਹਿਰ ਅੱਗੇ ਨਹੀਂ ਵੱਧ ਸਕੇਗਾ ਅਤੇ ਉਨ੍ਹਾਂ ਦੀ ਲੜਕੀ ਸ਼ਇਦ ਜੀਵਨ ਵਿੱਚ ਸਫ਼ਲ ਨਹੀਂ ਹੋ ਪਾਵੇਗੀ। ਉਨ੍ਹਾਂ ਦਾ ਵਿਚਾਰ ਸੀ ਕਿ ਵਧੀਆ ਇਹੀ ਹੋਵੇਗਾ ਕਿ ਜੇ ਉਨ੍ਹਾਂ ਦੀ ਲੜਕੀ ਵਧੀਆ ਸਰਕਾਰੀ ਨੌਕਰੀ ਵਿੱਚ ਅਫ਼ਸਰ ਬਣ ਜਾਵੇ ਅਤੇ ਜੇਕਰ ਫਿਰ ਵੀ ਮਾਇਆਵਤੀ ਨੇ ਰਾਜਨੀਤੀ ਵਿੱਚ ਜਾਣਾ ਹੀ ਹੈ ਤਾਂ ਉਸਨੂੰ ਕਿਸੇ ਅਜਿਹੀ ਪਾਰਟੀ ਵਿੱਚ ਸ਼ਾਮਿਲ ਹੋਣਾ ਚਾਹੀਦਾ ਹੈ, ਜੋ ਸਥਾਪਿਤ ਅਤੇ ਸਫਲ ਹੈ, ਨਾ ਕਿ ਉਸ ਪਾਰਟੀ ਵਿੱਚ, ਜਿਸਦਾ ਅਜੇ ਹੋਂਦ ਵਿੱਚ ਆਉਣਾ ਬਾਕੀ ਹੈ। ਮਾਇਆਵਤੀ ਨੇ ਇਸ ਸਬੰਧ ਵਿੱਚ ਮੇਰੇ ਨਾਲ ਸਲਾਹ-ਮਸ਼ਵਰਾ ਕੀਤਾ। ਮੈਂ ਉਸਨੂੰ ਕਿਹਾ ਕਿ ਮੇਰੇ ਲਈ ਵਿਚਾਰਧਾਰਾ ਦਾ ਮਾਮਲਾ ਹੈ ਅਤੇ ਉਸਦੇ ਲਈ ਵੀ ਇਹ ਇਕ ਵਿਚਾਰਧਾਰਾ ਦਾ ਮਾਮਲਾ ਹੀ ਹੋਣਾ ਚਾਹੀਦਾ ਹੈ।ਸਫ਼ਲਤਾ ਜਾਂ ਅਸਫ਼ਲਤਾ ਬਾਅਦ ਦੀ ਗੱਲ ਹੈ।ਅੰਤ ਵਿੱਚ ਮਾਇਆਵਤੀ ਨੇ ਬੀ.ਐਸ.ਪੀ ਲਹਿਰ ਨੂੰ ਆਪਣਾ ਉਦੇਸ਼ ਚੁਣਿਆ।

ਉਸਦੇ ਪਿਤਾ ਦੇ ਵਿਰੋਧ ਨੂੰ ਧਿਆਨ ਵਿੱਚ ਰੱਖ ਕੇ ਮੈਂ ਫੈਸਲਾ ਕੀਤਾ ਕਿ ਮਾਇਆਵਤੀ ਨੂੰ ਆਪਣੀ ਪ੍ਰਤਿਭਾ ਉਜਾਗਰ ਕਰਨ ਲਈ ਵੱਧ ਤੋਂ ਵੱਧ ਮੌਕੇ ਦਿੱਤੇ। ਮੇਰੇ ਇਸ ਕਦਮ ਨੂੰ ਬਹੁਜਨ ਸਮਾਜ ਲਹਿਰ ਦੇ ਸੀਨੀਅਰ ਲੋਕਾਂ ਨੇ ਪਸੰਦ ਨਹੀਂ ਕੀਤਾ।ਉਹ ਲੋਕ ਮਾਇਆਵਤੀ ਨਾਲ ਖਾਰ ਖਾਣ ਲੱਗੇ।ਇਸ ਨਾਲ ਮਾਇਆਵਤੀ ਨੂੰ ਮੁਸ਼ਕਿਲਾਂ ਆਉਣ ਲੱਗੀਆਂ। 1982 ਅਤੇ 1983 ਦੇ ਸਾਲ ਦੌਰਾਨ ਦਲਿਤ ਸੋਸ਼ਿਤ ਸਮਾਜ ਸੰਘਰਸ਼ ਸੰਮਤੀ (ਡੀ.ਐਸ.4) ਦਾ ਵਿਆਪਕ ਇਸਤੇਮਾਲ ਕੀਤਾ ਗਿਆ।ਇਸ ਤਹਿਤ ਬਹੁਤ ਸਾਰੇ ਤਜਰਬੇ ਕੀਤੇ ਗਏ।ਇਨ੍ਹਾਂ ਤਜਰਬਿਆਂ ਦੌਰਾਨ ਮਾਇਆਵਤੀ ਨੂੰ ਆਪਣੀ ਪ੍ਰਤਿਭਾ ਦਿਖ-ਾਉਣ ਦਾ ਪੂਰਾ ਮੌਕਾ ਮਿਲਿਆ ਅਤੇ ਸ਼ੋਹਰਤ ਮਿਲੀ, ਜਿਸ ਕਾਰਨ ਸੀਨੀਅਰ ਲੋਕਾਂ ਵਿੱਚ ਈਰਖਾ ਪੈਦਾ ਹੋਣ ਲੱਗੀ।ਅਜਿਹੇ ਵਾਤਾਵਰਣ ਵਿੱਚ 14 ਅਪ੍ਰੈ.ਲ 1984 ਨੂੰ ਬਹੁਜਨ ਸਮਾਜ ਪਾਰਟੀ ਦਾ ਜਨਮ ਹੋਇਆ।

ਬੀ.ਐਸ.ਪੀ ਦੇ ਕਾਰਨ ਹੋਰ ਜ਼ਿਆਦਾ ਮੌਕੇ ਸਾਹਮਣੇ ਆਉਣ ਲੱਗੇ।ਮਾਇਆਵਤੀ ਨੇ ਮੁਜੱਫਰਨਗਰ ਜਿਲ੍ਹੇ, ਨੂੰ ਤਿਆਰ ਕੀਤਾ ਅਤੇ ਜਿਲ੍ਹੇ ਦੀ ਕੈਰਾਨ ਲੋਕ ਸਭਾ ਸੀਟ ਤੋਂ 1984 ਵਿੱਚ ਚੋਣ ਲੜੀ। ਬਹੁਜਨ ਸਮਾਜ ਪਾਰਟੀ ਨੇ ਪੂਰੇ ਭਾਰਤ ਵਿੱਚ ਜਿੰਨੇ ਵੀ ਉਮੀਦਵਾਰ ਖੜੇ ਕੀਤੇ ਸਨ, ਮਾਇਆਵਤੀ ਨੇ ਉਨ੍ਹਾਂ ਸਾਰਿਆ ਤੋਂ ਵੱਧ ਵੋਟ ਹਾਸਲ ਕੀਤੇ। ਇਸ ਨਾਲ ਸੀਨੀਅਰ ਆਗੂਆਂ ਵਿੱਚ ਹੋਰ ਵੀ ਈਰਖਾ ਦੀ ਭਾਵਨਾ ਪੈਦਾ ਹੋਈ। ਸਾਲ 1985 ਵਿੱਚ, ਮੈਂ ਉਸਨੂੰ ਬਿਜਨੌਰ ਲੋਕ ਸਭਾ ਸੀਟ ਤਿਆਰ ਕਰਨ ਦਾ ਮੌਕਾ ਦਿੱਤਾ ਅਤੇ ਉਪ ਚੋਣ ਵਿੱਚ ਉਸਨੂੰ ਉੱਥੋ ਲੜਵਾਇਆ।65 ਹਜ਼ਾਰ ਵੋਟਾ ਹਾਸਲ ਕਰਕੇ ਮਾਇਆਵਤੀ ਨੇ ਚੋਣ ਸੰਘਰਸ਼ ਨੂੰ ਤ੍ਰਿਕੋਣਾ ਮੁਕਾਬਲਾ ਬਣਾ ਦਿੱਤਾ।ਸਾਲ 1987 ਵਿੱਚ ਬੀਬੀ ਮਾਇਆਵਤੀ ਨੇ ਉੱਤਰ ਪ੍ਰਦੇਸ਼ ਵਿੱਚ ਹਰਿਦੁਆਰ (ਰਾਖਵੀਂ) ਲੋਕ ਸਭਾ ਸੀਟ ਦੀ ਉਪ-ਚੋਣ ਲੜੀ।ਸਖ਼ਤ ਟੱਕਰ ਵਿੱਚ ਬੀਬੀ ਮਾਇਆਵਤੀ ਬਹੁਤ ਹੀ ਘੱਟ ਵੋਟਾਂ ਨਾਲ ਉਸ ਚੋਣ ਵਿੱਚ ਹਾਰੀ ਅਤੇ 1,35,390 ਵੋਟ ਲੈ ਕੇ ਕਾਂਗਰਸ (ਆਈ) ਦੇ ਜਿੱਤਣ ਵਾਲੇ ਉਮੀਦਵਾਰ ਦੇ ਬਾਅਦ ਦੂਜੇ ਸਥਾਨ 'ਤੇ ਰਹੀ, ਜਿਸਨੂੰ ਕੁੱਲ 1,49,377 ਵੋਟ ਮਿਲੇ।ਸ਼੍ਰੀ ਰਾਮ ਵਿਲਾਸ ਪਾਸਵਾਨ, ਜੋ ਬੀਬੀ ਮਾਇਆਵਤੀ ਨੂੰ ਹਰਾਉਣ ਲਈ ਬਿਹਾਰ ਤੋਂ ਆਏ ਸਨ, ਉਨ੍ਹਾਂ ਨੂੰ ਸਿਰਫ 34,255 ਵੋਟ ਹੀ ਪ੍ਰਾਪਤ ਹੋਏ ਅਤੇ ਉਹ ਆਪਣੀ ਜਮਾਨਤ ਵੀ ਨਾ ਬਚਾ ਸਕੇ।

ਉਸ ਦੀ ਇਸ ਸਫ਼ਲਤਾ ਨੇ ਉਸ ਲਈ ਹੋਰ ਵੀ ਸਮੱਸਿਆਵਾਂ ਪੈਦਾ ਕਰ ਦਿੱਤੀਆਂ।ਬਹੁਜਨ ਸਮਾਜ ਲਹਿਰ ਦੇ ਸੀਨੀਅਰ ਆਗੂ ਉਸਦੀ ਤਰੱਕੀ ਬਰਦਾਸ਼ਤ ਨਾ ਕਰ ਸਕੇ।ਉਹ ਦਬਾਅ ਪਾਉਣ ਲੱਗੇ ਕਿ ਮੇਰੇ ਵੱਲੋਂ ਮਾਇਆਵਤੀ ਨੂੰ ਦਿੱਤੇ ਜਾਣ ਵਾਲੇ ਮੌਕਿਆਂ ਵਿੱਚ ਕਟੌਤੀ ਹੋਵੇ।ਗੱਲ ਨਾ ਮੰਨੇ ਜਾਣ 'ਤੇ ਜਿਆਦਾਤਾਰ ਸੀਨੀਅਰ ਆਗੂ ਬੀ.ਐਸ.ਪੀ ਲਹਿਰ ਛੱਡ ਕੇ ਚਲੇ ਗਏ ਅਤੇ ਉਨ੍ਹਾਂ ਨੇ ਆਪਣੇ-ਆਪਣੇ ਢੰਗ ਨਾਲ ਕੰਮ ਸ਼ੁਰੂ ਕੀਤਾ।

ਪਰ ਅੱਜ ਉਨ੍ਹਾਂ ਵਿੱਚ ਕਿਸੇ ਦਾ ਵੀ ਕੋਈ ਹੋਂਦ ਨਹੀਂ ਹੈ, ਕੋਈ ਕਿਤੇ ਨਜ਼ਰ ਨਹੀਂ ਆਉਂਦਾ।ਜਦ ਕਿ ਮਾਇਆਵਤੀ ਸਫ਼ਲ ਰਹੀ ਅਤੇ ਇੱਥੇ ਤੱਕ ਕਾਮਯਾਬ ਰਹੀ ਕਿ ਹਿੰਦੋਸਤਾਨ ਦੇ ਸਭ ਤੋਂ ਜ਼ਿਆਦਾ ਆਬਾਦੀ ਵਾਲੇ ਸੂਬੇ ਉੱਤਰ ਪ੍ਰਦੇਸ਼ ਦੀ ਮੁੱਖ ਮੰਤਰੀ ਬਣੀ।ਅੱਜ ਉਸਦੇ ਪਿਤਾ ਖੁਸ਼ ਹਨ ਅਤੇ 'ਆਇਰਨ ਲੇਡੀ-ਮਾਇਆਵਤੀ' ਨੂੰ ਪੜ੍ਹ ਕੇ ਹੋਰ ਵੀ ਖੁਸ਼ੀ ਮਹਿਸੂਸ ਕਰਦੇ ਹੋਣਗੇ। ਮਾਇਆਵਤੀ ਦੇ ਦੂਜੇ ਵਿਰੋਧੀ ਕੀ ਮਹਿਸੂਸ ਕਰਦੇ ਹਨ, ਇਹ ਤਾਂ ਉਹ ਹੀ ਜਾਣਦੇ ਹੋਣਗੇ, ਪਰ ਮੈਂ ਬੜੀ ਚੰਗੀ ਤਰ੍ਹਾਂ ਜਾਣਦਾ ਹਾਂ ਕਿ ਮੁੱਢਲੇ ਵਿਰੋਧ ਨੇ ਹੀ ਮਾਇਆਵਤੀ ਨੂੰ ਏਨਾ ਮਜ਼ਬੂਤ ਬਣਾਇਆ ਹੈ ਕਿ ਉਹ ਇਸ ਕਿਤਾਬ ਦੀ ਆਇਰਨ ਲੇਡੀ ਬਣ ਗਈ।

**-ਕਾਂਸ਼ੀ ਰਾਮ**

# ਕਿਸਾਨੀ ਅੰਦੋਲਨ ਦੇ ਬਣਦੇ ਪ੍ਰਭਾਵ/ ਨਜ਼ਰ ਤੇ ਨਜ਼ਰੀਆ

ਮਹਾਂਪੁਰਸ਼, ਵਿਗਿਆਨੀ, ਦਰਸ਼ਨਿਕ, ਵਿਦਵਾਨ, ਗੁਰੂ, ਦੇਸ਼ ਭਗਤ ਦੁਨੀਆਂ ਨੂੰ ਸੁਖਮਈ ਬਣਾਉਣ ਲਈ ਜਾਨਾ ਨਸ਼ਾਵਰ ਕਰ ਗਏ ਹਨ। ਅੱਜ ਵੀ ਭਾਰਤ ਦੇ ਪੀੜਤ ਗੈਰ ਬਰਾਬਰੀ ਦੇ ਸਦੀਆਂ ਤੋਂ ਸ਼ਿਕਾਰ ਲੋਕ, ਦੇਸ਼ ਦਾ ਕਿਸਾਨ ਭਾਈਚਾਰਾ ਆਪਣੇ ਹੱਕ-ਹਕੂਕਾ ਲਈ ਸਾਹ ਰੋਕ ਤੇ ਸਰਕਾਰਾ ਤੋਂ ਆਸ ਲਈ ਬੈਠੇ ਹਨ ਕਿ ਸੰਵਿਧਾਨ ਦੀ ਸੁੰਹ ਖਾ ਕੇ ਬਣੀ ਭਾਰਤ ਦੇ ਸਰਕਾਰ ਕਦੋਂ ਬਿਲ ਰੱਦ ਕਰਕੇ ਮੁੜ ਸਭ ਪ੍ਰਭਾਵਤ ਵਰਗਾ ਨਾਲ ਤਾਲਮੇਲ ਕਰਕੇ ਮਸਲੇ ਦਾ ਹੱਲ ਕਰੇਗੀ।

ਕਿਸਾਨ ਅੰਦੋਲਨ ਹੁਣ ਪੰਜਾਬ, ਦੇਸ਼ ਦਾ ਨਹੀਂ ਬਲਕਿ ਕੌਮਾਤਰੀ ਮੁੱਦਾ ਬਣ ਗਿਆ ਹੈ। ਪਰ ਪਾਸੇ ਤੋਂ ਰੋਹ ਦੀਆਂ ਮੁਖ ਸੁਰਖੀਆਂ ਬਣ ਰਹੀਆਂ ਹਨ। ਭਾਰਤ ਦੇ ਇਤਿਹਾਸ ਵਿੱਚ ਇਹ ਅਜਿਹਾ ਕਿਸਾਨੀ ਅੰਦੋਲਨ ਹੈ ਜਿਸ ਨੂੰ ਮਜ਼ਦੂਰ, ਦਲਿਤਾਂ ਤੇ ਸਾਰੇ ਭਾਈਚਾਰਿਆ ਨੇ ਏਕੇ ਦਾ ਸਬੂਤ ਦੇ ਕੇ ਚਰਮ ਸ਼ੀਸ਼ ਤੱਕ ਪਹੁੰਚਾਇਆ ਹੈ।

ਜਿੱਥੇ ਸਟੇਜਾ ਤੇ ਯੋਗ, ਕਾਬਲ ਦੂਰਅੰਦੇਸ਼ੀ ਆਗੂਆ ਦੀ ਕਮਾਨ ਹੇਠ ਦਲੀਲ, ਜਾਬਤੇ ਅਤੇ ਸੰਗਠਨਾਤਮਕ ਤੇ ਲੋਕਤੰਤਰ ਵਿੱਚ ਸਰਕਾਰ ਦੇ ਦਵਾਓ ਬਣਾਉਣ ਹਿੱਤ ਹਰ ਵਰਤਿਆ ਗਿਆ ਹੈ। ਭਾਰਤ ਦੇ ਸੰਵਿਧਾਨ ਦੀਆਂ ਧਾਰਾਵਾ ਮੁਤਾਬਕ ਸੁਪਰੀਮ ਕੋਰਟ ਨੇ ਵੀ ਮੰਨ ਲਿਆ ਕਿ ਰੋਸ-ਪ੍ਰਦਰਸ਼ਨ ਕਰਨਾ ਤੇ ਆਵਾਜ਼ ਬੁਲੰਦ ਕਰਨੀ ਸੰਵਿਧਾਨਕ ਹੈ।

ਕਿਸਾਨੀ-ਮਜ਼ਦੂਰਾ ਦੇ ਅੰਦੋਲਨ ਵਿੱਚ ਇਹ ਦੂਜਾ ਵਿਸ਼ਾ ਮਾਮਲਾ, ਚਰਚਾ ਹੋਈ, ਉਹ ਵੀ ਭਵਿੱਖ ਵਿੱਚ ਦੂਰ ਅੰਦੇਸ਼ੀ ਨਤੀਜੇ ਦੇਵੇਗਾ।ਕਿਉਂਕਿ ਦੂਜਾ ਵਿਸ਼ਾ ਭਾਰਤ ਵਿੱਚ ਜਾਤਪਾਤ ਦੇ ਨਾਮ ਤੇ ਚੱਲ ਰਹੀ ਗੈਰ-ਬਰਾਬਰੀ ਵਾਲੀ ਵਿਵਸਥਾ ਨੂੰ ਸਰਬੱਤ ਦੇ ਭਲੇ ਵਾਲੀ ਸੋਚ ਜਾ ਦੂਜੇ ਸ਼ਬਦਾਂ ਵਿੱਚ ਬੇਗਮਪੁਰਾ ਵਰਗੇ ਰਾਜ ਦੀ ਬਦਲਣ ਨੇ ਕਿਸਾਨਾ ਨੇ ਗਰੀਬ ਦਲਿਤ ਸਿੱਖਾਂ ਨਾਲ ਤੋਂ ਲੋੜ ਤੇ ਜ਼ੋਰ ਦਿਤਾ ਗਿਆ ਹੈ।ਜੇਕਰ ਕਿਸਾਨੀ ਅੰਦੋਲਨ ਵਾਂਗ ਦੇਸ਼ ਦੇ ਸਮੁੱਚੇ ਕਿਸਾਨਾ ਨੇ ਰਲ-ਮਿਲ ਕੇ ਮਾਜੂਦਾ ਸਰਕਾਰ ਨੂੰ ਸਬਕ ਸਿਖਾਉਣ ਤੇ ਝੁਠਲਾਉਣ ਲਈ 'ਫਤਿਹ' ਦੇ ਨਾਹਰੇ ਬੁਲੰਦ ਕਰ ਰਹੇ ਹਨ । ਫਤਿਹ ਦੇ ਜੈਕਾਰੇ ਹਮੇਸ਼ਾਂ ਜਿੱਤ ਪ੍ਰਦਾਨ ਕਰਦੇ ਆ ਰਹੇ ਹਨ। ਆਸ ਤੇ ਭਰੋਸਾ ਹੈ ਕਿ ਦਿੱਲੀ ਤੇ ਹੁਣ ਫਿਰ ਫਤਿਹ ਹੋਈ 'ਨਿਸ਼ਚਤ ਕਰ ਆਪਣੀ ਜੀਤ ਕਰੂ' ਤੇ ਵਾਕ ਵਾਂਗ ਕੱਲ ਦਾ ਸੱਚ ਹੋ ਸਕਦੀ ਹੈ।

ਜੋ ਮੁੱਖ ਸਟੇਜਾ ਤੋਂ ਬਰਾਬਰਤਾ ਤੇ ਇਨਸਾਫ ਦੀ ਗੱਲ ਨੂੰ ਬੜੇ ਸਾਰਥਿਕ ਤਾਰੀਕੇ ਨਾਲ ਲਿਆ ਹੈ। ਭਵਿੱਖ ਵਿੱਚ ਕਿਸਾਨੀ ਸੰਘਰਸ਼ ਦੀ ਸਫਲਤਾ ਉਪਰੰਤ ਜਾਤਾਂ ਪਾਤਾ ਵਾਲਿਆ ਦਾ ਵਖਰੇਵਾ ਦੂਰ ਕਰਨ ਵਾਲੇ ਸੰਜੀਦਵੀ ਨਾਲ ਵਿਚਾਰ ਵਿਟਾਂਦਰਾ ਹੋਣ ਦੀਆਂ ਸੰਭਾਵਨਾਵਾ ਵੱਧ ਗਈਆਂ ਹਨ।ਗੁਰੂ ਨਾਨਕ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਨੇ ਗਰੀਬ, ਦਲਿਤਾ, ਗਰੀਬ ਸਿੱਖਾਂ ਤੇ ਅਮਨਾਵੀ ਵਿਵਹਾਰਾ ਵਿਤਕਰਿਆ ਨੂੰ ਨਕਾਰਿਆ ਹੀ ਨਹੀਂ ਸਿੱਧੇ ਚੈਲਜ਼ ਕੀਤੇ ਹਨ। ਗੁਰੂ ਗੋਬਿੰਦ ਸਿੰਘ ਨੇ ਤਾਂ 'ਰੰਗਰੇਟੇ ਗੁਰੂ ਕੇ ਬੇਟੇ' ਇਨ ਗਰੀਬ ਸਿੱਖੋ ਕੋ ਦੁ ਪਾਤਸ਼ਾਹੀ। ਪਰ ਹੋਇਆ ਕੀ ਸੀ? ਗੁਰੂ ਗ੍ਰੰਥ ਸਾਹਿਬ ਵਿੱਚ 35 ਮਹਾਂਪੁਰਸ਼ਾ ਨੇ ਇਨਸਾਨ ਤੇ ਇਨਸਾਨੀਅਤ ਲਈ ਜਬਰ-ਜੁਲਮ ਖਿਲਾਫ ਬਿਗਲ ਬਜਾਇਆ। ਸਾਰੀ ਦੁਨੀਆਂ ਮੰਨਦੀ ਹੈ ਕਿ ਕੁੱਝ ਤਾਂ ਖਾਸ ਹੈ ਕਿ ਦੇਸ਼ ਲਈ ਮਰ ਮਿਟਣ ਵਾਲੇ , ਭੁਖਿਆ, ਜਖਮੀਆਂ, ਪਿਆਸਿਆ ਨੂੰ ਲੰਗਰ, ਦਵਾਈਆਂ ਮਲਮ ਪੱਟੀਆਂ ਹੀ ਨਹੀਂ ਸਗੋਂ ਦੇਸ਼ਾਂ ਦੇ ਤਮਾਮ ਪ੍ਰਭਾਵਤ ਦੇਸ਼ਾਂ ਵਿੱਚ ਸਿੱਖਾ ਦੀ ਨਾਮ ਜਪੋ, ਵੰਡ ਸਕੋ। ਅੱਜ ਅਮਰੀਕਾ ਵਰਗੇ ਦੇਸ਼ਾਂ ਨੇ ਸਿੱਖਾਂ ਦੇ ਮਨੁੱਖਤਾ ਪ੍ਰਤੀ ਫਲਸਫੇ ਤੇ ਕੀਤੀ ਜਾ ਰਹੀ ਸੇਵਾ ਬਦਲੇ ਨਵੇਂ ਸਿਰੇ ਤੋਂ ਖੋਜ ਜਾਣਕਾਰੀ ਇੱਕਠੀ ਕਰਨੀ ਸ਼ੁਰੂ ਕਰ ਦਿੱਤੀ ਗਈ ਹੈ।



ਮੋਜੂਦਾ ਨਰਿੰਦਰ ਮੋਦੀ ਸਰਕਾਰ ਬਾਬਾ ਸਾਹਿਬ ਨੂੰ ਮੋਹਰਾ ਬਣ ਕੇ, ਪੱਤਾ ਖੇਲਣ ਦੀ ਕੋਸ਼ਿਸ਼ ਕੀਤੀ। ਵਿਰੋਧ ਵੀ ਹੋਇਆ, ਦਲਿਤਾਂ ਤੇ ਅਨੁਸੂਚਿਤ ਜਾਤੀਆ ਤਾਂ ਆਰ.ਐਸ ਹੈ ਅਸਲ ਤੇ ਬੀ.ਜੇ.ਪੀ ਹੈ। ਦੇਸ਼ ਵਿੱਚ ਦਲਿਤ ਬੱਚੀਆਂ ਨੂੰ ਸਾੜਿਆ ਜਾਂਦਾ। ਨਵੀ ਸਿਖਿਆ ਨੀਤੀ 2020 ਕਿਵੇਂ ਆਪ ਗਰੀਬਾ ਲੋਕਾਂ ਕੋਲੋ, ਰਾਖਵਾਕਰਨ, ਮਨੂੰ ਸਿਮਰਤੀ ਨੂੰ ਲਾਗੂ ਕੀਤੀ ਜਾ ਰਹੀ ਹੈ। ਡਾ. ਅੰਬੇਡਕਰ ਦੀਆਂ ਟੀ-ਸ਼ਰਟਾਂ ਵੀ ਪਹਿਨਦੇ ਹਨ। ਦਲਿਤ ਲੋਕਾਂ ਨਾਲ, ਸ਼ੂਦਰ ਲੋਕਾਂ ਨਾਲ ਦਾ ਖੰਡ ਗਲ ਵਿੱਚ ਕੁੱਝਾ ਲੱਕ ਨਾਲ ਝਾੜੂ ਕਿਹਾ। 12 ਤੋਂ 3 ਵਜੇ ਤੱਕ ਸ਼ੂਦਰ ਨਿਕਲ ਸਕਦੇ। ਕਿਉਂਕਿ ਪਰਛਾਵਾ ਕਿਸੇ ਤੇ ਨਾ ਪਵੇ।

ਮਤਾ ਪਾਇਆ ਕਿ ਦਲਿਤ ਨੂੰ ਮੰਦਰਾਂ ਘੋੜੀ ਤੇ ਚੜਨਾ ਮੁਛਾ ਕਰਕੇ ਕਤਲ ਰਿਹਾ ਹੈ। ਪਰ ਪੰਜਾਬ ਵਿੱਚ ਅਜੇ ਜਾਗਣ ਦੀ ਲੋੜ ਹੈ।ਵੱਖ-ਵੱਖ ਗੁਰਦੁਆਰੇ ਬਲਾ ਆਏ ਸ਼ਮਸ਼ਾਨ ਘਾਟ ਵੱਖੋ-ਵੱਖਰੇ ਹੁੰਦੇ ਹਨ। 60 ਹਜ਼ਾਰ ਗੁਰਦੁਆਰਾ ਹੈ। 60 ਹਜ਼ਾਰ ਸਿਖ ਪੈਦਾ ਵੀ ਨਹੀਂ ਹੋਇਆ। ਜਾਤਪਾਤ ਵਖਰੇਵਾ ਆਪ ਲੋਕਾਂ ਨੂੰ ਬਰਾਬਰਤਾ ਨੂੰ ਹੱਕ ਨਹੀਂ ਦਿੱਤੇ ਗਏ।ਗਿਆਨ ਪੜ੍ਹਨ ਲਿਖਣ ਤੇ ਪਾਬੰਦੀ। ਗੁਰੂ ਗੋਬਿੰਦ ਸਿੰਘ 'ਜੋ ਬੋਲੇ ਸੋ ਨਿਹਾਲ ਦੇ ਜੇਕਾਰੇ'। ਜੱਟ ਵਾਦ ਦਾ ਏਕਾ (ਸਾਰੇ ਇਕ ਜਿਹੇ ਪਾੜੇ ਨਹੀਂ ਹੁੰਦੇ)ਝੋਨੇ ਦੀ ਲਵਾਈ ਨਹੀਂ ਦੇਣੀ ਤਾਂ ਕਿਸਾਨਾ ਦੇ ਨਾਲ ਸੀਰੀ ਦਾ ਵੀ ਬਰਾਬਰ ਪਸੀਨਾ ਡੁਲਿਆ ਪਰ ਸੀਰੀ ਗਰੀਬ ਵੀ ਰਹੇ ਪਰ ਅਸੀਂ ਗੱਡੀਆਂ ਕਾਰਾਂ ਵਾਲੇ ਹੋ ਗਏ। ਜਾਤ ਪਾਤ ਦੇ ਫਲਸਫੇ ਨੂੰ ਅਸੀਂ ਮੰਨਿਆ ਕਿਨਾ ਕੁ ਹੈ।ਇਹ ਧਰਮ ਸ਼ਖਸ਼ੀਅਤ ਨੂੰ ਗੱਲਾਂ ਕਰਨ ਦੀ ਗੱਲ ਹੈ। ਸਾਰਿਆ ਨੂੰ ਗੱਲ ਨਾਲ ਲਗਾਉਣ ਦੀ ਲੋੜ ਹੈ, ਅਸੀਂ ਸਾਰੇ ਪੰਜਾਬੀ ਹਾਂ, ਜਾਤਪਾਤ ਬਾਅਦ ਵਿੱਚ ਹੈ। ਜਾਤਪਾਤ ਦੇ ਨਾਅਤੇ ਧਰਮ ਦੇ ਤੇ ਵਿਖਰੇਵਾ ਪਾਇਆ ਜਾਵੇਗਾ। ਜਰਾ ਸੋਚੋ ਕਲਮ ਤੇ ਕਿਤਾਬ ਖੋਣ ਵਾਲੇ ਕੋਣ ਹਨ ।135 ਕੋੜ ਸਾਰੇ ਹਿੰਦੂ ਹਨ।ਅਸੀਂ ਜ਼ੁਮੇਵਾਰ ਖੁਦ ਹਾਂ। ਆਪਣੇ ਇਤਿਹਾਸ ਨੂੰ ਪੜਾਓ । ਆਪਣੇ ਵਿਰਸੇ ਨੂੰ ਅਪਣਾਓ।ਮਾਨਸਿਕਤਾ ਨੂੰ ਖਤਮ ਕੀਤਾ ਜਾ ਰਿਹਾ ਹੈ। ਬੋਲੀ ਵਰਾਸਤਾ ਨੂੰ ਸਾਡੇ ਤੋਂ ਦੂਰ ਕੀਤਾ ਜਾ ਰਿਹਾ ਹੈ।ਲਾਲ ਛਲ, ਖੁਨ ਨਾਲ ਲਿਖਿਆ ਇਤਿਹਾਸ ਹੈ। ਹਵਾਵਾਂ ਤੇ ਪਾਣੀ ਜ਼ਹਿਰੀਲਾ ਕਰ ਦਿੱਤਾ। ਸੰਜੀਦਵੀ ਗੱਲ ਸਮਝਣ ਦੀ ਅਹਿਮ ਲੋੜ ਹੈ।ਲੜਾਈ ਲੰਮੀ ਜਾਵੇਗੀ। ਤਾਨਾਸ਼ਾਹੀ ਹਕੂਮਤ ਦਾ ਅੰਤ ਹੋਵੇਗਾ।ਤਾਂ ਧਰਮ ਦੀ ਘਟਨਾ ਲਈ ਸਿਰਫ ਪੱਤਰਕਾਰ 'ਤੇ UAPA ਲਗਾ ਲਿਆ। ਤਾਕਤ, ਜਜਬਾ, ਪਿਆਰ ਹੋਣਾ ਚਾਹੀਦਾ ਹੈ।

ਇਤਿਹਾਸ ਇਕ ਇੱਕ ਇੱਕ ਘੜੀ ਪਲ ਦਾ
ਪਲ-ਪਲ ਲਿਖਿਆ ਜਾਂਦਾ ਅਤੇ ਗਦਾਰਾ ਦਾ ਵੀ
ਪੰਜਾਬ ਫਿਰ ਪੰਜਾਬ ਦਬਿਆ ਨਹੀਂ।
ਇਹ ਪੰਜਾਬ ਹੈ, ਪਹਿਲਾ ਮੁਗਲ ਵੀ ਦੇਖੇ, ਅੰਗਰੇਜ਼ ਵੀ ਦੇਖੇ।
ਦੂਰ ਅੰਦੇਸ਼ੀ ਦੀ ਲੋੜ ਹੈ, ਸੁਚੇਤ ਰਹਿਣਾ ਹੈ, ਮਾਮਲਾ ਹੁਣ ਇਹ ਹੈ ਕਿ ਹੁਣ ਪੰਜਾਬ ਨਾਲ ਵਾਹ ਪਿਆ ਹੈ।

**– ਸੰਤੋਖ ਜੱਸੀ**

# ਮਨੁੱਖਤਾ ਲਈ ਮਹਾਨ ਜੀਵਨ ਫਲਸਫਾ ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ, ਗੁਰੂ ਗ੍ਰੰਥ ਸਾਹਿਬ ਜੀ

ਭਾਰਤ ਦੇ ਇਤਿਹਾਸ ਚ ਜਦੋਂ 4000 ਤੋਂ 5000 ਸਾਲਾਂ ਤੇ ਪਿੱਛੇ ਝਾਤ ਮਾਰਦਿਆ ਤੱਥ ਸਾਡੇ ਰੂਬਰੂ ਹੁੰਦੇ ਹਨ ਜਿਸ ਤੋਂ ਸਾਨੂੰ ਪਤਾ ਲਗਦਾ ਹੈ ਕਿ ਇੱਥੇ ਤਥਾਗਤ ਬੁੱਧ ਦੇ ਸਮੇਂ ਤੋਂ ਲੈ ਕੇ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੱਕ ਪਾਖੰਡ, ਫਰੇਬ, ਅਗਿਆਨਤਾ, ਬੇਇਮਾਨੀ, ਵਰਣ ਵਿਵਸਥਾ, ਜਾਤ-ਪਾਤ, ਅੰਧ ਵਿਸ਼ਵਾਸ, ਛੂਆਛਾਤ ਦੇ ਕਾਰਨ ਕੁੱਝ ਵਰਗਾ ਨੇ ਜ਼ਿੰਦਗੀ 'ਚ ਅੱਗੇ ਵਧਣ ਦੇ ਸਾਰੇ ਹੱਕ ਰਾਕਵੇ ਕਰ ਲਏ ਸਨ।ਸਮੇਂ ਦੇ ਬੀਤਣ ਨਾਲ ਮਹਾਨ ਪੁਰਸ਼ਾਂ ਦਾ ਜਨਮ ਹੋਇਆ। ਜਿਨ੍ਹਾਂ ਨੇ ਉਸ ਸਮੇਂ ਦੀਆਂ ਹਕੀਕਤਾਂ ਨੂੰ ਜਾਣਿਆ, ਸਮਝਿਆਂ ਤੇ ਭਲਾਈ ਦਾ ਮਾਰਗ ਦਰਸ਼ਨ ਕੀਤਾ।ਇਸ ਸਮੇਂ ਦੌਰਾਨ ਪੰਜਾਬ ਦੀ ਧਰਤੀ ਤੇ ਰਾਇ ਭੋਇ ਦੀ ਤਲਵੰਡੀ (ਨਨਕਾਣਾ ਸਾਹਿਬ) ਦੀ ਭੂਮੀ ਤੇ ਇੱਕ ਮਹਾਨ ਚਿੰਤਕ, ਅਨੁਭੂਤੀ, ਮਾਰਗ ਦਰਸ਼ਕ ਸੰਵਾਦ ਰਚਾਉਣ ਵਾਲੇ ਤਰਕ ਤੇ ਦਲੀਲਾਂ ਦੇ ਪਹਿਰੇਦਾਰ ਗੁਰੂ ਨਾਨਕ ਦੇਵ ਜੀ ਦਾ ਜਨਮ 1469 ਈਸਵੀ ਨੂੰ ਮਾਤਾ ਤ੍ਰਿਪਤਾ ਜੀ ਅਤੇ ਪਿਤਾ ਮਹਿਤਾ ਕਾਲੂ ਜੀ ਦੇ ਗ੍ਰਹਿ ਵਿਖੇ ਹੋਇਆ।ਬਚਪਨ ਤੋਂ ਬਾਅਦ ਜੁਆਨੀ ਵੇਲੇ ਉਨ੍ਹਾਂ ਦਾ ਮਨ ਵਪਾਰ ਵਿੱਚ ਨਾਲ ਲੱਗਾ ਸਗੋਂ ਇੱਕ ਪ੍ਰਮਾਤਮਾ ਦੀ ਅਰਾਧਨਾ, ਕਿਰਤ ਕਰਨਾ ਅਤੇ ਵੰਡ ਛਕਣ ਦਾ ਪੈਗਾਮ ਦੁਨੀਆਂ ਨੂੰ ਦਿੱਤਾ।ਉਸ ਸਮੇਂ ਦੀਆਂ ਚੱਲ ਰਹੀਆਂ ਫੋਕੀਆ ਧਾਰਮਿਕ ਤੇ ਸਮਾਜਿਕ ਪ੍ਰੰਪਰਾਵਾ ਤੇ ਲੀਕ ਫੇਰਦਿਆ ਮਨੁੱਖਤਾ ਨੂੰ ਨਵੇਂ ਵਿਚਾਰਾਂ ਨਾਲ ਲੈਸ ਕੀਤਾ।ਅੱਕ ਗੁਰੂ ਨਾਨਕ ਦੇਵ ਜੀ ਜਿੱਥੇ ਸਿੱਖਾਂ ਦੇ ਪਹਿਲੇ ਗੁਰੂ ਹਨ ਉੱਥੇ ਹਿੰਦੂ, ਮੁਸਲਮਾਨ ਤੇ ਬਾਕੀ ਧਰਮਾਂ ਵਾਲੇ ਵੀ ਗੁਰੂ ਸਾਹਿਬ ਦੇ ਦੱਸੇ ਮਾਰਗ ਨੂੰ 'ਸੱਚ ਦਾ ਮਾਰਗ' ਹੋਣ ਤੇ ਵੀ ਮੋਹਰ ਲਾਉਂਦੇ ਹਨ ਕਿ ਧੰਨ ਨਾਨਕ ਤੇਰੀ ਵੱਡੀ ਕਮਾਈ।ਤੂੰ ਸਭਨਾਂ ਦਾ ਸਾਂਝਾ ਰਹਿਬਰ ਹੈ।

ਸਿੱਖ ਸ਼ਬਦ ਸੰਸਕ੍ਰਿਤ ਦੇ ਕਿੱਸਿਆ ਜਾਂ ਪਾਲੀ ਦੇ ਸਿੱਖਾਂ ਤੋਂ ਬਣਿਆ ਹੈ।ਸਿੱਖ ਦਾ ਅਰਥ ਵਿਦਿਆਰਥੀ ਹੈ, ਸਿੱਖ ਦਸ ਗੁਰੂ ਸਾਹਿਬਾਨ ਦੇ ਆਗਿਆਕਾਰੀ ਵਿਦਿਆਰਥੀ ਹਨ ਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਤਿਕਾਰ ਕਰਦੇ ਹਨ।ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਛੇ ਗੁਰੂ ਸਾਹਿਬਾਨ ਪਹਿਲੇ ਪੰਜ ਅਤੇ ਨੌਵੇਂ ਗੁਰੂ ਜੀ ਹਿੰਦੂ ਭੱਟਾਂ, 15 ਭਗਤਾਂ (ਹਿੰਦੂ ਅਤੇ ਮੁਸਲਮਾਨ) ਤੇ 3 ਗੁਰ ਸਿੱਖ ਕੁੱਲ ਮਿਲਾਕੇ 35 ਮਹਾਂਪੁਰਸ਼ਾ ਦੀ ਬਾਣੀ ਦਰਜ ਹੈ।ਸਿੱਖ ਗੁਰਦੁਆਰਾ ਐਕਟ ਵਿੱਚ ਅਤੇ ਰਹਿਤ ਮਰਿਆਦਾ ਅਨੁਸਾਰ ਸਿੱਖ ਦੀ ਪ੍ਰੀਭਾਸ਼ਾ ਦੱਸੀ ਹੈ ਕਿ ਉਹ ਵਿਅਕਤੀ ਜੋ



ਦਸ ਗੁਰੂ ਸਹਿਬਾਨ ਤੇ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਤੇ ਵਿਸ਼ਵਾਸ ਰੱਖਦਾ ਹੋਵੇ, ਸਿੱਖ ਹੈ। ਸੰਸਾਰ ਵਿੱਚ ਸਿੱਖ ਧਰਮ ਤੋਂ ਬਿਨ੍ਹਾਂ ਈਸਾਈ, ਪਾਰਸੀ, ਮੁਸਲਮਾਨ, ਸਨਾਤਨ ਹਿੰਦੂ, ਜੈਨੀ, ਬੋਧੀ, ਯਹੂਦੀ ਆਦਿ ਪ੍ਰਮੁੱਖ ਧਰਮ ਹਨ ਜੋ ਧਾਰਮਿਕ ਵਿਰਾਸਤਾ ਹਨ।

ਦਸਵੇਂ ਪਾਤਸ਼ਾਹ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਜਿਨ੍ਹਾਂ ਨੇ ਮਾਨਸ ਕੀ ਜਾਤ ਸਭੈ ਏਕ ਪਹਿਚਾਨਬੋ ਨੂੰ ਅਸਲੀ ਰੂਪ ਵਿੱਚ ਦਿੱਤਾ ਤੇ ਵੱਖ-ਵੱਖ ਵਰਗਾਂ ਵਿੱਚ ਪੰਜ ਪਿਆਰੇ ਸਾਜਕੇ ਸਮਾਜ ਵਿੱਚ ਸਮਾਨਤਾ ਲਿਆਂਦੀ। ਵਿਦਵਾਨ, ਦਾਰਸ਼ਨਿਕ, ਸੰਤ ਸਿਪਾਹੀ ਬਹੁਪੱਖੀ ਸਖ਼ਸ਼ੀਅਤ ਦੇ ਮਾਲਕ ਅਦੁੱਤੀ ਰਹਿਬਰ ਨੇ ਮਨੁੱਖੀ ਬਰਾਬਰਤਾ ਦੇ ਸਿਧਾਂਤ ਖਾਤਰ ਆਪਣੇ ਪਿਤਾ ਸ਼੍ਰੀ ਗੁਰੂ ਤੇਗ ਬਹਾਦਰ ਜੀ, ਮਾਤਾ ਗੁਜਰ ਕੌਰ ਜੀ, ਵਾਰੇ ਸਾਹਿਬਜਾਦੇ ਬਾਬਾ ਅਜੀਤ ਸਿੰਘ ਜੀ, ਬਾਬਾ ਜੁਝਾਰ ਸਿੰਘ ਜੀ, ਬਾਬਾ ਜ਼ੋਰ-ਾਵਰ ਸਿੰਘ ਜੀ, ਬਾਬਾ ਫਤਿਹ ਸਿੰਘ ਜੀ ਤੋਂ ਇਲਾਵਾ ਆਪਣੇ ਪਿਆਰੇ ਗੁਰ ਸਿੱਖਾ ਦੀ ਕੁਰਬਾਨੀ ਜੁਲਮ ਤੇ ਜਾਲਮ ਦਾ ਟਾਕਰਾ ਕਰਦੇ ਹੋਏ ਦਿੱਤੀ।ਇਹ ਕੁਰਬਾਨੀ ਸਾਨੂੰ ਸਦਾ ਹੀ ਪ੍ਰੇਰਿਤ ਕਰਦੀ ਰਹੇਗੀ।ਉਨ੍ਹਾਂ ਨੇ ਜਾਲਮ ਅਤੇ ਜ਼ੁਲਮ ਦਾ ਟਾਕਰਾ ਬੜੀ ਦਲੇਰੀ, ਨਿਰਭੈਅਤਾ ਅਤੇ ਸਜੰਮ ਨਾਲ ਕੀਤਾ।ਮੁਸ਼ਕਿਲਾਂ ਭਰੇ ਸਮੇਂ ਵਿੱਚ ਦ੍ਰਿੜ੍ਹ ਇਸਦੇ ਨਾਲ ਸੱਚੇ ਮਾਰਗ ਤੇ ਚਲਦਿਆਂ ਜੀਵਨ ਬਤੀਤ ਕਰਨ ਦੀ ਮਿਸਾਲ ਗੁਰੂ ਜੀ ਤੋਂ ਇਲਾਵਾ ਹੋਰ ਕਿਤੇ ਨਹੀਂ ਮਿਲਦੀ ਹੈ।ਉਨਾਂ ਦਾ ਜੀਵਨ ਮਨੁੱਖਤਾ ਲਈ ਇੱਕ ਚਾਨਣ ਮੁਨਾਰਾ ਹੈ।ਸਰਬੰਸਦਾਨੀ ਦਾ ਜੀਵਨ ਅਦੁੱਤੀ ਹੈ।

ਸ਼੍ਰੀ ਗੁਰੂ ਨਾਨਕ ਦੇਵ ਜੀ ਤੋਂ ਸ਼ੁਰੂ ਹੋਈ ਮਨੁੱਖਤਾਵਾਦੀ ਆਵਾਜ਼, ਵਿਚਾਰਧਾਰਾ ਨੂੰ ਗੁਰੂ ਗੋਬਿੰਦ ਸਿੰਘ ਨੇ 1699 ਈਸਵੀਂ ਦੀ ਵਿਸਾਖੀ ਤੇ ਪੰਜ ਪਿਆਰੇ ਸਾਜਕੇ ਸਦੀਆਂ ਤੋਂ ਪ੍ਰਚਲਿਤ ਜਾਤ-ਪਾਤ ਦੀ ਪ੍ਰਥਾ ਦਾ ਬੀਜ ਨਾਸ ਕੀਤਾ।ਜੇ ਅਸੀਂ ਗੁਰੂ ਜੀ ਦੇ ਸਿਧਾਤਾਂ ਤੇ ਅਮਲੀ ਰੂਪ ਵਿੱਚ ਪਹਿਰਾ ਦਿੰਦੇ ਤਾਂ ਇਨ੍ਹਾਂ 350 ਸਾਲਾਂ ਵਿੱਚ ਗੁਰੂ ਜੀ ਦੀ ਸੋਚ ਵਾਲਾ ਇਨਕਲਾਬੀ ਸਮਾਜ ਸਿਰਜ ਜਾਂਦਾ ਤੇ ਪੰਜਾਬ ਦੁਨੀਆਂ ਦਾ ਇਕ ਬੇਹਤਰੀਨ ਕਿੱਤਾ ਹੁੰਦਾ।

ਵਿਸ਼ਵ ਗਿਆਨ ਦੇ ਪ੍ਰਤੀਕ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਸਾਹਿਬ ਜੀ ਦੇ ਇਹ ਸ਼ਬਦ ਅੱਜ ਵੀ ਸਾਡੀ ਅਗਵਾਈ ਕਰਦੇ ਹਨ। ਤੁਹਾਨੂੰ ਉਸੇ ਅਸੂਲ ਤੇ ਡੱਟ ਕੇ ਖੜਨਾ ਪਵੇਗਾ ਜਿਸ ਤੇ ਮਹਾਤਮਾ ਬੁੱਧ, ਗੁਰੂ ਨਾਨਕ ਦੇਵ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਖੜਦੇ ਸਨ। ਬ੍ਰਾਹਮਣਵਾਦ ਨੂੰ ਇਹ ਦੱਸਣ ਵਿੱਚ ਤੁਹਾਡੇ ਵਿੱਚ ਹੋਂਸਲਾ ਹੋਣਾ ਚਾਹੀਦਾ ਹੈ ਕਿ ਅਸਲੀ ਖਰਾਬੀ ਮਨੂੰ ਸਿਮ੍ਰਤੀ ਤੇ ਹੋਰ ਅਜਿਹੇ ਗ੍ਰੰਥਾਂ ਨੂੰ ਪਵਿੱਤਰ ਮੰਨਣ ਵਿੱਚ ਹੈ।ਅੱਜ ਦੇ ਯੁੱਗ ਵਿੱਚ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਮੁੱਚੀ ਮਾਨਵਾ ਨੂੰ ਸਹੀ ਅਗਵਾਈ ਦੇ ਸਕਦੇ ਹਨ।ਬਾਣੀ ਪੜ੍ਹੋ, ਪੜਚੋਲ ਕਰੋ ਤੇ ਆਪਣੇ ਜੀਵਨ ਤੇ ਢਾਲੋ।ਨਾਮ ਜੱਪੋ, ਕਿਰਤ ਕਰੋ, ਵੰਡਕੇ ਛਕੋ, ਜੁਲਮ ਅਤੇ ਜਾਲਮ ਦਾ ਡੱਟਕੇ ਮੁਕਾਬਲਾ ਕਰੋ। ਮਹਾਂਪੁਰਸ਼ਾ ਅਤੇ ਗੁਰੂ ਸਹਿਬਾਨ ਦੇ ਜੀਵਨ ਤੋ ਸੇਧ ਲੈ ਕੇ ਸਮਾਨਤਾ ਵਾਲਾ ਬਤੀਤ ਕਰੋ।ਸਤਿਕਾਰ ਕਰੋ ਅਤੇ ਕਰਾਓ। 21ਵੀਂ ਸਦੀ ਸਾਥੋ ਮੰਗ ਕਰਦੀ ਹੈ ਕਿ ਗੁਰੂਆਂ, ਮਹਾਂਪੁਰਸ਼ਾ ਦੇ ਦਰਸਾਏ ਮਾਰਗ ਨੂੰ ਜ਼ਿੰਦਗੀ 'ਚ ਅਮਲੀ ਰੂਪ ਵਿਖਾਵੇ ਵਜੋਂ ਨਹੀਂ ਸਗੋਂ ਮਨੋਂ ਮੰਨੀਏ, ਆਪਣੇ ਆਪ ਨੂੰ ਜੇ ਸੱਚੇ ਪੈਰੋਕਾਰ ਅਖਵਾਉਣਾ ਹੈ ਤਾਂ ਸਾਨੂੰ ਆਪਣੇ ਆਪ ਨੂੰ ਉਸ ਮਹਾਨ ਫਲਸਫੇ ਨੂੰ ਸਮਰਪਿਤ ਕਰਨਾ ਪਵੇਗਾ ਜੋ ਇਹ ਅਤਿ ਅਧੁਨਿਕ 21ਵੀਂ ਸਦੀ ਦੇ 20ਵੇਂ ਸਾਲ ਵਿੱਚ ਗਲੋਬਲ ਪਿੰਡ 'ਸਰਬੱਤ ਦੇ ਭਲੇ' ਵਾਲੀ ਮਹਾਨ ਫਲਸਫੇ ਵਾਲੀ ਮਨੁੱਖਤਾ ਜੀਵਨ ਰਾਹੀ ਜਿੰਦਾਬਾਦ ਹੋਵੇ।

**- ਸੰਤੋਖ ਜੱਸੀ**

# ਰੰਗ ਦੁਨੀਆਂ ਦੇ ਸਾਲ 2020 ਦੀਆਂ ਯਾਦਾਂ!



ਸੰਤੋਖ ਜੱਸੀ (ਸਰਪੰਚ
91-70876-19800

ਦੁਨੀਆਂ ਵਿੱਚ ਈਸਵੀ ਕਲੈਂਡਰ ਮੁਤਾਬਕ ਪਹਿਲੀ ਜਨਵਰੀ ਨੂੰ ਨਵੇਂ ਸਾਲ ਦਾ ਆਗ਼ਾਜ ਹੁੰਦਾ ਹੈ। ਨਵਾਂ ਵਰ੍ਹਾਂ ਇੱਕ ਕੋਰੇ ਕਾਗਜ਼ ਦੇ ਵਾਂਗ ਹੁੰਦਾ ਹੈ।ਜਿਸ ਤੇ ਨਵੀਂ ਇਬਾਰਤ ਲਿਖਣੀ ਹੁੰਦੀ ਹੈ।ਨਵਾਂ ਵਰ੍ਹਾ ਸਾਰੀ ਦੁਨੀਆਂ 'ਚ ਕਰੀਬ ਇੱਕ ਸਾਰ ਮਨਾਇਆ ਜਾਂਦਾ ਹੈ।ਇਹ ਮਨੁੱਖ ਦੀ ਆਪਣੀ ਕਾਢ ਹੈ। ਪੁਰਾਣਾ ਸਾਲ ਬੀਤਣ ਤੇ ਨਵਾਂ ਸਾਲ ਆਉਣ ਦਾ ਚਾਅ ਕੀਤਾ ਜਾਂਦਾ ਹੈ।ਇਹ ਦੁਨੀਆਂ ਦਾ ਅਜਿਹਾ ਤਿਉਹਾਰ ਹੈ ਜਿਸ ਨੂੰ ਸਾਰੇ ਮੁਲਕਾਂ ਦੇ ਲੋਕ ਆਪੋ ਆਪਣੇ ਢੰਗ ਤਰੀਕਿਆਂ ਨਾਲ ਮਨਾਉਂਦੇ ਹਨ।ਨਵੇਂ ਸਾਲ ਨੂੰ ਖੁਸ਼ਆਮਦੀਦ, ਜੀ ਆਇਆ ਨੂੰ ਆਖ ਕੇ ਸਵਾਗਤ ਕਰਦੇ ਹਨ ਅਤੇ ਬੀਤ ਗਏ ਸਾਲ ਨੂੰ ਅਲਵਿਦਾ ਆਖਦੇ ਹਨ।ਲੋਕ ਆਤਸ਼ਬਾਜੀ, ਰੌਸ਼ਨੀਆਂ ਦੀ ਜਗਮਗ ਅਤੇ ਸੰਗੀਤ ਨਾਲ ਸੁਰ ਤਾਲ ਮਿਲਾ ਕੇ ਜਸ਼ਨ ਮਨਾਉਂਦੇ ਹਨ।ਬੀਤ ਗਏ ਸਾਲ ਤੇ ਆਤਮ ਮੰਥਨ ਤੇ ਨਵੇਂ ਸਾਲ ਲਈ ਵਿਓਂਤਬੰਦੀਆਂ ਉਸ-ਾਰੀਆਂ ਜਾਂਦੀਆਂ ਹਨ।ਕਿ ਵਕਤ ਦੇ ਸਫ਼ੇ ਤੇ ਕਿਵੇ 'ਸਾਬਤੇ ਕਦਮਾਂ' ਨਾਲ ਅੱਗੇ ਵਧਣਾ ਜ਼ਿੰਦਗੀ ਦਾ ਸੱਚ ਹੈ।

ਸਮੇਂ ਵਿੱਚ ਸ਼ੁਭ ਇੱਛਾਵਾਂ ਵਾਲੇ ਕਾਰਡ, ਆਪਣੇ ਚਾਹੁਣ ਵਾਲਿਆਂ, ਸ਼ੁਭ ਚਿੰਤਕ ਤੇ ਸੰਗੀ ਸਾਥੀਆਂ ਨੂੰ ਭੇਜ ਕੇ ਇੱਕ ਦੂਜੇ ਲਈ ਆਪਣਾਪਣ ਦਿਖਾਇਆ ਜਾਂਦਾ ਹੈ। ਅਜੋਕੇ ਸਮੇਂ ਵਿੱਚ ਆਤਿ ਆਧੁਨਿਕ ਤਕਨੀਕ ਦੀ ਵਰਤੋਂ ਕਰਕੇ ਇੰਟਰਨੈੱਟ, ਯੂ ਟਿਊਬ, ਵਟਸਐਪ, ਫੇਸਬੁੱਕ, ਇਨਸਟਾਗ੍ਰਾਮ, ਟਵੀਟਰ, ਸ਼ੈਅਰਚੈਟ ਰਾਹੀਂ ਸ਼ੁੱਭ ਸੰਦੇਸ਼ ਭੇਜੇ ਜਾਂਦੇ ਹਨ ਅਤੇ ਟੀ.ਵੀ ਚੈੱਨਲਾਂ ਰਾਹੀਂ ਵਿਸ਼ੇਸ਼ ਪ੍ਰਗੋਰਾਮ ਚਲਾਏ ਜਾਂਦੇ ਹਨ। ਇਹ ਦੁਨੀਆਂ ਦਾ ਅਜਿਹਾ ਤਿਉਹਾਰ ਹੈ ਜਦੋਂ ਸਚੁਮੱਚ ਦੁਨੀਆਂ ਇੱਕ ਗਲੋਗਲ ਪਿੰਡ ਬਣਦੀ ਨਜ਼ਰ ਹੈ।ਅਸੀਂ ਸਮੇਂ ਦੇ ਸਾਜ਼ ਨਾਲ ਇੱਕ ਮਿਕ ਹੋ ਜਾਂਦੇ ਹਨ।ਦੁੱਖ ਵੰਡਣ ਨਾਲ ਘਟਦੇ ਤੇ ਖੁਸ਼ੀਆਂ ਵੰਡਣ ਨਾਲ ਦੂਣ ਸਵਾਈਆਂ ਹੋ ਜਾਂਦੀਆਂ ਹਨ।

ਨਵੇਂ ਵਰ੍ਹੇ 2021 ਵਿੱਚ ਸਭ ਲਈ ਨਵੇਂ ਉਤਸ਼ਾਹ ਨਵੀਆਂ ਸਧਰਾਂ ਅਤੇ ਖੁਸ਼ਹਾਲੀ ਦੀ ਕਾਮਨਾ ਕਹਿਣਾ ਬਣਦਾ ਹੈ।ਕਿ ਘੁੱਗ ਵਸਦੇ ਸੰਸਾਰ ਦੇ ਲੋਕੋ ਜ਼ਿੰਦਗੀ ਵਿੱਚ ਹੁਣ ਤਰੱਕੀ ਦੀਆਂ ਪੁਲਾਘਾਂ ਪੁੱਟਣ ਦਾ ਵੇਲਾ ਹੈ।ਹਾਸ਼ੀਏ ਤੇ ਕੀਤੇ ਭਾਈਚਾਰਿਆਂ ਦੀ ਜ਼ਿੰਦਗੀ 'ਚ ਵਾਪਰੇ ਦਰਦਨਾਕ ਹਾਦਸਿਆਂ ਕਾਰਨ ਪੀੜ੍ਹਾ ਝੱਲ ਰਹੇ ਬੇਵੱਸ, ਲਾਚਾਰ ਕਮਜ਼ੋਰ ਲੋਕਾਂ ਦੀ ਮਦਦ ਕਰਕੇ ਅਤੇ ਉਹਨਾਂ ਦੀ ਜ਼ਿੰਦਗੀ ਪ੍ਰਤੀ ਦਇਆ ਦਿਖਾ ਕੇ ਉਹਨਾਂ ਨੂੰ ਖੁਸ਼ੀਆਂ ਵੰਡਣ ਦੀ ਕੋਸ਼ਿਸ਼ ਕਰੀਏ ਤਾਂ ਉਹ ਜੋ ਮਹਿਸੂਸ ਕਰਨ ਕਿ ਸਮਾਜ ਦੇ ਲੋਕ ਉਹਨਾਂ ਲਈ ਵੀ ਫਿਕਰਮੰਦ ਹਨ।

ਨਵੇਂ ਵਰ੍ਹੇ 'ਚ ਸਾਨੂੰ ਸਾਕਾਰਤਮਕ ਸੋਚ ਤੇ ਚੱਲਦਿਆਂ ਆਪਣੀਆਂ ਤਰਜੀਹਾਂ ਨਿਰਧਾਰਤ ਕਰਨ ਦਾ ਸਮਾਂ ਹੈ। ਸਿਆਣੇ ਲੋਕ ਕਹਿੰਦੇ ਹਨ ਕਿ ਭਾਵੇਂ ਰੋਟੀ ਘੱਟ ਖਾਓ ਪਰ ਆਪਣੇ ਬੱਚਿਆਂ ਨੂੰ ਜ਼ਰੂਰ ਪੜਾਓ ਅਤੇ ਚੰਗੇ ਸੰਸਕਾਰ ਦਿਓ। ਪੜ੍ਹਨ ਬਾਰੇ ਇਹ ਪ੍ਰਵਾਨ ਹੋਇਆ ਕਿ 21 ਵੀ ਸਦੀ ਵਿੱਚ ਅਨਪੜ੍ਹ




ਉਹਨਾਂ ਲੋਕਾਂ ਨੂੰ ਨਹੀਂ ਕਿਹਾ ਜਾਵੇਗਾ, ਜੋ ਪੜ੍ਹ ਲਿਖ ਨਹੀਂ ਸਕਦੇ ਬਲਕਿ ਉਹਨਾਂ ਲੋਕਾਂ ਨੂੰ ਕਿਹਾ ਜਾਵੇਗਾ ਜਿਹੜੇ ਸਿੱਖਣਾ ਨਹੀਂ ਜਾਣਦੇ ਹੋਣਗੇ, ਗਲਤ ਸਿੱਖੀਆਂ ਹੋਈਆਂ ਗੱਲਾਂ ਭੁਲਾਉਣਾ ਨਹੀਂ ਜਾਣਦੇ ਅਤੇ ਸਹੀ ਸਿੱਖਿਆ ਨੂੰ ਨਵੇਂ ਸੀਰਿਓ ਗ੍ਰਹਿਣ ਕਰਨਾ ਨਹੀਂ ਜਾਣਦੇ ਹੋਣਗੇ। "(ਐਲਵਿਨ ਟੌਫਲਰ)" ਜੇ 2020 ਵਿੱਚ ਸੰਸਾਰ 'ਚ ਵਾਪਰੀ ਅਹਿਮ ਘਟਨਾ ਬਾਰੇ ਗੱਲ ਕੀਤੀ ਜਾਵੇ ਤਾਂ ਅਮਰੀਕਾ ਵਿੱਚ ਬਾਈਡਨ ਦੀ ਨਵੇਂ ਰਾਸ਼ਟਰਪਤੀ ਵਜੋਂ ਚੋਣ, ਜੋ 20 ਜਨਵਰੀ ਨੂੰ ਅਮਰੀਕਾ ਦੇ ਰਾਸ਼ਟਰਪਤੀ ਵਜੋਂ ਸੁੰਹ ਚੁੱਕਣਗੇ।ਭਾਰਤ ਪਾਕਿਸਤਾਨ ਦੇ ਸਬੰਧ ਪੂਰੀ ਤਰ੍ਹਾਂ ਨਾਸਾਜ਼ ਰਹੇ। ਪਰ ਇਸ ਦੇ ਬਾਵਜੂਦ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਨੇ ਫਿਰਾਖਦਿਲੀ ਦਿਖਾਉਂਦੇ ਹੋਏ ਕਰਤਾਰਪੁਰ ਦਾ ਲਾਂਘਾ ਖੋਲ ਦਿੱਤਾ।

ਅਮਨ ਸ਼ਾਂਤੀ ਲਈ ਅਫਗਾਨਿਸਤਾਨ, ਕੋਰੀਆ ਨਾਲ ਵਾਰਤਾਲਾਪ ਨਿਰੰਤਰ ਜਾਰੀ ਰੱਖਣਾ ਮੁੱਖ ਸੁਰਖੀਆਂ ਰਹੀਆਂ। ਸਭ ਤੋਂ ਭੈੜੀ 'ਤੇ ਦਰਦ ਦੇ ਵਾਲੀ ਘਟਨਾ 'ਕੋਰੋਨਾ ਮਹਾਂਮਾਰੀ' ਨੇ ਲੱਖਾਂ ਜਾਨਾਂ ਲੈ ਲਈਆਂ ਪਰ ਸੱਚ ਤਾਂ ਇਹ ਹੈ ਕਿ 'ਕੋਰੋਨਾ' ਦੀ ਦਵਾਈ ਬਣਾਉਣ ਲਈ ਅਜੇ ਵੀ ਵਿਗਿਆਨੀ ਲੈਬਾਂ ਵਿੱਚ ਉਨੀਂਦਰਾ ਕੱਟ ਰਹੇ ਹਨ। ਕਰੋਨਾ ਕਾਰਨ ਦੁਨੀਆਂ ਹਿੱਲ ਗਈ ਅਤੇ ਆਰਥਿਕਤਾ ਡਾਵਾਂ ਡੋਲ ਹੋ ਗਈ। ਗਰੀਬ ਦੇਸ਼ਾਂ ਦਾ ਜਿਊਣਾ ਮੁਹਾਲ ਹੋ ਚੁੱਕਾ ਹੈ ਦੂਜੇ ਪਾਸੇ ਵੈਕਸਿਨ ਦਾ ਆਉਣਾ ਨਵੇਂ ਸਾਲ ਨੂੰ ਖੁਸ਼ਆਮਦੀਦ ਕਹਿਣ ਵਾਂਗ ਹੈ।ਦੀਵਾ ਜਾਗਦਾ ਰੱਖੀਓ, ਜਦੋਂ ਤੱਕ ਰਾਤ ਬਾਕੀ ਹੈ।

ਭਾਰਤ ਸਰਕਾਰ ਨੇਂ 2020 ਦੀ ਆਖਰੀ ਛਿਮਾਹੀ ਵਿੱਚ ਤਿੰਨ ਖੇਤੀ ਕਾਨੂੰਨ ਪਾਸ ਕੀਤੇ ਹਨ, ਕਿਸਾਨ ਮਜ਼ਦੂਰ ਉਹਨਾਂ ਬਿੱਲਾਂ ਦਾ ਲਗਾਤਾਰ ਵਿਰੋਧ ਕਰ ਰਹੇ ਹਨ। ਕਾਨੂੰਨਾਂ ਦਾ ਬਣਨਾ ਅਤੇ ਵਾਪਸ ਲੈਣਾ ਲੋਕਤੰਤਰ ਦੀ ਖੂਬਸੂਰਤੀ ਹੁੰਦਾ ਹੈ ਪਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵਲੋਂ ਜਿਸ ਤਰ੍ਹਾਂ ਇਹ ਬਿੱਲ ਲਿਆਂਦੇ ਗਏ ਅਤੇ ਜਿਸ ਕਦਰ ਇਹਨਾਂ ਦਾ ਲਗਾਤਾਰ ਵਿਰੋਧ ਹੋ ਰਿਹਾ ਹੈ, ਇਹ ਵੀ ਇੱਕ 'ਵਿਸ਼ਵ ਰਿਕਾਰਡ' ਬਣਦਾ ਜਾ ਰਿਹਾ ਹੈ। ਆਪਣੇ ਹੱਕਾਂ ਲਈ ਲੜਨ ਵਾਲਿਆਂ ਯੋਧੇ ਲੰਮੀ ਲੜਾਈ ਲੜਨ ਲਈ ਵੀ ਇੱਕ ਤਰ੍ਹਾਂ ਕੰਧ ਵਿੱਚ ਕਿੱਲ ਠੋਕੀ ਬੈਠੇ ਹਨ ਲੋਕਤੰਤਰ ਦੀ ਪ੍ਰਣਾਲੀ ਵਿੱਚ ਇਹਨਾਂ ਯੋਧਿਆਂ ਨੂੰ ਸਲਾਮ ਕਹਿਣਾ ਬਣਦਾ ਹੈ ਦੂਜੇ ਪਾਸੇ ਪੰਜਾਬ ਵਿੱਚ ਹੀ ਨਹੀਂ ਸਮੁੱਚੇ ਭਾਰਤ ਵਿੱਚ ਜਿਹੜੀ ਭਾਈਚਾਰਕ ਸਾਂਝ ਮਜ਼ਬੂਤ ਹੋਣ ਜਾ ਰਹੀ ਹੈ ਇਹ ਸਭ ਦੇ ਭਲੇ ਲਈ ਚੰਗੀ ਖਬਰ ਹੈ। ਜਿਸ ਨਾਲ ਦੇਸ਼ ਹੋਰ ਮਜ਼ਬੂਤ ਹੋਵੇਗਾ ਤਰੱਕੀ ਅਤੇ ਖੁਸ਼ਹਾਲੀ ਦੀ ਆਮਦ ਹੋਵੇਗੀ ਇੰਝ ਲੱਗਦਾ ਹੈ ਕਿ 'ਸਰਬਤ ਦਾ ਭਲੇ' ਵਾਲੀ ਅਰਦਾਸ ਕਬੂਲ ਹੋ ਰਹੀ ਹੈ। ਦੁਨੀਆਂ ਜਾਣਨਾ ਚਾਹੁੰਦੀ ਹੈ ਕਿ ਆਖਰ ਉਹ ਕਿਹੜਾ ਜਜ਼ਬਾ ਹੈ ਜਿਸ ਨਾਲ ਲੱਖਾਂ ਲੋਕ ਕੜਾਕੇ ਦੀ ਠੰਡ ਵਿੱਚ ਵੀ ਮੈਦਾਨ ਵਿੱਚ ਡਟੇ ਹੋਏ ਹਨ।

ਸਮਾਂ ਮੰਗ ਕਰੇਗਾ ਕਿ, ਜ਼ਿੰਦਗੀ ਉਹਨਾਂ ਦੀ ਹੁੰਦੀ ਹੈ ਜਿਹਨਾਂ ਦੇ ਸੁਪਨਿਆਂ ਵਿੱਚ ਜਾਨ ਹੁੰਦੀ ਹੈ, ਖੰਭਾਂ ਨਾਲ ਕੁੱਝ ਨਹੀਂ ਹੁੰਦਾ ਹੌਸਲਿਆਂ ਨਾਲ ਉਡਾਨ ਹੁੰਦੀ ਹੈ।ਜ਼ਿੰਦਗੀ ਵਿੱਚ ਜਦੋਂ ਜਹਿਦ ਸਾਰੇ ਕਰਦੇ ਹਨ। ਪਰ ਇਤਿਹਾਸ ਜਿੱਤਣ ਵਾਲਿਆਂ ਦਾ ਲਿਖਿਆ ਜਾਂਦਾ ਹੈ। ਜੋ ਜੀਤਾ ਵੋਹੀ ਸਿੰਕਦਰ। ਸਾਨੂੰ ਜ਼ਿੰਦਗੀ ਵਿੱਚ ਸੂਰਜ ਤੋਂ ਗਿਆਨ ਲੈਣਾ ਚਾਹੀਦਾ ਹੈ ਕਿ ਸੂਰਜ ਡੁੱਬਦਾ ਵੀ ਹੈ ਤੇ ਚੜ੍ਹਦਾ ਵੀ ਹੈ।ਜੋ ਸਵਾਲ ਵੀ ਪੁੱਛਦਾ ਕਿ ਮੇਰੇ ਛਿੱਪਣ ਤੋਂ ਬਾਅਦ ਰੌਸ਼ਨੀ ਕੌਣ ਕਰੂਗਾ ਤਾਂ ਨਿੱਕੇ ਜਿਹੇ ਦੀਵੇ ਦਾ ਕਹਿਣਾ ਕਿ ਮੈਂ ਕੋਸ਼ਿਸ਼ ਕਰਾਂਗਾ। ਅਸਲ ਜ਼ਿੰਦਗੀ ਫਲਸਫਾ ਹੈ। ਸੰਸਾਰ ਦੇ ਲੋਕਾਂ ਦੀ ਜ਼ਿੰਦਗੀ ਵਿੱਚ ਚੰਗੇ ਬੁਰੇ ਦਿਨ ਵੀ ਆਉਂਦੇ ਹਨ ਪਰ ਜਿਹਨਾਂ ਅੰਦਰ ਕੁੱਝ ਕਰਨ ਦੀ ਹਿੰਮਤ ਤੇ ਜਾਨੂੰਨ ਹੁੰਦਾ ਹੈ ਤਕਦੀਰ ਉਹਨਾਂ ਦੀ ਦਾਸੀ ਬਣ ਜਾਂਦੀ ਹੈ। ਦੁਨੀਆਂ ਵਿੱਚ ਵਸਦੇ ਪੰਜਾਬੀਓ ਕਾਮਨਾ ਕਰਦੇ ਹਾਂ ਕਿ ਸਾਰਿਆਂ ਦਾ ਭਵਿੱਖ ਸੁਨਿਹਰਾ ਹੋਵੇ, ਨਵ੍ਹੇ ਵਿੱਚ ਪੰਜਾਬੀ ਜਵਾਨ ਹੋਰ ਵਧੇ ਫੁੱਲੇ ਅਤੇ ਸਾਡੇ ਸੱਭਿਆਚਾਰ ਦਾ ਘੇਰਾ ਹੋਰ ਵਿਸ਼ਾਲ ਹੋਵੇ।

# ਗੁਰੂ ਸਾਹਿਬਾਂ ਵਲੋਂ ਖ਼ੂਨ ਨਾਲ ਸਿੰਜਿਆ ਬੂਟਾ ਸੁਕ ਕਿਉਂ ਰਿਹੈ?



ਜਸਵੰਤ ਸਿੰਘ 'ਅਜੀਤ'
91 9 827-19890

ਜੇ ਸੱਚ ਨੂੰ ਸਵੀਕਾਰ ਕੀਤਾ ਜਾਏ ਤਾਂ ਸੱਚਾਈ ਇਹ ਹੀ ਹੈ ਕਿ ਗੁਰੂ ਸਾਹਿਬਾਨ ਦੀ ਵਰੋਸਾਈ ਧਰਤੀ, ਪੰਜਾਬ, ਜਿਥੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦਸ ਜਾਮਿਆਂ ਵਿਚ ਵਿਚਰ, ਸਿੱਖੀ ਦਾ ਬੂਟਾ ਲਾਇਆ ਅਤੇ ਆਪਣੇ ਤੇ ਆਪਣੇ ਪਰਿਵਾਰ ਦੇ ਖ਼ੂਨ ਨਾਲ ਸਿੰਜ ਕੇ ਪਰਵਾਨ ਚੜ੍ਹਾਇਆ, ਵਿਚ ਵਸਦੇ ਸਿੱਖ ਨੌਜਵਾਨ ਅੱਜ ਆਪਣੇ ਵਿਰਸੇ ਨਾਲੋਂ ਟੁਟ, ਸਿੱਖੀ-ਸਰੂਪ ਨੂੰ ਤਿਲਾਂਜਲੀ ਦਿੰਦੇ ਜਾ ਰਹੇ ਹਨ। ਸੱਚਾਈ ਇਹ ਵੀ ਹੈ ਕਿ ਅਜਿਹਾ ਕੇਵਲ ਪੰਜਾਬ ਵਿਚ ਹੀ ਨਹੀਂ ਹੋ ਰਿਹਾ, ਸਗੋਂ ਸਮਾਂ ਬੀਤਣ ਦੇ ਨਾਲ ਹੀ ਇਹ ਵਬਾ, ਪੰਜਾਬ ਤੋਂ ਉਸਦੇ ਨਾਲ ਲਗਦੇ ਰਾਜਾਂ ਵਿਚੋਂ ਦੀ ਹੁੰਦੀ ਹੋਈ, ਦਿੱਲੀ ਤੇ ਉਸਤੋਂ ਅਗੇ ਵੀ ਫੈਲਦੀ ਚਲੀ ਜਾ ਰਹੀ ਹੈ। ਜੇ ਕੁਝ ਪਿਛੇ ਵਲ ਨੂੰ ਝਾਤ ਮਾਰੀ ਜਾਏ ਤਾਂ ਪਤਾ ਲਗਦਾ ਹੈ ਕਿ ਨਵੰਬਰ-੮੪ ਦੇ ਦੁਖਦਾਈ ਕਾਂਡ ਦੌਰਾਨ ਕਈ ਸਿੱਖ-ਪਰਿਵਾਰਾਂ ਨੇ ਆਪਣੇ ਬਚਿਆਂ ਦੀਆਂ ਜਾਨਾਂ ਬਚਾਣ ਲਈ, ਆਪ ਹੀ ਉਨ੍ਹਾਂ ਦੇ ਕੇਸ ਕਤਲ ਕਰ ਜਾਂ ਕਰਵਾ ਦਿਤੇ ਸਨ। ਇਸਦੇ ਨਾਲ ਹੀ ਕੁਝ ਸਿੱਖ ਨੌਜਵਾਨਾਂ ਨੇ, ਇਸ ਮੌਕੇ ਨੂੰ 'ਗ਼ਨੀਮਤ' ਸਮਝ, ਆਪ ਹੀ, ਆਪਣੀਆਂ 'ਜਾਨਾਂ ਬਚਾਣ' ਦੇ ਨਾਂ ਤੇ ਕੇਸ ਕਤਲ ਕਰਵਾ ਲਏ। ਇਨ੍ਹਾਂ ਵਿਚੋਂ ਸ਼ਾਇਦ ਹੀ ਕੋਈ ਅਜਿਹਾ ਨਿਤਰਿਆ ਹੋਵੇ, ਜਿਸਨੇ ਬੀਤੇ ੩੫-੩੬ ਵਰ੍ਹਿਆਂ ਵਿਚ ਕੇਸ ਕਤਲ ਕਰਵਾਉਣ ਦੇ ਕੀਤੇ ਗਏ ਗੁਨਾਹ ਲਈ, ਪਸ਼ਚਾਤਾਪ ਕਰ ਮੁੜ ਸਿੱਖੀ-ਸਰੂਪ ਧਾਰਣ ਕਰ, ਵਿਰਸੇ ਨਾਲ ਜੁੜਨ ਵਲ ਕਦਮ ਵਧਾਇਆ ਹੋਵੇ।

ਗਲ ਸਿੱਖੀ ਸਰੂਪ ਨੂੰ ਤਿਲਾਂਜਲੀ ਦਿਤੇ ਜਾਣ ਦੀ ਹੋ ਰਹੀ ਹੈ। ਗੱਡੀਆਂ ਅਤੇ ਬਸਾਂ ਵਿਚ ਸਫਰ ਕਰਦਿਆਂ ਕਈ ਅਜਿਹੇ ਬੱਚੇ, ਨੌਜਵਾਨ ਤੇ ਅਧਖੜ 'ਸਿੱਖਾਂ' ਦੇ 'ਦਰਸ਼ਨ' ਹੁੰਦੇ ਰਹਿੰਦੇ ਹਨ, ਜਿਨ੍ਹਾਂ ਨੇ ਹਥਾਂ ਵਿਚ ਲੋਹੇ ਜਾਂ ਸਟੀਲ ਦੇ ਮੋਟੇ-ਮੋਟੇ ਕੜੇ ਪਾਏ ਹੁੰਦੇ ਹਨ, ਪਰ ਉਨ੍ਹਾਂ ਦਾ ਸਿੱਖੀ-ਸਰੂਪ ਨਦਾਰਦ ਹੁੰਦਾ ਹੈ। ਗਲਾਂ-ਗਲਾਂ ਵਿਚ ਉਹ ਬੜੇ ਹੀ ਮਾਣ ਨਾਲ ਦਸਦੇ ਹਨ, ਕਿ ਉਨ੍ਹਾਂ ਦੇ ਬਜ਼ੁਰਗ ਸਿੱਖ ਸਨ, ਕਾਫੀ ਸਮਾਂ ਉਹ ਆਪ ਵੀ ਸਿੱਖੀ-ਸਰੂਪ ਵਿਚ ਵਿਚਰਦੇ ਰਹੇ ਸਨ, ਪਰ ਕੋਈ 'ਅਣ-ਕਿਆਸੀ ਮੁਸੀਬਤ' ਆ ਪੈਣ ਕਾਰਣ ਉਨ੍ਹਾਂ ਨੂੰ ਸਿੱਖੀ ਸਰੂਪ ਤਿਆਗਣ ਤੇ ਮਜਬੂਰ ਹੋਣਾ ਪੈ ਗਿਆ। ਹੁਣ ਉਸ 'ਮੁਸੀਬਤ' ਨੂੰ ਟਲਿਆਂ ਤਾਂ ਕਈ ਵਰ੍ਹੇ ਬੀਤ ਗਏ ਹਨ, ਫਿਰ ਉਹ ਸਿੱਖੀ-ਸਰੂਪ ਵਿਚ ਵਾਪਸ ਕਿਉਂ ਨਹੀਂ ਆਏ? ਇਸ ਸੁਆਲ ਦਾ ਜੁਆਬ ਉਹ ਟਾਲ ਜਾਂਦੇ ਹਨ।

ਗਡੀਆਂ ਤੇ ਬਸਾਂ ਵਿਚ ਹੀ ਨਹੀਂ, ਸਗੋਂ ਇਤਿਹਾਸਕ ਅਤੇ ਗੈਰ-ਇਤਿਹਾਸਕ ਗੁਰਦੁਆਰਿਆਂ ਵਿਚ ਵੀ ਸਹਿਜਧਾਰੀਆਂ ਤੋਂ ਇਲਾਵਾ ਅਜਿਹੇ ਕਈ ਸਿੱਖ ਬੱਚੇ, ਜਵਾਨ ਅਤੇ ਅਧਖੜ ਦੇਖਣ ਨੂੰ ਮਿਲਦੇ ਹਨ, ਜੋ ਬੜੀ ਸ਼ਰਧਾ ਨਾਲ ਸਤਿਗੁਰਾਂ ਦੇ ਚਰਨਾਂ ਵਿੱਚ ਮੱਥਾ ਟੇਕਦੇ, ਅਰਦਾਸ-ਬੇਨਤੀ ਕਰਦੇ ਅਤੇ ਉਥੇ ਹੋ ਰਹੀ ਸੇਵਾ ਵਿਚ ਹੱਥ ਵਟਾਂਦੇ ਅਤੇ ਆਪਣਾ ਹਿੱਸਾ ਪਾਂਦੇ ਹਨ, ਪਰ ਸਿੱਖੀ-ਸਰੂਪ ਤਿਆਗ ਚੁਕੇ ਹੋਏ ਹਨ। ਜਦੋਂ ਉਨ੍ਹਾਂ ਨੂੰ ਪੁਛਿਆ ਜਾਂਦਾ ਹੈ ਤਾਂ ਉਹ ਦਸਦੇ ਹਨ ਕਿ 'ਕਦੀ ਉਹ ਸਿੱਖੀ-ਸਰੂਪ ਵਿਚ ਹੀ ਸਨ, ਪਰ੩।

ਇਸ ਤੋਂ ਅਗੇ ਕੁਝ ਵੀ ਕਹਿਣ ਤੋਂ ਉਹ ਝਿਝਕ ਜਾਂਦੇ ਹਨ। ਅਜਿਹਾ ਕਿਉਂ ਹੋ ਰਿਹਾ ਹੈ? ਇਸ ਬਾਰੇ ਕਦੀ ਵੀ ਨਿਰਪਖਤਾ ਨਾਲ ਸੋਚਿਆ-ਸਮਝਿਆ ਨਹੀਂ ਗਿਆ। ਪੰਜਾਬੋਂ ਬਾਹਰ ਦੇ ਸਿੱਖ ਮੁੱਖੀਆਂ ਵਲੋਂ ਪੰਜਾਬ ਵਿਚ ਵਧ ਰਹੇ ਪਤਤ-ਪੁਣੇ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਅਤੇ ਸ਼੍ਰੋਮਣੀ ਕਮੇਟੀ ਦੇ ਮੁਖੀਆਂ ਵਲੋਂ ਦਿੱਲੀ ਅਤੇ ਹੋਰ ਰਾਜਾਂ ਵਿਚ ਫੈਲ ਰਹੇ ਪਤਤ-ਪੁਣੇ ਦੀ ਗਲ ਕਰਦਿਆਂ, ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਜ਼ਿਮੇਂਦਾਰ ਠਹਿਰਾ ਕੇ, ਆਪਣਾ ਪੱਲਾ ਝਾੜ ਲਿਆ ਜਾਂਦਾ ਹੈ।

ਜੇ ਸਮੁਚੇ ਰੂਪ ਵਿਚ ਵੇਖਿਆ ਜਾਏ ਤਾਂ ਸਿੱਖਾਂ ਦੀਆਂ ਸਮੁਚੀਆਂ ਧਾਰਮਕ ਜਥੇਬੰਦੀਆਂ, ਹਰ ਸਾਲ ਕਰੋੜਾਂ ਰੁਪਏ ਧਰਮ ਪ੍ਰਚਾਰ ਦੇ ਨਾਂ ਤੇ ਖਰਚ ਕਰਦੀਆਂ ਹਨ। ਪਰ ਕਦੀ ਵੀ ਉਨ੍ਹਾਂ ਦੇ ਮੁੱਖੀਆਂ ਨੇ ਨਿਠ ਕੇ, ਇਸ ਗਲ ਨੂੰ ਵਿਚਾਰਨ 'ਤੇ ਘੋਖਣ ਦੀ ਲੋੜ ਨਹੀਂ ਸਮਝੀ ਕਿ ਉਹ ਜੋ ਕਰੋੜਾਂ ਰੁਪਏ ਧਰਮ ਪ੍ਰਚਾਰ ਦੇ ਨਾਂ ਤੇ ਖਰਚ ਕਰ ਰਹੇ ਹਨ, ਕੌਮ ਨੂੰ ਉਸਦਾ ਕੋਈ ਲਾਭ ਹੋ ਵੀ ਰਿਹਾ ਹੈ ਜਾਂ ਨਹੀਂ? ਸੱਚਾਈ ਤਾਂ ਇਹ ਹੈ ਕਿ ਕਰੋੜਾਂ ਰੁਪਏ ਖਰਚ ਕਰ ਕੇ ਵੀ ਪ੍ਰਾਪਤੀਆਂ ਦੇ ਨਾਂ ਤੇ ਕੁਝ ਵੀ ਹਾਸਲ ਨਹੀਂ ਹੋ ਰਿਹਾ।

ਸਿੱਖੀ ਨੂੰ ਢਾਹ ਲਗਣ ਦੇ ਕਾਰਣ ਲਭਣ ਲਈ ਏਅਰ-ਕੰਡੀਸ਼ੰਡ ਹਾਲਾਂ ਵਿਚ ਕਨਵੈਨਸ਼ਨਾਂ ਅਤੇ ਮੀਟਿੰਗਾਂ ਕਰਨ ਪੁਰ ਲੱਖਾਂ ਰੁਪਏ ਖਰਚ ਕਰ ਦਿਤੇ ਜਾਂਦੇ ਹਨ। ਫਿਰ ਵੀ ਪਰਨਾਲਾ ਉਥੇ ਦਾ ਉਥੇ ਹੀ ਰਹਿੰਦਾ ਹੈ। ੩ਤੇ ਸਿਲਸਿਲਾ, ਉਹੀ ਕੀਰਤਨ ਦਰਬਾਰਾਂ, ਢਾਡੀ ਦਰਬਾਰਾਂ ਤੇ ਗੁਰਮਤਿ ਸਮਾਗਮਾਂ ਤਕ ਹੀ ਸੀਮਤ ਹੋ ਕੇ ਰਹਿ ਜਾਂਦਾ ਹੈ।

ਕੋਈ ਇਹ ਸਮਝਣ ਅਤੇ ਵਿਚਾਰਨ ਲਈ ਤਿਆਰ ਨਹੀਂ, ਕਿ ਜੋ ਵਿਅਕਤੀ ਸਿੱਖੀ ਵਿਰਸੇ ਨਾਲੋਂ ਟੁੱਟ ਗਿਆ ਹੋਇਆ ਹੈ, ਉਹ ਕਿਥੇ ਇਨ੍ਹਾਂ ਸਮਾਗਮਾਂ ਵਿਚ ਆਉਂਦਾ ਹੈ, ਜੇ ਕਿਧਰੇ ਭੁਲ-ਭੁਲੇਖੇ ਆ ਵੀ ਜਾਂਦਾ ਹੈ ਤਾਂ ਪੰਥ ਦੇ ਵਿਦਵਾਨ ਬੁਲਾਰਿਆਂ ਦੇ 'ਵਿਦਵਤਾ-ਪੂਰਣ' ਅਤੇ 'ਲੱਛੇਦਾਰ' ਭਾਸ਼ਣਾਂ ਵਿਚੋਂ ਉਸਦੇ ਪਲੇ ਕੁਝ ਪੈਂਦਾ ਵੀ ਹੈ ਜਾਂ ਨਹੀਂ? ਸਿੱਖੀ ਦੀ ਸੰਭਾਲ ਲਈ ਸਭ ਤੋਂ ਵਧ ਜ਼ਰੂਰੀ ਇਹ ਹੈ ਕਿ ਬਚਿਆਂ ਨੂੰ ਮੁਢਲੀਆਂ ਜਮਾਤਾਂ ਤੋਂ ਹੀ ਸਿੱਖ ਧਰਮ ਤੇ ਉਸਦੇ ਬਹੁਮੁਲੇ ਇਤਿਹਾਸ ਬਾਰੇ ਜਾਣਕਾਰੀ ਦੇਣ ਦਾ ਪ੍ਰਬੰਧ ਕੀਤਾ ਜਾਏ। ਇਨ੍ਹਾਂ ਜਮਾਤਾਂ ਵਿਚ ਪੜ੍ਹਨ ਵਾਲੇ ਬਚਿਆਂ ਨੂੰ ਬਾਣੀ ਦੇ ਅਰਥ-ਭਾਵ ਸਮਝ ਨਹੀਂ ਆਉਂਦੇ, ਇਸ ਲਈ ਸਿੱਖ ਇਤਿਹਾਸ ਨਾਲ ਸੰਬੰਧਤ ਛੋਟੀਆਂ-ਛੋਟੀਆਂ ਸਾਖੀਆਂ ਦਾ ਸਹਾਰਾ ਲੈਣਾ ਸ਼ੁਰੂ ਕੀਤਾ ਜਾ ਸਕਦਾ ਹੈ। ਇਹ ਗਲ ਸਮਝ ਲੈਣੀ ਚਾਹੀਦੀ ਹੈ ਕਿ ਜਦੋਂ ਤਕ ਪਨੀਰੀ ਦੀ ਸੰਭਾਲ ਨਹੀਂ ਕੀਤੀ ਜਾਇਗੀ, ਤਦ ਤਕ ਸੰਘਣੇ ਦਰਖਤ ਦੀ ਛਾਂ ਪ੍ਰਾਪਤ ਨਹੀਂ ਹੋ ਸਕੇਗੀ।

ਕਮਜ਼ੋਰੀ ਸਵੀਕਾਰ ਪਰ, ਜ਼ਿਮੇਂਦਾਰੀ ਨਹੀਂ.: ਕੁਝ ਹੀ ਸਮਾਂ ਹੋਇਐ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਇੱਕ ਜ਼ਿਮੇਂਦਾਰ ਮੁਖੀ ਨੇ ਨਿਜੀ ਗਲਬਾਤ ਵਿੱਚ ਸਵੀਕਾਰ ਕੀਤਾ ਕਿ ਸ਼੍ਰੋਮਣੀ ਕਮੇਟੀ ਵਲੋਂ ਧਰਮ ਪ੍ਰਚਾਰ ਪੁਰ ਕਰੋੜਾਂ ਰੁਪਏ ਖਰਚ ਕੀਤੇ ਜਾਣ ਦੇ ਬਾਵਜੂਦ, ਪੰਜਾਬ ਦੇ ਸਿੱਖ ਨੌਜਵਾਨਾਂ ਵਿੱਚ ਪਤੱਤ ਹੋਣ ਵਲ ਜੋ ਰੁਝਾਨ ਲਗਾਤਾਰ ਵੱਧਦਾ ਜਾ ਰਿਹਾ ਹੈ, ਉਸਨੂੰ ਠਲ੍ਹ ਨਹੀਂ ਪੈ ਰਹੀ, ਪਰ ਉਨ੍ਹਾਂ ਇਸਦੇ ਲਈ ਸ਼੍ਰੋਮਣੀ ਕਮੇਟੀ ਨੂੰ ਜ਼ਿਮੇਂਦਾਰ ਸਵੀਕਾਰਨ ਤੋਂ ਸਾਫ ਇਨਕਾਰ ਕਰ ਦਿਤਾ।

ਇਸ ਵਿੱਚ ਕੋਈ ਸ਼ਕ ਨਹੀਂ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਦਿੱਲੀ ਗੁਰਦੁਆਰਾ ਪ੍ਰਬੰਧਕ ਕਮੇਟੀ ਸਮੇਤ ਹਜ਼ਾਰਾਂ ਸਿੰਘ ਸਭਾਵਾਂ ਅਤੇ ਛੋਟੀਆਂ-ਵੱਡੀਆਂ ਅਨੇਕਾਂ ਧਾਰਮਕ ਜਥੇਬੰਦੀਆਂ ਹਨ, ਜੋ ਆਪੋ-ਆਪਣੇ ਸਾਧਨਾਂ ਤੇ ਸਮਰਥਾ ਅਨੁਸਾਰ ਧਰਮ ਪ੍ਰਚਾਰ ਦੇ ਖੇਤ੍ਰ ਵਿੱਚ ਯੋਗਦਾਨ ਪਾ ਰਹੀਆਂ ਹਨ।

ਪਰ ਇਸ ਗਲ ਤੋਂ ਵੀ ਤਾਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਇਸਦੇ ਬਾਵਜੂਦ ਸਿੱਖ ਨੌਜਵਾਨਾਂ ਵਿੱਚ ਸਿੱਖੀ ਵਿਰਸੇ ਨਾਲੋਂ ਟੁੱਟ, ਪਤਤ ਹੋਣ ਦਾ ਜੋ ਰੁਝਾਨ ਬਣਿਆ ਹੋਇਆ ਹੈ, ਉਸਨੂੰ ਕਿਸੇ ਵੀ ਪੱਧਰ ਤੇ ਠਲ੍ਹ ਨਹੀਂ ਪੈ ਰਹੀ।

ਧਾਰਮਕ ਸਮਾਗਮਾਂ ਦੀ ਰਾਜਨੈਤਿਕ ਸੁਆਰਥ ਲਈ ਵਰਤੋਂ: ਪੰਜਾਬ ਵਿੱਚ ਲੰਮੇਂ ਸਮੇਂ ਤੋਂ ਇਹ ਪਰੰਪਰਾ ਜਿਹੀ ਚਲੀ ਆ ਰਹੀ ਹੈ ਕਿ ਜਦੋਂ ਵੀ ਕਿਸੇ ਮਹਤੱਵਪੂਰਣ ਇਤਿਹਾਸਕ ਸਥਾਨ ਤੇ, ਉਸ ਸਥਾਨ ਨਾਲ ਸਬੰਧਤ ਸਾਕੇ ਦੀ ਯਾਦ ਮੰਨਾਉਣ ਲਈ ਜਿਥੇ ਧਾਰਮਕ ਸਮਾਗਮ ਦਾ ਆਯੋਜਨ ਕੀਤਾ ਜਾਂਦਾ ਹੈ 'ਤੇ ਇਸ ਮੌਕੇ ਭਾਰੀ ਗਿਣਤੀ ਵਿੱਚ ਸ਼ਰਧਾਲੂਆਂ ਦੇ ਜੁੜਨ ਦੀ ਸੰਭਾਵਨਾ ਵਿਖਾਈ ਦਿੰਦੀ ਹੈ, ਤਾਂ ਪੰਜਾਬ ਵਿਚਲੀਆਂ ਸਾਰੀਆਂ ਹੀ ਰਾਜਸੀ ਪਾਰਟੀਆਂ, ਜਿਨ੍ਹਾਂ ਵਿੱਚ ਸਿੱਖਾਂ ਦੀ ਪ੍ਰਤੀਨਿਧਤਾ ਕਰਨ ਅਤੇ ਸਿੱਖੀ ਦੀਆਂ ਧਾਰਮਕ ਮਰਿਆਦਾਵਾਂ, ਪਰੰਪਰਾਵਾਂ ਅਤੇ ਮਾਨਤਾਵਾਂ ਦੇ ਰਖਿਅਕ ਹੋਣ ਦੇ ਦਾਅਵੇਦਾਰ, ਅਕਾਲੀ ਦਲ ਵੀ ਸ਼ਾਮਲ ਹੁੰਦੇ ਹਨ, ਉਥੇ ਆਪੋ-ਆਪਣੇ ਰਾਜਸੀ ਜਲਸੇ ਕਰਨ ਲਈ ਲਾਓ-ਲਸ਼ਕਰ ਲੈ ਕੇ ਪੁਜ ਜਾਂਦੀਆਂ ਹਨ, ਇਨ੍ਹਾਂ ਜਲਸਿਆਂ, ਜਿਨ੍ਹਾਂ ਨੂੰ ਇਨ੍ਹਾਂ ਦੇ ਆਯੋਜਕ ਕਾਨਫਰੰਸਾਂ ਦਾ ਨਾਂ ਦਿੰਦੇ ਹਨ, ਵਿੱਚ ਧਾਰਮਕ ਗਲਾਂ ਘਟ ਅਤੇ ਰਾਜਸੀ ਗਲਾਂ ਵਧੇਰੇ ਕੀਤੀਆਂ ਜਾਂਦੀਆਂ ਹਨ ਅਤੇ ਉਹ ਵੀ ਵਿਰੋਧੀ ਨੂੰ ਭੰਡਣ ਅਤੇ ਆਪਣਾ ਗੁਣ-ਗਾਨ ਕਰਨ ਲਈ।

ਇਹ ਗਲ ਸੋਚਣ ਤੇ ਸਮਝਣ ਵਾਲੀ ਹੈ ਕਿ ਇਨ੍ਹਾਂ ਮੌਕਿਆਂ ਤੇ ਜੋ ਲੋਕੀ ਸ਼ਹੀਦਾਂ ਪ੍ਰਤੀ ਆਪਣੀ ਅਕੀਦਤ ਪੇਸ਼ ਕਰਨ ਅਤੇ ਉਨ੍ਹਾਂ ਦੀ ਸ਼ਹਾਦਤ ਤੋਂ ਪ੍ਰੇਰਨਾ ਲੈਣ ਲਈ ਪਹੁੰਚਦੇ ਹਨ, ਉਹ ਇਨ੍ਹਾਂ ਭਾਸ਼ਣਾਂ ਤੋਂ ਕੀ ਸੰਦੇਸ਼ ਅਤੇ ਪ੍ਰੇਰਨਾ ਲੈ ਕੇ ਪਰਤਦੇ ਹੋਣਗੇ?

ਸੋਚਣ ਅਤੇ ਵਿਚਾਰਨ ਵਾਲੀ ਗਲ ਹੈ ਕਿ ਇਨ੍ਹਾਂ ਸਿੱਖੀ ਦੇ ਠੇਕੇਦਾਰਾਂ ਵਲੋਂ ਜਿਸ ਤਰ੍ਹਾਂ ਇਕ-ਦੂਜੇ ਨੂੰ ਕੋਸਣ ਵਿੱਚ ਆਪਣੇ ਦਿਲ ਦਾ ਗੁਭਾਰ ਕਢਣ ਲਈ, ਧਾਰਮਕ ਮੌਕਿਆਂ ਦੀ ਵਰਤੋਂ ਕੀਤੀ ਜਾਂਦੀ ਹੈ, ਕੀ ਉਸਤੋਂ ਸ਼ਹੀਦਾਂ ਪ੍ਰਤੀ ਆਪਣੀ ਸ਼ਰਧਾ ਦੇ ਫੁਲ ਭੇਂਟ ਕਰਨ ਲਈ ਪੁਜਣ ਵਾਲੇ ਸ਼ਰਧਾਲੂਆਂ, ਜਿਨ੍ਹਾਂ ਵਿੱਚ ਨੌਜਵਾਨਾਂ ਦੀ ਗਿਣਤੀ ਕਿਸੇ ਵੀ ਤਰ੍ਹਾਂ ਘਟ ਨਹੀਂ ਹੁੰਦੀ, ਦੀ ਧਾਰਮਕ ਭਾਵਨਾ ਨੂੰ ਠੇਸ ਨਹੀਂ ਪੁਜਦੀ ਹੋਵੇਗੀ? ਅਤੇ ਉਨ੍ਹਾਂ ਦੇ ਦਿਲ ਵਿੱਚ ਇਹ ਵਿਚਾਰ ਪੈਦਾ ਨਹੀਂ ਹੁੰਦਾ ਹੋਵੇਗਾ ਕਿ ਕੀ ਸ਼ਹੀਦਾਂ ਨੇ ਅਜਿਹੇ ਹੀ ਸਿੱਖੀ ਦੇ ਠੇਕੇਦਾਰਾਂ ਦੀ ਸੁਆਰਥ-ਪੂਰਤੀ ਲਈ ਆਪਣੀਆਂ ਸ਼ਹਾਦਤਾਂ ਦਿਤੀਆਂ ਹਨ?

੩ਅਤੇ ਅੰਤ ਵਿੱਚ: ਕੋਈ ਇਸ ਸੱਚਾਈ ਨੂੰ ਸਵੀਕਾਰ ਕਰੇ ਜਾਂ ਨਾਂਹ, ਪਰ ਸੱਚਾਈ ਇਹੀ ਹੈ ਕਿ ਸਿੱਖ ਨੌਜਵਾਨਾਂ ਵਿੱਚ ਸਿੱਖੀ ਪ੍ਰਤੀ ਜੋ ਉਦਾਸੀਨਤਾ ਵੇਖਣ ਨੂੰ ਮਿਲ ਰਹੀ ਹੈ, ਉਸਦਾ ਮੁੱਖ ਕਾਰਣ ਸਿੱਖੀ ਦੇ ਰਾਖੇ ਹੋਣ ਦੇ ਦਾਅਵੇਦਾਰਾਂ ਵਲੋਂ ਧਾਰਮਕ ਮੌਕਿਆਂ ਅਤੇ ਸਮਾਗਮਾਂ ਦੀ ਰਾਜਸੀ ਸੁਆਰਥ ਲਈ ਵਰਤੋਂ ਕੀਤਾ ਜਾਣਾ ਵੀ ਹੈ।

## ਨਿਰਭੈ



ਮਲਕੀਤ ਜੌੜਾ
98725-34278

ਸੂਰਜ ਤੋਂ ਪਰ੍ਹੇ
ਤਪਸ਼ ਹੋਰ ਵੀ ਹੈ
ਰੱਬ ਦੇ ਨੇੜੇ ਤੋਂ ਬਾਅਦ
ਉਹ ਸਖਸ਼ ਹੋਰ ਵੀ ਹੈ
ਮਿੱਥਾਂ ਦੇ ਮੂੰਹ ਵਿੰਨ੍ਹੇ
ਤਰਕ ਦੇ ਤੀਰਾਂ ਨਾਲ
ਉਹ ਦਰਦ ਵੰਡਾਉਂਦਾ
ਨਦੀਓਂ ਵਿਛੜੇ ਨੀਰਾਂ ਨਾਲ
ਜਿਸ ਦੀ ਕੁੱਲੀ ਦੇ ਸਾਹਮਣੇ
ਮਹੱਲ ਵੀ ਬੌਣੇ ਪੈ ਗਏ
ਉਹ ਜੋ ਸੋਲ੍ਹਾਂ ਆਨੇ
ਸੰਪੂਰਨ ਹੋਣ ਦਾ
ਪਿੱਟਦੇ ਸੀ ਢੰਡੋਰਾ
ਉਸ ਨਾਲ ਮੱਥਾ ਲਾ
ਪੂਰਨ ਤੋਂ ਪੌਣੇ ਹੋ ਗਏ।

ਕਾਸ਼ੀ ਦੀਆਂ ਹਵਾਵਾਂ ਨੂੰ ਗਰਮਾਇਆ
ਉਸਦੇ ਕ੍ਰਾਂਤੀਕਾਰੀ ਵਿਚਾਰਾਂ ਨੇ
ਗੰਗਾ ਦੀਆਂ ਲਹਿਰਾਂ 'ਚ
ਮੱਚੀ ਹਲਚਲ
ਬੇੜੀਆਂ ਦੇ ਮੂੰਹ ਮੋੜੇ
ਪਤਵਾਰਾਂ ਨੇ

ਪਵਿੱਤਰਤਾ ਗੰਗਾ ਵਿਚ ਹੀ ਨਹੀਂ
ਕੂੰਡੀ ਦੇ ਪਾਣੀ ਵਿਚ ਵੀ ਸੀ
ਜਿੱਥੇ ਕਿਰਤ ਦਾ ਨੂਰ ਝਰਦਾ ਸੀ
ਜੋ ਕੂੰਡੀ ਦੇ ਪਾਣੀ ਨੂੰ
ਪਵਿੱਤਰ ਕਰਦਾ ਸੀ
ਉਹੀ ਪਾਣੀ
ਜਿਸਮ ਰੂਪ
ਭਾਂਡੇ 'ਚ ਉਤਰਦਾ ਹੈ
ਦਾਸੈ ਦਾ ਟੁੱਟਣਾ ਬਣਦਾ ਹੈ
ਰਈਅਤ ਦੇ ਅੰਦਰੋਂ
ਵਿਲੱਖਣ ਸੋਚ ਦੇ ਸੋਮੇ ਦਾ
ਫੁੱਟਣਾ ਬਣਦਾ ਹੈ।

ਤਲਵਾਰ ਨਾਲ ਹੀ ਨਹੀਂ
ਵਿਚਾਰ ਨਾਲ ਵੀ ਝੁਕਦੇ ਨੇ ਮਾਲਕ
ਮਾਲਕਾਂ ਦੇ ਸਿਰ
ਪੱਕ ਆਉਣ 'ਤੇ
ਡੋਡੀਆਂ 'ਚੋਂ ਬੀਜ
ਜਾਂਦੇ ਨੇ ਕਿਰ
ਮੁੜ ਤੋਂ ਹੁੰਦੇ ਨੇ ਸਥਿਰ

ਕੁੱਲੀ 'ਚੋਂ ਸੰਖ ਦਾ ਵੱਜ ਉੱਠਣਾ
ਕਾਇਨਾਤ ਦੇ ਕਣ-ਕਣ ਤੱਕ
ਸੁਨੇਹਾ ਸੀ
ਦੂਸ਼ਿਤ ਵਿਚਾਰਾਂ ਦੇ ਖੰਡਨ ਦਾ
ਰੀਤਾਂ ਦੇ ਛੱਡਣ ਦਾ

ਜੜ੍ਹਾਂ ਥੀ ਕੰਬ ਉਠੇ
ਸਥਾਪਤੀ ਦੇ ਰੁੱਖ ਸੁੱਕੇ
ਜਾਤ ਦਾ ਸੰਤਾਪ ਝੱਲਦਾ
ਮਨੁੱਖ ਕੂਕੇ

ਹਨੇਰੇ ਵਿਚ ਚਾਨਣ ਦੇ
ਰੌਲੇ ਵਿਚ ਚੁੱਪ ਦੇ
ਤਾਲ ਨੇ
ਉੱਤਰਾਂ ਨੂੰ ਦੰਦਲਾਂ ਪਾਈਆਂ
ਉਸ ਦੇ ਇਕ-ਇਕ ਸਵਾਲ ਨੇ

ਰੂਹ ਰੱਬ ਵੱਲ
ਅੱਖ ਲੋਕਾਂ ਵੱਲ
ਜਿਨ੍ਹਾਂ ਦੀਆਂ ਅੱਖਾਂ 'ਚੋਂ
ਛਲਕਦਾ ਸੀ ਛਲ

ਸ਼ਬਦਾਂ ਦੀ ਸਰਗਰਮ ਛੇੜਦਾ
ਉਸ ਨਾਲ ਹੀ
ਬੁਣੇ ਉਧੇੜਦਾ
'ਕਹਿ ਰਵਿਦਾਸ ਚਮਾਰਾ' ਉਚਾਰਨਾ
ਸਿੱਧੇ-ਸਿੱਧੇ
ਮਾਨਵ ਜਨਮ ਦੀਆਂ

ਕੂੜ ਕਹਾਣੀਆਂ ਨੂੰ ਨਕਾਰਨਾ
ਸਹਿਜਤਾ ਨੂੰ ਉਂਗਲੀ ਲਾਉਂਦਾ
ਕ੍ਰਾਂਤੀ ਦੀ ਬਾਤ ਪਾਉਂਦਾ
ਮਾਨਵਤਾ ਦਾ ਪਾਠ ਪੜ੍ਹਾਉਂਦਾ
ਬੇਗਮਪੁਰੇ ਦਾ ਸੁਪਨਸਾਜ਼
ਗੁਰੂ ਰਵਿਦਾਸ ਕਹਾਉਂਦਾ।

# ਪਰ ਮੇਰੇ ਮੱਥੇ 'ਚ ਅਕਲ ਦਾ ਤਾਨਾਸ਼ਾਹ



ਗੁਲਾਫਸ਼ਾ ਬੇਗਮ
91-98148-26006

ਦੁਨੀਆਂ ਉੱਤੇ ਜਿੰਨਾ ਜੰਗ-ਯੁੱਧ ਪੱਖਪਾਤ ਹੁੰਦਾ ਹੈ, ਸਭ ਸਾਡੀ ਸੋਚ ਦੀ ਤਾਨਾਸ਼ਾਹੀ ਕਰਕੇ ਹੀ ਹੁੰਦਾ ਹੈ, ਇਸ ਕਰਕੇ ਜ਼ਰੂਰਤ ਹੈ ਇਸ ਤਾਨਾਸ਼ਾਹੀ ਨੂੰ ਸਮਝਣ ਦੀ ਇਸ ਤੋਂ ਛੁਟਕਾਰਾ ਪਾਉਣ ਦੇ ਰਾਹ ਲੱਭਣ ਦੀ। ਵੱਖ-ਵੱਖ ਵਿਚਾਰਾਂ ਦਾ ਖੁੱਲ੍ਹੇ ਦਿਲ ਨਾਲ ਸਵਾਗਤ ਕਰਨ ਹਿੱਤ ਦੂਜਿਆਂ ਦੇ ਸੋਚਣ ਨੂੰ ਓਨੀ ਹੀ ਮਾਨਤਾ ਦੇਣੀ ਚਾਹੀਦੀ ਹੈ। ਜਿੰਨੀ ਆਪਣੇ ਸੋਚਣ ਨੂੰ ਦਿੰਦੇ ਹਾਂ ਅੱਜ ਦੇ ਸਮੇਂ ਵਿੱਚ ਸਾਡੇ ਲਈ ਇਹ ਬਹੁਤ ਦੁੱਖ ਦੀ ਗੱਲ ਹੈ ਕਿ ਪੜ੍ਹੇ ਲਿਖੇ ਲੋਕ ਵੀ ਸੋਚ ਦੀ ਤਾਨਾਸ਼ਾਹੀ ਤੋਂ ਕਿਸੇ ਤਰੀਕੇ ਛੁਟਕਾਰਾ ਨਹੀਂ ਪਾਉਂਦੇ ਜਿਸ ਕਾਰਨ ਅਸੀਂ ਆਧੁਨਿਕ ਹੋਣ ਦਾ ਦਾਅਵਾ ਤਾਂ ਜ਼ਰੂਰ ਕਰਦੇ ਹਾਂ ਪ੍ਰੰਤੂ ਅਸੀਂ ਬਹੁਤੇ ਖੇਤਰਾਂ ਵਿੱਚ ਪਛੜੇ ਹੋਏ ਹਾਂ। ਸਿਰਫ਼ ਇਸ ਸੋਚ ਦੀ ਤਾਨਾਸ਼ਾਹੀ ਕਰਕੇ।

ਇਹ ਤਾਨਾਸ਼ਾਹੀ ਸੋਚ ਹੀ ਸਾਡੇ ਪਰਿਵਾਰ ਵਿੱਚ ਝਗੜਿਆਂ ਦਾ ਕਾਰਨ ਬਣਦੀ ਹੈ। ਇਹ ਤਾਨਾਸ਼ਾਹੀ ਸੋਚ ਹੀ ਸਰਹੱਦਾਂ ਉੱਤੇ ਜੰਗਾਂ-ਯੁੱਧਾਂ ਦਾ ਕਾਰਨ ਬਣਦੀ ਹੈ। ਅੱਜ ਦੇ ਸਮੇਂ ਵਿੱਚ ਭਾਵੇਂ ਦੁਨੀਆਂ ਦੇ ਅਧਿਕਤਰ ਦੇਸ਼ ਲੋਕਤੰਤਰੀ ਹੋ ਚੁੱਕੇ ਹਨ ਪ੍ਰੰਤੂ ਹਾਲੇ ਵੀ ਕੁਝ ਕੁ ਦੇਸ਼ਾਂ ਵਿੱਚ ਡਿਕਟੇਟਰਸ਼ਿਪ ਭਾਵ ਤਾਨਾਸ਼ਾਹੀ ਰਾਜ ਕਾਇਮ ਹੈ। ਜਿਵੇਂ ਕਿ ਨੌਰਥ, ਕੋਰੀਆ, ਸੀਰੀਆ ਤੇ ਹੋਰ ਵੀ ਦੇਸ਼ ਸ਼ਾਮਿਲ ਹਨ। ਜ਼ਰਾ ਸੋਚੋ ਕਿ ਇਹ ਤਾਨਾਸ਼ਾਹੀ ਸਰਫਰਾਜ਼ ਤੱਕ ਹੀ ਸੀਮਿਤ ਹੈ? ਬਿਲਕੁਲ ਅਜਿਹਾ ਨਹੀਂ ਹੈ। ਤਾਨਾਸ਼ਾਹੀ ਸਾਡੇ ਜੀਵਨ ਦੇ ਹੋਰ ਵੀ ਬਹੁਤ ਸਾਰੇ ਖੇਤਰਾਂ ਵਿਚ ਪ੍ਰਭਾਵ ਪਾਉਂਦੀ ਹੈ। ਇੱਕ ਮਨੁੱਖ ਆਪਣੇ ਮਨ ਸੁਭਾਅ ਪੱਖੋਂ ਤਾਨਾਸ਼ਾਹੀ ਹੁੰਦਾ ਹੈ ਜੋ ਕਿ ਆਪਣੇ ਫ਼ੈਸਲਿਆਂ ਨੂੰ ਦੂਜਿਆਂ ਉੱਤੇ ਹਮੇਸ਼ਾਂ ਹੀ ਥੋਪਣ ਦੀ ਕੋਸ਼ਿਸ਼ ਕਰਦਾ ਰਹਿੰਦਾ ਹੈ। ਅਜਿਹਾ ਕਿਉਂ ਹੁੰਦਾ ਹੈ? ਸਭ ਤੋਂ ਪਹਿਲਾਂ ਪ੍ਰਸ਼ਨ ਇਹੀ ਮਨ ਦੇ ਵਿਚ ਆਉਂਦਾ ਹੈ। ਸਾਡੀ ਸਕੂਲਿੰਗ, ਸਾਡਾ ਵਾਤਾਵਰਨ ਸਾਰਾ ਕੁਝ ਸਾਨੂੰ ਅਜਿਹੇ ਸਾਂਚੇ ਵਿੱਚ ਢਾਲ ਦਿੰਦਾ ਹੈ, ਅਸੀਂ ਸੋਚ ਦੇ ਤਾਨਾਸ਼ਾਹ ਬਣ ਕੇ ਉਸ ਦੇ ਗੁਲਾਮ ਹੀ ਬਣ ਕੇ ਰਹਿ ਜਾਂਦੇ ਹਾਂ।

ਮਨੁੱਖੀ ਮਨ ਸਦਾ ਤੋਂ ਹੀ ਤਾਨਾਸ਼ਾਹ ਰਿਹਾ ਹੈ। ਧਾਰਮਿਕ ਕੱਟੜਤਾ, ਜੰਗ-ਯੁੱਧ ਦੂਸਰੇ ਦੀ ਵਿਚਾਰਧਾਰਾ ਨੂੰ ਸਵੀਕਾਰ ਨਾ ਕਰਨਾ ਇਹ ਸਭ ਮਨੁੱਖੀ ਸੋਚ ਦੇ ਤਾਨਾਸ਼ਾਹੀ ਹੋਣ ਦੇ ਹੀ ਸਿੱਟੇ ਹਨ। ਵਿਅਕਤੀਗਤ ਭਿੰਨਤਾ ਮਨੁੱਖੀ ਵਿੱਚ ਪਾਇਆ ਜਾਣ ਵਾਲਾ ਇੱਕ ਕੁਦਰਤੀ ਗੁਣ ਹੈ। ਦੁਨੀਆਂ ਤੇ ਜਿੰਨੇ ਲੋਕ ਹਨ ਉਨੇ ਹੀ ਉਨ੍ਹਾਂ ਦੇ ਆਪਣੇ ਆਪਣੇ ਸੰਸਾਰ ਬਣਾਏ ਹੋਏ ਹਨ ਤੇ ਕਿਸੇ ਦਾ ਵੀ ਸੰਸਾਰ ਦੂਜੇ ਨਾਲ ਨਹੀਂ ਮਿਲਦਾ। ਹਾਂ ਕੁਝ ਕੁ ਹਾਲਾਤਾਂ ਵਿਚ ਕੁਝ ਕੁ ਵਿਚਾਰ ਸਾਡੇ ਸਾਰਿਆਂ ਨਾਲ ਸਾਂਝੇ ਹੋ ਜਾਂਦੇ ਹਨ ਪ੍ਰੰਤੂ ਇਕ ਸਮੇਂ ਤੇ ਦੋ ਵਿਅਕਤੀ ਇੱਕੋ ਜਿਹਾ ਮਹਿਸੂਸ ਕਰ ਰਹੇ ਹੋਣ ਇਹ ਕਦੇ ਵੀ ਨਹੀਂ ਹੋ ਸਕਦਾ। ਅੱਜ ਦੇ ਸਮਾਜ ਵਿਚ ਊਚ ਨੀਚ ਸਮਾਜਿਕ-ਬੁਰਾਈਆਂ, ਕੰਨਿਆ-ਭਰੂਣ-ਹੱਤਿਆ, ਦਾਜ-ਪਿੱਤਰੀ, ਸਮਾਜਿਕ-ਢਾਂਚਾ, ਔਰਤਾਂ ਦਾ ਛੋਟਾ ਦਰਜਾ, ਇਹ ਸਭ ਕੁਝ ਸਾਡੀ ਤਾਨਾਸ਼ਾਹੀ ਸੋਚ ਤੋਂ ਹੀ ਉਪਜਦਾ ਹੈ। ਬੇਸ਼ੱਕ ਅਸੀਂ ਰਾਜਨੀਤਿਕ ਤੌਰ ਤੇ ਆਜ਼ਾਦ ਘੋਸ਼ਿਤ ਹਾਂ ਪ੍ਰੰਤੂ ਵਿਚਾਰ ਕਰਨ ਦੀ ਲੋੜ ਹੈ ਕਿ ਕੀ ਅਸੀਂ ਸੱਚਮੁੱਚ ਵਿਸ਼ਾਲ ਦ੍ਰਿਸ਼ਟੀਕੋਣ ਰੱਖਦੇ ਹਾਂ ? ਕੀ ਅਸੀਂ ਸਾਡੀਆਂ ਪਿਛਾਂਹਖਿੱਚੂ ਰੂੜੀਵਾਦੀ ਮਾਨਤਾਵਾਂ ਤੋਂ ਆਜ਼ਾਦ ਹਾਂ ? ਸਾਡੀ ਸੋਚ ਨੂੰ ਸਾਡਾ ਸਮਾਜ ਇਸ ਤਰ੍ਹਾਂ ਕਰ ਦਿੰਦਾ ਹੈ ਕਿ ਉਸ ਇੱਕ ਦਾਇਰੇ ਵਿੱਚੋਂ ਬਾਹਰ ਨਿਕਲਣਾ ਸਾਨੂੰ ਅਸੰਭਵ ਜਾਪਦਾ ਹੈ। ਪਾਪ-ਪੁੰਨ, ਸਹੀ-ਗਲਤ ਹਰ ਚੀਜ਼ ਕੌਣ ਨਿਰਧਾਰਿਤ ਕਰਦਾ ਹੈ? ਓਹੀਓ ਸਮਾਜ ਜਿਸ ਦਾ ਅਸੀਂ ਹਿੱਸਾ ਹਾਂ। ਇਕ ਚੀਜ਼/ਕਿਰਿਆ ਜੋ ਇਕ ਦੇਸ਼ ਵਿਚ ਜੁਰਮ ਹੈ ਜਾਂ ਵਰਜਿਤ ਹੈ ਓਹੀ ਚੀਜ਼ ਦੂਜੇ ਕਿਸੇ ਦੇਸ਼ ਵਿਚ ਮਾਨਤਾ ਪ੍ਰਾਪਤ ਹੈ। ਜਦੋਂ ਕੁਦਰਤ ਇੱਕ ਹੈ, ਸਾਰੀ ਦੁਨੀਆਂ ਇਸ ਸ੍ਰਿਸ਼ਟੀ ਇੱਕ ਹੈ, ਮਨੁੱਖ ਇਕ ਹਨ ਤਾਂ ਭੇਸ ਦਾ ਫ਼ਰਕ ਤੇ ਮਾਨਤਾਵਾਂ ਦਾ ਫ਼ਰਕ ਕਿਉਂ? ਇਸ ਦਾ ਉੱਤਰ ਸਾਨੂੰ ਇਹੀ ਮਿਲੇਗਾ ਕਿ ਦ੍ਰਿਸ਼ਟੀਕੋਣ ਦੀ ਵਿਭਿੰਨਤਾ ਹੈ ਜਿਸ ਕਰਕੇ ਇਹ ਸਾਰਾ ਕੁਝ ਇਕ ਹੁੰਦੇ ਹੋਏ ਵੀ ਸਾਨੂੰ ਭਿੰਨ ਭਿੰਨ ਨਜ਼ਰ ਆਉਂਦਾ ਹੈ। ਇਹ ਇੱਕ ਸਰਬ ਵਿਆਪਕ ਸਚਾਈ ਹੈ ਕਿ ਦੇਸ਼ ਬਦਲੇਗਾ, ਨਸਲ ਬਦਲੇਗੀ, ਭੇਸ ਬਦਲੇਗਾ ਪਰ ਮਨੁੱਖੀ ਸੁਭਾਅ ਦੀ ਪ੍ਰਕਿਰਤੀ ਕਿਤੇ ਵੀ ਨਹੀਂ ਬਦਲਦੀ ਤੇ ਇਹ ਤਾਨਾਸ਼ਾਹੀ ਸਾਨੂੰ ਦੁਨੀਆਂ ਦੇ ਹਰ ਖੇਤਰ ਹਰ ਘਰ ਹਰ ਮਨੁੱਖ ਵਿੱਚ ਵੇਖਣ ਨੂੰ ਮਿਲਦੀ ਹੈ। ਇਹੋ ਕਾਰਨ ਹੈ ਕਿ ਦੁਨੀਆਂ ਦੇ ਵੱਖ-ਵੱਖ ਕਲਾਵਾਂ, ਸਾਹਿਤ, ਲੋਕ, ਨਾਚ-ਗੀਤ-ਸੰਗੀਤ ਸਭ ਵੱਖ-ਵੱਖ ਹੁੰਦੇ ਹੋਏ ਵੀ ਭਾਵਨਾਵਾਂ ਦੇ ਪੱਖੋਂ ਕਿਤੇ ਨਾ ਕਿਤੇ ਇੱਕ ਹੋ ਨਿੱਬੜਦੇ ਹਨ। ਮਨੁੱਖੀ ਸੁਭਾਅ ਮਾਨਵ ਸਮਾਜ ਦੀਆਂ ਜੋ ਗੁੰਝਲਾਂ ਸਮੱਸਿਆਵਾਂ ਸਾਨੂੰ ਪੰਜਾਬੀ ਸਾਹਿਤ ਵਿੱਚ ਮਿਲਦੀਆਂ ਹਨ ਉਵੇਂ ਸਾਨੂੰ ਦੂਜੀਆਂ ਭਾਸ਼ਾਵਾਂ ਅੰਗਰੇਜ਼ੀ, ਹਿੰਦੀ, ਫਾਰਸੀ, ਜਰਮਨ, ਅਰਬੀ, ਚੀਨੀ ਆਦਿ ਵਿੱਚ ਵੀ ਮਿਲਦੀਆਂ ਹਨ। ਜਦੋਂ ਸਭ ਇੱਕ ਹੈ, ਇੱਕ ਤੋਂ ਹੀ ਗਿਣਤੀ ਆਰੰਭ ਹੁੰਦੀ ਹੈ, ਅਲਫ਼-ਅੱਲ੍ਹਾ ਤੋਂ ਸ਼ਬਦ ਸ਼ੁਰੂ ਤਾਂ ਫਿਰ ਅਸੀਂ ਕਿਉਂ ਇਨ੍ਹਾਂ ਬੰਦਿਸ਼ਾਂ ਵਿਚ ਦੁੱਖ ਭੋਗਦੇ ਹਾਂ? ਕਿਉਂ ਇਸ ਤਾਨਾਸ਼ਾਹੀ ਨੂੰ ਆਪਣੇ ਮਨ ਉੱਤੇ ਭਾਰੂ ਹੋਣ ਦਿੰਦੇ ਹਾਂ? ਇਹ ਸਾਡੀ ਸੋਚ ਦੀ ਤਾਨਾਸ਼ਾਹੀ ਹੀ ਹੈ ਜੋ ਸਾਨੂੰ ਵੱਖਰਤਾ 'ਚ ਸਾਡੇ ਵਿਰੁੱਧ ਦ੍ਰਿਸ਼ਟੀਕੋਣ ਨੂੰ ਅਪਨਾਉਣ ਤੋਂ ਨਾ ਕਰਦੀ ਹੈ। ਰੋਕਦੀ ਹੈ।

ਜਦੋਂ ਅਸੀਂ ਇਸ ਅਨੇਕਤਾ ਵਿੱਚ ਏਕਤਾ ਅਤੇ "ਮਾਨਸ ਕੀ ਜਾਤ ਸਭੈ ਏਕ ਪਹਿਚਾਨਬੋ" ਦੇ ਅਸਲੀ ਅਰਥ ਸਮਝ ਲਵਾਂਗੇ ਤਾਂ ਇਹ ਤਾਨਾਸ਼ਾਹੀ ਸੋਚ ਤੋਂ ਸਾਨੂੰ ਰਾਹਤ ਮਿਲੇਗੀ ਤੇ ਵਿਅਕਤੀਗਤ ਭਿੰਨਤਾਵਾਂ ਨੂੰ ਸਮਝਣ ਵਿੱਚ ਅਸੀਂ ਸਫ਼ਲ ਹੋਵਾਂਗੇ ਜਿਸ ਨਾਲ ਸਾਡਾ ਜੀਵਨ ਪ੍ਰਤੀ ਨਜ਼ਰੀਆ ਅਤੇ ਜੀਵਨ ਜਿਊਣ ਦਾ ਢੰਗ ਵੀ ਬਦਲੇਗਾ ਅਤੇ ਅਸੀਂ ਆਪਣੇ ਜੀਵਨ ਨੂੰ ਹੋਰ ਵੀ ਸੌਖੇ ਤਰੀਕੇ ਨਾਲ ਜੀਅ ਸਕਾਂਗੇ ਅਤੇ ਸਾਰਿਆਂ ਦੇ ਦ੍ਰਿਸ਼ਟੀਕੋਣਾਂ ਨੂੰ ਅਪਨਾਉਣ ਦੀ ਸਮਰੱਥਾ ਸਾਡੇ ਵਿੱਚ ਪੈਦਾ ਹੋਏਗੀ।

## 18 ਜਨਵਰੀ ਜਨਮ ਦਿਨ 'ਤੇ

# ਕਲਗੀਧਰ ਦਾ ਪਿਆਰਾ- ਭਾਈ ਹਿੰਮਤ ਸਿੰਘ

-ਰਮੇਸ਼ ਬੱਗਾ ਚੋਹਲਾ
94631-32719

30 ਮਾਰਚ 1699 ਈ. ਨੂੰ (ਵਿਸਾਖੀ ਵਾਲੇ ਦਿਨ) ਸ੍ਰੀ ਆਨ-ਦਪੁਰ ਸਾਹਿਬ ਦੀ ਧਰਤੀ ਉਪਰ ਖ਼ਾਲਸਾ ਪੰਥ ਦੀ ਸਿਰਜਣਾ ਹਿੱਤ ਦਸਵੇਂ ਪਾਤਸ਼ਾਹ ਵੱਲੋਂ ਇੱਕ ਵਿਸ਼ਾਲ ਇਕੱਠ ਕੀਤਾ ਗਿਆ।ਇਸ ਇਕੱਠ ਦਾ ਮਨੋਰਥ ਕੌਮ ਵਿਚ ਇੱਕ ਨਵੀਂ ਰੂਹ ਫੂਕ ਕੇ ਅਣਖੀ ਅਤੇ ਪਰਉਪਕਾਰੀ ਜੀਵਨ ਦਾ ਪਾਠ ਪੜ੍ਹਾਉਣਾ ਸੀ। ਜਦੋਂ ਇਸ ਪੜ੍ਹਾਈ ਦੀ ਫ਼ੀਸ ਵਜੋਂ ਗੁਰੂ ਗੋਬਿੰਦ ਸਿੰਘ ਨੇ ਹੱਥ ਵਿਚ ਨੰਗੀ ਤਲਵਾਰ ਲੈ ਕੇ ਪੰਜ ਸਿਰਾਂ ਦੀ ਮੰਗ ਕੀਤੀ ਤਾਂ ਇਕੱਠ ਵਿਚ ਸਨਾਟਾ ਛਾ ਗਿਆ। ਜਦੋਂ ਗੁਰੂ ਸਾਹਿਬ ਨੇ ਆਪਣੀ ਇਸ ਮੰਗ ਨੂੰ ਦੂਸਰੀ-ਤੀਸਰੀ ਵਾਰ ਦੁਹਰਾਇਆ ਤਾਂ ਜਿਹੜੇ ਪੰਜ ਪਿਆਰਿਆਂ ਨੇ ਸੀਸ ਤਲੀ 'ਤੇ ਧਰ ਗੁਰੂ ਜੀ ਦੇ ਪ੍ਰਤੀ ਆਪਣੇ ਸੱਚੇ ਤੇ ਸੁੱਚੇ ਪਿਆਰ ਦਾ ਪ੍ਰਗਟਾਵਾ ਕੀਤਾ ਉਨ੍ਹਾਂ ਵਿਚੋਂ ਇੱਕ ਪਿਆਰੇ ਦਾ ਨਾਂਅ ਭਾਈ ਹਿੰਮਤ ਰਾਇ ਸੀ।

ਅੱਸੀ ਹਜ਼ਾਰ ਦੇ ਇਕੱਠ ਵਿੱਚੋਂ ਆਪਣੀ ਹਿੰਮਤ ਇਕੱਠੀ ਕਰਕੇ ਬਾਜਾਂ ਵਾਲੇ ਗੁਰੂ ਦੀ ਵੰਗਾਰ/ਤਲਵਾਰ 'ਤੇ ਸੀਸ ਦੀ ਭੇਟ ਚੜ੍ਹਾਉਣ ਵਾਲੇ ਭਾਈ ਹਿੰਮਤ ਰਾਇ ਦਾ ਜਨਮ ਉੜੀਸਾ ਦੇ ਪ੍ਰਸਿੱਧ ਸ਼ਹਿਰ ਜਗਨਨਾਥ ਪੁਰੀ ਵਿਖੇ 18 ਜਨਵਰੀ 1661 ਈਸਵੀ (ਸੰਮਤ 1718) ਨੂੰ ਹੋਇਆ। ਆਪ ਜੀ ਦੇ ਪਿਤਾ ਦਾ ਨਾਮ ਭਾਈ ਗੁਲਜਾਰੀ ਜੀ ਅਤੇ ਮਾਤਾ ਦਾ ਨਾਮ ਧੰਨੋ ਸੀ। 17 ਸਾਲ ਦੀ ਉਮਰ ਵਿਚ ਉਹ ਜਗਨਨਾਥ ਪੁਰੀ ਤੋਂ ਸ੍ਰੀ ਆਨੰਦਪੁਰ ਸਾਹਿਬ ਆਏ ਅਤੇ ਗੁਰੂ ਘਰ ਦੀ ਸੇਵਾ ਵਿਚ ਜੁੱਟ ਗਏ। ਜਦੋਂ ਕਲਗੀਧਰ ਪਾਤਸ਼ਾਹ ਨੇ ਅਕਾਲ ਪੁਰਖ ਦੀ ਫ਼ੌਜ (ਖ਼ਾਲਸੇ) ਦੀ ਸਿਰਜਣਾ ਕੀਤੀ ਤਾਂ ਉਸ ਵਕਤ ਭਾਈ ਹਿੰਮਤ ਰਾਏ ਦੀ ਉਮਰ 38 ਸਾਲ ਦੇ ਨੇੜੇ ਪਹੁੰਚ ਚੁੱਕੀ ਸੀ।ਗੁਰੂ ਸਾਹਿਬ ਦੇ ਮਿਸ਼ਨ ਵਿਚ ਸ਼ਾਮਿਲ ਹੋ ਕੇ ਉਨ੍ਹਾਂ ਨੇ ਖੰਡੇ-ਤੇ-ਬਾਟੇ ਦਾ ਅੰਮਿਤ ਪਾਨ ਕੀਤਾ ਅਤੇ ਹਿੰਮਤ ਰਾਏ ਤੋਂ ਹਿੰਮਤ ਸਿੰਘ ਬਣ ਗਏ।

ਭਾਈ ਹਿੰਮਤ ਸਿੰਘ ਭਾਵੇਂ ਉੜੀਆ (ਉੜੀਸਾ ਪ੍ਰਾਂਤ ਨਾਲ ਸੰਬੰਧਤ) ਪਰਿਵਾਰ ਨਾਲ ਸੰਬੰਧ ਰੱਖਦੇ ਸਨ ਪਰ ਉਨ੍ਹਾਂ ਦੀਆਂ ਜੜ੍ਹਾਂ ਸਿੱਖੀ ਨਾਲ ਡੂੰਘੀਆਂ ਜੁੜੀਆਂ ਹੋਈਆਂ ਸਨ। ਇਨ੍ਹਾਂ



ਜੜ੍ਹਾਂ ਦੇ ਅਨੁਸਾਰ ਭਾਈ ਹਿੰਮਤ ਸਿੰਘ ਉਸ ਛੱਜੂ ਝੀਊਰ ਦੇ ਪੋਤਰੇ ਲੱਗਦੇ ਸਨ ਜਿਸ ਉਪਰ ਅੱਠਵੇਂ ਨਾਨਕ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੀ ਅਪਾਰ ਬਖ਼ਸ਼ਿਸ਼ ਹੋਈ ਸੀ। ਅੱਠਵੇਂ ਪਾਤਸ਼ਾਹ ਦੀ ਪੰਜੋਖਰੇ ਦੀ ਠਹਿਰ ਸਮੇਂ ਜਦੋਂ ਇੱਕ ਹੰਕਾਰੀ ਪੰਡਿਤ ਲਾਲ ਚੰਦ ਨੇ ਗੁਰੂ ਜੀ ਪ੍ਰਤੀ ਆਪਣੀ ਸ਼ੰਕਾ ਦਾ ਪ੍ਰਗਟਾਵਾ ਕਰਦਿਆਂ ਉਨ੍ਹਾਂ ਕੋਲੋਂ ਗੀਤਾ ਦੇ ਅਰਥ ਕਰਵਾਉਣੇ ਚਾਹੇ ਤਾਂ ਗੁਰੂ ਜੀ ਨੇ ਉਸ ਹੰਕਾਰੀ ਦਾ ਹੰਕਾਰ ਤੋੜਨ ਲਈ ਉਸ ਨੂੰ ਕਿਹਾ ਕਿ ਉਹ ਪਿੰਡ ਵਿੱਚੋਂ ਕਿਸੇ ਅਜਿਹੇ ਵਿਅਕਤੀ ਨੂੰ ਭਾਲ ਕੇ ਲਿਆਵੇ ਜਿਹੜਾ ਉਸ (ਪੰਡਿਤ) ਦੀ ਅਤੇ ਨਗਰ ਨਿਵਾਸੀਆਂ ਦੀ ਨਜ਼ਰ ਵਿਚ ਅਨਪੜ੍ਹ ਅਤੇ ਗੰਵਾਰ ਹੋਵੇ।ਪੰਡਿਤ ਲਾਲ ਚੰਦ ਚਲਾਕੀ ਨਾਲ ਛੱਜੂ ਨਾਮ ਦੇ ਇੱਕ ਅਨਪੜ੍ਹ ਅਤੇ ਗੂੰਗੇ ਵਿਅਕਤੀ ਨੂੰ ਲੈ ਆਇਆ। . ਗੁਰੂ ਸਾਹਿਬ ਨੇ ਛੱਜੂ ਝੀਊਰ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਬਚਨ ਕੀਤਾ ਕਿ "ਛੱਜੂ! ਗੁਰੂ ਨਾਨਕ ਦੀ ਕਿਰਪਾ ਨਾਲ ਤੂੰ ਹੁਣ ਧਾਰਮਿਕ ਵਿਦਵਾਨ ਬਣ ਗਿਆ ਹੈਂ। ਇਸ ਪੰਡਿਤ ਨਾਲ ਸ਼ਾਸਤਰ-ਅਰਥ ਕਰ ਕੇ ਇਸ ਦੀ ਤਸੱਲੀ ਕਰ ਦੇ।"। ਇਹ ਬਚਨ ਕਹਿ ਕੇ ਗੁਰੂ ਜੀ ਨੇ ਆਪਣੀ ਸੋਟੀ ਛੱਜੂ ਦੇ ਸਿਰ 'ਤੇ ਰੱਖ ਦਿੱਤੀ ਅਤੇ ਉਹ ਇੱਕ ਚੰਗੇ ਗਿਆਨੀ ਵਾਂਗ ਗੀਤਾ ਦੇ ਸਲੋਕਾਂ ਦੇ ਅਰਥ ਕਰੀ ਗਿਆ।ਇਸ ਕੌਤਕ ਨਾਲ ਲਾਲ ਚੰਦ ਦਾ ਹੰਕਾਰ ਟੁੱਟ ਗਿਆ ਅਤੇ ਉਸ ਨੂੰ ਸ਼ਰਮਿੰਦਗੀ ਦਾ ਸਾਹਮਣਾ ਕਰਨਾ ਪਿਆ।

ਪੰਡਿਤ ਦੀ ਨਿਸ਼ਾ ਕਰਾ ਕਿ ਜਦੋਂ ਗੁਰੂ ਹਰਿ ਕ੍ਰਿਸ਼ਨ ਸਾਹਿਬ ਅਗਲੇਰੇ ਪੰਧ ਲਈ ਰਵਾਨਗੀ ਫੜਨ ਲੱਗੇ ਤਾਂ ਛੱਜੂ ਹੱਥ ਜੋੜ ਕੇ ਗੁਰੂ ਜੀ ਨੂੰ ਕਹਿਣ ਲੱਗਾ ਕਿ 'ਸੱਚੇ ਪਾਤਸ਼ਾਹ! ਹੁਣ ਮੇਰੇ ਲਈ ਕੀ ਹੁਕਮ ਹੈ?'

ਜਵਾਬ ਵਿਚ ਗੁਰੂ ਜੀ ਨੇ ਕਿਹਾ ਕਿ, 'ਤੁਸੀਂ ਹੁਣ ਜਗਨਨਾਥ ਪੁਰੀ ਵਿਚ ਪਹੁੰਚੋ ਅਤੇ ਗੁਰੂ ਨਾਨਕ ਦੇਵ ਜੀ ਦੁਆਰਾ ਸਥਾਪਿਤ ਕੀਤੀ ਸਿੱਖ ਸੰਗਤ ਵਿਚ ਸਿੱਖੀ ਦਾ ਪ੍ਰਚਾਰ ਅਤੇ ਪ੍ਰਸਾਰ ਕਰੋ।' . ਸਤਿ ਬਚਨ ਕਹਿ ਕੇ ਭਾਈ ਛੱਜੂ ਜੀ ਜਗਨਨਾਥ ਪੁਰੀ (ਉੜੀਸਾ) ਆ ਗਏ ਅਤੇ ਇਥੇ ਆ ਕੇ ਉਨ੍ਹਾਂ ਨੇ ਆਪਣਾ ਘਰ ਵੀ ਵਸਾ ਲਿਆ।

ਘਰ ਵੱਸ ਜਾਣ ਤੋਂ ਕੁੱਝ ਸਮੇਂ ਬਾਅਦ ਉਨ੍ਹਾਂ ਦੇ ਗ੍ਰਹਿ ਵਿਖੇ ਇੱਕ ਪੁੱਤਰ ਗੁਲਜਾਰੀ ਪੈਦਾ ਹੋਇਆ। ਗੁਲਜਾਰੀ ਜਦੋਂ ਵੱਡਾ ਹੋਇਆ ਤਾਂ ਉਸ ਦਾ ਵਿਆਹ ਇੱਕ ਉੜੀਆ ਔਰਤ ਬੀਬੀ ਧੰਨੋ ਨਾਲ ਕਰ ਦਿੱਤਾ ਗਿਆ। ਇਹ ਗੁਲਜਾਰੀ ਅਤੇ ਮਾਤਾ ਧੰਨੋ ਹੀ ਭਾਈ ਹਿੰਮਤ ਸਿੰਘ ਦੇ ਮਾਤਾ-ਪਿਤਾ ਸਨ ਜਿਨ੍ਹਾਂ ਨੇ ਬਚਪਨ ਵਿਚ ਹੀ ਉਸ ਨੂੰ ਗੁਰਸਿੱਖੀ ਦੀ ਗੁੜ੍ਹਤੀ ਦੇ ਦਿੱਤੀ ਸੀ।

ਇਸ ਗੁੜ੍ਹਤੀ ਦੇ ਕਾਰਨ ਹੀ ਭਾਈ ਹਿੰਮਤ ਸਿੰਘ ਜਗਨਨਾਥ ਪੁਰੀ ਤੋਂ ਸ੍ਰੀ ਆਨੰਦਪੁਰ ਸਾਹਿਬ ਆ ਗਏ ਅਤੇ ਗੁਰੂ ਗੋਬਿੰਦ ਸਿੰਘ ਦੁਆਰਾ ਤਿਆਰ ਕੀਤੇ ਖ਼ਾਲਸਾ ਪੰਥ ਵਿਚ ਸ਼ਾਮਿਲ ਹੋ ਕੇ ਗੁਰੂ ਦੇ ਪਿਆਰੇ ਬਣ ਗਏ।ਸਿਰ ਦੇ ਕੇ ਹਾਸਲ ਕੀਤੇ ਗੁਰੂ ਦੇ ਪਿਆਰ ਨੂੰ ਭਾਈ ਹਿੰਮਤ ਸਿੰਘ ਨੇ ਆਪਣੇ ਆਖ਼ਰੀ ਦਮ ਤੱਕ ਨਿਭਾਇਆ ਅਤੇ ਸੰਮਤ 1761 ਵਿਚ ਪੋਹ ਦੇ ਮਹੀਨੇ ਦੀ ਇੱਕ ਠਰੀ ਰਾਤ ਨੂੰ ਚਮਕੌਰ ਸਾਹਿਬ ਦੀ ਲੜਾਈ ਵਿਚ ਜੂਝਦੇ ਹੋਏ ਆਪਣੀ ਸ਼ਹਾਦਤ ਦੇ ਦਿੱਤੀ।

## ਦਸ਼ਮੇਸ਼ ਤਾਂਘਾਂ

**ਲੇਖਕ-ਸਚਖੰਡ ਵਾਸੀ**
**ਗਿਆਨੀ ਗੁਲਜ਼ਾਰ ਸਿੰਘ ਸੇਮਾਂ ਕਲਾਂ**

ਅਨੰਦਪੁਰ ਵਾਸੀਆ ਮਿਲੇ ਅਨੰਦ ਮੈਨੂੰ,
ਮਾਤਾ ਲੋਕ ਉਤੇ ਮੁੜਕੇ ਆਏਂ ਜੇਕਰ।
ਨਫ਼ਰਤ ਬੰਦੇ ਤੋਂ ਬੰਦੇ ਨੂੰ ਬਹੁਤ ਹੋਈ,
ਮਾਨਸ ਜਾਤ ਸੱਭ ਇਕ ਬਤਲਾਏਂ ਜੇਕਰ।
ਭੁੱਖੇ ਨੰਗੇ ਕਈ ਖਾਨਾ -ਬਦੋਸ਼ ਫਿਰਦੇ,
ਰੂਹਾਂ ਰੁਲਦੀਆਂ ਨੂੰ ਗਲ਼ੇ ਲਾਏਂ ਜੇਕਰ।
ਫੁੱਟ ਪਈ ਹੋਈ ਪਿਆਰੇ ਪੰਥ ਅੰਦਰ,
ਆਕੇ ਏਕਤਾ ਸਬਕ ਸਿਖਲਾਏਂ ਜੇਕਰ।
ਗ੍ਰਾਮ, ਗਲ਼ੀ, ਬਜ਼ਾਰ , ਘਰ ਘਰ ਅੰਦਰ,
ਪੋਹ ਸੱਤਵੀਂ ਲਿਆਈ ਸੰਦੇਸ਼ ਤੇਰਾ।
ਦੋਇ ਨੈਣ ਚਤ੍ਰਿਕ ਬਣਕੇ ਤਰਸਦੇ ਨੇ,
ਦਰਸ਼ਨ ਪਾਉਣ ਲਈ ਪਿਤਾ ਦਸ਼ਮੇਸ਼ ਤੇਰਾ।

ਬੂਹੇ ਆਪਣੇ ਤੱਕਦੀ ਰਾਹ ਤੇਰਾ,
ਮੈਨੂੰ ਤਾਂਘ ਹੈ ਤੇਰੇ ਦਿਦਾਰਿਆਂ ਦਾ।
ਕੰਨੋਂ ਕੱਪੜਾ ਲਾਹ ਕੇ ਸੱਜਣਾ ਵੇ,
ਆਵਾਜ਼ਾ ਸੁਣਾ ਰਣਜੀਤ ਨਗਾਰਿਆਂ ਦਾ।
ਨੀਲੇ ਘੋੜੇ ਦੀ ਸਿੱਕ ਸਤਾਂਵਦੀ ਏ,
ਹੇਜ ਆਂਵਦਾ ਪੰਜਾਂ ਪਿਆਰਿਆਂ ਦਾ।
ਮਾਤਾ ਜੀਤੋ ਤੇ ਸੁੰਦਰੀ, ਸਾਹਿਬ ਦੇਵਾਂ,
ਚੇਤਾ ਆਂਵਦਾ ਚਾਰ ਦੁਲਾਰਿਆਂ ਦਾ।
ਗੁਜਰੀ ਮਾਂ ਦਿਆ ਚੰਨਾ ਚਕੋਰ ਬਣਕੇ,
ਮੁੱਖ ਦੇਖਣਾ ਚਾਹਵਾਂ ਹਮੇਸ਼ ਤੇਰਾ।
ਦੋਇ ਨੈਣ ਚਤ੍ਰਿਕ ਬਣ ਕੇ ਤਰਸਦੇ ਨੇ,
ਦਰਸ਼ਨ ਪਾਉਣ ਲਈ ਪਿਤਾ ਦਸ਼ਮੇਸ਼ ਤੇਰਾ।

ਤੇਰੀ ਸਿੱਕ ਸਤਾਂਵਦੀ ਸੱਜਣਾਂ ਵੇ,
ਕਦ ਆਉਣਗੇ ਤੀਰ ਕਮਾਨ ਵਾਲੇ।
ਪੰਜ ਕਕਾਰ ਤੇ ਨੀਲਾ ਲਿਬਾਸ ਕਰਕੇ,
ਬਲੀ ਸੂਰਮੇ ਸਿੰਘ ਸੱਜਣ ਵਾਲੇ।
ਵਾਹ ਮਰਦ ਅਗੰਮੜੇ, ਵਾਹ ਵਾਹਵਾ,
ਸਵਾ ਲੱਖ ਨਾਲ ਇਕ ਲੜਾਣ ਵਾਲੇ।
ਵਾਹ ਚਿੜੀਆਂ ਤੋਂ ਬਾਜ਼ ਤੁੜਾਣ ਵਾਲੇ,
ਉੱਚਾ ਨਾਮ ਤੇ ਉੱਚੇ ਨਿਸ਼ਾਨ ਵਾਲੇ।
ਭੁੰਞੇ ਪਲਕਾਂ ਦੀ ਸੇਜ ਵਿਛਾ ਦੇਵਾਂ,
ਕਿੱਧਰੇ ਲਸ਼ਕਰ ਜੇ ਕਰੇ ਪ੍ਰਵੇਸ਼ ਤੇਰਾ।
ਦੋਇ ਨੈਣ ਚਤ੍ਰਿਕ ਬਣਕੇ ਤਰਸਦੇ ਨੇ,
ਦਰਸ਼ਨ ਪਾਉਣ ਲਈ ਪਿਤਾ ਦਸ਼ਮੇਸ਼ ਤੇਰਾ।

ਦਿਨ ਰਾਤ ਪਈ ਔਸੀਆਂ ਪਾਂਵਦੀ ਆਂ,
ਹੋਈ ਬਾਵਰੀ ਤੇਰੇ ਪਿਆਰ ਅੰਦਰ ।
ਯਾਦ ਆਂਵਦੇ ਚੋਜੀਆ ਚੋਜ ਤੇਰੇ,
ਜਿਹੜੇ ਕਰ ਗਿਉਂ ਆਕੇ ਸੰਸਾਰ ਅੰਦਰ।
ਤਪੀਓਂ ਵੱਧ ਤਪੱਸਵੀ ਨਜ਼ਰ ਆਉਨੈਂ,
ਵੱਧ ਸ਼ਾਹਾਂ ਤੋਂ ਸ਼ਾਹੀ ਦਰਬਾਰ ਅੰਦਰ।
ਹੱਥ ਸੋਂਹਵਦਾਂ ਬਾਜ਼ ਬਹਾਦਰੀ ਦਾ,
ਨੂਰੀ ਚਮਕਦੀ ਝਲਕ ਤਲਵਾਰ ਅੰਦਰ।
ਤੇਰੀ ਕਲਗੀ ਦੀ ਆਭਾ ਸੁਭ੍ਹਾਨ ਅੱਲਾ!
ਤੀਰ ਨੈਣਾਂ ਦਾ ਕੱਟੇ ਕਲੇਸ਼ ਤੇਰਾ।
ਦੋਇ ਨੈਣ ਚਤ੍ਰਿਕ ਬਣਕੇ ਤਰਸਦੇ ਨੇ,
ਦਰਸ਼ਨ ਪਾਉਣ ਲਈ ਪਿਤਾ ਦਸ਼ਮੇਸ਼ ਤੇਰਾ।

ਤੇਰੇ ਬਾਝ ਨਾ ਲੱਗਦਾ ਜੀਅ ਕਿੱਧਰੇ,
ਕੋਈ ਦਿਸੇ ਨਾ ਧੀਰ ਧਰਾਉਣ ਵਾਲਾ।
ਸਦੀਆਂ ਜੁਗਾਂ ਤੋਂ ਪੈਰਾਂ ਵਿੱਚ ਰੁਲਦਿਆਂ ਨੂੰ,
ਬੇਟਾ ਆਖ ਕੇ ਛਾਤੀ ਲਗਾਉਣ ਵਾਲਾ।
ਬ੍ਰਾਹਮਣ ਖੱਤਰੀ, ਵੈਸ਼ ਤੇ ਸ਼ੂਦਰਾਂ ਨੂੰ,
ਇਕ ਬਾਟੇ ਵਿੱਚ ਅੰਮ੍ਰਿਤ ਛਕਾਉਣ ਵਾਲਾ।
ਅੱਵਲ ਅੱਲਾ ਦਾ ਜਾਣਕੇ ਨੂਰ ਖ਼ਲਕਤ,
ਛੂਆ -ਛਾਤ ਨੂੰ ਜੜ੍ਹੋਂ ਮੁਕਾਉਣ ਵਾਲਾ।
ਚਾਰ ਵਰਣ ਇਕ ਹਾਰ ਦੇ ਬਣੇ ਮੋਤੀ,
ਸ਼ਾਹਿ -ਸ਼ਹਿਨਸ਼ਾਹ ਮੰਨ ਉਪਦੇਸ਼ ਤੇਰਾ।
ਦੋਇ ਨੈਣ ਚਤ੍ਰਿਕ ਬਣਕੇ ਤਰਸਦੇ ਨੇ,
ਦਰਸ਼ਨ ਪਾਉਣ ਲਈ ਪਿਤਾ ਦਸ਼ਮੇਸ਼ ਤੇਰਾ।

ਅੱਖਾਂ ਅੱਡੀਆਂ ਤੱਕ ਕੇ ਰਾਹ ਤੇਰਾ,
ਕਦੋਂ ਹੋਵਸੀ ਤੇਰਾ ਦੀਦਾਰ ਸਤਿਗੁਰ।
ਸਾਨੀ ਜੱਗ ਤੇ ਕੋਈ ਨਾ ਦਿਸੇ ਤੇਰਾ,
ਦਰਦਮੰਦਾਂ ਦਾ ਕਰੇ ਪਿਆਰ ਸਤਿਗੁਰ।
ਪਹਿਲੇ ਪਿਤਾ ਦਾ ਬਲੀਦਾਨ ਦਿੱਤਾ,
ਫੇਰ ਵਾਰਿਆ ਸਾਰਾ ਪਰਿਵਾਰ ਸਤਿਗੁਰ।
ਪੰਥ ਜੀਵੇ ਮੈਂ ਉੱਜੜਾਂ ਲੱਖ ਵਾਰੀ
ਏਹੀ ਜੀਵਨ ਦਾ ਹੈਸੀ ਉਦੇਸ਼ ਤੇਰਾ।
ਦੋਇ ਨੈਣ ਚਤ੍ਰਿਕ ਬਣਕੇ ਤਰਸਦੇ ਨੇ,
ਦਰਸ਼ਨ ਪਾਉਣ ਲਈ ਪਿਤਾ ਦਸ਼ਮੇਸ਼ ਤੇਰਾ।

ਜਿਹਬਾ ਏਕ ਤੇ ਗੁਣ ਅਨੇਕ ਤੇਰੇ,
ਮੇਰੇ ਦਾਤਿਆ ਕਰਾਂ ਬਿਆਨ ਕੈਸੇ।
ਆਪੇ ਗੁਰੂ ਤੇ ਆਪੇ ਹੀ ਬਣ ਚੇਲਾ,
ਕਿਹਾ ਖਾਲਸਾ ਪਿੰਡ ਪ੍ਰਾਣ ਕੈਸੇ।
ਤਖ਼ਤ ਤਾਜ ਤਿਆਗ ਫ਼ਕੀਰ ਬਣਿਆਂ,
ਫਿਰ ਵੀ ਮੁੱਖ ਤੇ ਰਹੀ ਮੁਸਕਾਣ ਕੈਸੇ।
ਨੰਗੇ ਪੈਰ ਜਾਂ ਲਹੂ-ਲੁਹਾਨ ਹੋਏ।
ਲੀਰੋ -ਲੀਰ ਹੁੰਦੇ ਬਸਤਰ ਜਾਣ ਕੈਸੇ।
ਤਾਹੀਓਂ ਤੇਰੇ ਪਿਆਰੇ ਅਨਿੰਨ- ਭਗਤਾਂ,
ਧਰਿਆ ਬਾਦਸ਼ਾਹ ਨਾਮ ਦਰਵੇਸ਼ ਤੇਰਾ।
ਦੋਇ ਨੈਣ ਚਤ੍ਰਿਕ ਬਣਕੇ ਤਰਸਦੇ ਨੇ,
ਦਰਸ਼ਨ ਪਾਉਣ ਲਈ ਪਿਤਾ ਦਸ਼ਮੇਸ਼ ਤੇਰਾ।

ਪੀਆ ਪਿਆਸ ਲੱਗੀ ਤੇਰੇ ਦਰਸ਼ਨਾਂ ਦੀ,
ਆਜਾ ਵਸਲ ਦਾ ਜਾਮ ਪਿਲਾ ਛੇਤੀ।
ਅੱਗ ਦੂਈ ਦਵੈਤ ਦੀ ਸਾੜਦੀ ਏ,
ਆਕੇ ਮਿਹਰ ਦਾ ਮੀਂਹ ਬਰਸਾ ਛੇਤੀ।
ਨਾ ਕੋਈ ਵੈਰੀ ਤੇ ਨਾ ਬਿਗਾਨਾ ਜਾਪੇ,
ਸੁਰਮਾ ਸਮਝ ਦਾ ਅੱਖਾਂ ਵਿੱਚ ਪਾ ਛੇਤੀ।
ਹੋਵੇ ਦੁਸ਼ਮਣਾਂ ਵਿਚ ਵੀ ਦਰਸ ਤੇਰਾ,
ਘਨਈਏ ਵਾਂਗਰਾਂ ਗਿਆਨ ਸਮਝਾ ਛੇਤੀ।
ਅੱਲਾ, ਵਾਹਿਗੁਰੂ, ਰਾਮ, ਰਹੀਮ ਇਕੋ,
ਭੁੱਲ ਜਾਵੇ ਨਾ ਸੱਚਾ ਉਪਦੇਸ਼ ਤੇਰਾ।
ਦੋਇ ਨੈਣ ਚਤ੍ਰਿਕ ਬਣਕੇ ਤਰਸਦੇ ਨੇ,
ਦਰਸ਼ਨ ਪਾਉਣ ਲਈ ਪਿਤਾ ਦਸ਼ਮੇਸ਼ ਤੇਰਾ।

ਨੀਚਹੁ-ਊਚ ਨਚੀਜਿਆਂ-ਚੀਜ਼ ਕਰਦੈਂ,
ਆਵੇ ਅੰਤ ਨਾ ਤੇਰਿਆਂ ਭਾਣਿਆਂ ਦਾ।
ਵਾਲੀ ਦੋ ਜਹਾਨ ਦਾ ਸੁਣੀਂਦਾ ਏਂ,
ਪਤਾ ਲੱਗੇ ਨਾ ਤੇਰੇ ਟਿਕਾਣਿਆਂ ਦਾ।
ਨਿਗਤਿਆਂ-ਗਤ, ਨਿਪਤਿਆਂ-ਪਤ ਹੈਂ ਤੂੰ,
ਤੈਨੂੰ ਆਖਦੇ ਮਾਣ ਨਿਮਾਣਿਆਂ ਦਾ।
ਕਿਹੜਾ ਜਿਲ੍ਹਾ ਤਹਿਸੀਲ, ਗ੍ਰਾਮ ਕਿਹੜਾ,
ਵਾਸੀ ਬਣ ਗਿਉਂ ਕਿਹੜੇ ਘਰਾਣਿਆਂ ਦਾ।
ਪਾਤੀ ਲਿਖ ਕੇ ਪਾਵਾਂ ਮੈਂ ਤਰਫ ਕਿਹੜੀ,
ਕਿਹੜਾ ਸੱਜਣਾਂ ਦੇਸ ਵਿਦੇਸ਼ ਤੇਰਾ।
ਦੋਇ ਨੈਣ ਚਤ੍ਰਿਕ ਬਣਕੇ ਤਰਸਦੇ ਨੇ,
ਦਰਸ਼ਨ ਪਾਉਣ ਲਈ ਪਿਤਾ ਦਸ਼ਮੇਸ਼ ਤੇਰਾ।

ਪੜ੍ਹ ਗੁਰਬਾਣੀ ਤੋਂ ਬ੍ਰਹਮ ਗਿਆਨ ਹੋਇਆ,
ਘਟਿ ਘਟਿ ਦੇ ਵਿੱਚ ਤੂੰ ਵੱਸਦਾ ਏਂ।
ਦੁੱਖ ਸੁੱਖ ਤੇਰਾ, ਆਪੇ ਭੋਗਦਾ ਏਂ,
ਆਪੇ ਰੋਂਵਦਾ ਏਂ ਆਪੇ ਹੱਸਦਾ ਏਂ।
ਹੋਇਆ ਇਕ ਤੋਂ ਅਨਿਕ ਸਰੂਪ ਤੇਰਾ,
ਭਾਂਤ ਭਾਂਤ ਦੇ ਰੂਪ ਤੂੰ ਪਲਟਦਾ ਏਂ।
ਜਿਮੀਂ ਅਸਮਾਨ ਵਿੱਚ ਇਕੋ ਹੀ ਜੋਤ ਤੇਰੀ,
ਨਾ ਵੱਧਦਾ ਤੇ ਨਾ ਹੀ ਘੱਟਦਾ ਏਂ।
ਜੋ ਬ੍ਰਹਿਮੰਡੇ ਮੈਂ ਪਿੰਡ ਦੇ ਵਿੱਚ ਪਾਇਆ,
ਜ਼ਰੇ- ਜ਼ਰੇ "ਗੁਲਜ਼ਾਰ" ਪ੍ਰਵੇਸ਼ ਤੇਰਾ।
ਦੋਇ ਨੈਣ ਚਤ੍ਰਿਕ ਬਣਕੇ ਤਰਸਦੇ ਨੇ,
ਦਰਸ਼ਨ ਪਾਉਣ ਲਈ ਪਿਤਾ ਦਸ਼ਮੇਸ਼ ਤੇਰਾ।

**(ਝੂਠੇ ਰੱਬ ਕਿਤਾਬ ਵਿਚੋਂ)**

# ਸਿੱਖਿਆ ਦੇ ਪ੍ਰਸਾਰ ਨਾਲ ਹੀ ਅੱਤਵਾਦ ਰੂਪੀ ਹਨੇਰੇ ਦਾ ਅੰਤ ਸੰਭਵ: ਰਾਜੇਸ਼ ਬਾਘਾ

ਪੰਜਾਬ ਭਾਜਪਾ ਦੇ ਉਪ ਪ੍ਰਧਾਨ ਰਾਜੇਸ਼ ਬਾਘਾ ਨੇ ਕਿਹਾ ਕਿ ਸਿੱਖਿਆ ਦੇ ਪ੍ਰਸਾਰ ਨਾਲ ਹੀ ਅੱਤਵਾਦ ਰੂਪੀ ਹਨੇਰੇ ਦਾ ਅੰਤ ਸੰਭਵ ਹੈ। ਉਹਨਾਂ ਕਿਹਾ ਕਿ ਅੱਤਵਾਦ ਦੁਨੀਆਂ ਦੇ ਕਿਸੇ ਵੀ ਹਿੱਸੇ 'ਚ ਹੋਵੇ, ਇਸ ਤੋਂ ਬੁਰੀ ਘਟਨਾ ਹੋਰ ਕੋਈ ਹੋ ਨਹੀਂ ਸਕਦੀ ਹੈ। ਪੰਜਾਬ 'ਚ ਅੱਤਵਾਦ ਦਾ ਜ਼ਿਕਰ ਕਰਦਿਆਂ ਉਹਨਾਂ ਕਿਹਾ ਕਿ ਉਸ ਸਮੇਂ ਦਾ ਮਾਹੌਲ ਕਾਫੀ ਖਰਾਬ ਸੀ। ਚਾਰੇ ਪਾਸੇ ਦਹਿਸ਼ਤ ਪਾਈ ਜਾ ਰਹੀ ਸੀ ਪਰ ਫਿਰ ਵੀ ਪੰਜਾਬ ਦੇ ਆਪਸੀ ਭਾਈਚਾਰੇ ਅਤੇ ਮਹਾਨ ਸਭਿਆਚਾਰ ਕਾਰਨ ਅੱਤਵਾਦ 'ਤੇ ਫਤਿਹ ਪਾਉਣ 'ਚ ਮਦਦ ਮਿਲੀ।

ਬਾਘਾ ਨੇ ਕਿਹਾ ਕਿ ਸਿੱਖਿਆ ਜ਼ਰੂਰੀ ਹੈ ਅਤੇ ਇਸ ਕਾਰਨ ਜਦੋਂ ਉਹ ਐਸ. ਸੀ. ਕਮਿਸ਼ਨ ਦੇ ਚੇਅਰਮੈਨ ਸਨ ਤਾਂ ਉਹਨਾਂ ਨੇ ਦਲਿਤ ਵਿਦਿਆਰਥੀਆਂ ਨੂੰ ਜ਼ਿਆਦਾ ਤੋਂ ਜ਼ਿਆਦਾ ਉਚ ਸਿੱਖਿਆ ਦਿਵਾਉਣ ਲਈ ਸਕਾਲਰਸ਼ਿਪ ਦੀ ਗਿਣਤੀ ਨੂੰ 9000 ਤੋਂ ਵਧਾ ਕੇ 3 ਲੱਖ ਤੱਕ ਕਰ ਦਿੱਤਾ ਸੀ।



## ਨੀਂਹ ਪੱਥਰ 'ਤੇ ਵਿਸ਼ੇਸ਼

# ਸ੍ਰੀ ਹਰਿਮੰਦਰ ਸਾਹਿਬ ਜੀ



ਗੁਰੂ ਨਾਨਕ ਦੇਵ ਜੀ ਨੇ ਪ੍ਰਚੱਲਿਤ ਧਰਮਾਂ ਦੇ ਗਿਆਨ ਤੋਂ ਅਨੁਭਵ ਕੀਤਾ ਕਿ ਸੰਸਾਰ ਨੂੰ ਇਕ ਅਜਿਹੇ ਧਰਮ ਦੀ ਲੋੜ ਹੈ, ਜੋ ਸਾਰੀ ਮਾਨਵਤਾ ਦਾ ਉਧਾਰ ਕਰ ਸਕੇ। ਇਸਨੂੰ ਅਮਲੀ ਰੂਪ ਦੇਣ ਲਈ ਕਿ ਸੰਸਾਰ ਵਿਚ ਇਕ ਅਜਿਹਾ ਧਰਮ ਮੰਦਰ ਤੇ ਧਾਰਮਿਕ ਕੇਂਦਰ ਸਥਾਪਤ ਹੋਣਾ ਚਾਹੀਦਾ ਹੈ, ਜਿੱਥੇ ਅੱਠੇ ਪਹਿਰ ਪ੍ਰਮਾਤਮਾ ਦੀ ਸਿਫ਼ਤ ਸਲਾਹ ਹੁੰਦੀ ਰਹੇ ਅਤੇ ਰੱਬੀ ਬਾਣੀ ਦਾ ਮਨੋਹਰ ਕੀਰਤਨ ਦਾ ਪ੍ਰਵਾਹ ਤਪਦੇ ਮਨਾਂ ਨੂੰ ਸ਼ਾਂਤੀ ਪ੍ਰਦਾਨ ਕਰਦਾ ਰਹੇ, ਜੋ ਸੰਸਾਰ ਵਿਚ ਅਮਨ ਸ਼ਾਂਤੀ ਦਾ ਸੰਦੇਸ਼ ਦੇਵੇ।



ਪ੍ਰਮਿੰਦਰ ਸਿੰਘ ਪ੍ਰਵਾਨਾ
510-781-0487

ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ ਦੇ ਆਖਰੀ ਪੜਾਅ ਇਸ ਸੰਦੇਸ਼ ਦਾ ਪ੍ਰਚਾਰ ਕਰਤਾਰਪੁਰ ਰਹਿ ਕੇ ਕੀਤਾ। ਗੁਰੂ ਅਮਰਦਾਸ ਜੀ ਨੇ ਗੋਂਦਵਾਲ ਰਹਿ ਕੇ ਬਾਉਲੀ ਸਾਹਿਬ ਦਾ ਨਿਰਮਾਣ ਕਰਕੇ ਸਿੱਖ ਧਰਮ ਦਾ ਕੇਂਦਰ ਬਣਾਇਆ। ਫਿਰ ਉਹਨਾਂ ਨੇ ਪਵਿੱਤਰ ਸਰੋਵਰ ਅੰਮ੍ਰਿਤਸਰ ਜਾਂ ਅੰਮ੍ਰਿਤ ਸਰੋਵਰ ਖੁਦਵਾਉਣ ਦੀ ਯੋਜਨਾ ਬਣਾਈ। ਇਸਨੂੰ ਗੁਰੂ ਰਾਮਦਾਸ ਜੀ ਨੇ ਬਾਬਾ ਬੁੱਢਾ ਜੀ ਦੀ ਨਿਗਰਾਨੀ ਹੇਠ ਖੁਦਵਾਇਆ। ਜਦਕਿ ਗੁਰੂਆਂ ਨੇ ਪਹਿਲਾਂ ਉਥੇ ਜ਼ਮੀਨ ਲੈ ਰੱਖੀ ਸੀ। ਇੱਥੇ ਇਕ ਨਗਰ ਬਣਾਉਣ ਦੀ ਯੋਜਨਾ ਵਿਚਾਰ ਅਧੀਨ ਸੀ। ਗੁਰੂ ਅਰਜਨ ਦੇਵ ਜੀ ਨੇ ਵਿਉਂਤਬੰਦੀ ਕੀਤੀ। ਗੁਰੂ ਰਾਮਦਾਸ ਜੀ ਦੁਆਰਾ 1577 ਵਿਚ ਬਣਵਾਏ ਗਏ ਸਰੋਵਰ ਤੇ ਉਸਾਰਿਆ ਗਿਆ। ਇਸਦੀ ਨੀਂਹ 28 ਦਸੰਬਰ 1588 ਨੂੰ ਸੂਫੀ ਸੰਤ ਮੀਆਂ ਮੀਰ ਜੀ ਹੱਥੋਂ ਰਖਵਾਈ ਗਈ। ਜੋ ਧਰਮ ਨਿਰਪੱਖਤਾ ਦਾ ਆਦਰਸ਼ ਪੇਸ਼ ਕਰਦੀ ਹੈ। ਇਸ ਸਮੇਂ ਵੱਡਾ ਧਾਰਮਿਕ ਇਕੱਠ ਹੋਇਆ। ਬਾਬਾ ਬੁੱਢਾ ਜੀ ਨੇ ਅਰਦਾਸ ਕੀਤੀ ਤੇ ਕੜ੍ਹਾਅ ਪ੍ਰਸ਼ਾਦ ਦੀ ਦੇਗ ਵਰਤਾਈ ਗਈ।

ਗੁਰੂ ਅਰਜਨ ਦੇਵ ਜੀ ਨੇ ਇਸਨੂੰ ਜ਼ਮੀਨੀ ਹੇਠਲੇ ਪੱਧਰ 'ਤੇ ਬਣਵਾਇਆ। ਇਸਦੇ ਚਾਰ ਦਰਵਾਜ਼ੇ ਰੱਖੇ ਗਏ ਕਿ ਇਸ ਰੱਬ ਦੇ ਘਰ ਵਿਚ ਚੌਹਾਂ ਵਰਗਾਂ ਅਤੇ ਚੌਹਾਂ ਦਿਸ਼ਾਵਾਂ ਤੋਂ ਸ਼ਰਧਲੂ ਦਰਸ਼ਨ ਕਰਨ ਆ ਸਕਦੇ ਹਨ। ਦੇਸ਼ਾਂ ਪ੍ਰਦੇਸ਼ਾਂ ਤੋਂ ਰੋਜ਼ਾਨਾ ਸ਼ਰਧਾਲੂ ਇਸ ਪਵਿੱਤਰ ਅਸਥਾਨ ਦੇ ਦਰਸ਼ਨ ਕਰਨ ਆਉਂਦੇ ਹਨ। ਉਸਾਰੀ ਦਾ ਕੰਮ ਲੱਗਭੱਗ 1604 ਨੂੰ ਪੂਰਾ ਹੋਇਆ। ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹਰਿਮੰਦਰ ਵਿਖੇ ਕੀਤਾ। ਬਾਬਾ ਬੁੱਢਾ ਜੀ ਨੂੰ ਪਹਿਲੇ ਗ੍ਰੰਥੀ ਹੋਣ ਦਾ ਸੁਭਾਗ ਪ੍ਰਾਪਤ ਹੋਇਆ। ਇਸਦੀ ਕਲਾਕ੍ਰਿਤੀ ਬਣਤਰ ਅਤੇ ਹੁਨਰ ਅਦੁੱਤੀ ਹੈ। ਜੋ ਵਿਸ਼ਵ ਪ੍ਰਸਿੱਧ ਮਿਸਾਲ ਹੈ। ਇਹ ਇਕ ਵਿਲੱਖਣ ਧਾਰਮਿਕ ਕੇਂਦਰ ਹੈ, ਜਿਹਨਾਂ ਨੇ ਵੀ ਇਸ ਧਾਰਮਿਕ ਸਥਾਨ ਦੇ ਦਰਸ਼ਨ ਕੀਤੇ ਹਨ, ਕਹਿ ਉੱਠਦੇ ਹਨ 'ਡਿਠੈ ਸਭੇ ਥਾਵ ਨਹੀਂ ਤੁਧ ਜੇਹਿਆ- ਅੰਗ 1362

ਅੰਮ੍ਰਿਤਸਰ ਦਾ ਪਹਿਲਾ ਨਾਂ 'ਚੱਕ ਗੁਰੂ ਰਾਮਦਾਸ ਅਤੇ ਸਰੋਵਰ ਦਾ ਨਾਂ ਅਮਰਸਰ ਸੀ' ਜਿਸਨੂੰ ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਨੇ ਅੰਮ੍ਰਿਤਸਰ ਕੀਤਾ। ਇੱਥੇ ਪਹਿਲਾਂ ਇਕ ਜਲ ਦੀ ਢਾਬ ਅਤੇ ਵਿਰਲਾ ਜੰਗਲ ਸੀ। ਇਸ ਰਮਣੀਕ ਸਥਾਨ ਨੂੰ ਵੇਖ ਕੇ ਗੁਰੂ ਨਾਨਕ ਦੇਵ ਜੀ ਨੇ ਰੱਬੀ ਬਾਣੀ ਦਾ ਮਨੋਹਰ ਕੀਰਤਨ ਕੀਤਾ। ਹੁਣ ਇਹ ਇਕ ਅਜਿਹਾ ਧਾਰਮਿਕ ਸਥਾਨ ਹੈ, ਜਿੱਥੇ ਅੱਠੇ ਪਹਿਰ ਗੁਰਬਾਣੀ ਕੀਰਤਨ ਦਾ ਪ੍ਰਵਾਹ ਚਲਦਾ ਹੈ।

ਸਮੇਂ ਦੀਆਂ ਹਕੂਮਤਾਂ ਨੇ ਸਿੱਖੀ ਦੀ ਵਧਦੀ ਹਰਮਨ ਪਿਆਰਤਾ ਨੂੰ ਢਾਹ ਲਾਉਣ ਦੀ ਹਮੇਸ਼ਾ ਤਾਕ ਰੱਖੀ। ਸਿੱਖੀ ਦੀ ਹਸਤੀ ਨੂੰ ਮਿਟਾਉਣ ਦੇ ਯਤਨਾਂ ਵਿਚ ਕਿ ਸਿੱਖਾਂ ਨੂੰ ਪ੍ਰੇਰਨਾ ਆਪਣੇ ਧਾਰਮਿਕ ਕੇਂਦਰ ਜੋ ਹਰਿਮੰਦਰ ਸਾਹਿਬ ਤੋਂ ਮਿਲਦੀ ਹੈ। ਮੁਗਲਾਂ ਦੀ ਸਾਜ਼ਿਸ਼ ਸੀ ਕਿ ਪਹਿਲਾਂ 1733 ਵਿਚ ਸਿੱਖਾਂ ਦੇ ਕਪੂਰ ਸਿੰਘ ਨੂੰ ਨਵਾਬੀ ਦਿੱਤੀ ਤੇ 1735 ਵਿਚ ਵਾਪਸ ਲੈ ਲਈ ਤਾਂ ਸਿੱਖਾਂ ਨੂੰ ਫਿਰ ਜੰਗਲਾਂ ਵਿਚ ਸ਼ਰਨ ਲੈਣੀ ਪਈ। ਭਾਈ ਮਨੀ ਸਿੰਘ ਜੀ 1737 ਵਿਚ ਸ਼ਹੀਦ ਕਰ ਦਿੱਤਾ। ਮੱਸੇ ਰੰਗੜ ਨੂੰ ਅੰਮ੍ਰਿਤਸਰ ਦਾ ਕਬਜ਼ਾ ਦੇ ਦਿੱਤਾ। ਉਸਨੇ ਸਰੋਵਰ ਦੀ ਪਵਿੱਤਰਤਾ ਭੰਗ ਕਰਦਿਆਂ ਸਰੋਵਰ ਹੀ ਪੂਰ ਦਿੱਤਾ। ਤੇ ਹਰਿਮੰਦਰ ਨੂੰ ਆਪਣੀ ਐਸ਼-ਗਾਹ ਬਣਾ ਲਿਆ। ਅਗਸਤ 11, 1740 ਨੂੰ ਮੀਰਾਂ ਕੋਟ ਦੇ ਭਾਈ ਮਹਿਤਾਬ ਸਿੰਘ ਤੇ ਮਾੜੀ ਕੰਬੋਕੀ ਦੇ ਭਾਈ ਸੁੱਖਾ ਸਿੰਘ ਨੇ ਮੱਸੇ ਰੰਗੜ ਦਾ ਸਿਰ ਜਾ ਵੱਢਿਆ। ਜਦ ਅੰਮ੍ਰਿਤਸਰ ਦਾ ਇਲਾਵਾ ਭੰਗੀ ਮਿਸਲ ਦੇ ਸਰਦਾਰ ਹਰੀ ਸਿੰਘ ਕੋਲ ਸੀ ਤਾਂ 1762 ਦੇ ਛੇਵੇਂ ਅਫ਼ਗਾਨ ਹਮਲੇ ਵੇਲੇ ਅਹਿਮਦਸ਼ਾਹ ਦੁਰਾਨੀ ਨੇ ਹਰਿਮੰਦਰ ਸਾਹਿਬ ਨੂੰ ਬਰੂਦ ਨਾਲ ਉਡਾ ਦਿੱਤਾ। ਦਸੰਬਰ 1764 ਨੂੰ ਸੱਤਵੇਂ ਹਮਲੇ ਦਾ ਟਾਕਰਾ ਕਰਦਿਆਂ ਸ. ਗੁਰਬਖਸ਼ ਸਿੰਘ ਤੇ 30 ਸਿੰਘ ਸ਼ਹੀਦ ਹੋਏ। ਸਿੰਘਾਂ ਨੇ ਪੈਸਾ ਇਕੱਠਾ ਕਰਕੇ ਹਰਿਮੰਦਰ ਸਾਹਿਬ ਫਿਰ ਉਸਾਰ ਲਿਆ।

ਗੁਰੂ ਰਾਮਦਾਸ ਜੀ ਨੇ ਆਪਣੇ 6 ਸਾਲ ਦੇ ਗੁਰੂ ਕਾਲ ਵਿਚ ਦਿਨ ਰਾਤ ਇਕ ਕਰਕੇ ਇਸ ਪਵਿੱਤਰ ਅਸਥਾਨ ਨੂੰ ਵਿਕਸਤ ਕੀਤਾ। ਗੁਰੂ ਹਰਿਗੋਬਿੰਦ ਜੀ ਨੇ ਅਕਾਲ ਤਖਤ ਸਾਹਿਬ ਅਤੇ ਲੋਹਗੜ੍ਹ ਦੀ ਸਥਾਪਨਾ ਕਰਕੇ ਇਸਨੂੰ ਹੋਰ ਵਿਸ਼ਾਲ ਅਤੇ ਆਜ਼ਾਦ ਬਣਾ ਦਿੱਤਾ। ਗੁਰੂ ਰਾਮਦਾਸ ਜੀ ਨੇ ਅੰਮ੍ਰਿਤਸਰ ਦੀ ਰੌਣਕ ਵਧਾਉਣ ਲਈ ਦੂਰ-ਦੂਰ ਤੋਂ ਵੱਖ ਵੱਖ ਧੰਦਿਆਂ ਦੇ ਮਾਹਿਰ ਕਾਰੀਗਰਾਂ ਨੂੰ ਵਸਾਇਆ ਗਿਆ। ਜਿਸ ਨਾਲ ਇਹ ਇਕ ਅਜਿਹਾ ਸ਼ਹਿਰ ਬਣ ਗਿਆ ਕਿ ਇਸਦੀ ਸ਼ੋਭਾ ਦੇਸ਼ਾਂ-ਵਿਦੇਸ਼ਾਂ ਵਿਚ ਹੋਣ ਲੱਗੀ। ਇੱਥੇ 52 ਕਿਸਮ ਦੇ ਧੰਦਿਆਂ ਦੇ ਕਾਰੀਗਰ ਆਣ ਵੱਸੇ। ਦਰਸ਼ਕਾਂ ਦਾ ਇਸ ਸ਼ਾਂਤ ਵਾਤਾਵਰਣ ਵਿਚ ਆਉਣਾ ਜਾਣਾ ਹੋ ਗਿਆ। ਜਿਸ ਨਾਲ ਵਪਾਰ ਵਿਚ ਵਾਧਾ ਹੋਇਆ। ਗੁਰੂ ਰਾਮਦਾਸ ਜੀ, ਗੁਰੂ ਅਰਜਨ ਦੇਵ ਜੀ ਨੂੰ ਸੇਵਾ ਸੌਂਪ ਕੇ ਆਪ ਸਤੰਬਰ 1, 1581 ਨੂੰ ਗੋਇੰਦਵਾਲ ਜਾ ਕੇ ਜੋਤੀ ਜੋਤ ਸਮਾ ਗਏ।

ਇਸ ਮਹਾਨ ਸਿੱਖਾਂ ਦੇ ਧਾਰਮਿਕ ਕੇਂਦਰ ਨੂੰ ਸਥਾਪਤ ਕਰਨ ਸਮੇਂ ਗੁਰੂ ਸਾਹਿਬਾਨ ਨੇ ਭੂਗੋਲਿਕ ਤੌਰ ਤੇ ਪੰਜਾਬ ਦਾ ਕੇਂਦਰੀ ਇਲਾਕਾ ਚੁਣਿਆ। ਜੋ ਹੁਣ ਜਰਨੈਲੀ ਸੜਕ 'ਤੇ ਹੈ। ਪਹਿਲੇ ਸਮਿਆਂ ਵਿਚ ਕਦੀ ਸੜਕ ਤਰਨਤਾਰਨ ਤੋਂ ਗੋਇੰਦਵਾਲ ਹੋ ਕੇ ਲੰਘਦੀ ਸੀ। ਇੱਥੋਂ ਲੰਘ ਕੇ ਵਿਦੇਸ਼ੀ ਹਮਲਾਵਰ ਭਾਰਤ ਦੀ ਰਾਜਧਾਨੀ ਦਿੱਲੀ ਜਾ ਧਾਵਾ ਬੋਲਦੇ ਸਨ। ਗੁਰੂ ਸਾਹਿਬਾਨ ਨੇ ਰੱਖਿਆ ਲਈ ਇਸ ਮਾਰਗ ਤੇ ਵਿਦੇਸ਼ੀ ਹਮਲਾਵਰਾਂ ਦਾ ਟਾਕਰਾ ਕਰਨ ਲਈ ਅਸਥਾਨ ਬਣਾਉਣਾ ਚਾਹੁੰਦੇ ਸਨ। ਧਾਰਮਿਕ ਸੁਤੰਤਰਤਾ ਕਾਇਮ ਰੱਖਣ ਲਈ ਤਰਨਤਾਰਨ ਖਡੂਰ ਸਾਹਿਬ ਗੋਇੰਦਵਾਲ ਅਤੇ ਕਰਤਾਰਪੁਰ ਨਗਰ ਵਸਾਏ। ਇਸੇ ਕਰਕੇ ਹੀ ਤਾਂ ਸਿੰਘਾਂ ਨੇ ਸਿਕੰਦਰ ਦੀਆਂ ਫੌਜਾਂ ਅਤੇ ਅਹਿਮਦਸ਼ਾਹ ਅਬਦਾਲੀ ਦੀਆਂ ਫੌਜਾਂ ਦਾ ਮੁਕਾਬਲਾ ਕਰਕੇ ਆਪਣੀ ਬਹਾਦਰੀ ਦਾ ਸਬੂਤ ਦਿੱਤਾ। ਭਗਤੀ ਅਤੇ ਸ਼ਕਤੀ ਨੇ ਸਿੰਘਾਂ 'ਚੋਂ ਮੌਤ ਦਾ ਡਰ ਹੀ ਉਡਾ ਦਿੱਤਾ। ਸ. ਹਰੀ ਸਿੰਘ ਨਲੂਆ ਅਤੇ ਅਕਾਲੀ ਫੂਲਾ ਸਿੰਘ, ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ, ਬਾਬਾ ਦੀਪ ਸਿੰਘ ਜਿਹੇ ਬਹਾਦਰਾਂ ਨੇ ਜਾਲਮ ਦੇ ਮੂੰਹ ਮੋੜ ਦਿੱਤੇ। ਇਸ ਰੂਹਾਨੀ ਸ਼ਕਤੀ ਦੀ ਪ੍ਰੇਰਨਾ ਗੁਰਬਾਣੀ ਪ੍ਰਵਾਹ ਤੇ ਹਰਿਮੰਦਰ ਅੰਮ੍ਰਿਤਸਰ ਤੋਂ ਮਿਲੀ ਹੈ, ਜਿਸ ਵਿਚ ਬੱਚੇ-ਬੁੱਢੇ, ਔਰਤਾਂ-ਮਰਦਾਂ ਨੇ ਧਰਮ ਯੁੱਧ ਲਈ ਕੁਰਬਾਨੀਆਂ ਦਿੱਤੀਆਂ ਅਤੇ ਗਾਉਂਦੇ ਰਹੇ- ਸਿਰ ਜਾਏ ਤਾਂ ਜਾਏ ਮੇਰੀ ਸਿਖੀ ਸਿਦਕ ਨਾ ਜਾਏ।

ਅਫਗਾਨੀ, ਮੁਗਲਾਂ ਤੇ ਅੰਗਰੇਜ਼ਾਂ ਨੇ ਸਮੇਂ-ਸਮੇਂ ਅੰਮ੍ਰਿਤਸਰ 'ਤੇ ਕਈ ਵਾਰ ਹਮਲੇ ਕੀਤੇ। ਇਸਦੀ ਇਮਾਰਤ ਨੂੰ ਨਸ਼ਟ ਕੀਤਾ। ਹਰ ਵਾਰੀ ਇਸਨੂੰ ਮੁਕਤ ਕਰਾਉਣ ਲਈ ਅਤੇ ਇਸਦੀ ਪਵਿੱਤਰਤਾ ਨੂੰ ਬਹਾਲ ਕਰਨ ਲਈ ਸਿੰਘਾਂ ਨੇ ਸ਼ਹੀਦੀਆਂ ਦਿੱਤੀਆਂ। ਕਈ ਘੱਲੂਘਾਰੇ ਸਹੇੜਨੇ ਪਏ, ਜਿਹਨਾਂ ਵਿਚ ਸਿੰਘਾਂ ਨੂੰ ਤਸ਼ੱਦਦ ਸਹਿਣੇ ਪਏ। ਪਰ ਸਿੰਘਾਂ ਨੇ ਹਮੇਸ਼ਾ ਡੱਟ ਕੇ ਮੁਕਾਬਲਾ ਕੀਤਾ। ਅਸਾਵੀਆਂ ਜੰਗਾਂ ਤੇ ਜਿੱਤਾਂ ਪ੍ਰਾਪਤ ਕੀਤੀਆਂ। ਅੰਤ 1925 ਵਿਚ ਗੁਰਦੁਆਰਾ ਐਕਟ ਬਣਨ ਤੇ ਗੁਰਦੁਆਰਿਆਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅੰਮ੍ਰਿਤਸਰ ਨੂੰ ਸੌਂਪ ਦਿੱਤਾ ਗਿਆ। ਜੂਨ 1984 ਵਿਚ ਭਾਰਤੀ ਫੌਜ ਨੇ 'ਨੀਲਾ ਤਾਰਾ' ਸਾਕਾ ਹੇਠ ਇਸ 'ਤੇ ਹਮਲਾ ਕੀਤਾ। ਇਮਾਰਤੀ ਨੁਕਸਾਨ, ਸਿੱਖ ਸਾਹਿਤ ਅਤੇ ਹਜ਼ਾਰਾਂ ਸ਼ਰਧਾਲੂ ਸ਼ਹੀਦ ਹੋਏ। ਵੈਰੀਆਂ ਦੀਆਂ ਲੱਖਾਂ ਕੋਝੀਆਂ ਹਰਕਤਾਂ ਅਤੇ ਫਰੇਬੀ ਚਾਲਾਂ ਨੇ ਸਿੱਖਾ ਨਾਲ ਟੱਕਰ ਲਈ ਪਰ ਸਿੱਖੀ ਦੇ ਗੁਰਧਾਮ ਵੱਸਦੇ ਰਹੇ।

ਝੂਲਤੇ ਨਿਸ਼ਾਨ ਰਹੇ ਗੁਰੂ ਮਹਾਰਾਜ ਕੇ- ਨਿੱਤ ਮੁਹਿੰਮਾਂ ਨੂੰ ਝੱਲਦੇ ਸਿੱਖ ਆਪਣੇ ਧਰਮ ਦੀ ਨਿਸ਼ਠਾ ਵਿਚ ਚੜ੍ਹਦੀ ਕਲਾ ਵਿਚ ਰਹੇ ਅਤੇ ਦੇਸ਼ਾਂ-ਵਿਦੇਸ਼ਾਂ ਵਿਚ ਗੁਰਦੁਆਰਾ ਸਥਾਪਤ ਕਰਕੇ ਉਨਤੀ ਕਰ ਰਹੇ ਹਨ। ਜਿਸ ਨਾਲ ਸਿੱਖਾਂ ਨੇ ਸੰਸਾਰ ਦੇ ਪ੍ਰਮੁੱਖ ਧਰਮਾਂ ਵਿਚ ਆਪਣੀ ਪਹਿਚਾਣ ਬਣਾ ਲਈ ਹੈ। ਗੁਰਦੁਆਰਾ ਗਿਆਨ ਦਾ ਕੇਂਦਰ ਹੈ ਧਰਮ ਤੇ ਸਮਾਜ ਦੀ ਉਸਾਰੀ ਦਾ ਕੇਂਦਰ ਹੈ। ਗੁਰਬਾਣੀ ਦਾ ਚਾਨਣ ਸਾਨੂੰ ਜੀਵਨ ਸੋਝੀ ਜੀਵਨ ਜਾਚ ਪ੍ਰਦਾਨ ਕਰਦਾ ਹੈ। ਗੁਰਦੁਆਰਿਆਂ ਰਾਹੀਂ ਗੁਰਬਾਣੀ ਨਾਲ ਜੁੜ ਕੇ ਸੋਝੀ ਪ੍ਰਾਪਤ ਹੁੰਦੀ ਹੈ।

# ਇਤਿਹਾਸਿਕ ਇਮਾਰਤਾਂ ਦੇ ਮਾਡਲਾਂ ਦਾ ਰਚੇਤਾ ਅਤੇ ਬਹੁ-ਪੱਖੀ ਕਲਾਕਾਰ ਸੁਖਵਿੰਦਰ ਮੁਲਤਾਨੀਆਂ

ਬਹੁਤ ਘੱਟ ਦੇਖਣ ਵਿਚ ਆਉਂਦਾ ਹੈ ਕਿ ਸਾਡੇ ਸਮਾਜ ਦੀ ਨੌਜਵਾਨ ਪ੍ਰੀੜੀ ਨੂੰ ਆਪਣੇ ਪੁਰਾਤਨ ਵਿਰਸੇ ਜਾਂ ਪੁਰਾਤਨ ਚੀਜ਼ਾਂ ਦਾ ਗਿਆਨ ਹੋਵੇ। ਹੁਣ ਤੋ ਪੰਜਾਹ ਸੱਠ ਸਾਲ ਪਹਿਲਾਂ ਦੀਆ ਘਰਾਂ ਵਿਚਲੀਆਂ ਵਰਤੋ ਵਿਚ ਆਉਣ ਵਾਲੀਆਂ ਚੀਜ਼ਾਂ ਹੁਣ ਦੀ ਨਵੀ ਨੌਜਵਾਨ ਪ੍ਰੀੜੀ ਨੇ ਨਹੀ ਦੇਖੀਆਂ।

ਆਪਣੇ ਵਿਰਸੇ ਤੋ ਹਟ ਕੇ, ਵਿਦੇਸ਼ੀ ਚੀਜ਼ਾਂ ਅਤੇ ਖਾਣਿਆਂ ਵੱਲ ਰੁਚੀ ਹੋਣਾਂ ਜਾਂ ਨਸ਼ਿਆਂ ਦੇ ਰੁਝਾਨ ਨੇ ਸਾਡੇ ਨੌਜਵਾਨ ਤਬਕੇ ਨੂੰ ਕੁਰਾਹੇ ਪਾਇਆ ਹੋਂਣ ਕਰਕੇ ਚਿੰਤਾ ਦਾ ਵਿਸ਼ਾ ਬਣਦਾ ਜਾ ਰਿਹਾ ਏ।

ਅਜਿਹੇ ਮਾਹੌਲ ਵਿੱਚ ਪੰਜਾਬ ਦੀ ਨੌਜਵਾਨੀ ਨੂੰ ਆਪਣੇ ਵਿਰਸੇ ਨਾਲ ਜੋੜਨ ਦਾ ਕੰਮ ਕੁਝ ਕੁ ਸੰਵੇਦਨਸ਼ੀਲ, ਕਲਾਕਾਰ ਕਿਸਮ ਦੇ ਬੰਦੇ ਸੁਤੇ ਸਿੱਧ ਕਰ ਰਹੇ ਹਨ ਭਾਵੇ ਕਿ ਉਹ ਸੁਚੇਤ ਤੌਰ ਤੇ ਆਪਣੇ ਹੀ ਮਨ ਦੀ ਖੁਸ਼ੀ ਲਈ ਕਰ ਰਹੇ ਹੋਂਣ ਪਰ ਹੁਣ ਦੇ ਨੌਜਵਾਨ ਮੁੰਡੇ-ਕੁੜੀਆਂ ਪ੍ਰਤੱਖ ਰੂਪ ਵਿੱਚ ਪੁਰਾਤਨ ਚੀਜ਼ਾਂ ਅਤੇ ਕਲਾਕ੍ਰਿਤਾਂ ਨੂੰ ਦੇਖ ਕੇ ਆਪਣੇ ਵਿਰਸੇ ਨਾਲ ਜੁੜ ਸਕਦੇ ਹਨ ਅਜਿਹੇ ਨਿਵੇਕਲੇ ਤੇ ਵਿਰਲੇ ਬੰਦਿਆਂ ਵਿੱਚੋਂ ਮੈਂ ਅੱਜ ਤੁਹਾਡਾ ਤੁਆਰੁਫ ਇੱਕ ਬਹੁ-ਪੱਖੀ ਕਲਾਕਾਰ ਨਾਲ ਕਰਵਾ ਰਿਹਾ ਹਾਂ ਜਿਸਦਾ ਨਾਮ ਸੁਖਵਿੰਦਰ ਸਿੰਘ ਹੈ। ਬਠਿੰਡਾ ਸ਼ਹਿਰ ਦੇ ਬਿਲਕੁਲ ਨਾਲ ਮੁਲਤਾਨੀਆਂ ਪਿੰਡ ਵਿੱਚ ਰਹਿਣ ਵਾਲੇ ਇਸ ਕਲਾਕਾਰ ਦਾ ਰੋਜ਼ੀ ਰੋਟੀ ਦਾ ਸਾਧਨ ਭਾਵੇਂ ਸਿਖਿੱਆ ਵਿਭਾਗ ਵਿੱਚ ਸਕੂਲ ਅਧਿਆਪਿਕ ਦਾ ਹੈ ਪਰ ਨੌਕਰੀ ਤੋਂ ਬਾਦ ਬਾਕੀ ਦਾ ਸਾਰਾ ਸਮਾ ਕਲਾਕ੍ਰਿਤਾਂ ਨੂੰ ਰੂਪਮਾਨ ਕਰਨ ਵਿਚ ਲਾ ਦਿੰਦਾ ਹੈ। ਇਹ ਸਾਧਨਾਂ ਉਹ ਆਪਣੀ ਲਗਨ ਅਤੇ ਬਿਨਾਂ ਕਿਸੇ ਲਾਲਚ ਜਾਂ ਕਮਾਈ ਤੋਂ ਸਿਰਫ ਆਪਣੀ ਮਨ ਦੀ ਖੁਸ਼ੀ ਲਈ ਕਰ ਰਿਹਾ ਹੈ।

1971 ਵਿੱਚ ਪਿਤਾ ਸ਼੍ਰੀ ਮਾਤਾ ਰਾਮ ਦੇ ਘਰ ਪੈਦਾ ਹੋਏ ਸੁਖਵਿੰਦਰ ਸਿੰਘ ਨੇ ., ਤੱਕ ਦੀ ਪੜ੍ਹਾਈ, ਕੁਰੂਕਸ਼ੇਤਰ ਯੂਨੀਵਰਸਿਟੀ ਤੋਂ ਕੀਤੀ। ਬਚਪਨ ਵਿੱਚ ਪ੍ਰਾਈਮਰੀ ਟੀਚਰ ਮਹਿੰਦਰ ਸਿੰਘ ਨਰੂਆਣਾਂ ਨੇ ਕਲਮ ਦਵਾਤ ਨਾਲ ਲਿਖਣ ਸਿਖਾਇਆ। ਫੇਰ ਛੇਵੀਂ ਜਮਾਤ ਵਿੱਚ ਆਉਣ ਸਾਰ ਮਾ: ਸੁਰਿੰਦਰ ਸਿੰਘ ਨੇ ਰੰਗਾਂ ਤੇ ਬੁਰਸ਼ ਨਾਲ, ਸਕੂਲ ਵਿੱਚ ਕਲਾਸਾਂ ਤੇ ਨੰਬਰ ਤੇ ਦਾਨੀ ਪੁਰਸ਼ਾਂ ਦੇ ਨਾਂਮ ਲਿਖਵਾਏ ਜਿਸ ਕਰਕੇ ਲਿਖਣ ਦਾ ਹੁਨਰ ਸਿੱਖਿਆ ਤੇ ਬਾਕੀ ਦਾ ਸਾਰਾ ਕੰਮ ਖੁਦ ਹੀ ਆਪਣੀ ਲਗਨ ਸਦਕਾ ਸਿੱਖ ਲਿਆ। ਘਰ ਵਿੱਚ ਵੱਡਾ ਭਰਾ ਪੇਟਿੰਗ ਤੇ ਕੰਮ ਦਾ ਮਾਹਰ ਹੋਂਣ ਕਰਕੇ ਪੇਟਿੰਗ ਤੇ ਤਸਵੀਰਾਂ ਬਣਾਉਣ ਦਾ ਕੰਮ ਦੇਖ-ਦੇਖ ਕੇ ਹੀ ਸਿੱਖ ਲਿਆ।

ਸੁਖਵਿੰਦਰ ਸਿੰਘ ਨੇ ਹੁਣ ਤੱਕ ਪੰਜਾਬੀ ਸਭਿਆਚਾਰ ਨੂੰ ਦਰਸਾਉਂਦੀਆਂ ਬਹੁਤ ਸਾਰੀਆਂ ਪੇਟਿੰਗ ਬਣਾਈਆ ਹਨ ਅਤੇ ਬਠਿੰਡਾ ਸ਼ਹਿਰ ਦੀਆ ਵਿਰਾਸਤੀ ਥਾਵਾਂ ਦੀਆ ਤਸਵੀਰਾਂ ਜਿਵੇਂ- ਬਠਿੰਡੇ ਦਾ ਕਿਲ੍ਹਾ, ਬਿਜਲੀ ਤਾਪ ਘਰ ਦੀਆਂ ਤਸਵੀਰਾਂ ਵੀ ਬਣਾ ਲਈਆਂ ਹਨ।



ਇਹ ਸਾਰੀਆਂ ਤਸਵੀਰਾਂ ਆਇਲ ਕਲਰ ਵਿੱਚ ਬਣੀਆਂ ਹੋਈਆਂ ਹਨ।

2001 ਵਿੱਚ ਵਿਆਹ ਹੋਂਣ ਤੋਂ ਬਾਦ ਘਰ ਵਿੱਚ ਸ਼ਟਰਿੰਗ ਤੇ ਲੱਕੜ ਦਾ ਪਿਤਾ ਦਾ ਕਾਰੋਬਾਰ ਹੋਂਣ ਕਰਕੇ ਆਪਣੇ ਪਿਤਾ ਨਾਲ ਉਸ ਕੰਮ ਵਿੱਚ ਸਹਿਯੋਗ ਦੇਣ ਦੇ ਨਾਲ ਨਾਲ ਆਪਣੀ ਸੁਪਤਨੀ ਬਲਵਿੰਦਰ ਕੋਰ ਨਾਲ ਮਿਲ ਕੇ ਘਰ ਸਜ-ਾਉਂਣ ਦੀ ਇੱਛਾ ਨਾਲ ਗਮਲੇ ਬਣਾਏ ਤੇ ਵੱਖ-ਵੱਖ ਡਿਜ਼ਾਇਨ ਦੇ ਗਮਲੇ ਬਣਾ ਕੇ ਘਰ ਨੂੰ ਸਜਾਇਆ। ਸੁਖਵਿੰਦਰ ਸਿੰਘ ਨੂੰ ਗਮਲੇ ਬਣਾਉਂਦਿਆਂ ਬਠਿੰਡਾ ਦੇ ਕਿਲ੍ਹੇ ਦਾ ਮਾਡਲ ਬਨਾਉਣ ਦਾ ਫੁਰਨਾ ਫੁਰਿਆ ਤੇ ਮਾਡਲ ਬਨਾਉਣਾਂ ਸ਼ੁਰੂ ਕਰ ਦਿੱਤਾ ਅਣਥੱਕ ਮਿਹਨਤ ਨਾਲ ਚਾਰ ਮਹੀਨਿਆਂ ਵਿਚ ਪੂਰਾ ਹੋਇਆ।

ਕਿਲ੍ਹੇ ਦਾ ਮਾਡਲ ਬਨਾਉਣ ਲਈ ਸੋਚਣ ਵਿੱਚ ਅਤੇ ਕਿਲੇ ਦੀ ਸਾਰੀ ਇਮਾਰਤ ਦਾ ਅੰਦਰੋ ਬਾਹਰੋਂ, ਚਾਰ ਚੁਫੇਰਿਓਂ ਬਰੀਕੀ ਨਾਲ ਅਧਿਐਨ ਕਰਨ ਵਿੱਚ ਦਸ ਸਾਲ ਦਾ ਸਮਾਂ ਲੱਗ ਗਿਆ ਫਿਰ 2014 ਵਿੱਚ ਜਦੋਂ ਸ਼ੁਰੂ ਕੀਤਾ ਤਾਂ ਹਰ ਰੋਜ 15-15 ਘੰਟੇ ਲਗਾਤਾਰ ਕੰਮ ਕੀਤਾ। ਚਾਰ ਮਹੀਨਿਆਂ ਵਿੱਚ ਲਾਖ ਅਤੇ ਐਮ ਸੀਲ ਨਾਲ ਕਿਲ੍ਹੇ ਦਾ ਮਾਡਲ ਤਿਆਰ ਹੋ ਗਿਆ ਜੋ ਅੱਜ ਤੱਕ ਇਸ ਕਿਲ੍ਹੇ ਦਾ ਮਾਡਲ ਹੋਰ ਕਿਸੇ ਨੇ ਨਹੀ ਬਣਾਇਆ। ਸੁਖਵਿੰਦਰ ਸਿੰਘ ਨੇ ਦੱਸਿਆ ਕਿ ਇਹ ਮਾਡਲ ਤਿਆਰ ਕਰਨ ਵਿੱਚ ਦਿ-ਹਾੜੀਆਂ ਅਤੇ ਕੁੱਲ ਸਮੱਗਰੀ ਦਾ ਖਰਚਾ ਮਿਲਾਕੇ ਇੱਕ ਲੱਖ ਦੇ ਕਰੀਬ ਹੋਇਆ ਜੋ ਉਸਨੇ ਆਪਣੇ ਘਰੋਂ ਹੀ ਕੀਤਾ। ਇਸ ਤੋਂ ਇਲਾਵਾ ਉਹ ਇੱਕ ਤੋਪ ਦਾ ਮਾਡਲ ਵੀ ਬਣਾ ਰਿਹਾ ਹੈ।

ਸੁਖਵਿੰਦਰ ਸਿੰਘ ਨੇ ਲੱਕੜ ਦੀ ਨਕਾਸ਼ੀ ਕਰਕੇ ਵੀ ਕਈ ਪੰਛੀਆਂ ਦੇ ਮਾਡਲ ਤਿਆਰ ਕੀਤੇ ਹਨ ਜਿਹਨਾਂ ਵਿਚੋ ਉਹਨਾਂ ਦੀ ਸ਼ਰੀਰਕ ਲੈਅ ਬਿਲਕੁਲ ਉਵੇਂ ਜਿਵੇਂ ਪ੍ਰਤੀਤ ਹੁੰਦੀ ਹੈ। ਪੰਜਾਬੀ ਸਭਿਆਚਾਰ ਨਾਲ ਸੰਬੰਧਿਤ ਬਹੁਤ ਸਾਰੀਆਂ ਪੁਰਾਣੀਆਂ ਵਸਤਾਂ ਜਿਵੇਂ- ਲੈਂਪ, ਲਾਲਟੈਨ, ਜੱਗ, ਕੇਤਲੀਆਂ, ਸੁਰਾਹੀਆਂ, ਗਾਗਰਾਂ ਅਤੇ ਆਪਣੇ ਹੱਥਾਂ ਦੇ ਬਣੇ ਖੂੰਡੇ ਇੱਕਠੇ ਕਰਕੇ ਰੱਖੇ ਹੋਏ ਹਨ।

ਪੈਰਿਸ ਦਾ ਟਾਵਰ, ਹਰਮੰਦਿਰ ਸਾਹਿਬ ਅਤੇ ਤਾਜ ਮਹਿਲ ਦੇ ਖੂਬਸੂਰਤ ਮਾਡਲ ਬਣਾ ਕੇ ਘਰ ਵਿੱਚ ਰੱਖੇ ਹੋਏ ਹਨ। ਇਹ ਸਾਰਾ ਸਾਮਾਨ ਰੱਖਣ, ਸੰਭਾਲਣ ਲਈ ਘਰ ਦੇ ਦੋ ਕਮਰੇ ਇਹਨਾਂ ਵਿਰਾਸਤੀ ਚੀਜਾਂ ਲਈ ਹੀ ਸਮਰਪਿਤ ਕੀਤੇ ਹੋਏ ਹਨ।



ਮਨਜੀਤ ਸਿੰਘ ਜੀਤ
91-95016-15511

ਇਹਨਾਂ ਸਾਰੀਆਂ ਚੀਜਾਂ ਨੂੰ ਲੱਭ ਕੇ ਇਕੱਠੀਆਂ ਕਰਨ ਅਤੇ ਤਿਆਰ ਕਰਨ ਵਿੱਚ ਸੁਖਵਿੰਦਰ ਸਿੰਘ ਦੀ ਸੁਪਤਨੀ ਦਾ ਵੀ ਵਿਸ਼ੇਸ਼ ਯੋਗਦਾਨ ਹੈ।

ਸੁਖਵਿੰਦਰ ਸਿੰਘ ਸਕੂਲਾਂ ਵਿੱਚ, ਬੱਚਿਆਂ ਦੀ ਹਾਜ਼ਰੀ ਵਿੱਚ ਵੀ ਮਾਡਲ ਤਿਆਰ ਕਰਦਾ ਹੈ ਅਤੇ ਸਾਇੰਸ ਮੇਲਿਆਂ ਵਿੱਚ ਇਹਨਾਂ ਦੀ ਪਰਦਰਸ਼ਨੀ ਲਾਈ ਜਾਂਦੀ ਹੈ। ਵਿਰਾਸਤੀ ਮੇਲੇ ਵਿਚ ਅਤੇ ਘਰ ਆ ਕੇ ਬਹੁਤ ਲੋਕਾਂ ਨੇ ਸੁਖਵਿੰਦਰ ਸਿੰਘ ਦੇ ਕੰਮ ਅਤੇ ਕਲਾ ਦੀ ਸ਼ਲਾਘਾ ਕੀਤੀ ਹੈ।

ਸੁਖਵਿੰਦਰ ਸਿੰਘ ਵਰਗੇ ਕਲਾਕਾਰ ਸੁਤੇ ਸਿੱਧ ਸਾਨੂੰ ਆਪਣੇ ਪਿਛੋਕੜ ਅਤੇ ਵਿਰਸੇ ਨਾਲ ਜੋੜੀ ਰਖਦੇ ਹਨ। ਉਹ ਆਪਣੇ ਮਨ ਦੀ ਖੁਸ਼ੀ ਤਾਂ ਤਲਾਸ਼ਦੇ ਹਨ ਨਾਲੋ ਨਾਲ ਸਾਡੇ ਗਿਆਨ ਵਿੱਚ ਵੀ ਵਾਧਾ ਕਰਦੇ ਹਨ। ਅਜਿਹੇ ਵਿਰਲੇ ਬੰਦੇ ਹੀ ਹੁੰਦੇ ਹਨ ਜੋ ਨਿਰਲੇਪ ਰਹਿ ਕੇ ਆਪਣੀ ਮਿਹਨਤ ਅਤੇ ਲਗਨ ਨਾਲ ਸਾਡੇ ਵਿਰਸੇ ਦੀ ਸੰਭਾਲ ਕਰਦੇ ਹਨ।

ਸਮੇਂ ਦੀਆਂ ਸਰਕਾਰਾਂ, ਸਭਿਆਚਾਰਕ ਸੰਸਥਾਵਾਂ ਅਤੇ ਹੋਰ ਕਲੱਬਾਂ ਤੇ ਨੁਮਾਂਇਦਿਆਂ ਨੂੰ ਚਾਹੀਦਾ ਹੈ ਕਿ ਅਜਿਹੇ ਕਲਾਤਮਿਕ ਰੁਚੀ ਦੇ ਬੰਦਿਆਂ ਨੂੰ ਵਿਸ਼ੇਸ਼ ਤੌਰ ਤੇ ਸਨਮਾਨਿਤ ਕੀਤਾ ਜਾਵੇ ਅਤੇ ਆਰਥਿਕ ਸਹਾਇਤਾ ਕਰਕੇ ਇਹਨਾਂ ਦਾ ਮਾਣ ਵਧਾਇਆ ਜਾਵੇ। ਸੁਖਵਿੰਦਰ ਸਿੰਘ ਵੀ ਇਸ ਮਾਂਣ ਸਤਿਕਾਰ ਦਾ ਪੂਰਾ ਪੂਰਾ ਹੱਕਦਾਰ ਐ।

# ਸਾਂਈ ਮੀਆ ਮੀਰ ਦਰਬਾਰ, ਲਾਹੌਰ 'ਚ ਸ੍ਰੀ ਦਰਬਾਰ ਸਾਹਿਬ ਸਥਾਪਨਾ ਦਿਵਸ ਤੇ ਵਿਸ਼ੇਸ਼ ਸਮਾਗਮ










**ਲਾਹੌਰ–** ਗੁਰੂ ਅਰਜਨ ਦੇਵ ਜੀ ਵੱਲੋਂ ੧ ਮਾਘ ੧੫੯੮ ਨੂੰ ਸ੍ਰੀ ਹਰਿਮੰਦਰ ਸਾਹਿਬ ਦਾ ਨੀਂਹ ਪੱਥਰ ਹਜ਼ਰਤ ਸਾਈਂ ਮੀਆਂ ਮੀਰ ਕਾਦਰੀ ਵੱਲੋਂ ਰਖਵਾਏ ਜਾਣ ਦੇ ਦਿਹਾੜੇ ਨੂੰ ਸਾਈਂ ਮੀਆ ਮੀਰ ਮੁਅਈਨ-ਉਲ-ਇਸਲਾਮ ਦੇ ਦਰਬਾਰ ਲਾਹੌਰ ਵਿਖੇ 'ਵਿਸ਼ੇਸ਼ ਸਮਾਗਮ' ਦਰਬਾਰ ਦੇ ਗੱਦੀ ਨਸ਼ੀਨ ਸਾਈਂ ਅਲੀ ਰਜ਼ਾ ਕਾਦਰੀ ਅਤੇ ਦਰਬਾਰ ਕਮੇਟੀ ਵੱਲੋਂ ਰੱਖੇ ਗਏ। ਜਿਸ ਵਿਚ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਨਨਕਾਣਾ ਸਾਹਿਬ, ਲਾਹੌਰ ਦੀ ਸਿੱਖ ਮੁਸਲਿਮ ਸੰਗਤ ਤੋਂ ਇਲਾਵਾ ਵਿਸ਼ੇਸ਼ ਤੌਰ 'ਤੇ ਨਨਕਾਣਾ ਸਾਹਿਬ ਗੱਤਕਾ ਦਲ ਦੇ ਬੱਚਿਆਂ ਨੇ ਗੱਤਕੇ ਦੇ ਜੌਹਰ ਦਿਖਾਏ। ਇਸ ਮੌਕੇ 'ਤੇ ਗਿਆਨੀ ਜਨਮ ਸਿੰਘ ਵੱਲੋਂ ਸਿੱਖ ਧਰਮ ਦੇ ਕੇਂਦਰੀ ਅਸਥਾਨ ਸ੍ਰੀ ਹਰਿਮੰਦਰ ਸਾਹਿਬ ਦੇ ਸਥਾਪਨਾ ਪੁਰਬ ਦੀ ਮਹੱਤਤਾ ਬਾਰੇ ਆਪਣੇ ਵੀਚਾਰ ਸਾਂਝੇ ਕਰਦਿਆਂ ਕਿਹਾ ਕਿ ਇਸ ਦੀ ਸ਼ਾਨ ਅਤੇ ਮਹਾਨਤਾ ਪੰਜਾਬ ਦੀ ਧਰਤੀ 'ਤੇ ਲੱਗੀ ਹੋਈ ਰੱਬੀ ਮੋਹਰ ਹੈ। ਇਹ ਰੱਬੀ ਰੰਗ ਵਿਚ ਰੰਗੀਆਂ ਰੂਹਾਂ ਦਾ ਜਗਤ ਦਾ ਅਜੂਬਾ ਹੈ, ਜਿੱਥੇ ਕੀਰਤਨ ਅਤੇ ਪਾਠ ਦੇ ਅਖੰਡ ਪ੍ਰਵਾਹ, ਸੇਵਾ ਤੇ ਸਿਮਰਨ ਦਾ ਸੰਗਮ ਹੁੰਦਾ ਹੈ। ਸ੍ਰੀ ਹਰਿਮੰਦਰ ਸਾਹਿਬ ਸਿੱਖੀ ਮੁਸਲਿਮ ਭਾਈਚਾਰੇ ਦਾ ਰੌਸ਼ਨ ਮੀਨਾਰ ਹੈ। ਸ੍ਰ, ਰਮੇਸ਼ ਸਿੰਘ ਅਰੌੜਾ ਐਮ.ਪੀ.ਏ ਪੰਜਾਬ ਅਸੈਂਬਲੀ ਪਾਕਿਸਤਾਨ, ਸ੍ਰ, ਅਮੀਰ ਸਿੰਘ ਜਰਨਲ ਸਕੱਤਰ (ਪੀ.ਐਸ.ਜੀ.ਪੀ.ਸੀ), ਸ੍ਰ. ਬਿਸ਼ਨ ਸਿੰਘ ਸਾਬਕਾ ਪ੍ਰਧਾਨ (ਪੀ.ਐਸ.ਜੀ.ਪੀ.ਸੀ), ਗ੍ਰੰਥੀ ਭਾਈ ਦਇਆ ਸਿੰਘ, ਬਾਬਾ ਰਵੇਲ ਸਿੰਘ 'ਮਾਲ ਜੀ ਸਾਹਿਬ' ਵਾਲੇ, ਸ੍ਰ. ਚਰਨ ਸਿੰਘ ਗ੍ਰੰਥੀ ਗੁਰਦੁਆਰਾ ਮਾਲ ਜੀ ਸਾਹਿਬ, ਸ੍ਰ. ਸੁਖਬੀਰ ਸਿੰਘ ਗ੍ਰੰਥੀ ਗੁਰਦੁਆਰਾ ਬਾਲ ਲੀਲਾ ਸਾਹਿਬ, ਸ੍ਰ. ਸੰਤ ਸਿੰਘ ਗ੍ਰੰਥੀ ਗੁਰਦੁਆਰਾ ਪਾਤਸ਼ਾਹੀ ਛੇਂਵੀ, ਸ੍ਰ. ਹਰਭਜਨ ਸਿੰਘ ਗ੍ਰੰਥੀ ਗੁਰਦੁਆਰਾ ਪੱਟੀ ਸਾਹਿਬ, ਸ੍ਰ. ਸੇਵਾ ਸਿੰਘ ਵੱਲੋਂ ਸਾਂਝੇ ਤੌਰ 'ਤੇ ਪਾਕਿਸਤਾਨ ਦੀ ਸਮੂਹ ਸਿੱਖ ਸੰਗਤ ਵੱਲੋਂ ਫੁੱਲਾਂ ਦੀ ਦਰਬਾਰ ਵਿਖੇ ਚਾਦਰ ਚੜ੍ਹਾਈ ਗਈ ਅਤੇ ਸਾਈਂ ਅਲੀ ਰਜ਼ਾ ਕਾਦਰੀ ਵੱਲੋਂ ਸਰਬੱਤ ਦੇ ਭਲੇ ਲਈ ਦੁਆ ਕੀਤੀ ਗਈ।



ਵਿਸ਼ੇਸ਼ ਸਮਾਗਮ ਦੇ ਮੌਕੇ 'ਤੇ ਬੋਲਦਿਆਂ ਸ੍ਰ. ਰਮੇਸ਼ ਸਿੰਘ ਅਰੌੜਾ ਨੇ ਕਿਹਾ ਕਿ ਅੱਜ ਸਾਈਂ ਮੀਆਂ ਮੀਰ ਜੀ ਦੇ ਦਰਬਾਰ 'ਚ ਸਿੱਖਾਂ ਅਤੇ ਮੁਸਲਮਾਨਾਂ ਵੱਲੋਂ ਸਾਂਝੇ ਤੌਰ 'ਤੇ ਗੁਰੂ ਅਰਜਨ ਦੇਵ ਜੀ ਅਤੇ ਹਜ਼ਰਤ ਸਾਈਂ ਮੀਆਂ ਮੀਰ ਜੀ ਵੱਲੋਂ ਜੋ ਦੋ ਧਰਮਾਂ ਦੇ ਪਿਆਰ ਦੀ ਸਾਂਝ ਦੀ ਨੀਂਹ ਰੱਖੀ ਗਈ ਸੀ ਉਸ ਨੂੰ ਸਾਂਝੇ ਤੌਰ 'ਤੇ ਮਨਾ ਕੇ ਅਸੀਂ ਦੁਨੀਆਂ ਨੂੰ ਦੱਸਣਾ ਚਾਹੁੰਦੇ ਹਾਂ ਕਿ ਅੱਜ ਵੀ ਪਾਕਿਸਤਾਨ ਵਿਚ ਘੱਟ ਗਿਣਤੀਆਂ ਨੂੰ ਵੱਧ ਅਧਿਕਾਰ ਹੀ ਨਹੀਂ ਦਿੱਤੇ ਜਾਂਦੇ ਹਨ ਬਲਕਿ ਰਿਆਸਤੇ ਪਾਕਿਸਤਾਨ ਹਮੇਸ਼ਾਂ ਘੱਟਗਿਣਤੀਆਂ ਦੇ ਧਾਰਮਿਕ/ਸਮਾਜਿਕ/ਆਰਥਿਕ ਪੱਖੋਂ ਵੀ ਵੱਧ ਧਿਆਨ ਰੱਖਦੀ ਹੈ। ਲੇਕਿਨ ਪਤਾ ਨਹੀਂ ਕੁਝ ਤਾਕਤਾਂ ਪਾਸੋਂ ਇਹ ਸਭ ਕੁਝ ਬਰਦਾਸ਼ਤ ਕਿਉਂ ਨਹੀਂ ਹੁੰਦਾ ਅਤੇ ਇਸ ਲਈ ਉਹ ਪਾਕਿਸਤਾਨ ਦੇ ਖਿਲਾਫ਼ ਨਕਾਰਾਤਮਕ ਪ੍ਰਚਾਰ ਕਰਦੀਆਂ ਰ- ਹੰਦੀਆਂ ਹਨ। ਖਾਸ ਤੌਰ 'ਤੇ ਗੋਦੀ ਮੀਡੀਆ। ਉਨ੍ਹਾਂ ਕਿਹਾ ਲੇਕਿਨ ਦੁਨੀਆ ਅੱਜ ਸਮਝਦਾਰ ਹੋ ਗਈ ਹੈ ਅਤੇ ਦੇਖ ਰਹੀ ਹੈ ਕਿ ਕਿਵੇਂ ਪਾਕਿਸਤਾਨ ਦੀ ਸਰਕਾਰ ਨੇ ਕਰਤਾਰਪੁਰ ਸਾਹਿਬ ਦਾ ਲਾਂਘਾ ਖੋਲ੍ਹ ਕੇ ਕਿੱਡਾ ਵੱਡਾ ਕਦਮ ਚੁੱਕਿਆ ਜਿਹੜਾ ਸਿੱਖ ਅਤੇ ਮੁਸਲਮਾਨ ਦੋਹਾਂ ਕੌਮਾਂ ਦੇ ਵਿਸ਼ਵਾਸ਼, ਏਕਤਾ ਅਤੇ ਸਾਂਝ ਦਾ ਪ੍ਰਤੀਕ ਹੈ। ਹਿੰਦੁਸਤਾਨ ਦੀ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਸਿਆਸਤ ਨੂੰ ਇਕ ਪਾਸੇ ਰੱਖ ਕੇ ਛੇਤੀ ਤੋਂ ਛੇਤੀ ਇਸ ਨੂੰ ਖੋਲ੍ਹੇ। ਸ੍ਰ, ਅਮੀਰ ਸਿੰਘ ਜਰਨਲ ਸਕੱਤਰ ਹੋਣਾ ਇਸ ਮੌਕੇ 'ਤੇ ਆਪਣੇ ਵੀਚਾਰ ਰੱਖਦਿਆਂ ਕਿਹਾ ਕਿ ਅੱਜ ਦੇ ਦਿਨ ਹਜ਼ਰਤ ਸਾਈਂ ਮੀਆਂ ਮੀਰ ਜੀ ਦੇ ਦਰਬਾਰ ਸ੍ਰੀ ਹਰਿਮੰਦਰ ਸਾਹਿਬ ਦਾ ਨੀਂਹ ਪੱਥਰ ਦਿਵਸ ਮਨ੍ਹਾ ਕੇ ਅਸੀਂ ਆਪਣੇ ਆਪ ਨੂੰ ਵੱਡੇ ਭਾਗਾਂ ਵਾਲਾ ਸਮਝ ਰਹੇ ਹਾਂ ਲੇਕਿਨ ਓਥੇ ਹੀ ੧੯੮੪ ਦੇ ਜੂਨ ਦੇ ਮਹੀਨੇ ਨੂੰ ਯਾਦ ਕਰਦਿਆਂ ਹੀ ਦਿਲ ਖ਼ੂਨ ਦੇ ਅਥਰੂ ਰੋਂਦਾ ਹੈ। ਦੁਨੀਆਂ ਆਪ ਹੀ ਦੇਖ ਲਵੇ ਇਕ ਤਰਫ਼ ਮੁਸਲਮਾਨ ਸੂਫ਼ੀ ਫ਼ਕੀਰ ਸ੍ਰੀ ਹਰਿਮੰਦਰ ਸਾਹਿਬ ਦਾ ਨੀਂਹ ਪੱਥਰ ਰੱਖ &;ਰਿਹਾ ਹੈ ਅਤੇ ਦੂਸਰੀ ਤਰਫ਼ ਭਾਰਤ ਦੀ ਪ੍ਰਧਾਨ ਮੰਤਰੀ ੬ ਜੂਨ ੧੯੮੪ ਆਪਣੀ ਭਾਰਤੀ ਫ਼ੌਜ ਦੇ ਲਸ਼ਕਰ ਨੂੰ ਲੈ ਕੇ ਸ੍ਰੀ ਹਰਿ- ਮੰਦਰ ਸਾਹਿਬ 'ਤੇ ਹਮਲਾ ਕਰਵਾਉਂਦੀ ਹੈ ਅਤੇ ਹਜ਼ਾਰਾਂ ਦੀ ਗਿਣਤੀ ਵਿਚ ਸਿੱਖ ਬਜ਼ੁਰਗਾਂ/ਮਾਤਾਵਾਂ, ਅਤੇ ਬੱਚਿਆਂ ਦਾ ਕਤਲੇਆਮ ਕੀਤਾ ਜਾਂਦਾ ਹੈ।

ਇੱਥੇ ਹੀ ਬੱਸ ਨਹੀਂ ਕੀਤੀ ਗਈ ਬਲਕਿ ਪੂਰੇ ਹਿੰਦੁਸਤਾਨ ਵਿਚ ਕਈ ਹਜ਼ਾਰ ਸਿੱਖ ਗੁਰਦੁਆਰਾ ਸਾਹਿਬ ਸ਼ਹੀਦ ਕਰ ਦਿੱਤੇ ਗਏ। ਸਿੱਖ ਧਰਮ ਅਤੇ ਇਸਲਾਮ ਧਰਮ ਦੀਆਂ ਸਾਂਝਾ ਦੀ ਹਜ਼ਾਰਾਂ ਉਦਾਹਰਣਾਂ ਨਾਲ ਇਤਿਹਾਸ ਭਰਿਆ ਪਇਆ ਹੈ। ਜਿਸ ਨੂੰ ਕਿਸੇ ਵੀ ਹਾਲਤ ਵਿੱਚ ਤੋੜਨ ਨਹੀਂ ਦਿੱਤਾ ਜਾਵੇਗਾ।

ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਾਬਕਾ ਪ੍ਰਧਾਨ ਸ੍ਰ,ਬਿਸ਼ਨ ਸਿੰਘ ਨੇ ਵੀ ਸੰਗਤਾਂ ਨਾਲ ਆਪਣੇ ਵੀਚਾਰ ਸਾਂਝੇ ਕੀਤੇ ਗਏ। ਉਨ੍ਹਾਂ ਨੇ ਸਿੱਖ ਕੌਮ ਅਤੇ ਮੁਸਲਿਮ ਵੀਰਾਂ ਨੂੰ ਬਹੁਤ-੨ ਵਧਾਈ ਦਿੱਤੀ ਅਤੇ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ , ਇਵੈਕੂਈ ਟਰੱਸਟ ਪ੍ਰਾ- ਪਰਟੀ ਬੋਰਡ ਅਤੇ ਸਾਈਂ ਮੀਆਂ ਦਰਬਾਰ ਲਾਹੌਰ ਦੇ ਪ੍ਰਬੰਧਕਾਂ ਵੱਲੋਂ ਸਾਂਝੇ ਤੌਰ 'ਤੇ ਮਨਾਏ ਜਾਣ ਤੇ ਖ਼ੁਸ਼ੀ ਦਾ ਇਜ਼ਹਾਰ ਕੀਤਾ ਅਤੇ ਦੁਨੀਆਂ ਭਰ ਦੇ ਗੁਰਦੁਆਰਾ ਸਾਹਿਬਾਨ ਵੱਲੋਂ ਇਸ ਦਿਨ ਨੂੰ ਉਚੇਚੇ ਤੌਰ 'ਤੇ ਮਨਾਉਣ ਲਈ ਉਨ੍ਹਾਂ ਦਾ ਧੰਨਵਾਦ ਕੀਤਾ। ਨਨਕਾਣਾ ਸਾਹਿਬ ਗੱਤਕਾ ਦਲ ਦੇ ਬੱਚਿਆਂ ਵੱਲੋਂ ਹਜ਼ਰਤ ਸਾਈਂ ਮੀਆਂ ਮੀਰ ਦਰਬਾਰ ਦੀ ਪ੍ਰਕਰਮਾ ਵਿੱਚ ਗੱਤਕਾ ਖੇ- ਡਿਆ ਗਿਆ। ਜਿਸ ਨੂੰ ਪਾਕਿਸਤਾਨੀ ਮੀਡੀਆ, ਪ੍ਰਬੰਧਕਾ ਅਤੇ ਮੁਸਲਿਮ ਭਾਈਚਾਰੇ ਵੱਲੋਂ ਬਹੁਤ ਪਸੰਦ ਕੀਤਾ ਗਿਆ। ਦਰਬਾਰ ਦੇ ਪ੍ਰਬੰਧਕਾ ਵੱਲੋਂ ਗੱਤਕਾ ਦਲ ਦੇ ਸਮੂਹ ਮੈਂਬਰਾਂ, ਗ੍ਰੰਥੀ ਸਾਹਿਬਾਨ, ਪੀ.ਐਸ.ਜੀ.ਪੀ.ਸੀ. ਦੇ ਮੈਂਬਰਾਂ ਅਤੇ ਸੰਗਤਾਂ ਨੂੰ ਸਿਰੋਪਾਉ ਦੇ ਕੇ ਨਿਵਾਜਿਆ ਗਿਆ। ਗੱਦੀ ਨਸ਼ੀਨ ਸਾਈਂ ਅਲੀ ਰਜ਼ਾ ਵੱਲੋਂ ਗੱਤਕੇ ਦੇ ਬੱਚਿਆਂ ਨੂੰ ਬਹੁਤ ਸਾਰੀਆਂ ਅਸੀਸਾਂ ਦਿੱਤੀਆਂ ਮਾਲਾ ਅਤੇ ਕੜੇ ਵੀ ਵੰਡੇ। ਉਨ੍ਹਾਂ ਵੱਲੋਂ ਵੀ ਪੂਰੀ ਸਿੱਖ ਕੌਮ ਨੂੰ ਬਹੁਤ-ਬਹੁਤ ਵਧਾਈ ਦਿੰਦੇ ਕਿਹਾ ਕਿ ਮੈਂ ਆਪ ਸਭ ਦਾ ਚਾਕਰ ਅੱਗੇ ਤੋਂ ਵੀ ਉਮੀਦ ਕਰਦਾ ਹਾਂ ਆਪ ਇਸ ਫਕੀਰ ਨੂੰ ਇਸੀ ਤਰ੍ਹਾਂ ਪਿਆਰ ਮਹੁੱਬਤਾਂ ਬਖ਼ਸ਼ਦੇ ਰਹੋਂਗੇ। 'ਵਿਸ਼ੇਸ਼ ਸਮਾਗਮ' ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਿਆ।

# ਭਾਰਤ ਦਾ ਕਿਸਾਨ ਅੰਦੋਲਨ, ਮੋਦੀ ਸਰਕਾਰ ਤੇ ਗੁੰਝਲ ਦਾ ਅਸਲੀ ਕਾਰਨ

ਉਂਕਾਰ ਸਿੰਘ ਡੁਮੇਲੀ
347-476-1604
onkarny@aol.com

ਭਾਰਤ ਭਰ ਦੇ ਕਿਸਾਨਾਂ ਨੇ ਕੇਂਦਰ ਸਰਕਾਰ ਵਲੋਂ ਖੇਤੀ ਸਬੰਧੀ ਤਿੰਨ ਕਨੂੰਨ, ਬਿਜਲੀ ਅਤੇ ਧਾਨ ਦੀ ਪਰਾਲੀਸਾੜਨ ਵਾਰੇ ਬਿੱਲਾਂਦੇ ਵਿਰੋਧ ਵਿਚ ਪ੍ਰਦਰਸ਼ਨ ਸ਼ੁਰੂ ਕੀਤਾ ਸੀ। ਜਿਹੜਾ ਇਸ ਵੇਲੇ ਪੂਰੀ ਸਿਖਰ ਤੇ ਹੈ। ਇਸ ਅੰਦੋਲਨ ਦਾ ਮੁੱਢ ਭਾਵੇਂ ਪੰਜਾਬ ਤੋਂ ਬੱਝਾ ਪਰ ਹੁਣ ਇਸ ਨੂੰ ਪੂਰੇ ਦੇਸ਼ ਨੇ ਗਲ ਵਕੜੀ ਪਾ ਲਈ ਹੈ। ਕਿਸਾਨੀ ਨਾਲ ਜੁੜੇ ਹੋਏ ਕਈ ਕਿਰਤੀ, ਕਰਮਚਾਰੀ ਅਤੇ ਛੋਟੇ ਵਪਾਰੀ ਵੀ ਸ਼ਾਮਲ ਹੋ ਚੁੱਕੇ ਹਨ। ਹਮਦਰਦੀ ਵਜੋਂ ਕਲਾਕਾਰਾਂ ਸੰਗੀਤਕਾਰਾਂ, ਸਾਹਿਤਕਾਰਾਂ, ਵਕੀਲਾਂ ਅਤੇ ਹੋਰ ਸਰਕਾਰੀ, ਗੈਰਸਰਕਾਰੀ ਅਫਸਰਾਂ ਦੀ ਸ਼ਮੂਲੀਅਤ ਵੀ ਖੁਲ੍ਹੀ ਦਿਖਾਈ ਦਿੰਦੀ ਹੈ। ਪੰਜਾਬ ਦੀਆਂ 31 ਅਤੇ ਪੂਰੇ ਦੇਸ਼ ਵਿਚੋਂ 500 ਤੋਂ ਵਧ ਕਿਸਾਨ ਜਥੇਬੰਦੀਆਂ ਆਪੋ ਆਪਣੀਆਂ ਕਈ ਕਟਾਖ਼ਸ਼ਾਂ ਦੂਰ ਰਖਕੇ ਬਿੱਲਾਂ ਕਨੂੰਨਾਂ ਦੇ ਵਿਰੋਧ 'ਚ ਇਕ ਸਾਂਝੀ ਪਟੜੀ ਤੇ ਇਕੱਠੀਆਂ ਆਣ ਖਲੋਤੀਆਂ ਹਨ। ਰੋਸ ਮੁਜਾਹਰੇ ਵਾਸਤੇ ਦਿੱਲੀ ਨੂੰ ਜਾਂਦਿਆਂ ਕਿਸਾਨ ਕਾਫਲਿਆਂ ਉੱਤੇ ਜਿਹੜਾ ਤਸ਼ੱਦਦ ਰਾਹ ਵਿਚ ਪੈਂਦੀਆਂ ਸਰਕਾਰਾਂ ਨੇ ਕੀਤਾ ਉਸ ਨੇ ਭਾਰਤ ਮਹਾਨ ਦੇ ਅਖੌਤੀ ਪਰਜਾਤੰਤਰ ਦਾ ਨਿਕਾਬ ਲਾਹ ਕੇ ਅਸਲੀ ਚਿਹਰਾ ਦੁਨੀਆਂ ਨੂੰ ਵਿਖਾ ਦਿਤਾ। ਸੜਕਾਂ ਵਿਚ ਵੱਡੇ ਵੱਡੇ ਚਟਾਂਨਾ ਵਰਗੇ ਪੱਥਰ ਰੱਖੇ ਗਏ ਕੰਡਿਆਲਈਆਂ ਤਾਰਾਂ ਬੀੜੀਆਂ ਗਈਆਂ ਕਈ ਕਈ ਫੁੱਟ ਡੂੰਘੀ ਗੀ. ਟੀ .ਰੋਡ ਪੁੱਟ ਦਿੱਤੀ ਗਈ। ਅੱਥਰੂ ਗੈਸ ਦੇ ਗੋਲੇ ਦਾਗੇ ਗਏ ਪਾਣੀ ਦੀਆਂ ਬੁਛਾੜਾਂ ਮਾਰੀਆਂ ਗਈਆਂ। ਲਾਠੀ ਚਾਰਜ ਵੀ ਕੀਤਾ। ਪਰ ਪੰਜਾਬੋਂ ਤੁਰਿਆ ਕਿਸਾਨ ਕਾਫਲਾ 'ਨਿਸਚੇ ਕਰ ਆਪਣੀ ਜੀਤ ਕਰੂੰ' ਗਾਉਂਦਾ ਹਰ ਰੋਕ ਨੂੰ ਪਾਰ ਕਰਦਾ ਹੋਇਆ ਹਰਿਆਣੇ ਦੀ ਜੂਹ ਵਿਚ ਪਹੁੰਚ ਗਿਆ ਅਤੇ ਹਰਿਆਣੇ ਦੇ ਲੋਕਾਂ ਨੇ ਪੰਜਾਬੀ ਕਿਸਾਨ ਕਾਫਲੇ ਦੇ ਹਰ ਬਸ਼ਰ ਨੂੰ ਆਪਣੇ ਸਿਰਾਂ ਤੇ ਚੁੱਕ ਲਿਆ ਅਤੇ ਆਪਣੇ ਦਿਲ ਉਨ੍ਹਾਂ ਦੇ ਪੈਰਾਂ ਹੇਠ ਵਿਛਾ ਦਿੱਤੇ। ਕਾਫ਼ਲਾ ਦੂਣਾ ਤੀਣਾ ਹੋ ਗਿਆ। ਆਖਰ ਕਾਰ ਕਿਸਾਨ ਦਿੱਲੀ ਸਰਹੱਦ ਤੇਪਹੁੰਚ ਗਏ।ਦਿੱਲੀ ਹਰਿਆਣਾ ਅਤੇ ਉੱਤਰ ਪ੍ਰਦੇਸ਼ ਵਲੋਂ ਕਈ ਪਾਸਿਆਂ ਤੋਂ ਘਿਰ ਗਈ।ਸੂਬਾਈ ਸਰਕਾਰਾਂ ਅਤੇ ਕੇਂਦਰ ਦੀਆਂ ਅੱਖਾਂ ਅੱਡੀਆਂ ਰਹਿ ਗਈਆਂ। ਅਮਨ ਅਤੇ ਪੂਰੇ ਜਾਬਤੇ ਵਿਚ ਚਲਦੇ ਅੰਦੋਲਨ ਉਪਰ ਭਾਰਤੀ ਸਰਕਾਰ ਦੀਆਂ ਕੀਤੀਆਂ ਵਧੀਕੀਆਂ ਨੇ ਦੁਨੀਆਂ ਭਰ ਵਿਚ ਭਾਰਤ ਦੀ ਹੋਏ ਹੋਏ ਕਰਵਾ ਦਿੱਤੀ। ਜਿਹੜੀ ਸਰਕਾਰ ਕਿਸਾਨ ਧਿਰਾਂ ਨਾਲ ਗਲ ਬਾਤ ਕਰਨ ਦੀ ਥਾਂਏ ਮੋਢਾ ਮਾਰ ਕੇ ਮੂੰਹ ਘੁਮਾ ਲੈਂਦੀ ਸੀ ਦੁਨੀਆਂ 'ਚ ਪੈਂਦੀ ਸਿਰ ਖੇਹ ਵੇਖ ਕੇ ਗਲ ਬਾਤ ਲਈ ਹਾੜ੍ਹੇ ਕੱਢਣ ਲੱਗੀ।ਗਲ ਬਾਤ ਦੇ ਦੌਰ ਤੇ ਦੌਰ ਚੱਲ ਰਹੇ ਹਨ ਪਰ ਵਾਰਤਾਲਾਪ ਵਿਚੋਂ ਅਸਲੀ ਹਲ ਅਜੇ ਨਜ਼ਰੀਂ ਨਹੀਂ ਪੈ ਰਿਹਾ।ਮਸਾਂ ਮਸਾਂ ਸਰਕਾਰ ਬਿਜਲੀ ਅਤੇ ਪਰਾਲੀ ਬਿਲ ਵਾਪਸ ਲੈਣ ਲਈ ਤਿਆਰ ਤਾਂ ਹੋ ਗਈ ਹੈ ਪਰ ਅੰਦੋਲਨ ਦੀ ਅਸਲੀ ਜੜ੍ਹ ਜੋ ਖੇਤੀ ਸਬੰਧੀ ਤਿੰਨ ਕਨੂੰਨ ਹਨ ਓਨ੍ਹਾਂ ਨੂੰ ਰੱਦ ਕਰਨ ਤੋਂ ਮੁਨਕਰ ਹੈ। ਕਿਸਾਨ ਜਥੇਬੰਦੀਆਂ ਦੀ ਇਕੋ ਹੀ ਸਥਿਰ ਮੰਗ "ਕਾਲੇ ਕਨੂੰਨ ਰੱਦ ਹੋਣ" ਅਤੇ ਭਾਰਤ ਸਰਕਾਰ ਦੀ ਉਹੋ ਹੀ ਦਲੀਲ- ਦੁਹਰਾਈ ਕਿ ਕਾਨੂੰਨ ਕਿਸਾਨਾਂ ਦੀ ਆਮਦਨ ਅਤੇ ਜੀਵਨ ਸਥਿਰ ਉੱਚਾ ਕਰਨ ਦੇ ਸਭ ਤੋਂ ਵਧੀਆ ਕਨੂੰਨ ਹਨ। ਸਰਕਾਰ ਦਾ ਵਾਰ ਵਾਰ ਉਹੋ ਹੀ ਖ਼ਦਸ਼ਾ ਕਿ ਕਿਸਾਨ ਕਿਸੇ ਸਿਆਸੀ ਅਸਰ ਥੱਲੇ ਜਾਂ ਕਿਸੇ ਬਾਹਰਲੇ ਦੇਸ਼ ਚੀਨ ਅਤੇ ਪਾਕਿਸਤਾਨ ਦੀ ਗੁੱਝੀ ਸਾਜ਼ਿਸ਼ ਨਾਲ ਗੁਮਰਾਹ ਹੋ ਚੁੱਕੇ ਹਨ। ਉਹ ਕਨੂੰਨ ਦੀਆਂ ਬਰੀਕੀਆਂ ਅਤੇ ਫ਼ਾਇਦਿਆਂ ਨੂੰ ਸਮਝ ਨਹੀਂ ਰਹੇ। ਅਸਲ ਵਿਚ ਹਕੀਕਤ ਇਹ ਹੈ ਕਿ ਕਿਸਾਨ ਜਥੇਬੰਦੀਆਂ ਨੂੰ ਸਾਰੇ ਤਾਣੇ ਬਾਣੇ, ਨੀਯਤ ਅਤੇ ਨੀਤੀ ਦੀ ਪੂਰੀ ਗਹਿਰਾਈ ਸਮਝ ਆ ਚੁੱਕੀ ਹੈ ਤਾਹੀਓਂ ਮੇਜ਼ ਤੇ ਸਰਕਾਰ ਕਨੂੰਨਾਂ ਦੀ ਹਰ ਧਾਰਾ ਤੇ ਕਿਸਾਨਾਂ ਮੂਹਰੇ ਨਿਉੱਤਰ ਹੋ ਜਾਂਦੀ ਹੈ।

ਜਿਵੇਂ ਮੈਂ ਉੱਪਰ ਬਿਆਨ ਕੀਤਾ ਹੈ ਭਾਰਤ ਵਿਚ ਚਲ ਰਿਹਾ ਕਿਸਾਨ ਅੰਦੋਲਨ ਐਸ ਵੇਲੇ ਪੂਰੇ ਡੈੱਡ-ਲੌਕ ਦੀ ਹਾਲਤ ਵਿਚ ਹੈ। ਕਿਸਾਨਾਂ ਨੇ ਆਰ ਪਾਰ ਦੀ ਲੜਾਈ ਮਿੱਥ ਲਈ ਹੋਈ ਹੈ। ਸਰਕਾਰ ਨੇ ਵੀ ਆਪਣੇ ਵਕਾਰ ਅਤੇ ਹੰਕਾਰ ਦਾ ਸਵਾਲ ਬਣਾ ਲਿਆ ਹੋਇਆ ਹੈ। ਉਹ ਜਮਹੂਰੀ ਕਦਰਾਂ ਕੀਮਤਾਂ ਨੂੰ ਛਿੱਕੇ ਤੇ ਟੰਗ ਕੇ ਤਾਨਾ ਸ਼ਾਹੀ ਰਾਹ ਅਪਣਾਈ ਬੈਠੀ ਹੈ। ਮੋਦੀ ਸਰਕਾਰ ਇਸ ਵੇਲੇ ਪੂਰੀ ਦੁਬਿਧਾ ਵਿਚ ਫਸੀ ਹੋਈ ਹੈ। ੨੦੧੯ ਵਿਚ ਬੀਜੇਪੀ ਧਾਰਮਿਕ ਵਖਰੇਵਿਆਂ ਦੀ ਨਫ਼ਰਤ ਭਰੀ ਨੀਤੀ ਜੋ ਕਿ ਇਸਦਾ ਅਸਲੀ ਪੈਂਤੜਾ ਹੁੰਦਾ ਹੈ ਨਾਲ, ਪੁਲਵਾਮਾਂ ਵਰਗੀ ਅਤਿ ਘਿਨਾਉਣੀ ਘਟਨਾ ਦਾ ਲਾਹਾ ਲੈ ਕੇ ਅਤੇ ਈਵੀਐਮ ਮਸ਼ੀਨਾਂ ਦੀ ਮਦਦ ਨਾਲ ਸੱਤਾ ਤੇ ਦੁਬਾਰਾ ਕਾਬਜ਼ ਹੋ ਗਈ। ਸੰਵਿਧਾਨ ਦੀ ਸੂੰਹ ਖਾ ਕੇ ਗੱਦੀ ਤੇ ਬੈਠਦਿਆਂ ਹੀ ਕਈ ਕਨੂੰਨ ਬਣਾ ਦਿੱਤੇ ਜਿਨ੍ਹਾਂ ਦਾ ਵਿਰੋਧ ਤਾਂਹੋਇਆ ਪਰ ਅੰਦੋਲਨ ਸੀਏਏ ਦੇ ਖ਼ਿਲਾਫ ਵਿਚ ਹੀ ਭਖਿਆ ਜੋ ਕਿ ਕਰੋਨਾ ਮਹਾਮਾਰੀ ਦੀ ਆਮਦ ਨਾਲ ਰੁਕ ਗਿਆ। ਕਰੋਨਾ ਦੇ ਵਧਦੇ ਫੈਲਾਅ ਅਤੇ ਲੋਕਾਂ ਨੂੰ ਲਾਕਡਾਊਨ ਦੀ ਹਾਲਤ ਵਿਚ ਚੁੱਪ ਚਾਪ ਬੈਠੇ ਵੇਖ ਕੇ ਸਰਕਾਰ ਨੇ ਤਿੰਨੋਂ ਖੇਤੀ ਸਬੰਧੀ ਕਾਨੂੰਨ ਸਦਨਾਂ ਵਿਚ ਪਰੰਪ੍ਰਾਗਤ ਬਹਿਸ ਤੋਂ ਬਗੈਰ ਹੀ ਪਾਸ ਕਰ ਲਏ। ਕੇਂਦਰ ਸਰਕਾਰ ਨੂੰ ਅੰਦਾਜ਼ਾ ਨਹੀਂ ਸੀ ਕਿ ਇਨ੍ਹਾਂ ਕਾਨੂੰਨਾਂ ਦੇ ਵਿਰੋਧ ਵਿਚ ਪੂਰੇ ਦੇਸ ਵਿਚੋਂ ਕਿਸਾਨ ਲਾਮਬੰਦ ਹੋ ਜਾਣਗੇ। ਭਾਰਤ ਵਿਚ ਚਲ ਰਹੇ ਇਸ ਅੰਦੋਲਨ ਤੇ ਸਾਰੀ ਦੁਨੀਆਂ ਦੀਆਂ ਅੱਖਾਂ ਲਗੀਆਂ ਹੋਈਆਂ ਹਨ।ਬਣੀ ਹੋਈ ਖੜੌਤ ਪਿਛੇ ਮੈਨੂੰ ਇਕ ਇਤਿਹਾਸ ਵਿਖਾਈ ਦੇ ਰਿਹਾ ਹੈ ਜਿਸ ਵਲ ਝਾਤ ਪਵਾਉਣ ਦਾ ਸੰਖੇਪ ਜਿਹਾ ਯਤਨ ਮੈਂ ਕਰ ਰਿਹਾ ਹਾਂ ਜਿਹੜਾ ਸਾਰੀ ਗੁੰਝਲ ਨੂੰ ਸਮਝਣ ਵਿਚ ਮੇਰੀ ਰਾਏ ਅਨੁਸਾਰ ਸਹਾਈ ਹੋਵੇਗਾ।

ਰੋਮਨ ਸਲਤਨਤ ਦੇ ਟੱਟਣ ਭੱਜਣ ਨਾਲ ਲੋਕ ਛੋਟੇ, ਮੱਧਮ, ਵੱਡੇ ਅਤੇ ਬਹੁਤ ਵੱਡੇ ਜਗੀਰਾਂ ਦੇ ਮਾਲਕ ਬਣ ਬੈਠੇ। ਇਸ ਨਿੱਜੀ ਮਾਲਕੀ ਦੇ ਦੌਰ ਵਿਚ ਕੋਈ ਕੇਂਦਰਤ ਬੰਦੋਬਸਤ ਨਹੀਂ ਸੀ ਜਿਸ ਕਰਕੇ ਜਗੀਰਦਾਰਾਂ ਦੇ ਆਪਸ ਵਿਚ ਅਤੇ ਖੇਤ ਮਜ਼ਦੂਰਾਂ ਦੇ ਝਗੜੇ ਅਕਸਰ ਹੁੰਦੇ ਰਹਿੰਦੇ ਸਨ।ਆਖਰ ਤਾਲ ਮੇਲ ਨਾਲ ਛੋਟੇ ਜਗੀਰਦਾਰਾਂ ਨੇ ਮਜਲਸਾਂ ਕਰਕੇ ਇਕ ਬਹੁਤ ਵੱਡੇ ਜਗੀਰਦਾਰ ਨੂੰ ਆਪਣਾ ਆਗੂ ਬਣਾ ਲਿਆ ਤੇ ਉਸ ਦੇ ਸਿਰ ਤੇ ਤਾਜ ਰੱਖ ਕੇਉਸ ਨੂੰ 'ਰਾਜੇ' ਦਾ ਲਕਬ ਦੇ ਦਿੱਤਾ।ਹੁਣ ਉਨ੍ਹਾਂ ਦੀਆਂ ਰਾਜੇ ਤੋਂ ਬੜੀਆਂ ਆਸਾਂ ਸਨ ਜਿਨ੍ਹਾਂ ਵਿਚ ਇਕ ਕੇਂਦਰੀ ਪ੍ਰਬੰਧ, ਮਾਲਕਾਂ ਦੇ ਝਗੜਿਆਂ ਦਾ ਨਿਪਟਾਰਾ ਅਤੇ ਮੁਜਾਰਿਆਂ ਨੂੰ ਬਗਾਬਤ ਤੋਂ ਰੋਕੀ ਰੱਖਣਾ ਸ਼ਾਮਲ ਸੀ। ਇਸ ਤੋਂ ਇਲਾਵਾ ਜ਼ਿੰਦਗੀ ਦੇ ਹੋਰ ਸ਼ੋਬਿਆਂ ਵਿਚ ਵੀ ਉਸ ਦੀ ਜ਼ਿਮੇਦਾਰੀ ਹੁੰਦੀ ਸੀ। ਇਸ ਸਾਰੇ ਬੰਦੋਬਸਤ ਨੂੰ ਕਾਇਮ ਰੱਖਣ ਲਈ ਰਾਜੇ ਨੇ ਲੋਕਾਂ ਤੇ ਟੈਕਸ ਅਤੇ ਮਾਲੀਆ ਲਾਉਣਾ ਸ਼ੁਰੂ ਕਰ ਦਿੱਤਾ। ਨਤੀਜੇ ਵਜੋਂ ਸਲਤਨਤਾਂ ਕਾਇਮ ਹੋ ਗਈਆਂ।ਰਾਜਿਆਂ ਨੇ ਆਪਣੀ ਆਪਣੀ ਹਿਫ਼ਾਜ਼ਤ ਲਈ ਰੱਖਿਆ ਅਮਲਾ ਰਖਣਾ ਸ਼ੁਰੂ ਕਰ ਦਿੱਤਾ। ਨਿੱਜੀ ਜਗੀਰਦਾਰੀ ਦੇ ਨਾਲ ਨਾਲ ਸਰਕਾਰੀ (ਸਟੇਟ) ਜਗੀਰਦਾਰੀ ਵੀ ਸਥਾਪਤ ਹੋ ਗਈ। ਇਲੈਜ਼ਬੈਥ, ਜੌਰਜ, ਕੇਸਰ ਅਤੇ ਜ਼ਾਰ ਹੋਂਦ ਵਿਚ ਆ ਗਏ।ਆਪਸ ਵਿਚ ਭਾਵੇਂ ਇਨ੍ਹਾਂ ਦੀਆਂ ਰਿਸ਼ਤੇਦਾਰੀਆਂ ਵੀ ਸਨ ਪਰ ਸਲਤਨਤੀ ਪਹਿਲੂਆਂ ਤੋਂ ਇਕ ਦੂਜੇ ਨੂੰ ਠਿੱਬੀ ਲਾਉਣ ਦਾ ਹੀ ਸੋਚਦੇ ਸਨ। ਰਾਜਿਆਂ ਦੀਆਂ ਐਸ਼ਪ੍ਰਸਤੀਆਂਅਤੇ ਹੋਰ ਜ਼ਾਲਮਾਨਾਂ ਨੀਤੀਆਂ ਕਰਕੇ ਲੋਕਾਂ ਵਿਚ ਰੋਹ ਉਗਮਣ ਲੱਗਾ ਅਤੇ ੧੭ਵੀਂ ਸਦੀ ਵਿਚ ਇੰਗਲੈਂਡ ਦੀ ਕ੍ਰਾਂਤੀ ਤੇ ੧੯ਵੀਂ ਸਦੀ ਵਿਚ ਫਰਾਂਸ ਅਤੇ ਅਮ੍ਰੀਕਾ ਦੀਆਂ ਕ੍ਰਾਂਤੀਆਂ ਆ ਗਈਆਂ। ਸਲਤਨਤਾਂ ਖਤਮ ਹੋ ਗਈਆਂ ਪੂੰਜੀਵਾਦ ਦੀ ਨਵੀਂ ਆਰਥਿਕ ਪ੍ਰਨਾਲੀ ਸ਼ੁਰੂ ਹੋ ਗਈ।ਫਰਾਂਸ ਦੀ ਕ੍ਰਾਂਤੀ ਵਿਚੋਂ ਦੁਨੀਆਂ ਨੂੰ ਇਕ ਆਕਰਸ਼ਕ ਪੈਗ਼ਾਮ "ਆਜ਼ਾਦੀ, ਬਰਾਬਰੀ, ਭਾਈਚਾਰਾ" ਮਿਲਿਆ। ਐਡਮ ਸਮਿਥ ਦੀ ਆਰਥਿਕ ਫ਼ਿਲਾਸਫੀ ਅਨੁਸਾਰ ਉਦਯੋਗਿਕ ਕ੍ਰਾਂਤੀ ਤੋਂ ਬਾਦ ਪੂੰਜੀਵਾਦ ਪ੍ਰਫੁਲਤ ਹੋਣ ਲੱਗਾ।ਜਿਵੇਂ ਜਿਵੇਂ ਉਦਯੋਗ ਫੈਲਦੇ ਗਏ ਕਿਰਤੀ ਵਰਗ ਅਤੇ ਪੂੰਜੀਪਤੀ ਵਰਗ ਹੋਂਦ ਵਿਚ ਆ ਗਏ ਅਮੀਰ ਗਰੀਬ ਦਾ ਪਾੜਾ ਵਧਣ ਲੱਗਾ। ਕੁਦਰਤ ਦੇ ਨਿਯਮ ਵੀ ਨਿਆਰੇ ਨੇ ਮਜ਼ਦੂਰਾਂ ਦੀ ਹਾਲਤ ਵੇਖ ਕੇ ਕਾਰਲ ਮਾਰਕਸ ਜਿਹੇ ਫਿਲਾਸਫਰ ਸਾਹਮਣੇ ਆ ਗਏ ਜਿਸਨੇ ਗੁਰੂ ਨਾਨਕ ਦੇ ਕਥਨ "ਪਾਪਾਂ ਬਾਝੋਂ ਹੋਵੇ ਨਾਹੀਂ ਮੋਇਆਂ ਸਾਥ ਨਾ ਜਾਈ" ਨੂੰ ਡੀ ਕੋਡ ਕਰ ਦਿੱਤਾ ਅਤੇ ਗਰੀਬ ਕਿਰਤੀਆਂ ਦੀ ਹੁੰਦੀ ਲੁੱਟ ਦਾ ਵਿਗਿਆਨ ਲੋਕਾਂ ਸਾਹਮਣੇ ਨਸ਼ਰ ਕਰ ਦਿੱਤਾ। ਖਲਕ ਮਹਿ ਖਾਲਕ ਪੂੰਜੀਪਤੀਆਂ ਨੂੰ ਦਿਸਣੋਂ ਹਟ ਗਿਆ। ਸਾਰਾ ਸੰਸਾਰ ਉਨ੍ਹਾਂ ਨੂੰ ਇਕ ਸ਼ਿਕਾਰ ਗਾਹ ਦਿਸਣ ਲਗ ਪਿਆ। ਸੰਸਾਰ ਭਰ ਦੇ ਵੱਖਰੇ ਵੱਖਰੇ ਦੇਸਾਂ ਖਿੱਤਿਆਂ ਅਤੇ ਮੰਡੀਆਂ ਤੇ ਕਬਜ਼ਾ ਕਰਨ ਲਈ ਉਹ ਸੰਸਾਰ ਦੇ ਪਹਿਲੇ ਯੁੱਧ ਵਿਚ ਉਲਝ ਗਏ।ਚਾਰ ਸਾਲ ਦੀ ਲੜਾਈ'ਚ ਕਰੋੜਾਂ ਜਾਨਾਂ ਦੀ ਬਲੀ ਅਤੇ ਹੋਰ ਅਣਮਿੱਥੀ ਤਬਾਹੀ ਤੋਂ ਬਾਦ ਵਾਰਸਾਏ (ਫਰਾਂਸ) ਵਿਚ ਸਮਝੌਤੇ ਤੇ ਗਲ ਮੁੱਕੀ। ਲੀਗ਼ ਆਫ ਨੇਸ਼ਨਜ਼ ਹੋਂਦ ਵਿਚ ਆਈ ਜਿਹੜੀ ਬਾਦ ਵਿਚ ਯੂ.ਐਨ.ਓ.ਬਣੀ। ਸਾਰੀ ਦੁਨੀਆ ਵਿਚ ਆਰਥਕ ਮੰਦੀ ਆ ਗਈ। ਦੁਨੀਆਂ ਭਰ ਵਿਚ ਪੂੰਜੀਵਾਦੀ ਪਰਨਾਲੀ ਦੇ ਹੱਕ ਅਤੇ ਵਿਰੋਧ ਵਿਚ ਬਹਿਸਾਂ ਅਤੇ ਲਹਿਰਾਂ ਉਤਪਨ ਹੋਣ ਲੱਗੀਆਂ।

ਸੰਸਾਰ ਦੀ ਪਹਿਲੀ ਲੜਾਈ ਤੋਂ ਪਹਿਲਾਂ ਬਰਤਾਨੀਆ ਨੇ ਆਪਣੀ ਆਰਥਕ ਮਜ਼ਬੂਤੀ ਵਾਸਤੇ ਆਪਣੇ ਅਧੀਨ ਦੇਸਾਂ ਵਿਚ ਕਈ ਤਰ੍ਹਾਂ ਦੇ ਕਰ ਲਾਉਣ ਦਾ ਫੈਸਲਾ ਕੀਤਾ ਜਿਸ ਦੇ ਅਧੀਨ ਉਨ੍ਹਾਂ ਨੇ ਖੇਤੀ ਸਬੰਧੀ ਤਿੰਨ ਕਨੂੰਨ ਬਣਾ ਕੇ ਜਿਹੜੇ ਕਿ ਹੁਣ ਬੀਜੇਪੀ ਸਰਕਾਰ ਵਲੋਂ ਬਣਾਏ ਗਏ ਕਨੂੰਨਾਂ ਵਾਂਗ ਘਾਤਕ ਸਨ ਭਾਰਤ ਵਿਚ ਲਾਗੂ ਕਰ ਦਿੱਤੇ। ਉਦੋਂ ੧੯੦੭ ਵਿਚ 'ਪਗੜੀ ਸੰਭਾਲ ਓ ਜੱਟਾ' ਦੀ ਲਹਿਰ ਕਨੂੰਨਾਂ ਦੇ ਖ਼ਿਲਾਫ ਤਕਰੀਬਨ 9 ਮਹੀਨੇ ਚੱਲੀ ਅਤੇ ਕਨੂੰਨ ਵਾਪਸ ਕਰਵਾਏ। ਪਹਿਲੇ ਸੰਸਾਰ ਯੁੱਧ ਤੋਂ ਬਾਦ ਹਰ ਦੇਸ਼ ਦਾ ਲੱਕ ਟੁੱਟ ਗਿਆ। ਆਪਣਾ ਆਪਣਾ ਘਰ ਸੰਭਾਲਣ ਲਈ ਅਮ੍ਰੀਕਾ ਨੇ' ਸਮੂਤ ਹਾਰਲੇ ਐਕਟ' ਬਣਾ ਕੇ ਨਿਰਯਾਤ ਤੇ 30% ਟੈਰਫ ਲਾ ਦਿੱਤਾ।ਯੂਰਪ ਨੇ ਵੀ ਬਦਲੇ ਵਿਚ ਇਵੇਂ ਹੀ ਕੀਤਾ। ਦੁਨੀਆਂ ਵਿਚ ਅਵਿਸ਼ਵਾਸ ਵਧਣ ਲੱਗਾ।ਦੁਨੀਆਂ ਭਰ ਵਿਚ ਲੋਕ ਦੋ ਵਿਚਾਰਾਂ ਨਾਲ ਲੈਸ ਹੋ ਕੇ ਜਥੇਬੰਦ ਹੋਣ ਲੱਗੇ।ਇਕ ਸਮਾਜਵਾਦੀ ਸੋਚ ਅਤੇ ਦੂਜੀ ਪੂੰਜੀਵਾਦੀ ਸੋਚ। ਪੂੰਜੀਵਾਦ ਜਦੋਂ ਆਪਣੇ ਪੈਰ ਡੋਲਦੇ ਅਨੁਭਵ ਕਰਨ ਲੱਗਾ ਤਾਂ ਉਸ ਨੇ ਐਸੀਆਂ ਸਰਕਾਰਾਂ ਸਥਾਪਤ ਕਰਨ ਦੀ ਸੋਚੀ ਜਿਹੜੀਆਂ ਤਾਨਾਸ਼ਾਹੀ ਫਰਮਾਨਾਂ ਨਾਲ ਉਨ੍ਹਾਂ ਵਾਸਤੇ ਕਨੂੰਨ ਬਣਾਏ ਅਤੇ ਲਾਗੂ ਕਰੇ।ਤਾਨਾਸ਼ਾਹੀ ਹਿਟਲਰ ਜਰਮਨ 'ਚ, ਬਨੀਤੋ ਮੁਸੋਲੀਨੀ ਇਟਲੀ ਅਤੇ ਟੋਜੋ ਹਿਦੇਕੀ ਜਾਪਾਨ ਵਿਚ ਕਾਬਜ਼ ਹੋ ਗਏ। ਅੰਤ ਵਿਚ ਸਾਰੇ ਹੀ ਤਾਨਤਸ਼ਾਹ ਕੁੱਤੇ ਦੀ ਮੌਤੇ ਗਏ। ਇਸ ਦੇ ਵੇਰਵੇ ਕਈ ਪਰਤਾਂ ਖੋਲਦੇ ਹਨ ਜਿਨ੍ਹਾਂ ਦਾ ਇਥੇ ਖ਼ੁਲਾਸਾ ਕਰਨਾ ਮੈਂ ਵਾਜਵ ਨਹੀਂ ਸਮਝਦਾ। ਅੱਜ ਦੇ ਤਾਨਾਸ਼ਾਹ ਉਨ੍ਹਾਂ ਦੇ ਚੜ੍ਹਾ ਨੂੰ ਤਾਂ ਬੜੇ ਗੌਰਵ ਨਾਲ ਵੇਖਦੇ ਹਨ ਪਰ ਉਨ੍ਹਾਂ ਦਾ ਅੰਤ ਉਨ੍ਹਾਂ ਦੇ ਨਜ਼ਰੀਂ ਨਹੀ ਪੈਂਦਾ।

ਫਾਸ਼ੀਵਾਦੀ ਅਤੇ ਅਲਾਈਡ ਤਾਕਤਾਂ ਦੇ ਸੰਸਾਰ ਦੇ ਦੂਜੇ ਝੁੱਧ ਵਿਚ ਉਲਝਾ ਨੇ ਦੁਨੀਆਂ ਵਿਚ ਕੌਮਾਂਤ੍ਰੀ ਪਲੇਟਫਾਰਮ ਖੜੇ ਕਰਨ ਦੀ ਸੋਚੀ। ਤਦ ੧੯੪੪ ਦੀ ਜੁਲਾਈ ਵਿਚ ਅਮਰੀਕਾ ਦੇ ਸ਼ਹਿਰ ਬਰੈਟਨ ਵੁਡਜ਼ ਵਿਚ ਇਕ ਕੌਮਾਂਤਰੀ ਕਾਨਫਰੰਸ ਸੱਦ ਕੇ ਵਰਲਡ ਬੈਂਕ ਅਤੇ ਕੌਮਾਂਤਰੀ ਮੁਦਰਾ ਕੋਸ਼ ਸਥਾਪਤ ਹੋ ਗਈਆਂ। ਉਦੋਂ ਸੰਸਾਰੀ ਵਾਪਾਰ ਲਈ ਵੀ ਗਲ ਬਾਤ ਚੱਲੀ ਪਰ ਕਿਸੇ ਸਿਰੇ ਨਾ ਲੱਗੀ ਅਤੇ ੧੯੪੯ ਵਿਚ ਗੈਟ (ਗੀ.ਏ.ਏ.ਟੀ.) ਬਣਾ ਲਿਆ ਗਿਆ ਜੋ ਕਿ ਜਨਵਰੀ ੧੯੯੫ ਵਿਚ ਵਰਲਡ ਟਰੇਡ ਓਰਗੇਨਾਈਜ਼ੇਸ਼ਨ 'ਚ ਬਦਲ ਗਿਆ।ਭਾਵੇਂ ਉਦੇਸ਼ ਗਰੀਬ ਅਤੇ ਪ੍ਰਗਤੀ-ਸ਼ੀਲ ਦੇਸ਼ਾਂ ਦੀ ਮਦਦ ਕਰਨਾ ਅਤੇ ਸੰਸਾਰ ਯੁੱਧ ਤੋਂ ਬਾਦ ਮੁੜ ਵਸੇਂਵਾ ਹੀ ਸੀ ਪਰ ਇਨ੍ਹਾਂ ਸੰਸਥਾਵਾਂ ਦੀ ਅਸਲੀ ਨੀਯਤ ਜਾਹਨ ਪਾਰਕਿੰਨਜ਼ ਦੀ ਕਿਤਾਬ 'ਕਨਫੈਸ਼ਨ ਆਫ ਐਨ ਅਕਨਾਮਿਕ ਹਿਟਮੈਨ' ਤੋਂ ਸਾਫ ਵਿਖਾਈ ਦਿੰਦੀ ਹੈ ਕਿ ਕਿਵੇਂ ਅਮੀਰ ਦੇਸ਼ ਗਰੀਬ ਦੇਸ਼ਾਂ ਤੇ ਸਿੱਧਾ ਰਾਜ ਕਰਨ ਨਾਲੋਂ ਕਰਜ਼ਿਆਂ ਦੇ ਭਾਰ ਹੇਠ ਦੱਬ ਕੇ ਉਨ੍ਹਾਂ ਤੇ ਰਾਜ ਕਰਨ ਦੀਆਂ ਡੂੰਘੀਆਂ ਸਾਜਿਸ਼ਾਂ ਬਣਾਉਂਦੇ ਹਨ।ਬਹੁਤੇ ਦੇਸ਼ ਨਕਸ਼ੇ ਉਪਰ ਤਾਂ ਗਣਤੰਤਰ ਦਿਸਦੇ ਹਨ ਪਰ ਆਰਥਿਕਤਾ ਪੱਖੋਂ ਉਹ ਅਮੀਰ ਦੇਸਾਂ ਪੂਰੇ ਗੁਲਾਮ ਹਨ।



ਭਾਰਤ ਨੂੰ ੧੯੪੭ ਵਿਚ ਮਿਲੀ ਆਜ਼ਾਦੀ ਤੋਂ ਬਾਦ ਭਾਵੇਂ ਕਾਂਗਰਸ ਦੀ ਸਰਕਾਰ ਹੋਵੇ ਜੰਤਾ ਦਲੀਆਂ ਜਾਂ ਬੀਜੇਪੀ ਦੀ ਸਾਰਿਆਂ ਨੇ ਭਾਰਤ ਦੇ ਹੱਥ ਠੂਠਾ ਫੜਾਈ ਰੱਖਿਆ। ਕਾਂਗਰਸ ਵੀ ਅਤੇ ਬੀਜੇਪੀ ਬਾਹਰਲੇ ਪੂੰਜੀ ਪਤੀਆਂ ਲਈ ਦੇਸ਼ ਦੇ ਕੁਦਰਤੀ ਸਾਧਨਾਂ ਨੂੰ ਲਟਾਉਣ ਲਈ ਬੂਹੇ ਸ਼ਪੱਟ ਖੋਹਲਣ ਲਈ ਇਕ ਦੂਜੇ ਤੋਂ ਮੂਹਰੇ ਹੋਣ ਦੀ ਕਰਦੇ ਰਹੇ। ਸਮਾਜਵਾਦੀ ਸੋਚ ਇਸ ਪਾਰਟੀ ਦੇ ਅਜੰਡੇ ਵਿਚ ਬਿਲਕੁਲ ਨਹੀਂ ਹੈ। ਇਸੇ ਲਈ ਹਰ ਪਬਲਿਕ ਅਦਾਰੇ ਨੂੰ ਬਿਮਾਰ ਦੱਸ ਦੱਸ ਕੇ ਨਿੱਜੀ ਕੰਪਨੀਆਂ ਨੂੰ ਵੇਚ ਰਹੀ ਹੈ। ਵਰਲਡ ਟਰੇਡ ਆਰਗੇਨਾਈਜ਼ੇਸ਼ਨ ਨੇ ਦੁਨੀਆਂ ਦੀ ਖੇਤੀ ਬਾੜੀ ਨੂੰ ਕਈ ਬੰਧਨਾਂ ਅਧੀਨ ਨਿੱਜੀ ਕਾਰਪੋਰੇਸ਼ਨਾਂ ਦੇ ਹਵਾਲੇ ਕਰ ਦੇਣ ਲਈ ਬਹੁਤੇ ਦੇਸ਼ਾਂ ਨੂੰ ਮਨਾ ਲਿਆ ਹੋਇਆ ਹੈ, ਜਿਨ੍ਹਾਂ ਵਿਚ ਭਾਰਤ ਵੀ ਹੈ। ਖੇਤੀ ਉਤਪਾਦਨ ਵਿਚ ਵਿਕਸਤ ਦੇਸ਼ ਤਾਂ ਆਪਣੇ ਕਿਸਾਨਾਂ ਨੂੰ ਵੱਡੀਆਂ ਵੱਡੀਆਂ ਸਬਸਿਡੀਆਂ ਦਿੰਦੇ ਹਨ ਪਰ ਵਿਕਸਤਸ਼ੀਲ ਦੇਸਾਂ ਨੂੰਐਂਬਰ, ਨੀਲੇ ਅਤੇ ਹਰੇ ਖਾਨੇ ਬਣਾ ਕੇ ਕਈ ਪਬੰਦੀਆਂ ਹੇਠ ਸੰਸਾਰੀਵਪਾਰ ਸੰਸਥਾ (ਡਬਲਯੂ. ਟੀ. ਓ.) ਨੇ ਜਕੜ ਰੱਖਿਆ ਹੋਇਆ ਹੈ। ਮਹਾਨ ਭਾਰਤ ਦਾ ਮਹਾਨ ਪ੍ਰਧਾਨ ਮੰਤਰੀ ਸਿਰੀ ਮੋਦੀ ਜੀ ਪਿਛਲੇ ਚਾਰ ਪੰਜ ਸਾਲ ਸਾਰੀ ਦੁਨੀਆਂ ਦੇ ਨੇਤਾਵਾਂ ਨੂੰ ਸਾਹੋ ਸਾਹ ਵਾਰ ਵਾਰ ਮਿਲਣ ਵਿਚ ਰੁੱਝੇ ਰਹੇ। ਹਰ ਥਾਂ ੧੩੫ ਕਰੋੜ ਦੀ ਜਨ ਸੰਖਿਆ ਵਾਲੇ ਦੇਸ ਭਾਰਤ ਵਿਚੋਂ ੯੫ ਕਰੋੜ ਜੁਵਾ ਭਾਰਤ ਦੀ ਬਾਤ ਪਾ ਕੇ ਦੁਨੀਆਂ ਵਾਲਿਆਂ ਨੂੰ ਦੱਸਦੇ ਰਹੇ ਕਿ ਸਾਡੀ ਜੁਵਾ ਸ਼ਕਤੀ ਦੇ ਖਾਲੀ ਹੱਥ ਕੰਮਾਂ ਦੀ ਉਡੀਕ ਕਰ ਰਹੇ ਹਨ।ਪਰ ਕੋਈ ਵੀ ਕੋਟੀ ਦਾ ਉਦਯੋਗ ਦੇਸ਼ ਵਿਚ ਨਾ ਲਿਆ ਸਕੇ। ਮਹਿੰਗੇ ਭਾਅ ਪੜ੍ਹਾਈਆਂ ਕਰਕੇ ਬਹੁਤੀ ਯੁਵਾ ਸ਼ਕਤੀ ਵਿਦੇਸ਼ਾਂ ਵਿਚ ਜਜ਼ਬ ਹੋ ਜਾਂਦੀ ਹੈ ਅਤੇ ਬਾਕੀ ਯੁਵਾ ਤਾਕਤ ਸਾਰੇ ਦੇਸ ਵਿਚ ਵਿਹਲਿਆਂ ਦੀ ਗਿਣਤੀ ਵਿਚ ਹਰ ਵਰ੍ਹੇ ਵਾਧਾ ਕਰ ਦਿੰਦੀ ਹੈ। ਬੀਜੇਪੀ ਸਰਕਾਰ ਰਾਸ਼ਟਰ ਲਈ ਵੱਡੀਆਂ ਕੁਰਬਾਨੀਆਂ ਦਾ ਢੰਡੋਰਾ ਪਿੱਟਦੀ ਹੈ। ਪਰ ਇਹ ਗਲ ਬਿਲਕੁਲ ਨਹੀਂ ਸੋਚਦੀ ਕਿ ਰਾਸ਼ਟਰ ਤਾਂ ਲੋਕਾਂ ਨਾਲ ਬਣਦਾ ਹੈ।ਉਹ ਰਾਸ਼ਟਰ ਉੱਚਾ ਅਤੇ ਤਾਕਤਵਰ ਹੁੰਦਾ ਹੈ ਜਿਸਦੇ ਲੋਕਾਂ ਪਾਸ ਯੋਗਤਾ ਅਨੁਸਾਰ ਕੰਮ, ਸਿਹਤ, ਵਿਦਿਆ, ਖੇਡਾਂ, ਕਲਾ, ਸੰਗੀਤ ਅਤੇ ਰੋਜਾਨਾਂ ਜ਼ਿੰਦਗੀ ਦੇ ਸਭ ਵਸੀਲੇ ਵਸਾਹ ਅਤੇ ਸੌਖੇ ਹੀ ਆਮਦਾ ਹੋਣ। ਇਤਿਹਾਸ ਪੇਸ਼ ਪੇਸ਼ ਹੈ ਕਿ ਪਬਲਿਕ ਸੈਕਟਰ ਹੀ ਆਮ ਲੋਕਾਂ ਨੂੰ ਕੰਮ ਧੰਦਿਆਂ ਵਿਚ ਸਮੋ ਸਕਦਾ ਹੈ। ਨਿੱਜੀ ਕਾਰਪੋਰੇਸ਼ਨਾਂ ਨਿਰਦੇਸ਼ਕਾਂ ਅਤੇ ਬੜੇ ਅਧਿਕਾਰੀਆਂ ਦੀਆਂ ਅਸਮਾਨ ਛੋਂਹਦੀਆਂ ਤਨਖਾਹਾਂ, ਭੱਤਿਆਂ ਅਤੇ ਬੋਨਸਾਂ ਨਾਲ ਉਨ੍ਹਾਂ ਨੂੰ ਨਿਹਾਲ ਕਰ ਸਕਦੇ ਹਨ ਪਰ ਕਾਰਪੋਰੇਸ਼ਨ ਦੇ ਹਜ਼ਾਰਾਂ ਕਿਰਤੀਆਂ ਕਾਰਕੁੰਨਾਂ ਨੂੰ ਆਮ ਜ਼ਿੰਦਗੀ ਜਿਉਣ ਜੋਗੀ ਤਨਖਾਹ ਦੇਣ ਲਈ ਵੀ ਰਾਜ਼ੀ ਨਹੀਂ ਹੁੰਦੀਆਂ।

ਹਰ ਸਮੇਂ ਸਟੇਟ ਹੀ ਆਰਥਿਕ ਪ੍ਰਨਾਲੀ ਨੂੰ ਕਾਇਮ ਦਾਇਮ ਰੱਖਣ ਲਈ ਜ਼ਿਮੇਦਾਰ ਹੁੰਦੀ ਹੈ। ਜਗੀਰਦਾਰੀ ਉਦੋਂ ਤਕ ਚਲਦੀ ਰਹੀ ਜਦ ਤਕ ਸਟੇਟ ਬਰਕਰਾਰ ਰਖ ਸਕੀ। ਜਦੋਂ ਲੋਕਾਂ ਨੇ ਸਟੇਟ ਨੂੰ ਬਗਾਬਤ ਕਰਕੇ ਪਰ੍ਹਾਂ ਕਰ ਦਿੱਤਾ ਜਗੀਰਦਾਰੀ ਪ੍ਰਨਾਲੀ ਖਤਮ ਹੋ ਗਈ। ਹੁਣ ਸਰਮਾਏਦਾਰੀ ਪ੍ਰਨਾਲੀ ਵੀ ਉਤਨੀ ਦੇਰ ਕਾਇਮ ਰਹੇਗੀ ਜਿਨੀਂ ਦੇਰ ਹਕੂਮਤ ਇਸ ਦੀ ਪਿੱਠ ਤੇ ਥਾਪੜਾ ਦੇਣ ਦੇ ਕਾਬਲ ਰਹੇਗੀ।

ਐਸ ਵੇਲੇ ਕਿਸਾਨ ਅੰਦੋਲਨ ਮੰਗ ਕਰਦਾ ਹੈ ਕਿ ਕਾਰਪੋਰੇਸ਼ਨਾਂ ਦੇ ਰਹਿਮ ਤੇ ਖੇਤੀਬਾੜੀ ਸੈਕਟਰ ਨੂੰ ਨਾ ਛੱਡਿਆ ਜਾਵੇ। ਸਰਕਾਰ ਆਪਣਾ ਦਿਲ ਚੌੜਾ ਕਰਕੇ ਕਿਸਾਨਾਂ ਦੀਆਂ ਫ਼ਸਲਾਂ ਨੂੰ ਸਾਰੇ ਦੇਸ ਵਿਚ ਮੈਸ ਐਸ ਪੀ ਲਾਗੂ ਕਰਕੇ ਸਰਕਾਰੀ ਮੰਡੀਆਂ ਰਾਹੀਂ ਖਰੀਦੇ ਅਤੇ ਵਿਤਰਨ ਕਰੇ। ਸਰਕਾਰ ਪਾਸ ਪੈਸੇ ਦੀ ਘਾਟ ਬਿਲਕੁਲ ਨਹੀਂ। ਮੋਦੀ ਜੀ ! ਆਪਣੇ ਜੁੱਸੇ ਨਾਲ ਬੜੇ ਬੜੇ ਧੰਨ ਕੁਬੇਰਾਂ ਤੋਂ ਤੁਸੀਂ ਇਕ ਫਰਮਾਨ ਨਾਲ ਹੀ ਲੋੜ ਜੋਗਾ ਪੈਸਾ ਕਢਵਾ ਸਕਦੇ ਹੋ । ਮੋਦੀ ਜੀ ਤੁਹਾਡੇ ਲਈ ਇਹ ਕੋਈ ਵੱਡਾ ਕੰਮ ਨਹੀਂ ਹੈ। ਫੁਰਮਾਨ ਜਾਰੀ ਕਰਨ ਵਿਚ ਤੁਸੀਂ ਮਾਹਰ ਹੋ।ਕਿਸਾਨ ਸਰਕਾਰ ਬਦਲੀ ਨਾਲੋਂ ਵਿਵਸਥਾ ਬਦਲੀ ਦੀ ਬੜੀ ਆਸ ਲੈ ਕੇ ਬੈਠੇ ਹਨ।

ਜਿਸ ਆਰਥਿਕ ਨੀਤੀ ਤੇ ਤੁਸੀਂ ਦੇਸ ਨੂੰ ਚਲਾਉਣਾ ਚਾਹੁੰਦੇ ਉਸ ਦੀਆਂ ਲੀਹਾਂ ਪੁਰਾਣੀਆਂ ਹੀ ਹਨ ਜਿਸਨੇ ਲੱਖਾਂ ਕਿਸਾਨਾਂ ਦੀ ਜਾਨ ਪਹਿਲਾਂ ਹੀ ਲੈ ਲਈ ਹੋਈ ਹੈ। ਚੌੜੇ ਸੀਨੇ ਵਿਚ ਚੌੜਾ ਦਿਲ ਰੱਖੋ। ਹਰ ਰੋਜ਼ ਕਿਸਾਨਾਂ ਦਿਆਂ ਮੋਰਚਿਆਂ ਵਿਚੋਂ ਇਕ ਦੋ ਲਾਸ਼ਾਂ ਉਠਦੀਆਂ ਹਨ। ਕਿਸਾਨਾਂ ਦੇ ਪੁੱਤਰ ਹੀ ਹਰ ਮੌਸਮ ਵਿਚ ਖੇਤਾਂ ਅਤੇ ਦੇਸ ਦੀਆਂ ਸਰਹੱਦਾਂ ਤੇ ਤੈਨਾਤ ਰਹਿੰਦੇ ਹਨ।ਕਨੂੰਨ ਵਾਪਸ ਲੈ ਲਵੋ ਹਮਦਰਦੀ ਦਾ ਅੱਜ ਹੀ ਐਲਾਨ ਨਸ਼ਰ ਕਰ ਦਿਓ ਅਤੇ ਅਸੀਸਾਂ ਦੇ ਪਾਤਰ ਬਣੋ।ਆਲਮੀ ਸਰਮਾਏਦਾਰੀ ਮੋਹਰੇ ਸਸਤੇ ਭਾਅ ਕੌਡੀਆਂ ਵਾਂਗ ਦੇਸ ਨੂੰ ਲੁੱਟੇ ਜਾਣ ਤੋਂ ਬਚਾਓ । ਫੌਜੀ ਗੱਭਰੂਆਂ ਨੂੰ ਵੀ ਦੇਸ ਦੇ ਕਿਸਾਨਾਂ ਮਜ਼ਦੂਰਾਂ ਨਾਲ ਹੁੰਦੀ ਬੇਇਨਸਾਫੀ ਦੀ ਚੋਭ ਮਹਿਸੂਸ ਹੋ ਰਹੀ ਹੈ।ਬਘਿਅੜਾਂ ਮੋਹਰੇ ਬੱਕਰੀਆਂ ਨਾ ਬੰਨ੍ਹੋ।

ਮੋਦੀ ਜੀ ! ਤੁਹਾਡੇ ਹੱਥਾਂ ਵਿਚ ੧੩੫ ਕਰੋੜ ਲੋਕਾਂ ਵਿਚੋਂ ਤਕਰੀਬਨ 90% ਲੋਕਾਂ ਦੀ ਕਿਸਮਤ ਸਾਹ ਘੁਟੀਂਦੀ ਜਾਪਦੀ ਹੈ ਜਿਨ੍ਹਾਂ ਵਿਚ ਬਹੁਤੇ ਕਿਸਾਨ ਅਤੇ ਮਜ਼ਦੂਰ ਲੋਕ ਹੀ ਹਨ।ਕਿਸਾਨ ਅਤੇ ਮਜ਼ਦੂਰ, ਮੋਦੀ ਜੀ! ਤੁਹਾਡਾ ਬੂਹਾ ਖੜਕਾ ਰਹੇ ਹਨ।ਵੱਡਾ ਵਿਸ਼ਾਲ ਦਿਲ ਰੱਖ ਕੇ ਬੂਹੇ ਤੋਂ ਬਾਹਰ ਆਓ ਇਨ੍ਹਾਂ ਦੀ ਗਲ ਸੁਣੋ ਅਤੇ ਮੰਨੋ। ਤੁਹਾਡੀ ਇਸ ਵਿਚ ਸ਼ਾਨ ਵਧੇਗੀ।ਇਤਿਹਾਸ ਵਿਚ ਤੁਹਾਡਾ ਨਾਮ ਰਯੀਅਤ ਦਾ ਮਿੱਤਰ ਲਿਖਿਆ ਜਾਵੇਗਾ। ੧੯੩੦ ਵਿਚ ਅਮ੍ਰੀਕਾ ਦੇ ਪ੍ਰਧਾਨ ਰੂਜ਼ਵੈਲਟ ਦੀ ਵੀ ਤੁਹਾਡੇ ਵਰਗੀ ਹਾਲਤ ਸੀ। ਉਸ ਨੂੰ ਵੀ ਦੁਖੀ ਲੋਕਾਂ ਨੇ ਘੇਰ ਲਿਆ ਸੀ। ਉਦੋਂ ਉਸਨੇ ਲੋਕਾਂ ਦਾ ਸਾਥ ਦਿੱਤਾ ਸੀ ਕਾਰਪੋਰੇਸ਼ਨਾ ਦਾ ਨਹੀਂ।

ਉਸਨੇ ਉਦੋਂ ਅਮ੍ਰੀਕਾ ਵਿਚ ਸਰਮਾਏਦਾਰੀ ਪ੍ਰਣਾਲੀ ਭਾਵੇਂ ਨੂੰ ਬਚਾ ਲਿਆ ਸੀ ਪਰ ਕਿਰਤੀ ਜਮਾਤ ਨੂੰ ਉਸ ਵਲੋਂ ਦਿੱਤੀਆਂ ਰਿਆਇਤਾਂ ਦੇ ਹੁਣ ਵੀ ਗੁਣ ਗਾਏ ਜਾਂਦੇ ਹਨ ਅਤੇ ਅਜ ਤਕ ਬਰਕਰਾਰ ਹਨ। ਕਿਸਾਨ ਅਤੇ ਮਜ਼ਦੂਰ ਅਰਥ ਵਿਵਸਥਾ ਦੀ ਚੂਲ ਹਨ ਜਿਸ ਦੁਆਲੇ ਸਾਰਾ ਅਰਥਚਾਰਾ ਘੁੰਮਦਾ ਹੈ। ਖਾਤਰ ਜਮ੍ਹਾਂ ਰੱਖੋ ਜੇ ਇਸ ਵਰਗ ਦੀ ਆਮਦਨ ਵਧਾਓਗੇ ਹਰ ਖੇਤਰ ਵਿਚ ਪੈਸੇ ਦਾ ਚਲਣ ਵਧੇਗਾ ।ਲੋਕਾਂ ਦੀ ਖਰੀਦ ਸ਼ਕਤੀ ਵਧੇਗੀ ਜਿਸ ਨਾਲ ਸੰਨਤ ਵਿਚ ਵੀ ਉਛਾਲ ਆਵੇਗਾ। ਭਾਰਤ ਦੇਸ ਹੋਰ ਮਹਾਨ ਬਣੇਗਾ ਅਤੇ ਤੁਸੀਂ ਵੀ ਚੀਨ ਨਾਲੋਂ ਜਿਆਦਾ ਸੀਨਾ ਚੌੜਾ ਕਰਕੇ ਵਰਲਡ ਟਰੇਡ ਆਰਗੇਨਾਈਜ਼ੇਸ਼ਨ ਅਤੇ ਹੋਰ ਆਲਮੀ ਸੰਸਥਾਵਾਂ ਸਾਹਮਣੇ ਆਪਣਾ ਕੇਸ ਪੇਸ਼ ਕਰ ਸਕਿਆ ਕਰੋਗੇ ਅਤੇ 56 ਇੰਚ ਦਾ ਸੀਨਾ ਹੋਰ ਵੀ ਚੌੜਾ ਹੋ ਸਕੇਗਾ। ਤੁਹਾਡੀ ਅਸਲੀ ਤਾਕਤ ਦੇ ਲੋਕ ਹਨ ਵੱਡੇ ਪੂੰਜੀਪਤੀਆਂ ਨੂੰ ਲੋਕਾਂ ਦੀ ਖਿਦਮਤ ਲਈ ਸਰਕਾਰੀ ਨਿਗਰਾਨੀ ਹੇਠ ਮਨਾ ਲਵੋ। ਉਨ੍ਹਾਂ ਦੀ ਦੌਲਤ ਵੀ ਤਾਂ ਆਖਰ ਇਨ੍ਹਾਂ ਮਜ਼ਦੂਰਾਂ ਨੇ ਹੀ ਪੈਦਾ ਕੀਤੀ ਹੈ।ਅੰਤ ਵਿਚ ਮੇਰੀ ਆਰਜ਼ੂ ਤਾਂ ਇਹੋ ਹੀ ਹੈ ਕਿ ਜਿਹੜੀ ਖਲਕਤ ਇਤਨੀ ਠੰਡ ਵਿਚ ਸੜਕਾਂ ਤੇ ਉਤਰੀ ਹੋਈ ਹੈ ਉਸਦੇ ਹਿਰਦੇਓਨੇ ਹੀ ਨਿੱਘੇ ਅਤੇ ਵਿਛਾਲ ਹੈਨ ਜਿਨੇ ਵਿਛਾਲ ਇਨ੍ਹਾਂ ਦੇ ਖੇਤ।ਇਨ੍ਹਾਂ ਦੇ ਵਿਛਾਲ ਦਿਲਾਂ ਵਿਚ ਵੜ ਕੇ ਵੇਖੋ ਤੁਹਾਡੀ ਭੁਲ ਦੀ ਤੁਹਾਨੂੰ ਸਜ਼ਾ ਨਹੀ ਦੇਣਗੇ ਇਹ ਤਾਂ ਆਪਣੇ ਪਵਿੱਤਰ ਦਿਲਾਂ ਵਿਚੋਂ ਝਟ ਹੀ ਮੁਆਫ ਕਰ ਦੇਣਗੇ।ਹਠ ਛੱਡੋ ਮੌਕਾ ਸੰਭਾਲੋ ਕਿਤੇ ਦੇਰ ਨਾ ਹੋ ਜਾਵੇ।

# ਸਿੱਖਿਆ ਦੀ ਕ੍ਰਿਸ਼ਨ ਲੀਲ੍ਹਾ

ਕ੍ਰਿਸ਼ਨ ਦੀ ਸਿੱਖਿਆ ਲੀਲ੍ਹਾ ,
ਪੰਜਾਬ ਦਾ ਮਾਂਜ ਤਾ ਪਤੀਲਾ,

ਸਾਰੇ ਉਸਨੇ ਸਿੱਧੇ ਕਰਤੇ
ਕਾਲਾ, ਚਿੱਟਾ, ਪੀਲਾ, ਨੀਲਾ.

ਮਾਸਟਰਾਂ ਨੂੰ ਉਹਨੇ ਪੜਨੇ ਪਾਇਆ ,
ਗੱਡ ਤਾ ਪੰਜਾਬ ਦੀ ਹਿੱਕ 'ਚ ਕੀਲਾ।

ਫੋਕੇ ਪ੍ਰਸੰਸਾ ਦੇ ਪੱਤਰ ਲੈ ਕੇ.
ਹਰ ਕੋਈ ਬਣਿਆ ਘੀਲਾ..

ਕਾਗਜ਼ਾਂ ਦੇ 'ਚ ਵਧਿਆ ਡਾਟਾ
ਸਿੱਖਿਆ ਢਾਂਚਾ ਕਰ ਤਾ ਤੀਲਾ ਤੀਲਾ।



ਬੁੱਧ ਸਿੰਘ ਨੀਲੋਂ
91-94643-70823

# ਤਲਾਸ਼

ਤਲਾਸ਼ ਦਾ ਹਾਂ ਮੈਂ ਅਕਸਰ ਆਪਣੇ ਅੰਦਰੋਂ ਆਪੇ ਨੂੰ,
ਲੱਭਦਾ ਹਾਂ ਅਕਸਰ ਮੈਂ ਇੱਕ ਸ਼ਖਸ ਗਵਾਚੇ ਨੂੰ।

ਉਹਦੇ ਖਣਖਣਾਉਂਦੇ ਹਾਸੇ ਨੂੰ, ਕਿਸੇ ਦਿੱਤੇ ਹੋਏ ਦਿਲਾਸੇ ਨੂੰ।
ਮੁੜੇ ਹੋਏ ਮੁਹੱਬਤ ਦੇ ਸ਼ਹਿਰ ਵਿੱਚੋਂ ਪਿਆਸੇ ਨੂੰ।

ਕੋਈ ਹੋਇਆ ਸੀ ਜੋ, ਉਸ ਨਾਲ ਹਾਦਸੇ ਨੂੰ।
ਮੈਂ ਟੋਲਦਾ ਹਾਂ ਅਕਸਰ ਉਸਦੀਆਂ ਤਨਹਾਈਆਂ ਨੂੰ,
ਕੁੱਝ ਪੀੜਾਂ ਹਿਜਰ ਦੀਆਂ ਉਹਦੇ ਹਿੱਸੇ ਆਈਆਂ ਨੂੰ।

ਉਹਨੇ ਕਿੱਥੇ ਲੁਕਾ ਕੇ ਰੱਖ ਲਈਆਂ ਆਪਣੀਆਂ ਬੇਪਰਵਾਹੀਆਂ ਨੂੰ।
ਖੁਸ਼ੀਆਂ ਤੇ ਚਾਵਾਂ ਦੀਆਂ ਹਸਰਤਾਂ ਦਫਨਾਈਆ ਨੂੰ।

ਜਿਮੇਵਾਰੀਆ ਦੇ ਬੋਝ ਹੇਠ ਕੁੱਝ ਸੱਧਰਾਂ ਆਈਆਂ ਨੂੰ।
ਕੁੱਝ ਅਣਕਹੀਆਂ ਗੱਲਾਂ ਮਨ ਅੰਦਰ ਲੁਕਾਈਆ ਨੂੰ।
ਮੈਂ ਤਲਾਸ਼ ਦਾ ਹਾਂ ਅਕਸਰ ਉਸ ਇਨਸਾਨ ਦੀਆਂ ਪਰਛਾਈਆਂ ਨੂੰ।



– ਰਵਨਜੋਤ ਕੌਰ ਸਿੱਧੂ
ਰਾਵੀ
ਜੱਬੋਵਾਲ ਜਿਲਾ ਸ਼ਹੀਦ ਭਗਤ ਸਿੰਘ ਨਗਰ


# "ਜਿਉਂਦੇ ਰਹੋ ਕਲਮਾਂ ਵਾਲਿਓ"

ਪਤਾ ਨਹੀਂ ਕੀ ਹੋਣਾ ਛੱਬੀ ਨੂੰ,
ਕਫ਼ਨ ਲੈ ਕੇ ਨਿਕਲੇ ਘਰਾਂ ਚੋਂ
ਸਰਕਾਰੇ ਕਿਉਂ ਤੜਫਾਓਨੀ ਆ,
ਕਿਸਾਨਾਂ ਦੀ ਰੂਹ ਰੱਬੀ ਨੂੰ
ਇਹ ਪਿੱਛੇ ਹਟਣ ਵਾਲੇ ਨਹੀਂ,
ਛੇੜ ਲਿਆ ਸਰਕਾਰੇ ਕੌਮ ਤੂੰ ਕੱਬੀ ਨੂੰ,

ਸ਼ਾਂਤੀ ਪ੍ਰਦਰਸ਼ਨ ਕਰਿਓ ਵੀਰਿਓ ਵੇ,
ਹਾਰਨਾ ਨਹੀਂ ਕੌਮ ਦੇ ਹੀਰਿਓ ਵੇ,
ਕਿਸੇ ਵੀ ਚੁੱਕ ਚ ਨਾ ਆ ਜਾਇਓ,
ਸਮਝ ਲਇਓ ਸਰਕਾਰ ਦੀ ਠੱਗੀ ਨੂੰ,
ਇਹ ਪਿੱਛੇ ਹਟਣ ਵਾਲੇ ਨਹੀਂ,
ਛੇੜ ਲਿਆ ਸਰਕਾਰੇ ਕੌਮ ਤੂੰ ਕੱਬੀ ਨੂੰ,

ਜਿਉਂਦੇ ਰਹੋ ਤੁਸੀਂ ਕਲਮਾਂ ਵਾਲਿਓ,
ਵੱਸਦੇ ਰਹੋ ਤੁਸੀਂ ਗਾਉਣ ਵਾਲਿਓ,
ਤੁਸੀਂ ਖ਼ੂਬ ਨਿਭਾਇਆ ਲਿਖਕੇ ਗਾਕੇ,
ਕਿਸਾਨਾਂ ਨਾਲ ਦੋਸਤੀ ਲੱਗੀ ਨੂੰ
ਇਹ ਪਿੱਛੇ ਹਟਣ ਵਾਲੇ ਨਹੀਂ,
ਛੇੜ ਲਿਆ ਸਰਕਾਰੇ ਕੌਮ ਤੂੰ ਕੱਬੀ ਨੂੰ,

'ਕੰਮੋਂ' ਤੂੰ ਵੀ ਲਿਖ ਕੇ ਹਿੱਸਾ ਪਾਇਆ,
ਦੁੱਖੀ ਨਾ ਹੋ ਜੇ ਦਿੱਲੀ ਗਿਆ ਨਾ ਜਾਇਆ,
ਵੀਡਿਓ ਪਾ ਕੇ ਸੋਸ਼ਲ ਮੀਡੀਆ ਤੇ ਤੂੰ,
ਭੱਖਦੀ ਰੱਖੀ ਚਿੰਗਾਰੀ ਅੰਦਰ ਲੱਗੀ ਨੂੰ,
ਇਹ ਪਿੱਛੇ ਹਟਣ ਵਾਲੇ ਨਹੀਂ,
ਛੇੜ ਲਿਆ ਸਰਕਾਰੇ ਕੌਮ ਤੂੰ ਕੱਬੀ ਨੂੰ,



ਕਰਮਜੀਤ ਕੌਰ ਸਮਾਓਂ
ਜ਼ਿਲ੍ਹਾ ਮਾਨਸਾ

# ਰਕਮ?

ਆਉ ਮਿੱਤਰੋ ਰਕਮ ਨੂੰ ਜਾਣੀਏ ਵਿੱਚ ਡੁੱਬਕੇ ਅੱਖਰਾਂ।
ਕਿੰਝ ਭਰਮ, ਭੁਲੇਖੇ, ਵਹਿਮਾਂ ਵਿੱਚ ਪਈ ਜਨਤਾ ਚੱਕਰਾਂ।

ਕਈਂ ਰਕਮ ਸਮਝ ਕੇ ਪੈਸੇ ਨੂੰ ਲਏ ਜੋੜ ਨੇ ਲੱਖਾਂ।
ਵਿੱਚ ਪੈ ਕੇ ਭੰਬਲ-ਭੂਸਿਆਂ ਕਰੀ ਜਿੰਦਗੀ ਕੱਖਾਂ।

ਇਸ ਖਾਤਰ ਝੂਠ, ਕਪਟ, ਲਾਲਚ ਨਾ ਲੋਭ ਹੀ ਛੱਡਿਆ।
ਕਈਂ ਰਗੜੇ ਰੱਜ ਬੇਗਾਨੇ ਤੇ ਕੋਈ ਆਪਣਾ ਵੱਢਿਆ।

ਸਭ ਰਿਸ਼ਤੇ, ਨਾਤੇ, ਬੰਧਨ ਨੇ ਪੈਸੇ ਨਾਲ ਤੋਲੇ।
ਸੁਰਗਾਂ ਨੂੰ ਜਾਂਦੇ ਰਾਹ ਆਪੇ ਨਰਕਾਂ ਵੱਲ ਖੋਲ੍ਹੇ।

ਉੱਠ ਸੁਬ੍ਹਾ ਕੈਪਸੂਲ ਗੈਸ ਦਾ ਪੈਂਦਿਆਂ ਨੂੰ ਗੋਲੀ।
ਸਾਰਾ ਦਿਨ ਬੀ.ਪੀ, ਸ਼ੂਗਰਾਂ ਜਿੰਦ ਰੱਜਕੇ ਰੋਲ਼ੀ।

ਪਰ ਅਸਲ ਚ ਮਤਲਬ ਰਕਮ ਦਾ ਬਹੁਤਾ ਆਸਾਨ ਹੈ।
ਰਾਰਾ- ਰੋਟੀ, ਕੱਕਾ- ਕੱਪੜਾ ਤੇ ਮੰਮਾ- ਮਕਾਨ ਹੈ।

ਕੁਝ ਇਸਤੋਂ ਵਧ ਕੇ ਤਾਂ ਮਿਲੇ ਜੇ ਕੋਈ ਕਿਰਪਾ ਨਿੱਸਰੇ।
ਫਿਰ 'ਘਾਲਿ ਖਾਇ ਕਿਛ ਹੱਥੋਂ ਦੇਹਿ' ਕਿਸ ਗੱਲੋਂ ਵਿੱਸਰੇ?

ਹੈ ਪਿੰਡ ਘੜਾਮੇ ਰਕਮ ਵੀ ਨਾਲੇ ਮਸ਼ਹੂਰੀ।;
ਕਿਉਂਕਿ ਰੋਮੀ 'ਰਾਹ ਪਛਾਣਦਾ' ਤਾਹੀਓਂ ਕਿਰਪਾ ਪੂਰੀ।;
ਕਿਉਂਕਿ ਰੋਮੀ 'ਰਾਹ ਪਛਾਣਦਾ'........ .।

– ਰੋਮੀ ਘੜਾਮੇਂ ਵਾਲ਼ਾ।
91-98552-81105



## ਮਿੰਨੀ ਕਹਾਣੀ

# ਅਪਾਹਿਜ ਇਨਸਾਨ ਨਹੀਂ ਸੋਚ ਹੁੰਦੀ ਹੈ...

ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਮੋਗਾ ਵਾਪਸੀ ਦੌਰਾਨ ਮੈਂ ਜਦੋਂ ਬੱਸ ਵਿੱਚ ਬੈਠਾ ਪੇ ਮਰਿਆ ਵਾਲੇ ਲੋਕ ਵੀ ਮੇਰੇ ਨਾਲ ਬੱਸ ਵਿੱਚ ਸਵਾਰ ਸਨ। ਕਿਸੇ ਦੇ ਕੰਨਾ ਵਿੱਚ ਈਅਰ ਫੋਣ ਲੱਗੇ ਹੋਏ ਸੀ ਤੇ ਕੋਈ ਫੋਣ ਨਾਲ ਪੰਗੇ ਲੈ ਰਿਹਾ ਸੀ। ਮੈਂ ਵੀ ਛੋਛੇ ਬਾਜ਼ੀ ਕਰਦੇ ਨੇ ਫੋਣ ਕੱਢ ਕਿ ਟਾਇਮ ਦੇਖਿਆ ਤੇ ਫਿਰ ਫੋਣ ਜੇਬ ਚ' ਪਾ ਲਿਆ। ਮੇਰੇ ਕੋਲ ਰਾਣੀ ਤੱਤ ਕਿਤਾਬ ਸੀ ਮੈਂ ਪੜ੍ਹਨੀ ਸ਼ੁਰੂ ਕਰ ਦਿੱਤੀ। ਮੁੱਲਾਂਪੁਰ ਆ ਕਿ ਬੱਸ ਰੁਕੀ ਇੱਕ ਲੱਤ ਤੋਂ ਅਪਾਹਿਜ ਇੱਕ ਨੌਜਵਾਨ ਚੜਿਆਂ। ਉਸਨੇ ਸਾਰੀ ਬੱਸ ਵਿੱਚ ਖਾਲੀ ਸੀਟ ਲਈ ਨਿਗਾ ਮਾਰੀ ਕੋਈ ਵੀ ਸੀਟ ਖਾਲੀ ਨਹੀਂ ਸੀ ਮੈਂ ਬੱਸ ਵਿੱਚ ਵਿਚਕਾਰਲੀ ਸੀਟ ਤੇ ਬੈਠਾ ਸੀ।ਉਹ ਮੁੰਡਾ ਕੋਈ 5 ਕੁ ਮਿੰਟ ਖੜ੍ਹਾ ਕਿਸੇ ਨੇ ਵੀ ਸੀਟ ਨਾ ਛੱਡੀ ਮੈਂ ਕਿਤਾਬ ਬੈਗ ਵਿੱਚ ਪਾਈ ਸੀਟ ਤੋਂ ਉੱਠਿਆ ਉਸਨੂੰ ਅੱਖਾਂ ਨਾਲ ਇਸ਼ਾਰਾ ਕਰਦਿਆਂ ਕਿਹਾ ਇੱਥੇ ਬੈਠੋਂ ਜਦੋਂ ਜਗਰਾਉਂ ਆ ਕਿ ਬੱਸ ਰੁੱਕੀ ਤਿੰਨ ਸਵਾਰੀਆਂ ਚੜੀਆ ਕੋਈ ਰਾਹ ਦੀ ਸਵਾਰੀ ਨਾ ਹੋਵੇ ਇਹ ਕਹਿ ਕਿ ਕਡੰਕਟਰ ਨੇ ਵਿਸਲ ਮਾਰੀ ਤੇ ਬੱਸ ਤੁਰ ਪਈ। ਤਿੰਨ ਸਵਾਰੀਆਂ ਵਿੱਚ ਇੱਕ ਔਰਤ ਜਿਸ ਕੋਲ ਇੱਕ ਕੋਈ ਤਿੰਨ ਕੁ ਸਾਲ ਦੀ ਬੱਚੀ ਸੀ ਤੇ ਇੱਕ ਬੱਚਾ ਉਸਨੇ ਗੋਦੀ ਚੁੱਕਿਆ ਹੋਇਆਂ ਸੀ ਉਹ ਬਹੁਤ ਔਖੀ ਖੜੀ ਸੀ। ਕਿਸੇ ਨੇ ਵੀ ਉਸਨੂੰ ਸੀਟ ਨਾ ਦਿੱਤੀ। ਧਰਮ ਨਾਲ ਮੈਨੂੰ ਇਨਸਾਨ ਵਿੱਚੋਂ ਇਨਸਾਨੀਅਤ ਖੋ ਗਈ ਜਾਪੀ ਉਹ ਅਪਾਹਿਜ ਮੁੰਡਾ ਸੀਟ ਛੱਡ ਦਿਆ ਬੋਲਿਆਂ ਲੈ ਭੈਣ ਤੂੰ ਇਥੇ ਬੈਠ ਜਾ ਮੈਂ ਖੜ੍ਹ ਕਿ ਚਲਾ ਜਾਊ ਔਖਾ ਸੌਖਾ ਮੈਨੂੰ ਉਹ ਅਪਾਹਿਜ ਨਹੀਂ ਬੱਸ ਵਿੱਚ ਸਾਰੇ ਲੋਕ ਬੈਠੇ ਅਪਾਹਿਜ ਲੱਗਣ ਲੱਗੇ। ਇਨਸਾਨ ਅਪਾਹਿਜ ਨਹੀਂ ਅਪਾਹਿਜ ਸੋਚ ਹੁੰਦੀ ਹੈ।



– ਪ੍ਰੀਤ
ਘੱਲ ਕਲਾਂ
91-98144-89287

# ਕਵਿਤਾ

ਦੇਖੋ ਨਵਾਂ ਮਦਾਰੀ ਆਇਆ
ਹਿੰਦੂ ਮੁਸਲਿਮ ਢੋਲ ਵਜਾਇਆ
ਬਹਿ ਜਾ ਬੇਬੇ ਤੂੰ ਵੀ ਸੁਣ ਲੈ
ਆਜਾ ਤੂੰ ਵੀ ਬਹਿ ਜਾ ਤਾਇਆ
ਦੇਖੋ ਨਵਾਂ ਮਦਾਰੀ ਆਇਆ
ਹਿੰਦੂ ਮੁਸਲਿਮ ਢੋਲ ਵਜਾਇਆ।

ਐਧਰ ਜਾ ਕੇ , ਓਧਰ ਜਾ ਕੇ
ਰੱਖ ਛੱਡੀ ਏ ਦੁਨੀਆਂ ਗਾਹ ਕੇ
ਕੱਢ ਛੱਡਿਆ ਜਿੰਨ ਮੰਦਿਰ ਵਾਲਾ
ਮਸਲੇ ਸਾਰੇ ਖੂਹ ਵਿੱਚ ਪਾ ਕੇ
ਗਣਤੰਤਰ ਦਾ ਵੱਢ ਕੇ ਫਾਹਾ
ਤਿੰਨ ਸੌ ਸੱਤਰ ਕੱਢ ਲਿਆਇਆ
ਦੇਖੋ ਨਵਾਂ ਮਦਾਰੀ ਆਇਆ।
ਹਿੰਦੂ ਮੁਸਲਿਮ ਢੋਲ ਬਜਾਇਆ।

ਭੂਤ ਚੰਬੜਿਆ ਕੋਵਿਡ ਵਾਲਾ
ਅੰਦਰ ਸਾਰੇ ਸ਼ਹਿਰੀ ਡੱਕੇ
ਕਰਕੇ ਚਾਰ ਜਮਾਤੀ ਅੰਦਰ
ਹੱਜ ਕਰ ਆਇਆ ਬਿਨ ਜਾ ਮੱਕੇ
ਦੇ ਯਮਰਾਜ ਨੂੰ ਚਾਲੀ ਭੇਟਾਂ
ਤਿੰਨ ਸੌ ਤਿੰਨ ਹੈ ਕੱਢ ਲਿਆਇਆ
ਦੇਖੋ ਨਵਾਂ ਮਦਾਰੀ ਆਇਆ।
ਹਿੰਦੂ ਮੁਸਲਿਮ ਢੋਲ ਬਜਾਇਆ।

ਸ਼ਾਹਬਾਨੋ ਵੀ ਮਾਰ ਮੁਕਾਈ
ਬਣਦੀ ਸੀ ਸੋ ਸਭ ਦੀ ਤਾਈ
ਵੇਖ ਕਿਵੇਂ ਕੁੰਡਾ ਖੜਕਾ ਕੇ
ਰੱਖ ਛੱਡੇ ਸਭ ਕੇਸ ਮੁਕਾ ਕੇ
ਮੁੱਖ ਤੋਂ ਕਿਵੇਂ ਨਕਾਬ ਲੁਹਾਇਆ
ਦੇਖੋ ਨਵਾਂ ਮਦਾਰੀ ਆਇਆ।
ਹਿੰਦੂ ਮੁਸਲਿਮ ਢੋਲ ਬਜਾਇਆ।

ਭਾਈਓ ਬਹਿਨੋ ਬੋਲ ਬੋਲ ਕੇ
ਕਿੰਨਾ ਸਤਿ ਹੈ ਟੋਲ ਕੋਲ ਕੇ
ਅੰਦਰ ਖਾਤੇ ਬੋਲ ਬੋਲ ਕੇ
ਬਾਹਰ ਧੂੰਧੂਕਾਰ ਮਚਾਇਆ
ਕਰਕੇ ਛੋਟਾ ਅੰਦਰ ਖਾਤੇ
ਵੱਡਾ ਸਾਰਾ ਨੋਟ ਚਲਾਇਆ।
ਦੇਖੋ ਨਵਾਂ ਮਦਾਰੀ ਆਇਆ
ਹਿੰਦੂ ਮੁਸਲਿਮ ਢੋਲ ਬਜਾਇਆ।

ਐਧਰ ਓਧਰ ਬੰਬ ਸੁੱਟਵਾ ਕੇ
ਚਾਰੀਂ ਕੁੰਟੀਂ ਅੱਗ ਲਗਵਾ ਕੇ
ਕਰਕੇ ਨੇਤਾ ਅੰਦਰ ਬਾਹਰ
ਇੱਕ ਦੋ ਆਪਣਾ ਦੇਸ਼ ਬਚਾ ਕੇ
ਕਿੱਥੋਂ ਕਿਥੋਂ ਰੱਖ ਛੱਡਿਆ ਹੈ
ਪੱਪੂ ਦਾ ਪਰਿਵਾਰ ਡਰਾ ਕੇ
ਬਹਿ ਕੇ ਨੱਡਿਆਂ ਵੱਡਿਆਂ ਅੰਦਰ
ਕੱਠਾ ਕਰ ਲਿਆ ਸਭ ਸਰਮਾਇਆ
ਦੇਖੋ ਨਵਾਂ ਮਦਾਰੀ ਆਇਆ।
ਹਿੰਦੂ ਮੁਸਲਿਮ ਢੋਲ ਬਜਾਇਆ।

ਇਸ ਕਵਿਤਾ ਨੂੰ ਪੜ੍ਹ ਕੇ ਸੁਣਕੇ
ਖੁਸ਼ ਹੋ ਜਾਣਗੇ ਖੱਬੇ ਪੱਖੀ
ਬਹਿ ਗਏ ਜਿਹੜੇ ਅੰਦਰ ਵੜ ਕੇ
ਵੀਹ ਸਾਲੀਂ ਨਾ ਮਾਰੀ ਮੱਖੀ
ਉਂਝ ਚਾਹੁੰਦੇ ਹਨ ਸਦਾ ਸਦਾਈਂ
ਬਣੀ ਰਹੇ ਸਾਡੀ ਸਰਦਾਰੀ
ਬਹਿ ਜਾ ਬੇਬੇ ਤੂੰ ਵੀ ਸੁਣ ਲੈ
ਆਜਾ ਤੂੰ ਵੀ ਬਹਿ ਜਾ ਤਾਇਆ।
ਦੇਖੋ ਨਵਾਂ ਮਦਾਰੀ ਆਇਆ
ਹਿੰਦੂ ਮੁਸਲਿਮ ਢੋਲ ਬਜਾਇਆ।

ਨਵੀਂ ਸਦੀ ਵਿੱਚ ਆਣ ਖੜਾ ਐਂ
ਬੱਚ ਜਾ ਦੇਸ਼ ਗੱਦਾਰਾਂ ਕੋਲੋਂ
ਕੁਲ ਜਨਤਾ ਤੇਰੀ ਬੇਬਸ ਹੋ ਗਈ
ਬਚਦੀ ਫਿਰੇ ਸਰਕਾਰਾਂ ਕੋਲੋਂ
ਕਰੇ ਮਦਾਰੀ ਖੇਲ ਤਮਾਸ਼ੇ
ਚਿੰਗ- ਫੁੰਗਲੀ ਹੈ ਨਾਮ ਧਰਾਇਆ
ਦੇਖੋ ਨਵਾਂ ਮਦਾਰੀ ਆਇਆ
ਹਿੰਦੂ ਮੁਸਲਿਮ ਢੋਲ ਬਜਾਇਆ।

– ਗੁਰਮਾਨ ਸੈਣੀ



# ਕਾਮਿਆਂ ਦੀ ਪ੍ਰਭਾਤ

1. ਕਦੋਂ ਮੁੱਕਣਾ ਏ ਜਿੰਦ ਨਾਲੋਂ ਪੀੜ ਦਾ ਯਰਾਨਾ?
ਸਾਡੀ ਜ਼ਿੰਦਗੀ 'ਚੋਂ ਦੁੱਖ ਕਦੋਂ ਹੋਣਗੇ ਰਵਾਨਾ?
ਕਦੋਂ ਸ਼ਮਾਂ ਨੂੰ ਹੋਊਗਾ ਪਰਵਾਨ ਪਰਵਾਨਾ?
ਸਾਡੇ ਖ਼ੂਨ ਤੇ ਪਸੀਨਿਆਂ ਦਾ ਮੁੱਲ ਕੌਣ ਪਾਊ ?
ਦੱਸ ਕਾਮਿਆਂ ਦੀ ਰੱਬਾ ਪ੍ਰਭਾਤ ਕਦੋਂ ਆਊ?

2. ਸਾਡੇ ਕੱਚੀਆਂ ਕੰਧਾਂ 'ਤੇ ਕਦੋਂ ਪੈਣਗੇ ਚੁਬਾਰੇ,
ਸਾਨੂੰ ਕਰਦੇ ਮਖੌਲਾਂ ਬੈਠੇ ਅੰਬਰਾਂ 'ਤੇ ਤਾਰੇ,
ਭੁੱਖੇ ਟਿੱਢ ਤਾਈਂ ਅਸੀਂ ਗੰਢਾਂ ਮਾਰ-ਮਾਰ ਹਾਰੇ,
ਕਦੋਂ ਵਿਹੜੇ ਸਾਡੇ ਖੁੱਲ੍ਹਾ ਕੋਈ ਅੰਨ ਵਰਤਾਊ ?
ਦੱਸ ਕਾਮਿਆਂ ਦੀ ਰੱਬਾ ਪ੍ਰਭਾਤ ਕਦੋਂ ਆਊ ?

3. ਸਾਡੇ ਸਿਰ ਉੱਤੇ ਛਾਇਆ ਰਹਿੰਦਾ ਸਦਾ ਹੀ ਹਨੇਰਾ,
ਹਾਲੇ ਸੁੰਞੀਆਂ ਨੇ ਸ਼ਾਮਾਂ ਅਤੇ ਸੁੰਞਾਂ ਹੈ ਸਵੇਰਾ,
ਸਾਡਾ ਚੰਮ ਪਿੰਜ-ਪਿੰਜ ਰਾਠ ਵੇਖਦੇ ਨੇ ਜ਼ੇਰਾ,
ਕਦੋਂ ਤੱਕ ਕੋਈ ਗ਼ਰੀਬੀ-ਰੱਤ ਆਪਣੀ ਪਿਆਊ ?
ਦੱਸ ਕਾਮਿਆਂ ਦੀ ਰੱਬਾ ਪ੍ਰਭਾਤ ਕਦੋਂ ਆਊ?

4. ਸਾਡੇ ਨੱਕ ਵਿਚ ਪਾਈ ਜੋ ਗ਼ਰੀਬੀ ਦੀ ਨਕੇਲ ,
ਵਧੀ ਯੁੱਗਾਂ ਤੋਂ ਹੀ ਜਾਵੇ ਜਿਵੇਂ ਅਮਰ ਦੀ ਬੇਲ,
ਅਟੱਲ ਹੈ ਸਚਾਈ ਕਹਿੰਦੇ ਕਰਮਾਂ ਦੇ ਖੇਲ੍ਹ,
ਕੌਣ ਕਰਮਾਂ ਦੇ ਚੰਦਰੇ ਏ ਲੇਖ ਜੋ ਮਿਟਾਊ ?
ਦੱਸ ਕਾਮਿਆਂ ਦੀ ਰੱਬਾ ਪ੍ਰਭਾਤ ਕਦੋਂ ਆਊ ?

5. ਜਦੋਂ ਕੰਮ ਲਈ ਨਿਕਲਾਂ ਮੈਂ ਘਰ ਵਿੱਚੋਂ ਬਾਹਰ ,
ਆਣ ਘੇਰਦੀ ਹੈ ਮੈਨੂੰ ਕਾਲੇ-ਕਾਵਾਂ ਵਾਲੀ ਡਾਰ,
ਇਹ ਪੈਸੇ ਦੀ ਤਾਂ ਤਿੱਖੀ ਤਲਵਾਰ ਤੋਂ ਵੀ ਧਾਰ,
ਕੌਣ ਦੱਸ ਸਾਨੂੰ ਇਸ ਕਾਲ ਤੋਂ ਬਚਾਊ?
ਦੱਸ ਕਾਮਿਆਂ ਦੀ ਰੱਬਾ ਪ੍ਰਭਾਤ ਕਦੋਂ ਆਊ?

6. ਲੋਕੀ ਨਿੱਤ ਨੇ ਵਹਾਂਉਂਦੇ ਇੱਥੇ ਖ਼ੂਨ ਤੇ ਪਸੀਨੇ ,
ਜਦ ਮਿਲਦੇ ਨੀਂ ਹੱਕ ਅੱਗ ਬਲਦੀ ਹੈ ਸੀਨੇ,
ਕਦਮ ਯੁੱਗ-ਪਲਟਾਊ ਕਦੋਂ ਪੁੱਟੇ ਨਹੀਂ ਕੀਹਨੇ ?
'ਗੁਲਾਫਸਾ' ਤਾਂ ਸਦਾ ਕੌੜਾ ਸੱਚ ਹੀ ਸੁਣਾਉ,
ਦੱਸ ਕਾਮਿਆਂ ਦੀ ਰੱਬਾ ਪ੍ਰਭਾਤ ਕਦੋਂ ਆਊ?

# ਜਣਨੀ ਅਤੇ ਜਨਾਨੀ

1. ਸੌਖਾ ਨਹੀਂ ਹੁੰਦਾ ਔਰਤ ਅਖਵਾਉਣਾ
ਕਾਸ਼ਨੀ, ਨੀਲੇ ਸੁਪਨਿਆਂ 'ਤੇ ਕੱਜਲ ਦਾ ਪਰਦਾ ਪਾਉਣਾ ,
ਸੌਖਾ ਨਹੀਂ ਹੁੰਦਾ ਔਰਤ ਅਖਵਾਉਣਾ ।

2. ਦਰਪਣ ਸਾਹਵੇਂ ਬਹਿ ਕੇ ਵੀ ਅਕਸ ਆਪਣਾ ਨਜਰ ਨਹੀਂ ਆਉਂਦਾ ,
ਫਿਟਕਾਰਾਂ ਪਾਵਣ ਉਸ ਮੁੱਖ 'ਤੇ ਜੋ ਕੰਤ ਆਪਣੇ ਨੂੰ ਨਹੀਂ ਭਾਉਂਦਾ,
ਦਰ ਦਰ ਲੱਭਦੀ ਫਿਰਦੀ ਹਾਂ ਵਜੂਦ ਆਪਣਾ ਨਹੀਂ ਥਿਆਉਂਦਾ ,
ਪਰ ਛਡਿਆ ਨਹੀਂ ਮੈਂ ਤਿਲ-ਤਿਲ ਮਰ-ਮਰ ਜਿਉਣਾ।
ਸੌਖਾ ਨਹੀਂ ਹੁੰਦਾ ਔਰਤ ਅਖਵਾਉਣਾ।

3. ਜਨਮ ਤੋਂ ਪਹਿਲਾਂ ਮੇਰੀ&; ਜਾਨ ਨੂੰ ਖਤਰਾ ਬਣ ਜਾਂਦਾ ,
ਮੇਰਾ ਅੰਗ-ਅੰਗ ਖਾਂਦਾ ਜੋ ਸੇਕ ਮੈਨੂੰ ਜਣ ਜਾਂਦਾ ,
ਇਸ ਧਰਤੀ 'ਤੇ ਜਿੰਦ ਮੇਰੀ ਦਾ ਖਿੱਲਰ ਇੱਕ-ਇੱਕ ਕਣ ਜਾਂਦਾ ,
ਪਰ ਹਰ ਯੁਗ, ਹਰ ਕਾਲ ਨੇ ਮੈਨੂੰ ਛੱਡਿਆ ਨਹੀਂ ਅਜਮਾਉਣਾ ।
ਸੌਖਾ ਨਹੀਂ ਹੁੰਦਾ ਔਰਤ ਅਖਵਾਉਣਾ ।

4. ਲੱਜ, ਇੱਜ਼ਤ, ਸ਼ਰਮ, ਪਤ, ਪਰਦਾ ਹੈ ਸਭ ਮੇਰੇ ਹਿੱਸੇ ,
ਕਰਦੇ ਰਹੇ ਮੈਨੂੰ ਬਦਨਾਮ ਤੁਸੀਂ ਸਦਾ ਲਿਖ-ਲਿਖ ਕਿੱਸੇ ,
ਰੂਪ ਮੇਰਾ ਅਸਲ ਜੋ ਕਿਉਂ ਨਾ ਕਿਸੇ ਨੂੰ ਦਿਸੇ ?
ਛੱਡਿਆ ਨਹੀਂ ਮੈ ਕਦੇ ਸੱਚ ਸੁਣਾਉਣਾ।
ਸੌਖਾ ਨਹੀਂ ਹੁੰਦਾ ਔਰਤ ਅਖਵਾਉਣਾ।

5. ਸਭ ਰੋਕਾਂ ਸਭ ਬੰਦਿਸ਼ਾਂ ਹੋਵਣ ਮੇਰੇ 'ਤੇ ਲਾਗੂ ,
ਬਣ ਨਹੀਂ ਸਕਦੀ ਕਿਉਂ ਮੈਂ ਆਪਣੇ ਜੀਵਨ ਦੀ ਆਗੂ ?
ਰੱਬਾ ਇਹ ਜੋ ਲੇਖ ਸੁੱਤਾ ਦੱਸ ਕਦੋ ਕੁ ਜਾਗੂ ?
ਪਰ ਛਡਿਆ ਨਹੀਂ ਮੈਂ ਹਵਾਵਾਂ ਨਾਲ ਟਕਰਾਉਣਾ।
ਸੌਖਾ ਨਹੀਂ ਹੁੰਦਾ ਔਰਤ ਅਖਵਾਉਣਾ।

6. ਕਿਉਂ ਬਣੀ ਨਹੀਂ ਮੈਂ ਮਹਾਨ-ਰਿਸ਼ੀ ਜਾਂ ਮਹਾ-ਗਿਆਨੀ ?
ਆਖਦੇ ਰਹੇ ਯੋਗ-ਪੁਰਸ਼ ਯੁੱਗਾਂ ਤੋਂ ਅਭਿਮਾਨੀ ,
ਮੇਰਾ ਕੰਮ ਕਾਰ ਮਿਥ ਦਿੱਤਾ ਜਣਨੀ ਜਾਂ ਜਨਾਨੀ ,
ਪਰ ਛਡਿਆ ਨਹੀ ਮੈਂ ਰੀਤਾਂ ਨੂੰ ਵੰਗਾਰ ਪਾਉਣਾ।
ਸੌਖਾ ਨਹੀਂ ਹੁੰਦਾ ਔਰਤ ਅਖਵਾਉਣਾ।

7. ਉਸਤਤ, ਪੂਜਾ, ਅਰਾਧਨਾ ਮੈਨੂੰ ਰੱਬ ਬਣਾ ਸਭ ਕਰਦੇ ,
ਬਗਾਵਤ ਮੇਰੇ ਹੱਕਾਂ ਲਈ ਫੇਰ ਤੁਸੀ ਕਿਉਂ ਨਹੀਂ ਜਰਦੇ?
ਰਾਹਾਂ ਵਿੱਚ ਮੇਰੇ ਕਦੇ ਕੰਡੇ ਕਦੇ ਤੱਤੇ ਕੋਲੇ ਧਰਦੇ,
ਪਰ ਛਡਿਆ ਨਹੀਂ ਮੈਂ ਅਗਨ-ਪ੍ਰੀਖਿਆ ਚੋਂ ਪਾਸ ਹੋਣਾ ।
ਸੌਖਾ ਨਹੀਂ ਹੁੰਦਾ ਔਰਤ ਅਖਵਾਉਣਾ।

8. ਗੁੱਤ ਦੇ ਪਿਛੇ ਹੁੰਦੀ ਜੋ ਔਰਤ ਮੱਤ ਆਖਦੇ ਨੇ,
ਆਪਣੇ ਘਰ ਵਿੱਚ ਜੰਮੀ ਨੂੰ ਕਿਉਂ ਕੰਜਕ ਅਲਾਪਦੇ ਨੇ ?
ਬਚਨ ਓਹਨਾ ਦੇ ਮੂੰਹ ਦੇ ਕਿਉਂ ਨਾ ਸੱਚ ਜਾਪਦੇ ਨੇ?
ਛੱਡਿਆ ਨਹੀਂ ਮੈਂ ਮਾਨਤਾਵਾਂ ਨੂੰ ਗਲਤ ਠਹਿਰਾਉਣਾ ।
ਸੌਖਾ ਨਹੀਂ ਹੁੰਦਾ ਔਰਤ ਅਖਵਾਉਣਾ।

9. ਚੁੱਪ ਕਰ 'ਗੁਲਾਫਸ਼ਾ' ਬਹੁਤ ਸੱਚ ਹੁਣ ਤੂੰ ਬੋਲ ਨਾ ,
ਇਸ ਸਭਿਅਕ ਸਮਾਜ ਦੀਆਂ ਉਲਝੀਆਂ ਗੰਢਾਂ ਨੂੰ ਫਰੋਲ ਨਾ ,
ਮਨ ਦੀ ਪੀੜ ਨੂੰ ਕੋਰੇ ਵਰਕਿਆਂ 'ਤੇ ਖੋਲ੍ਹ ਨਾ ,
ਪਰ ਛਡਿਆ ਨਹੀਂ ਮੈਂ ਨਕਾਬ ਝੂਠ ਤੋਂ ਲਾਹੁਣਾ।
ਸੌਖਾ ਨਹੀਂ ਹੁੰਦਾ ਔਰਤ ਅਖਵਾਉਣਾ।



ਗੁਲਾਫਸਾ ਬੇਗ
ਸੁਨਾਮ (ਸੰਗਰੂਰ)

ਦਸਮ ਪਾਤਸ਼ਾਹ ਸਾਹਿਬ
ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ
ਲੱਖ-ਲੱਖ ਵਧਾਈਆਂ





Kashmiri Bhatia & Family



# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ



Kashmiri Bhatia & his wife

# K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

# SHRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355



## ਦਸਮ ਪਾਤਸ਼ਾਹ ਸਾਹਿਬ
## ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ
## ਦੀਆਂ ਲੱਖ-ਲੱਖ ਵਧਾਈਆਂ

ਨਵਾਂ ਸਾਲ 2021 ਦੀਆਂ
ਲੱਖ-ਲੱਖ ਵਧਾਈਆਂ
ਵਾਹਿਗੁਰੂ ਕਰੇ ਨਵਾਂ ਸਾਲ ਸਮੂਹ ਦੇਸ਼ ਵਾਸੀਆਂ
ਲਈ ਖੁਸ਼ੀਆਂ ਤੇ ਖੁਸ਼ਹਾਲੀ ਭਰਿਆ ਹੋਵੇ।




Jagtar Bhatia (Chairman)


Shinderpal Narabut (President)


Dharampal Chonkaria (Gen. Secretary)


Vinod Kumar (Treasurer)

## ADVISORY COMMITTEE


Balvir Chand Mal


Jagdev Ram


O.P. Balley


Dr. Harmesh Kumar,


Jaila Jaggi


Salinder Bhatia

## LEGAL COMMITTEE


Ajai Paul Ram


Shashi Paul


Sri Guru Ravidass Sabha Committee Members & more

The New Committee appreciates the services of the previous committee and the selection panel and is looking forward to continued support. Guidance and cooperation of the entire Sangat who is the backbone of our Gurughar. Thank you.

## Sangat De Sewadar

| Chairman | President | General Secretary | Treasurer |
|---|---|---|---|
| Jagtar Bhatia | Shinder Paul Narabut | Dharam Pal Chonkria | Vinod Kumar |



ਦਸਮ ਪਾਤਸ਼ਾਹ
ਸਾਹਿਬ
ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ
ਪ੍ਰਕਾਸ਼ ਦਿਹਾੜੇ ਦੀਆਂ
ਲੱਖ-ਲੱਖ ਵਧਾਈਆਂ



# ਨਵਾਂ ਸਾਲ 2021 ਦੀਆਂ ਲੱਖ-ਲੱਖ ਵਧਾਈਆਂ ਵਾਹਿਗੁਰੂ ਕਰੇ ਨਵਾਂ ਸਾਲ ਸਮੂਹ ਦੇਸ਼ ਵਾਸੀਆਂ ਲਈ ਖੁਸ਼ੀਆਂ ਤੇ ਖੁਸ਼ਹਾਲੀ ਭਰਿਆ ਹੋਵੇ।















**ਗੁਰੂ ਘਰ ਦੇ ਸੇਵਾਦਾਰ**

ਗੁਰਨਾਮ ਸਿੰਘ ਭੰਡਾਲ (ਚੇਅਰਮੈਨ), ਪ੍ਰਸ਼ੋਤਮ ਸੂਦ (ਵਾਇਸ ਚੇਅਰਮੈਨ), ਸਿੰਗਾਰਾ ਸਿੰਘ ਰੱਲ੍ਹ (ਪ੍ਰਧਾਨ), ਮਹਿੰਦਰ ਸਿੰਘ ਰੱਤੂ (ਵਾਇਸ ਪ੍ਰਧਾਨ), ਕੁਲਦੀਪ ਸਿੰਘ ਸੁੰਮਨ (ਜਨਰਲ ਸਕੱਤਰ), ਦਲਵਿੰਦਰ ਰੱਲ੍ਹ (ਵਾਇਸ ਜਨਰਲ ਸੈਕਟਰੀ), ਜਸਵਿੰਦਰ ਸਿੰਘ (ਵਾਇਸ ਸਕੱਤਰ), ਰਾਮ ਸੇਵਕ ਭਾਟੀਆ (ਮੁੱਖ ਕੈਸ਼ੀਅਰ), ਜੱਸਪਾਲ ਜੱਸਲ (ਵਾਇਸ ਕੈਸ਼ੀਅਰ), ਗੁਰਦੀਪ ਸਿੰਘ ਹੀਰਾ (ਸਟੇਜ ਸਕੱਤਰ),

**Shri Guru Ravidass Temple 1480 HAYNE AVE YUBA CITY, CA. Ph- 530-674-2564**

# ਦਸਮ ਪਾਤਸ਼ਾਹ ਸਾਹਿਬ
# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ
# ਲੱਖ-ਲੱਖ ਵਧਾਈਆਂ



ਤੀਰਥ ਸਿੰਘ ਸੋਹਲ




## CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

## AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH Sign of Excellence

### ਪੰਜਾਬੀ ਭਰਾਵਾਂ ਲਈ ਸੇਲ

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149

ਚਾਈਨੀਜ਼ 749 (ਦੋ ਟਾਇਰ) $749



Call:

530-824-5134

### ਪੁਰਾਣੇ ਟਾਇਰਾਂ ਦੀ ਸੇਲ

ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

LUCAS OIL LUCAS INJECTOR CLEANER $28.99

### NEW & USED TIRES
### WASH, LUBE, BRAKES

Call:

650-642-0697

## 3525 Highway 99, West Corning, CA 96021

Across the Street from TA Truck Stop

# ਦਸਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਦੀਆਂ ਲੱਖ-ਲੱਖ ਵਧਾਈਆਂ



ਮੱਖਣ ਸਿੰਘ ਬੈਂਸ



ਗਿਆਨੀ ਰਵਿੰਦਰ ਸਿੰਘ




Raja™ SWEETS & CATERING®

AUTHORIZED CATERER FOR MAJOR 5-STAR HOTELS

ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

Toll Free 1-866-FOR-RAJA
www.rajasweets.com
msbains@rajasweets.com

Follow us on:

Fresh Sweets, Snacks & Food

Catering for All occasions up to 10000 guests

Lunch - Dinner - Take Out - Banquets

Raja Sweets & Indian Cuisine
31853 Alvarado Blvd. Union City CA 94587
Ph. (510) 489-9100 Fax (510) 489-9111

Raja Indian Cuisine & Bar
1275 W Winton Ave. Hayward CA 94545
Ph. (510) 264-9300 Fax (510) 264-9345



**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions/ Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।



Call Makhan Bains or Ravinder Singh for your next Party 1-866-FOR RAJA www.RajaSweets.com